




ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜ਼ਰਬੇਕਾਰ ਓਂਕਾਰ ਸਿੰਘ ਬੌਬੀ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

ਓਂਕਾਰ ਸਿੰਘ ਬੌਬੀ

ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ

(ਸੈਲ): 718-757-7809
ਫੋਨ (ਦਫਤਰ): 516-439-5420
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

Address: 1st Park Ave., 2FL, Manhasset, NY 11030




Twelfth Year in Publication

ਨਿਊ ਯਾਰਕ ਐਡੀਸ਼ਨ Price 50¢

Email:punjabtimes1@sbcglobal.net
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 43, October 22, 2011 | 20451 N Plum Grove Rd. Palatine, IL 60074 | Ph:847-359-0746, Fax:847-705-9388

## ਪੰਜਾਬ 'ਚ ਸਾਂਝੇ ਮੋਰਚੇ ਦੀ ਕਾਇਮੀ ਨੇ ਚੋਣ ਪਿੜ ਬੰਨ੍ਹਿਆ

# ਮਨਪ੍ਰੀਤ, ਲੌਂਗੋਵਾਲ ਦਲ ਤੇ ਖੱਬੇ ਪੱਖੀਆਂ ਨੇ ਹੱਥ ਮਿਲਾਏ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੀਪਲਜ਼ ਪਾਰਟੀ ਆਫ ਪੰਜਾਬ, ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ), ਸੀ.ਪੀ.ਐਮ ਅਤੇ ਸੀ.ਪੀ.ਆਈ. ਵੱਲੋਂ ਆਉਂਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਸਾਂਝਾ ਮੋਰਚਾ ਕਾਇਮ ਕੀਤੇ ਜਾਣ ਕਰਕੇ ਪੰਜਾਬ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਤੋਂ ਬਾਅਦ ਸ਼ਾਂਤ ਹੋਇਆ ਸਿਆਸੀ ਮਾਹੌਲ ਇਕ ਵਾਰ ਫਿਰ ਭਖ ਗਿਆ ਹੈ। ਚੋਣਾਂ 'ਚ ਅਜੇ ਤਕਰੀਬਨ ਚਾਰ ਮਹੀਨੇ ਪਏ ਹਨ ਤੇ ਇਸ ਸਮੇਂ ਦੌਰਾਨ ਹੋਰ ਪਾਰਟੀਆਂ ਵੀ ਇਸ ਮੋਰਚੇ 'ਚ ਸ਼ਾਮਲ ਹੋ ਸਕਦੀਆਂ ਹਨ ਜਿਸ ਨਾਲ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ (ਬ) ਅਤੇ ਕਾਂਗਰਸ ਨੂੰ ਚੋਣਾਂ ਦੇ ਪਿੜ ਵਿਚ ਨਵੀਂ ਵੰਗਾਰ ਮਿਲ ਸਕਦੀ ਹੈ।

ਸਿਆਸੀ ਵਿਸ਼ਲੇਸ਼ਕਾਂ ਦੀ ਰਾਏ ਹੈ ਕਿ ਸਾਂਝਾ ਮੋਰਚਾ ਅਕਾਲੀ-ਭਾਜਪਾ ਗਠਜੋੜ ਤੋਂ ਇਲਾਵਾ ਕਾਂਗਰਸ ਦੀਆਂ ਵੋਟਾਂ ਨੂੰ ਵੀ ਢਾਹ ਲਾ ਸਕਦਾ ਹੈ। ਉਨ੍ਹਾਂ ਅਨੁਸਾਰ ਲੋਕ ਜਦੋਂ ਦੋ ਮੁੱਖ ਧਿਰਾਂ ਤੋਂ ਅੱਕੇ ਹੋਣ ਤਾਂ ਤੀਜੀ ਧਿਰ ਨੂੰ ਵੋਟ ਪਾਉਣ ਤੋਂ ਨਹੀਂ ਝਿਜਕਦੇ। ਸਾਂਝਾ ਮੋਰਚਾ ਸੈਕੂਲਰ ਦਿੱਖ ਵਾਲਾ ਹੈ ਜਦੋਂਕਿ ਅਕਾਲੀਆਂ ਤੇ ਭਾਜਪਾ ਦੀ ਕਾਫੀ ਵੋਟ, ਪੱਕੀ ਵੋਟ ਵਜੋਂ ਜਾਣੀ ਜਾਂਦੀ ਹੈ। ਸਾਂਝਾ ਮੋਰਚਾ ਇਹ ਪੱਕੀ ਵੋਟ ਨਹੀਂ ਤੋੜ ਸਕਦਾ ਪਰ ਇਸ ਦੀ ਸੈਕੂਲਰ ਦਿੱਖ ਕਾਂਗਰਸ ਦੀ ਵੋਟ ਜ਼ਰੂਰ ਤੋੜ ਸਕਦੀ ਹੈ। ਸਾਂਝੇ ਫਰੰਟ ਦੀ ਉਸਾਰੀ ਨਾਲ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਅਕਾਲੀ-ਭਾਜਪਾ ਸਰਕਾਰ ਵਿਰੁਧ ਸੰਘਰਸ਼ ਚਲਾਉਣ ਵਾਲੀਆਂ ਮੁਲਾਜ਼ਮ ਅਤੇ ਬੇਰੁਜ਼ਗਾਰਾਂ ਦੀਆਂ ਧਿਰਾਂ ਦੇ ਵੀ ਇਕ ਵਾਢਿਓਂ ਕਾਂਗਰਸ ਦੇ ਹੱਕ ਵਿਚ ਭੁਗਤਣ ਦੇ ਆਸਾਰ ਮੱਧਮ ਪੈ ਗਏ ਹਨ। ਬਹੁਤੀਆਂ ਮੁਲਾਜ਼ਮ ਜਥੇਬੰਦੀਆਂ ਪਹਿਲਾਂ ਹੀ ਖੱਬੀਆਂ ਧਿਰਾਂ ਨਾਲ ਸਬੰਧਤ ਹਨ ਅਤੇ ਇਸ ਨਵੇਂ ਫਰੰਟ ਦੇ ਉਭਰਨ ਨਾਲ ਮੁਲਾਜ਼ਮਾਂ ਦੇ ਰੁਝਾਨ ਵਿਚ ਤਬਦੀਲੀ ਆਉਣ ਦੀ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ।



*ਸ. ਮਨਪ੍ਰੀਤ ਸਿੰਘ ਬਾਦਲ ਪੀ.ਪੀ.ਪੀ. ਦੇ ਜਥੇਬੰਦਕ ਢਾਂਚੇ ਦਾ ਐਲਾਨ ਕਰਦੇ ਹੋਏ*

ਇਸ ਵੇਲੇ ਚਾਰ ਸਿਆਸੀ ਪਾਰਟੀਆਂ 'ਤੇ ਆਧਾਰਤ ਸਾਂਝੇ ਫਰੰਟ ਦੇ ਗਠਨ ਦਾ ਬਾਕਾਇਦਾ ਐਲਾਨ ਕਰ ਦਿੱਤਾ ਗਿਆ ਹੈ। ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੂੰ ਇਸ ਫਰੰਟ ਦਾ ਸਰਪ੍ਰਸਤ ਅਤੇ ਪੀਪਲਜ਼ ਪਾਰਟੀ ਆਫ਼ ਪੰਜਾਬ (ਪੀ.ਪੀ.ਪੀ.) ਦੇ ਮੁਖੀ ਮਨਪ੍ਰੀਤ ਸਿੰਘ ਬਾਦਲ ਨੂੰ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਪੀ.ਪੀ.ਪੀ., ਭਾਰਤੀ ਕਮਿਊਨਿਸਟ ਪਾਰਟੀ (ਸੀ.ਪੀ.ਆਈ.), ਮਾਰਕਸਵਾਦੀ ਕਮਿਊਨਿਸਟ ਪਾਰਟੀ (ਸੀ.ਪੀ.ਐਮ.) ਤੇ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੀ ਸ਼ਮੂਲੀਅਤ ਵਾਲੇ ਇਸ ਫਰੰਟ ਵੱਲੋਂ ਛੇ ਨਵੰਬਰ ਤੋਂ ਰਾਜਸੀ ਮੁਹਿੰਮ ਵਿੱਢਣ ਦਾ ਵੀ ਐਲਾਨ ਕੀਤਾ ਗਿਆ ਹੈ।

ਪੀ.ਪੀ.ਪੀ. ਦੇ ਪ੍ਰਧਾਨ ਅਤੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦਾ ਕਹਿਣਾ ਹੈ ਕਿ ਸਾਂਝੇ ਫਰੰਟ ਵੱਲੋਂ ਪੰਜਾਬ ਵਿਚ 'ਇੱਜ਼ਤ ਸੰਭਾਲ ਯਾਤਰਾ' ਸ਼ੁਰੂ ਕੀਤੀ ਜਾ ਰਹੀ ਹੈ। ਇਹ ਯਾਤਰਾ ਦੇਸ਼ ਦੇ ਮਹਾਨ ਸਪੂਤ ਲਾਲਾ ਲਾਜਪਤ ਰਾਏ ਦੇ ਜਨਮ ਅਸਥਾਨ ਪਿੰਡ ਢੁੱਡੀਕੇ ਤੋਂ ਸ਼ੁਰੂ ਹੋਵੇਗੀ। ਸ. ਬਾਦਲ ਮੁਤਾਬਕ ਇਹ ਯਾਤਰਾ ਪੰਜਾਬ ਦੀ ਅਸਲ ਤਸਵੀਰ ਰਾਜ ਦੇ ਲੋਕਾਂ ਸਾਹਮਣੇ ਪੇਸ਼ ਕਰੇਗੀ। ਕੌਮੀ ਪੱਧਰ ਦੀਆਂ ਪਾਰਟੀਆਂ ਸੀ.ਪੀ.ਆਈ., ਸੀ.ਪੀ.ਐਮ. ਅਤੇ ਸ. ਸੁਰਜੀਤ ਸਿੰਘ ਬਰਨਾਲਾ ਤੇ ਕਾਮਰੇਡ ਏ.ਬੀ. ਬਰਧਨ ਵਰਗੇ ਨੇਤਾਵਾਂ ਨੇ ਪੀ.ਪੀ.ਪੀ. ਨਾਲ ਜੁੜ ਕੇ ਪੰਜਾਬ ਦੇ ਭਲੇ ਲਈ ਕਦਮ ਮਿਲਾ ਕੇ ਚਲਣ ਦਾ ਫੈਸਲਾ ਕੀਤਾ ਹੈ।

ਸ. ਬਾਦਲ ਨੇ ਕਿਹਾ ਕਿ ਅੱਜ ਪੰਜਾਬ ਨੂੰ ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਅਨਪੜ੍ਹਤਾ ਤੇ ਫਿਰਕਾਪ੍ਰਸਤੀ ਵਰਗੀਆਂ ਅਲਾਮਤਾਂ ਨੇ ਘੇਰ ਲਿਆ ਹੈ ਜਿਸ ਨੂੰ ਬਚਾਉਣ ਲਈ ਹਰ ਪੰਜਾਬੀ ਨੂੰ ਹੁਣ ਘਰੋਂ ਨਿਕਲਣਾ ਪੈਣਾ ਹੈ। ਕਰੀਬ ਇਕ ਸਾਲ ਪਹਿਲਾਂ ਉਨ੍ਹਾਂ ਨੂੰ ਸੱਚ ਬੋਲਣ 'ਤੇ ਅਕਾਲੀ ਦਲ 'ਚੋਂ ਕੱਢ ਦਿੱਤਾ ਗਿਆ ਸੀ। ਉਨ੍ਹਾਂ ਉਸ ਸਮੇਂ ਲੋਕਾਂ ਕੋਲ ਜਾਣ ਦਾ ਫੈਸਲਾ ਕੀਤਾ ਸੀ ਅਤੇ 'ਜਾਗੋ ਪੰਜਾਬ ਯਾਤਰਾ' ਦੌਰਾਨ ਪੰਜਾਬ ਦੇ ਲੱਖਾਂ ਲੋਕਾਂ ਨੇ ਉਨ੍ਹਾਂ ਦੀ ਮੁਹਿੰਮ 'ਚ ਭਰੋਸਾ

(ਬਾਕੀ ਸਫਾ 6 'ਤੇ)

# ਜ਼ਿਮਨੀ ਚੋਣਾਂ 'ਚ ਕਾਂਗਰਸ ਨੂੰ ਲੈ ਬੈਠਾ ਭ੍ਰਿਸ਼ਟਾਚਾਰ ਦਾ ਦੈਂਤ

**ਨਵੀਂ ਦਿੱਲੀ:** ਦੇਸ਼ ਵਿਚ ਚਾਰ ਥਾਂਵਾਂ 'ਤੇ ਹੋਈਆਂ ਜ਼ਿਮਨੀ ਚੋਣਾਂ ਵਿਚ ਕਾਂਗਰਸ ਨੂੰ ਕੋਈ ਵੀ ਸੀਟ ਨਹੀਂ ਮਿਲੀ। ਭ੍ਰਿਸ਼ਟਾਚਾਰ ਦੇ ਮੁੱਦੇ 'ਤੇ



*ਹਿਸਾਰ ਤੋਂ ਜੇਤੂ ਕੁਲਦੀਪ ਬਿਸ਼ਨੋਈ*

ਕਾਂਗਰਸ ਜਨਤਾ ਸਾਹਮਣੇ ਕੋਈ ਠੋਸ ਜਵਾਬ ਨਹੀਂ ਰੱਖ ਸਕੀ ਜਿਸ ਕਰਕੇ ਕਾਂਗਰਸ ਨੂੰ ਹਰਿਆਣਾ ਦੇ ਹਿਸਾਰ ਲੋਕ ਸਭਾ ਹਲਕੇ ਸਣੇ ਸਾਰੀਆਂ ਸੀਟਾਂ ਹਾਰਨੀਆਂ ਪਈਆਂ। ਸਭ ਤੋਂ

### ਹਿਸਾਰ 'ਚ ਕਾਂਗਰਸੀ ਉਮੀਦਵਾਰ ਦੀ ਜ਼ਮਾਨਤ ਵੀ ਜ਼ਬਤ

ਦਿਲਚਸਪ ਚੋਣ ਹਿਸਾਰ ਲੋਕ ਸਭਾ ਹਲਕੇ ਤੋਂ ਰਹੀ ਜਿਥੇ ਗਾਂਧੀਵਾਦੀ ਅੰਨਾ ਹਜ਼ਾਰੇ ਅਤੇ ਉਨ੍ਹਾਂ ਦੇ ਸਾਥੀਆਂ ਨੇ ਵੀ ਕਾਂਗਰਸ ਖ਼ਿਲਾਫ਼ ਮੋਰਚਾ ਖੋਲ੍ਹਿਆ ਸੀ। ਇਥੇ ਜਨਹਿਤ ਕਾਂਗਰਸ ਅਤੇ ਭਾਜਪਾ ਦੇ ਸਾਂਝੇ ਉਮੀਦਵਾਰ ਕੁਲਦੀਪ ਬਿਸ਼ਨੋਈ ਨੇ ਫਸਵੇਂ ਮੁਕਾਬਲੇ ਤੋਂ ਬਾਅਦ ਚੋਣ ਜਿੱਤ ਲਈ। ਟੀਮ ਅੰਨਾ ਨੇ ਇਸ ਜ਼ਿਮਨੀ ਚੋਣ ਵਿਚ ਕਾਂਗਰਸ ਨੂੰ ਹਰਾਉਣ ਦਾ ਸੱਦਾ ਦਿੱਤਾ ਹੋਇਆ ਸੀ।

ਵਿਰੋਧੀ ਪਾਰਟੀਆਂ ਨੇ ਜ਼ਿਮਨੀ ਚੋਣਾਂ ਵਿਚ ਕਾਂਗਰਸ ਅਤੇ ਇਸ ਦੀਆਂ ਹਮਾਇਤੀ ਪਾਰਟੀਆਂ

(ਬਾਕੀ ਸਫਾ 11 'ਤੇ)

# ਮਮਤਾ ਦਾ ਮਾਓਵਾਦੀਆਂ ਨੂੰ ਅਲਟੀਮੇਟਮ

**ਕੋਲਕਾਤਾ (ਪੰਜਾਬ ਟਾਈਮਜ਼ ਬਿਊਰੋ):** ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਮਾਓਵਾਦੀਆਂ ਨੂੰ ਹਥਿਆਰ ਸੁੱਟਣ ਦਾ ਅਲਟੀਮੇਟਮ ਦੇ ਦਿੱਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਮਾਓਵਾਦੀਆਂ ਖਿਲਾਫ ਕਾਰਵਾਈ ਲਈ ਕੇਂਦਰ ਸਰਕਾਰ ਤੋਂ ਦੋ ਹੋਰ ਬਟਾਲੀਅਨਾਂ (2000 ਸੁਰੱਖਿਆ ਮੁਲਾਜ਼ਮ) ਮੰਗ ਲਈਆਂ ਹਨ। ਕੇਂਦਰੀ ਸੁਰੱਖਿਆ ਬਲਾਂ ਦੀਆਂ 6 ਬਟਾਲੀਅਨਾਂ ਸੂਬੇ ਵਿਚ ਪਹਿਲਾਂ ਹੀ ਤਾਇਨਾਤ ਹਨ।

ਝਾਰਗ੍ਰਾਮ ਵਿਚ ਆਪਣੀ ਪਾਰਟੀ ਤ੍ਰਿਣਮੂਲ ਕਾਂਗਰਸ ਦੀ ਰੈਲੀ ਨੂੰ ਸੰਬੋਧਨ ਕਰਦਿਆਂ ਬੀਬੀ ਬੈਨਰਜੀ ਨੇ ਕਿਹਾ ਕਿ ਸੂਬੇ 'ਚ ਹੁਣ ਹੋਰ ਹਿੰਸਾ ਸਹਿਣ ਨਹੀਂ ਕੀਤੀ ਜਾ ਸਕਦੀ। ਇਸ ਲਈ

### ਕੇਂਦਰ ਤੋਂ ਹੋਰ ਸੁਰੱਖਿਆ ਫੋਰਸ ਮੰਗੀ

ਮਾਓਵਾਦੀਆਂ ਨੂੰ ਅਲਟੀਮੇਟਮ ਦਿੱਤਾ ਜਾਂਦਾ ਹੈ ਕਿ ਉਹ ਹਥਿਆਰ ਸੁੱਟ ਦੇਣ। ਮੁੱਖ ਮੰਤਰੀ ਨੇ ਕਿਹਾ ਕਿ ਮਾਰਧਾੜ ਅਤੇ ਗੱਲਬਾਤ ਨਾਲੋ-ਨਾਲ ਨਹੀਂ ਚੱਲ ਸਕਦੇ। ਯਾਦ ਰਹੇ ਕਿ ਹਾਲ ਹੀ ਵਿਚ ਉਨ੍ਹਾਂ ਮਾਓਵਾਦੀਆਂ ਨੂੰ ਗੱਲਬਾਤ ਦਾ ਸੱਦਾ ਦਿੱਤਾ ਸੀ। ਮਮਤਾ ਬੈਨਰਜੀ ਦੀ ਵਿਧਾਨ ਸਭਾ ਵਿਚ ਹੋਈ ਜਿੱਤ ਵਿਚ ਮਾਓਵਾਦੀਆਂ ਦਾ ਵੀ ਵਾਹਵਾ ਯੋਗਦਾਨ ਰਿਹਾ ਸੀ ਕਿਉਂਕਿ ਮਾਓਵਾਦੀ ਨੇ ਸੀ.ਪੀ.ਐਮ. ਦੀ ਅਗਵਾਈ ਵਾਲੇ ਖੱਬੇ ਮੋਰਚੇ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਪੂਰਾ ਟਿੱਲ ਲਾਇਆ ਹੋਇਆ ਸੀ।

ਹੁਣ ਤੱਕ ਮਾਓਵਾਦੀਆਂ ਪ੍ਰਤੀ ਨਰਮ ਸੁਰ ਰੱਖਣ ਵਾਲੀ ਬੀਬੀ ਬੈਨਰਜੀ ਨੇ ਕੇਂਦਰੀ ਸੱਤਾ ਵਾਲੀ ਬੋਲੀ ਬੋਲਦਿਆਂ ਕਿਹਾ ਕਿ ਮਾਓਵਾਦੀਆਂ ਕੋਲ ਕੋਈ ਵਿਚਾਰਧਾਰਾ ਨਹੀਂ ਹੈ ਅਤੇ ਇਹ ਮਹਿਜ 'ਸੁਪਾਰੀ ਕਿੱਲਰ' ਅਤੇ 'ਜੰਗਲ ਮਾਫੀਆ' ਹਨ। ਲੋਕ ਹਿੰਸਾ ਨੂੰ ਨਫਰਤ ਕਰਦੇ ਹਨ, ਇਸੇ ਲਈ ਹੀ ਸ਼ਾਂਤੀ ਵਾਰਤਾ ਦੀ ਪ੍ਰਕਿਰਿਆ ਅਰੰਭੀ ਗਈ ਸੀ। ਹੁਣ ਗੱਲਬਾਤ ਤਾਂ ਹੀ ਜਾਰੀ ਰਹੇਗੀ ਜੇ ਮਾਓਵਾਦੀ ਹਥਿਆਰ ਸੁੱਟਣਗੇ। ਉਨ੍ਹਾਂ ਜੰਗਲ ਮਹਿਲ ਇਲਾਕੇ ਵਿਚ ਤ੍ਰਿਣਮੂਲ ਕਾਂਗਰਸ ਦੇ ਦੋ

(ਬਾਕੀ ਸਫਾ 2 'ਤੇ)



# ਸੌ ਸਾਲਾ ਨੌਜਵਾਨ ਦੌੜਾਕ ਫੌਜਾ ਸਿੰਘ ਵਲੋਂ ਵਿਸ਼ਵ ਰਿਕਾਰਡ ਕਾਇਮ

**ਟੋਰਾਂਟੋ (ਬਿਊਰੋ):** ਉਮਰ ਦੇ 100 ਸਾਲ ਪੂਰੇ ਕਰ ਚੁੱਕੇ ਨੌਜਵਾਨ ਦੌੜਾਕ ਫੌਜਾ ਸਿੰਘ ਨੇ ਇਥੇ ਸਕੋਸ਼ੀਆ ਬੈਂਕ ਵਲੋਂ ਕਰਵਾਈ ਗਈ ਸਕੋਸ਼ੀਆ ਬੈਂਕ ਟੋਰਾਂਟੋ ਵਾਟਰਫਰੰਟ ਮੈਰਾਥਨ ਵਿਚ ਸਭ ਤੋਂ ਵਡੇਰੀ ਉਮਰ ਦੇ ਦੌੜਾਕ ਵਜੋਂ 42.195 ਕਿਲੋਮੀਟਰ ਦੀ ਮੈਰਾਥਨ ਦੌੜ ਮੁਕੰਮਲ ਕਰ ਕੇ ਗਿਨੀਜ਼ ਬੁੱਕ ਆਫ਼ ਵਰਲਡ ਰਿਕਾਰਡ ਵਿਚ ਆਪਣਾ ਨਾਂ ਦਰਜ ਕਰਾ ਲਿਆ ਹੈ।

ਇਸ ਬਜ਼ੁਰਗ ਨੌਜਵਾਨ ਫੌਜਾ ਸਿੰਘ ਨੇ ਜਦੋਂ ਮੈਰਾਥਨ ਦਾ ਇਤਿਹਾਸ ਸਿਰਜਿਆ ਤੇ ਉਥੇ ਖੜ੍ਹੇ ਸਮੂਹ ਮੀਡਿਆ ਕਰਮੀਆਂ, ਪਰਿਵਾਰ ਦੇ ਮੈਂਬਰਾਂ, ਦੋਸਤਾਂ ਅਤੇ ਪ੍ਰਸ਼ੰਸਕਾਂ ਦੀ ਭੀੜ ਨੇ ਉਨ੍ਹਾਂ ਦਾ ਬੜੇ ਜੋਸ਼ੋ-ਖ਼ਰੋਸ਼ ਨਾਲ ਸਵਾਗਤ ਕੀਤਾ। ਚੇਤੇ ਰਹੇ ਇਨ੍ਹਾਂ ਦੌੜਾਂ ਵਿਚ 100 ਸਾਲ ਤੋਂ ਵੱਧ ਉਮਰ ਦੇ ਦੌੜਾਕਾਂ ਦੀਆਂ 100 ਮੀਟਰ ਤੋਂ 5000 ਮੀਟਰ ਦੀ ਦੂਰੀ ਵਾਲੀਆਂ ਦੌੜਾਂ ਦੇ ਅੱਠ ਵੱਖ-ਵੱਖ ਸੰਸਾਰ ਪੱਧਰ ਦੇ ਰਿਕਾਰਡ ਵੀ ਤੋੜੇ ਗਏ। ਐਤਵਾਰ ਨੂੰ ਬਾਬਾ ਨਿਧਾਨ ਸਿੰਘ ਇੰਟਰਨੈਸ਼ਨਲ ਸੁਸਾਇਟੀ ਦੀ ਕੈਨੇਡਾ ਇਕਾਈ ਅਤੇ ਗੁਰਦਵਾਰਾ ਸਿੰਘ ਸਭਾ ਮਾਲਟਨ ਦੀ ਪ੍ਰਬੰਧਕ ਕਮੇਟੀ ਨੇ ਉਨ੍ਹਾਂ ਦਾ ਉਚੇਚਾ ਸਨਮਾਨ ਕੀਤਾ।



# ਵਰਲਡ ਸਿੱਖ ਕੌਂਸਲ ਗੁਰੂ ਘਰਾਂ ਦੇ ਝਗੜੇ ਨਿਬੇੜਨ ਲਈ ਯਤਨ ਤੇਜ ਕਰੇਗੀ

**ਡਿਟਰਾਇਟ (ਪੰਜਾਬ ਟਾਈਮਜ਼ ਬਿਊਰੋ):** ਵਰਲਡ ਸਿੱਖ ਕੌਂਸਲ ਸਮੂਹ ਗੁਰੂ ਘਰਾਂ ਅਤੇ ਪੰਥਕ ਜਥੇਬੰਦੀਆਂ ਦੇ ਝਗੜਿਆਂ ਦੇ ਨਿਬੇੜੇ ਲਈ ਸਾਲਸ ਨਿਯੁਕਤ ਕਰਨ ਜਾਂ ਪੰਜ ਪਿਆਰਿਆਂ ਰਾਹੀਂ ਇਨ੍ਹਾਂ ਦੇ ਹੱਲ ਲਈ ਮਦਦ ਕਰਨ ਦਾ ਉਪਰਾਲਾ ਕਰੇਗੀ। ਇਸ ਸਬੰਧੀ ਇਕ ਮਤਾ ਕੌਂਸਲ ਦੀ ਇਥੇ ਹੋਈ ਜਨਰਲ ਬਾਡੀ ਮੀਟਿੰਗ ਵਿਚ ਲਿਆ ਗਿਆ। ਕੌਂਸਲ ਨੇ ਮਹਿਸੂਸ ਕੀਤਾ ਕਿ ਬਹੁਤ ਸਾਰੇ ਗੁਰੂ ਘਰਾਂ ਦੇ ਕੇਸ ਅਦਾਲਤਾਂ ਵਿਚ ਹਨ ਅਤੇ ਇਸ ਦਾ ਕਾਰਨ ਪ੍ਰਬੰਧਕ ਕਮੇਟੀਆਂ ਦੇ ਮੈਂਬਰਾਂ ਜਾਂ ਪ੍ਰਚਾਰਕਾਂ ਦੇ ਆਪਸੀ ਝਗੜੇ ਹਨ। ਇਸ ਕਰਕੇ ਸੰਗਤਾਂ ਵਲੋਂ ਆਪਣੀ ਕਿਰਤ ਕਮਾਈ ਵਿਚੋਂ ਗੁਰੂ ਘਰ ਵਿਚ ਭੇਟ ਕੀਤਾ ਗਿਆ ਬੇਪਨਾਹ ਪੈਸਾ ਅਦਾਲਤਾਂ ਦੇ ਮੁਨਸ਼ੀ-ਮੁਸੱਦੀਆਂ ਦੇ ਲੇਖੇ ਲੱਗ ਜਾਂਦਾ ਹੈ।

ਕੌਂਸਲ ਨੇ ਮਹਿਸੂਸ ਕੀਤਾ ਕਿ ਅਮਰੀਕੀ ਅਦਾਲਤਾਂ ਨੂੰ ਸਿੱਖ ਧਰਮ ਅਤੇ ਇਸ ਦੀਆਂ ਰਵਾਇਤਾਂ ਬਾਰੇ ਕੋਈ ਸਮਝ ਨਾ ਹੋਣ ਕਰਕੇ ਉਹ ਅਸਲ ਸਮੱਸਿਆ ਸਮਝਣ ਤੋਂ ਅਸਮਰਥ ਹੁੰਦੀਆਂ ਹਨ। ਜ਼ਿਕਰਯੋਗ ਹੈ ਕਿ ਵਰਲਡ ਸਿੱਖ ਕੌਂਸਲ ਨੇ ਪਿਛਲੇ ਸਾਲ ਨਿਊ ਜਰਸੀ ਦੇ ਗੁਰਦੁਆਰਾ ਬ੍ਰਿਜਵਾਟਰ ਵਿਚ ਹੋਈ ਆਪਣੀ ਜਨਰਲ ਬਾਡੀ ਮੀਟਿੰਗ ਵਿਚ ਸਾਲਸ ਜਾਂ ਪੰਜ ਪਿਆਰਿਆਂ ਦੀ ਕਮੇਟੀ ਬਣਾਉਣ ਲਈ ਮਾਰਗ ਦਰਸ਼ਨ ਤੈਅ ਕਰਨ ਵਾਸਤੇ ਇਕ 7 ਮੈਂਬਰੀ ਕਮੇਟੀ ਦਾ ਗਠਨ ਕੀਤਾ ਸੀ। ਇਸ ਕਮੇਟੀ ਦਾ ਮੁਖੀ ਅਟਲਾਂਟਾ ਦੇ ਗੁਲਬਰਗ ਸਿੰਘ ਬਾਸੀ ਨੂੰ ਬਣਾਇਆ ਗਿਆ ਸੀ। ਇਸ ਕਮੇਟੀ ਨੇ ਚਾਰ ਮਹੀਨੇ ਦੀ ਸਖਤ ਮਿਹਨਤ ਅਤੇ ਟੈਲੀ ਕਾਨਫਰੰਸਾਂ ਪਿਛੋਂ ਇਨ੍ਹਾਂ ਸੇਧਾਂ ਨੂੰ ਅੰਤਿਮ ਰੂਪ ਦਿੱਤਾ ਅਤੇ ਇਹ ਤਜਵੀਜ਼ ਜਨਰਲ ਬਾਡੀ ਮੀਟਿੰਗ ਵਿਚ ਪੇਸ਼ ਕੀਤੀ ਗਈ।

ਬੇਕਰਜ਼ਫੀਲਡ ਤੋਂ ਡਾ. ਮਨਬੀਰ ਸਿੰਘ, ਜਿਨ੍ਹਾਂ ਨੇ ਕਿ ਉਪਰੋਕਤ ਕਮੇਟੀ ਜਾਂ ਟਾਸਕ ਫੋਰਸ ਵਿਚ ਸਰਗਰਮੀ ਨਾਲ ਹਿੱਸਾ ਲਿਆ, ਦਾ ਕਹਿਣਾ ਹੈ ਕਿ ਇਸ ਸੇਵਾ ਨਾਲ ਸਿੱਖ ਭਾਈਚਾਰੇ ਨੂੰ ਬਹੁਤ ਲਾਭ ਹੋਵੇਗਾ। ਕੁਲਦੀਪ ਸਿੰਘ ਟੋਲੀਡੋ ਇਸ ਅਮਲ ਦੇ ਕਾਨੂੰਨੀ ਪੱਖਾਂ ਦੀ ਪੜਤਾਲ ਕਰਨ ਉਪਰੰਤ ਇਸ ਦੇ ਖਰੜੇ ਨੂੰ ਅੰਤਿਮ ਰੂਪ ਦੇਣਗੇ। ਵਰਲਡ ਸਿੱਖ ਕੌਂਸਲ ਦੇ ਚੇਅਰਮੈਨ ਮਨੋਹਰ ਸਿੰਘ ਵਰਮੌਂਟ ਨੇ ਕੌਂਸਲ ਵਲੋਂ ਸਿੱਖ ਭਾਈਚਾਰੇ ਦੇ ਭਲੇ ਲਈ ਕੀਤੇ ਜਾ ਰਹੇ ਕੰਮਾਂ ਉਤੇ ਤਸੱਲੀ ਪ੍ਰਗਟ ਕਰਦਿਆਂ ਕਿਹਾ ਕਿ ਕੌਂਸਲ ਅੱਗੋਂ ਵੀ ਆਪਣੇ ਯਤਨ ਜਾਰੀ ਰੱਖੇਗੀ। ਵਰਲਡ ਸਿੱਖ ਕੌਂਸਲ ਅਮੈਰਿਕਾ ਖੇਤਰ ਅਮਰੀਕਾ ਦੇ ਪੰਜਾਹ ਗੁਰਦੁਆਰਿਆਂ ਅਤੇ ਸਿੱਖ ਸੰਸਥਾਵਾਂ ਦੀ ਪ੍ਰਤੀਨਿਧਤਾ ਕਰਦੀ ਹੈ। ਹੋਰ ਜਾਣਕਾਰੀ ਲਈ ਡਾ. ਮਨਬੀਰ ਸਿੰਘ ਨਾਲ ਫੋਨ 661-900-5675 ਉਤੇ ਸੰਪਰਕ ਕੀਤਾ ਜਾ ਸਕਦਾ ਹੈ।






# ਤਾਜ ਮਹੱਲ ਬਾਰੇ ਸੁਪਰੀਮ ਕੋਰਟ ਵੱਲੋਂ ਨੋਟਿਸ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਦੁਨੀਆਂ ਦੇ ਸੱਤ ਅਜੂਬਿਆਂ 'ਚ ਸ਼ਾਮਲ ਤਾਜ ਮਹੱਲ ਦੇ ਪੰਜ ਸਾਲ ਦੇ ਅੰਦਰ ਢਹਿ ਜਾਣ ਦੀ ਗੱਲ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਕੇਂਦਰ, ਉਤਰ ਪ੍ਰਦੇਸ਼ ਸਰਕਾਰ ਤੇ ਹੋਰਾਂ ਨੂੰ ਨੋਟਿਸ ਜਾਰੀ ਕੀਤੇ ਹਨ।



ਜੱਜ ਡੀ.ਕੇ. ਜੈਨ ਦੀ ਅਗਵਾਈ ਵਾਲੇ ਬੈਂਚ ਨੇ ਉੱਤਰ ਪ੍ਰਦੇਸ਼ ਸਰਕਾਰ, ਪੁਰਾਤਤਵ ਵਿਭਾਗ ਤੇ ਜਲ ਸਾਧਨਾਂ ਬਾਰੇ ਮੰਤਰਾਲੇ ਨੂੰ ਨੋਟਿਸ ਜਾਰੀ ਕਰਕੇ ਆਪਣਾ ਪੱਖ ਰੱਖਣ ਲਈ ਕਿਹਾ ਹੈ। ਅਦਾਲਤ ਨੇ ਇਨ੍ਹਾਂ ਸਾਰੇ ਨੋਟਿਸਾਂ ਦੇ ਜਵਾਬ ਲਈ 15 ਨਵੰਬਰ ਤੱਕ ਦਾ ਸਮਾਂ ਦਿੱਤਾ ਹੈ। ਜ਼ਿਕਰਯੋਗ ਹੈ ਕਿ ਯਮੁਨਾ ਨਦੀ 'ਚ ਪਾਣੀ ਦੀ ਕਮੀ ਹੋਣ ਨੂੰ ਕਾਰਨ ਦੱਸਦੇ ਹੋਏ ਬ੍ਰਿਟੇਨ ਦੀ ਅਖਬਾਰ ਡੇਲੀ ਮੇਲ 'ਚ ਖਬਰ ਛਪੀ ਸੀ ਕਿ ਤਾਜ ਮਹੱਲ ਅਗਲੇ ਪੰਜ ਸਾਲ 'ਚ ਢਹਿ ਜਾਵੇਗਾ।

# ਸਿੱਖ ਦੀ ਹੱਤਿਆ ਦੇ ਮੁਕਦਮੇ 'ਚ 14 ਡੇਰਾ ਪ੍ਰੇਮੀ ਬਰੀ

**ਮੁੰਬਈ:** ਇਥੋਂ ਦੀ ਅਦਾਲਤ ਨੇ ਇਸ ਮਹਾਨਗਰ ਦੇ ਉਪ ਨਗਰ ਮੁਲੁੰਡ ਵਿਖੇ ਤਿੰਨ ਸਾਲ ਪਹਿਲਾਂ ਇਕ ਸਿੱਖ ਦੀ ਕਥਿਤ ਹੱਤਿਆ ਦੇ ਮਾਮਲੇ ਵਿਚ ਡੇਰਾ ਸੱਚਾ ਸੌਦਾ ਦੇ 14 ਪ੍ਰੇਮੀਆਂ ਨੂੰ ਸ਼ੱਕ ਦਾ ਲਾਭ ਦਿੰਦਿਆਂ ਬਰੀ ਕਰ ਦਿੱਤਾ। ਸੇਵਰੀ ਸੈਸ਼ਨ ਅਦਾਲਤ ਦੇ ਜੱਜ ਐਨ.ਪੀ. ਦੇਲਵੀ ਨੇ ਬੀਤੇ ਦਿਨ ਮੁੱਖ ਮੁਲਜ਼ਮ ਜਗਦੇਵ ਸਿੰਘ, ਗੁਰਦੇਵ ਸਿੰਘ ਸਣੇ ਹੋਰਾਂ ਨੂੰ ਸ਼ੱਕ ਦੇ ਆਧਾਰ 'ਤੇ ਬਰੀ ਕਰ ਦਿੱਤਾ।

ਫੋਰੈਂਸਿਕ ਰਿਪੋਰਟ ਜੋ ਅਦਾਲਤ ਵਿੱਚ ਪੇਸ਼ ਕੀਤੀ ਗਈ ਹੈ, ਉਸ ਮੁਤਾਬਕ ਮ੍ਰਿਤਕ ਦੇ ਸਰੀਰ ਵਿਚਲੀ ਗੋਲੀ ਮੁਲਜ਼ਮ ਦੀ ਬੰਦੂਕ ਵਿਚੋਂ ਨਹੀਂ ਨਿਕਲੀ।

ਬਚਾਅ ਧਿਰ ਦੇ ਵਕੀਲਾਂ ਮੁਤਾਬਕ ਇਸਤਗਾਸਾ ਪੱਖ ਇਹ ਸਾਬਤ ਨਹੀਂ ਕਰ ਸਕਿਆ ਕਿ ਮ੍ਰਿਤਕ ਦੇ ਸਰੀਰ ਵਿਚਲੀ ਗੋਲੀ ਮੁਲਜ਼ਮ ਦੀ ਬੰਦੂਕ ਵਿਚੋਂ ਹੀ ਚੱਲੀ ਹੈ। ਇਸ ਲਈ ਇਹ ਕੇਸ ਉਸ ਦੇ ਮੁਵੱਕਲ ਖਿਲਾਫ ਬਣਦਾ ਹੀ ਨਹੀਂ। ਸਰਕਾਰੀ ਵਕੀਲ ਉੱਜਵਲ ਨਿਕਮ ਨੇ ਕਿਹਾ ਕਿ ਡੇਰਾ ਸਿਰਸਾ ਦੇ ਮੁਖੀ ਦੀ 25 ਜੂਨ, 2008 ਦੀ ਫੇਰੀ ਮੌਕੇ ਉਸ ਦੇ ਅੰਗ-ਰੱਖਿਅਕਾਂ ਨੇ ਮੁਲੁੰਡ ਵਿਖੇ ਨਿਰਮਲ ਪ੍ਰਾਚੀਨ ਸਟਾਈਲ ਮਾਨ ਵਿਖੇ ਗੋਲੀ ਚਲਾ ਕੇ ਬਲਕਾਰ ਸਿੰਘ ਦੀ ਹੱਤਿਆ ਕੀਤੀ ਸੀ।

ਘਟਨਾ ਉਸ ਵੇਲੇ ਦੀ ਹੈ, ਜਦੋਂ ਡੇਰਾ ਮੁਖੀ ਸ਼ਾਪਿੰਗ ਕੰਪਲੈਕਸ 'ਚ ਜਾ ਰਿਹਾ ਸੀ ਤੇ ਉਥੇ ਸਿੱਖ ਭਾਈਚਾਰੇ ਦੇ ਲੋਕ ਵੀ ਮੌਜੂਦ ਸਨ। ਇਸ ਦੌਰਾਨ ਦੋਵਾਂ ਧਿਰਾਂ ਵਿਚ ਖਹਿਬਾਜ਼ੀ ਹੋ ਗਈ। ਇਸ ਦੌਰਾਨ ਡੇਰਾ ਮੁਖੀ ਦੇ ਅੰਗ-ਰੱਖਿਅਕਾਂ ਨੇ ਕਥਿਤ ਗੋਲੀ ਚਲਾ ਦਿੱਤੀ। ਇਸ ਗੋਲੀ ਕਾਂਡ ਖਿਲਾਫ ਸਿੱਖਾਂ ਨੇ ਵਿਆਪਕ ਰੋਸ ਪ੍ਰਗਟਾਇਆ ਸੀ। ਇਸ ਰੋਸ ਕਾਰਨ ਹੀ ਪੁਲਿਸ ਨੇ ਮੁਲਜ਼ਮਾਂ ਖਿਲਾਫ ਵੱਖ-ਵੱਖ ਧਾਰਾਵਾਂ ਹੇਠ ਕੇਸ ਦਰਜ ਕੀਤਾ ਸੀ।

# ਮਮਤਾ ਦਾ ਮਾਓਵਾਦੀਆਂ ਨੂੰ ਅਲਟੀਮੇਟਮ

*(ਸਫਾ ਇਕ ਦੀ ਬਾਕੀ)*

ਆਗੂਆਂ ਦੀ ਹੱਤਿਆ ਦੀ ਨਿਖੇਧੀ ਕਰਦਿਆਂ ਕਿਹਾ ਕਿ ਸਰਕਾਰ ਨੇ ਸ਼ਾਂਤੀ ਵਾਰਤਾ ਲਈ ਪਿਛਲੇ ਚਾਰ ਮਹੀਨਿਆਂ ਤੋਂ ਮਾਓਵਾਦੀਆਂ ਖਿਲਾਫ ਕਾਰਵਾਈ ਬੰਦ ਕੀਤੀ ਹੋਈ ਹੈ ਪਰ ਇਹ ਲੋਕ ਆਪਣੇ ਵਾਅਦੇ 'ਤੇ ਪੂਰੇ ਨਹੀਂ ਉਤਰੇ।



*ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਝਾਰਗ੍ਰਾਮ ਵਿਚ ਰੈਲੀ ਦੌਰਾਨ ਇਕ ਪਾਰਟੀ ਕਾਰਕੁਨ ਦੇ ਬੱਚੇ ਅਤੇ ਪਤਨੀ ਨਾਲ ਜਿਸ ਨੂੰ ਮਾਓਵਾਦੀਆਂ ਨੇ ਮਾਰ ਦਿੱਤਾ ਸੀ*

ਇਸੇ ਦੌਰਾਨ ਮਹਾਰਾਸ਼ਟਰ ਸਰਕਾਰ ਨੇ ਵੀ ਮਾਓਵਾਦੀਆਂ ਵਿਰੁਧ ਦਮਨ ਦੀ ਨੀਤੀ ਚਲਾਉਣ ਦਾ ਫੈਸਲਾ ਕਰ ਲਿਆ ਹੈ। ਮਹਾਰਾਸ਼ਟਰ ਸਰਕਾਰ ਨੇ ਸੂਬੇ ਦੇ ਪੁਲਿਸ ਮੁਖੀ ਨੂੰ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਨਕਸਲੀਆਂ ਨਾਲ ਨਜਿੱਠਣ ਲਈ ਆਂਧਰਾ ਪ੍ਰਦੇਸ਼ ਵਾਲੇ ਮਾਡਲ 'ਤੇ ਵਿਚਾਰ ਕੀਤਾ ਜਾਵੇ। ਯਾਦ ਰਹੇ ਕਿ ਕੁਝ ਸਾਲ ਪਹਿਲਾਂ ਆਂਧਰਾ ਪ੍ਰਦੇਸ਼ ਸਰਕਾਰ ਨੇ ਮਾਓਵਾਦੀਆਂ ਨੂੰ ਫੜ ਫੜ ਕੇ ਮਾਰਨ ਦੀ ਮੁਹਿੰਮ ਚਲਾਈ ਸੀ। ਇਸ ਮੁਹਿੰਮ ਕਾਰਨ ਮਾਓਵਾਦੀਆਂ ਦੀ ਲੀਡਰਸ਼ਿਪ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ ਸੀ ਅਤੇ ਮਾਓਵਾਦੀਆਂ ਨੂੰ ਆਖਰਕਾਰ ਆਂਧਰਾ ਪ੍ਰਦੇਸ਼ ਛੱਡਣਾ ਪੈ ਗਿਆ ਸੀ। ਇਸ ਤੋਂ ਬਾਅਦ ਹੀ ਮਾਓਵਾਦੀਆਂ ਨੇ ਪੱਛਮੀ ਬੰਗਾਲ ਨੂੰ ਆਪਣੀ ਕਰਮਭੂਮੀ ਬਣਾਇਆ ਸੀ। ਇਸ ਵੇਲੇ ਮਹਾਂਰਾਸ਼ਟਰ ਵਿਚ ਮਾਓਵਾਦੀਆਂ ਦੇ ਅਸਰ ਵਾਲੇ ਇਲਾਕਿਆਂ ਵਿਚ ਸੀ.ਆਰ.ਪੀ.ਐਫ. ਦੀਆਂ 4, ਕੋਬਰਾ ਅਤੇ ਕਮਾਂਡੋ ਦੀ ਇਕ ਇਕ ਬਟਾਲੀਅਨ ਤਾਇਨਾਤ ਹੈ। ਇਸ ਤੋਂ ਇਲਾਵਾ ਜ਼ਿਲ੍ਹਾ ਪੁਲੀਸ ਫੋਰਸ ਦੇ 3000 ਜਵਾਨ ਵੀ ਇਨ੍ਹਾਂ ਇਲਾਕਿਆਂ 'ਚ ਤਾਇਨਾਤ ਹਨ।


ਦੇਸੀ ਵਰਲਡ ਰੇਡੀਓ ਵਲੋਂ ਪੇਸ਼ ਹੈ

ਦੁਨੀਆਂ ਦਾ ਪਹਿਲਾ ਖਾਲਸ



ਦੇਸੀ ਰੇਡੀਓ

ਜਿਸ ਰਾਹੀਂ ਤੁਸੀਂ ਆਪਣੀ ਮਨ ਪਸੰਦ ਦਾ ਰੇਡੀਓ ਸੁਣ ਸਕਦੇ ਹੋ।

35000 ਤੋਂ ਵੱਧ ਰੇਡੀਓ ਸਟੇਸ਼ਨਾਂ ਨਾਲ ਲੈਸ, WIFI ਇੰਟਰਨੈਟ ਰੇਡੀਓ 24 ਘੰਟੇ

*ਹਰਿਮੰਦਰ ਸਾਹਿਬ ਤੋਂ ਸ਼ਬਦ ਕੀਰਤਨ ਸੁਣੋ। ਇਸ ਤੋਂ ਇਲਾਵਾ 27 ਹੋਰ ਧਾਰਮਿਕ ਸਟੇਸ਼ਨ ਜਿਥੋਂ ਲਗਾਤਾਰ ਕਥਾ ਕੀਰਤਨ ਸੁਣੇ ਜਾ ਸਕਦੇ ਹਨ। ਪੰਜਾਬੀ ਗੀਤ-ਸੰਗੀਤ, ਖਬਰਾਂ ਤੇ ਚਲੰਤ ਮਾਮਲਿਆਂ ਉਤੇ ਪ੍ਰੋਗਰਾਮ 125 ਤੋਂ ਵੱਧ ਰੇਡੀਓ ਸਟੇਸ਼ਨਾਂ 'ਤੇ ਸੁਣੋ
*ਭਾਰਤ, ਅਮਰੀਕਾ, ਕੈਨੇਡਾ, ਇੰਗਲੈਂਡ, ਆਸਟਰੇਲੀਆ ਅਤੇ ਨਿਊਜ਼ੀਲੈਂਡ ਦੇ ਰੇਡੀਓ ਸਟੇਸ਼ਨ ਸੁਣੋ। ਰੇਡੀਓ ਹਮਸਫਰ, ਸ਼ੇਰੇ ਪੰਜਾਬ, ਧਮਾਲ ਰੇਡੀਓ, ਹੱਸਦਾ ਪੰਜਾਬ, ਦੇਸ ਪਰਦੇਸ, ਸਾਡੀ ਆਵਾਜ਼, ਪੰਜ ਪਾਣੀ, ਚੜ੍ਹਦੀ ਕਲਾ, ਦੇਸੀ ਰੇਡੀਓ, ਅੰਮ੍ਰਿਤ ਬਾਣੀ, ਬੀ ਬੀ ਸੀ ਹਿੰਦੀ, ਆਕਾਸ਼ਵਾਣੀ, ਪੰਜਾਬੀ ਰੇਡੀਓ, ਸ਼ਬਨਮ ਰੇਡੀਓ, ਢੋਲ ਰੇਡੀਓ ਅਤੇ ਹੋਰ ਹਿੰਦੀ, ਉਰਦੂ ਅਤੇ ਮਨਪਸੰਦ ਜ਼ੁਬਾਨਾਂ ਦੇ ਸੈਂਕੜੇ ਹੀ ਰੇਡੀਓ ਸੁਣੋ।

*ਰੇਡੀਓ ਰਿਮੋਰਟ ਕੰਟਰੋਲ ਨਾਲ ਉਪਲਬਧ *ਰੇਡੀਓ ਵਰਤਣਾ ਬਹੁਤ ਹੀ ਆਸਾਨ *ਰੇਡੀਓ ਵਿਚ ਦੋ ਅਲਾਰਮ ਹਨ-ਹਰਿਮੰਦਰ ਸਾਹਿਬ ਜਾਂ ਕੋਈ ਵੀ ਹੋਰ ਸਟੇਸ਼ਨ ਆਪਣੇ ਅਲਾਰਮ ਵਿਚ ਫਿਟ ਕਰਕੇ ਸੁਣ ਸਕਦੇ ਹੋ।

**Punjabi, Hindi, Urdu, Fijian, South Indian Radio Stations.**

*ਇੰਡੀਅਨਐਪੋਲਿਸ ਵਿਚ ਦੇਸੀ ਰੇਡੀਓ*
*Desi Bazar, 916 E. Main Street #118, Greenwood, IN (Tel: 317-888-2040)*
'ਤੇ ਉਪਲਬਧ ਹੈ

ਡੀਲਰਸ਼ਿਪ ਲੈ ਕੇ ਚੰਗੇ ਪੈਸੇ ਕਮਾਓ

ਆਰਡਰ ਕਰਨ 'ਤੇ ਤੀਜੇ ਦਿਨ ਰੇਡੀਓ ਤੁਹਾਡੇ ਕੋਲ ਪਹੁੰਚੇਗਾ

ਹੋਰ ਜਾਣਕਾਰੀ ਲਈ
www.desiworldradio.com, info@desiworldradio.com
**Toll Free Number: 1-800-604-6024**

# “ਕਿਉ ਕੀਤੋ ਵਿਸਾਹ”

ਸੰਘਰਸ਼ ਦੇ ਨਾਂ ‘ਤੇ ਲੱਖਾਂ ਡਾਲਰ ਡਕਾਰਨ ਵਾਲੇ, ਫਿਰੌਤੀਆਂ ਦੇ ਪੈਸਿਆਂ ‘ਤੇ ਐਸ਼ਪ੍ਰਸਤੀ ਕਰਨ ਵਾਲੇ, ਅਖਬਾਰਾਂ ਦੇ ਨਾਂ ‘ਤੇ ਨਿੱਜੀ ਜਾਇਦਾਦਾਂ ਬਣਾਉਣ ਵਾਲੇ, ਯਾਰਾਂ ਦੋਸਤਾਂ ਨਾਲ ਵਪਾਰਕ ਭਾਈਵਾਲੀ ਦੇ ਨਾਂ ਥੱਲੇ ਠੱਗੀਆਂ ਮਾਰਨ ਵਾਲੇ, ਸਮਾਜਿਕ ਰਿਸ਼ਤਿਆਂ ਨੂੰ ਤਾਰ ਤਾਰ ਕਰਨ ਵਾਲੇ, ਨਸ਼ਿਆਂ ਦੀ ਤਸਕਰੀ ਵਿਚ ਜੇਲ੍ਹਾਂ ਕੱਟਣ ਵਾਲੇ, ਸਰਕਾਰੀ ਸਫਾਰਤਖਾਨਿਆਂ ਦੀ ਦਲਾਲੀ ਕਰਨ ਵਾਲੇ ਬਹੁਰੂਪੀਏ ਪੱਤਰਕਾਰ, ਅਖੌਤੀ ਖਾੜਕੂ ਤੇ ਸਿੱਖ ਸੰਘਰਸ਼ ਨੂੰ ਖਾਰੇ ਪਾਣੀ ਵਿਚ ਡੋਬਣ ਵਾਲੇ ਅਖੌਤੀ ਪੰਥ ਦਰਦੀ ਜੇ ਸ. ਸਿਮਰਨਜੀਤ ਸਿੰਘ ਮਾਨ ਦੇ ਰਾਜਨੀਤਕ ਜੀਵਨ ਦੀ ਪੜਚੋਲ ਦੇ ਨਾਮ ਥੱਲੇ ਆਪਣੇ ਅੰਦਰ ਦੀ ਗੰਦਗੀ ਲੋਕਾਂ ਨਾਲ ਸਾਂਝੀ ਕਰਨਾ ਚਾਹੁੰਦੇ ਹਨ ਤਾਂ ਇਹ ਮੁਹਾਵਰਾ ਇਨ੍ਹਾਂ ਤੇ ਪੂਰੀ ਤਰ੍ਹਾਂ ਢੁਕਦਾ ਹੈ ਕਿ “ਜਾਤ ਦੀ ਕੋਹੜਕਿਰਲੀ ਸਤੀਰਾਂ ਨਾਲ ਜੱਫੇ।” ਗੁਰਬਾਣੀ ਦਾ ਫੁਰਮਾਨ ਹੈ, “ਆਪ ਨਾ ਦੇਇ ਚੁਰੂ ਭਰ ਪਾਣੀ ਤਹਿ ਨਿੰਦੈ ਜਹਿ ਗੰਗਾ ਆਨੀ॥”




ਇਹ ਸਹੀ ਹੈ ਕਿ ਸ. ਸਿਮਰਨਜੀਤ ਸਿੰਘ ਮਾਨ ਦੇ ਸਿਆਸੀ ਜੀਵਨ ਦਾ ਮੁਲੰਕਣ ਕਰਨਾ ਗੁਨਾਹ ਨਹੀਂ ਹੈ ਪਰ ਮੁਲੰਕਣ ਦੇ ਨਾਮ ਥੱਲੇ ਆਪਣੀ ਕੋਝੀ ਸੋਚ ਦਾ ਪ੍ਰਦਰਸ਼ਨ ਕਰਨਾ ਉਨ੍ਹਾਂ ਬੌਣੇ ਲੋਕਾਂ ਨੂੰ ਸ਼ੋਭਾ ਨਹੀਂ ਦਿੰਦਾ ਜਿਨ੍ਹਾਂ ਦੀ ਸਮਾਜ ਵਿਚ ਆਪਣੀ ਕੋਈ ਪਛਾਣ ਨਹੀਂ ਹੈ, ਜੋ ਇਸੇ ਸੋਚ “ਅਗਰ ਬਦਨਾਮ ਹੋਂਗੇ ਤੋ ਕਯਾ ਨਾਮ ਨਾ ਹੋਗਾ” ਨੂੰ ਲੈ ਕੇ ਝੂਠੀ ਪੈਂਠ ਬਣਾਉਣ ਦੀ ਦੌੜ ਵਿਚ ਲੱਗੇ ਹੋਏ ਹਨ।

ਜੇਕਰ ਸ਼ਬਦਾਂ ਦੀ ਚੋਣ ਤੇ ਭਾਸ਼ਾ ਦੀ ਮਰਿਆਦਾ ਦੀ ਗੱਲ ਕਰੀਏ ਤਾਂ ਬਾਣੀ ਵਿਚ ਵੀ ਕੁੱਤਿਆਂ ਵਾਲੇ ਕਿਰਦਾਰ ਨੂੰ ਕੁੱਤੇ ਅਤੇ ਡੰਗ ਮਾਰਨ ਵਾਲੇ ਸਪੋਲੀਆਂ ਨੂੰ ਸੱਪ ਹੀ ਕਿਹਾ ਗਿਆ ਹੈ। ਭਾਈ ਗੁਰਦਾਸ ਜੀ ਦੀਆਂ ਵਾਰਾਂ, ਜਿਨ੍ਹਾਂ ਨੂੰ ਬਾਣੀ ਦੀ ਕੂੰਜੀ ਕਿਹਾ ਗਿਆ ਹੈ, ਵਿਚ ਬਾਣੀ ਦੀ ਇਸ ਵਿਚਾਰ ਨੂੰ ਇਸ ਤਰ੍ਹਾਂ ਬਿਆਨ ਕੀਤਾ ਗਿਆ ਹੈ,

ਕੁੱਤਾ ਰਾਜ ਬਹਾਲੀਐ ਫਿਰ ਚੱਕੀ ਚੱਟੈ॥
ਸੱਪੈ ਦੁੱਧ ਪਿਆਈਐ ਵਿਹੁ ਮੁੱਖੋ ਸੁੱਟੈ॥

ਪਿਛਲੇ ਲੇਖ ਵਿਚ ਅਸੀਂ ਪਾਠਕਾਂ ਨਾਲ ਵਾਅਦਾ ਕੀਤਾ ਸੀ ਕਿ ਸ. ਦਲਜੀਤ ਸਿੰਘ ਬਿੱਟੂ ਦੇ ਸਿਆਸੀ ਸਫਰ ਬਾਰੇ ਅਸੀਂ ਜਾਣਕਾਰੀ ਸਾਂਝੀ ਕਰਾਂਗੇ। ਜਿੰਨਾ ਕੁ ਸਮਾਂ ਸ. ਦਲਜੀਤ ਸਿੰਘ ਬਿੱਟੂ ਨਾਲ ਸਿਆਸੀ ਤੌਰ ‘ਤੇ ਵਿਚਰਨ ਦਾ ਮਿਲਿਆ ਹੈ, ਉਸ ਤੋਂ ਮੇਰੀ ਰਾਇ ਮੁਤਾਬਿਕ ਸ. ਦਲਜੀਤ ਸਿੰਘ ਬਿੱਟੂ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਸਿਆਸੀ ਸੁਭਾਅ ਬਹੁਤ ਰਲਦਾ-ਮਿਲਦਾ ਹੈ। ਜਿਵੇਂ ਲੱਖਾਂ ਮਰਜੀਵੜੇ ਭਰਤੀ ਕਰਨੇ, ਬਲਦੀ ਅੱਗ ਵਿਚ ਉਨ੍ਹਾਂ ਨੂੰ ਛੱਡ ਕੇ ਆਪ ਹੱਥ ਖੜ੍ਹੇ ਕਰਕੇ ਬਾਹਰ ਆ ਜਾਣਾ; ਇੱਕਦਮ ਟੀਸੀ ‘ਤੇ ਬੈਠਣ ਦੀ ਲਾਲਸਾ, ਉਸ ਵਾਸਤੇ ਭਾਵੇਂ ਪੰਥ ਨੂੰ ਵੇਚਣਾ ਪਵੇ। ਥਿੜਕਵੀਆਂ ਲੱਤਾਂ ਨਾਲ ਥਿੜਕਵੇਂ ਫੈਸਲੇ, ਬਿਨਾ ਸੋਚੇ-ਸਮਝੇ ਵਾਅਦੇ ਤੇ ਦਾਅਵੇ ਕਰਨ ਅਤੇ ਮੁੱਕਰਨ ਦੀ ਪਿਰਤ ਦੋਵਾਂ ਵਿਚ ਇਕੋ ਜਿਹੀ ਹੈ। ਪੈਸੇ ਤੇ ਪਦਵੀ ਖਾਤਰ ਕੌਮ ਤਾਂ ਕੀ ਆਪਣੇ ਪਰਿਵਾਰ ਨੂੰ ਵੀ ਵੇਚ ਦੇਣਾ ਅਤੇ ਮੌਕਾਪ੍ਰਸਤੀ ਤੇ ਗਿਰਗਟ ਵਾਂਗ ਰੰਗ ਬਦਲਨਾ ਇਨ੍ਹਾਂ ਦਾ ਖਾਸਾ ਹੈ। ਮਨ ਅੰਦਰ ਈਰਖਾ ਤੇ ਵਿਰੋਧ ਲੱਟ ਲੱਟ ਬਲ ਰਿਹਾ ਹੈ, ਮੂੰਹੋਂ ਚੁੱਪ ਧਾਰੀ ਹੋਈ ਹੈ। ਚੇਲਿਆਂ ਤੇ ਝੋਲੀ ਚੁੱਕਾਂ ਦੀ ਭੀੜ ‘ਚ ਗੁਆਚ ਕੇ ਆਪੇ ਨੂੰ ਭੁੱਲ ਜਾਣ ਵਾਲੇ ਕਿਰਦਾਰ ਵਾਲੇ ਲੋਕਾਂ ਨੂੰ ਕੌਮੀ ਲੀਡਰ ਕੌਣ ਮੰਨ ਸਕਦਾ ਹੈ? ਪਰ ਉਸ ਦੇ ਸਵਾਰੇ ਲੇਖਕ ਤੇ ਪੱਤਰਕਾਰ ਉਸ ਦੀ ਕਿਸੇ ਬ੍ਰਹਮਗਿਆਨੀ ਨਾਲ ਤੁਲਨਾ ਕਰ ਰਹੇ ਹਨ ਪਰ ਗੁਰੂ ਸਾਹਿਬ ਦੀ ਬਾਣੀ ਦੀਆਂ ਇਨ੍ਹਾਂ ਤੁਕਾਂ ਵਿਚੋਂ ਮੈਨੂੰ ਉਹ ਕਿਰਦਾਰ ਸਾਫ ਨਜ਼ਰ ਆਉਂਦਾ ਹੈ,

ਨਾਨਕ ਗੁਰੂ ਨਾ ਚੇਤਨੀ ਮਨ ਅਪਨੇ ਸਉ ਚੇਤ॥
ਛੁਟੇ ਤਿਲ ਬੁਆੜ ਜਿਉ ਸੁੰਨੇ ਅੰਦਰ ਖੇਤ॥
ਖੇਤੈ ਅੰਦਰ ਛੁਟਿਆ ਕਹੁ ਨਾਨਕ ਸਹੁ ਨਾਹਿ॥
ਫਲੀਐ ਫੁਲੀਐ ਬਪੁੜੇ ਭੀ ਤਨ ਵਿਚ ਸੁਆਹ॥

ਗੁਰੂ ਸਾਹਿਬ ਕਹਿੰਦੇ ਹਨ ਕਿ ਕਈ ਲੋਕਾਂ ਨੂੰ ਆਪਣੀ ਅਕਲ, ਗੁਰੂ ਤੋਂ ਵੀ ਵੱਡੀ ਜਾਪਦੀ ਹੈ ਜਾਂ ਉਨ੍ਹਾਂ ਨੂੰ ਗੁਰੂ ਦੀ ਸੋਚ ਸਹੀ ਨਹੀਂ ਲੱਗਦੀ ਪਰ ਉਨ੍ਹਾਂ ਦੀ ਹਾਲਤ ਇਸ ਤਰ੍ਹਾਂ ਹੁੰਦੀ ਹੈ ਜਿਵੇਂ ਤਿਲਾਂ ਦੇ ਖੇਤ ਵਿਚੋਂ ਮਾਲਕ ਤਿਲ ਵੱਢ ਕੇ ਲੈ ਜਾਂਦਾ ਹੈ ਪਰ ਤਿਲਾਂ ਵਰਗੀ ਸ਼ਕਲ ਦੇ ਬੂਟੇ ‘ਬੁਆੜ’ ਖੇਤ ਵਿਚ ਖੜੇ ਰਹਿੰਦੇ ਹਨ ਅਤੇ ਉਨ੍ਹਾਂ ਦਾ ਕੋਈ ਮਾਲਕ ਨਹੀਂ ਹੁੰਦਾ ਕਿਉਂਕਿ ਵੇਖਣ ਨੂੰ ਭਾਵੇਂ ਤਿਲ ਹੀ ਲੱਗਦੇ ਹਨ ਪਰ ਉਨ੍ਹਾਂ ਦੇ ਅੰਦਰ ਨਿਰੀ ਸੁਆਹ ਭਰੀ ਹੁੰਦੀ ਹੈ।

ਅਸੀਂ ਸ. ਸਿਮਰਨਜੀਤ ਸਿੰਘ ਮਾਨ ਦੇ ਸਿਆਸੀ ਜੀਵਨ ਬਾਰੇ ਵੱਖਰੇ ਲੇਖ ਛਾਪਣ ਦਾ ਫੈਸਲਾ ਕੀਤਾ ਹੈ ਤੇ ਉਸ ਦੇ ਨਾਲ ਨਾਲ ਪੰਥਕ ਕਮੇਟੀ ਦੇ ਨਾਮ ਥੱਲੇ ਚੱਲਦੀ ਇਨ੍ਹਾਂ ਦੀ ਸਿਆਸੀ ਖੇਡ, ਜਿਸ ਨੂੰ ਕਦੇ ਸਿਆਸੀ ਜਥੇਬੰਦੀ ਦਾ ਨਾਂ ਦਿੱਤਾ ਜਾਂਦਾ ਅਤੇ ਕਦੇ ਹਥਿਆਰਬੰਦ ਸੰਘਰਸ਼ ਦਾ; ਕਦੇ ਸ. ਦਲਜੀਤ ਸਿੰਘ ਬਿੱਟੂ ਨੂੰ ਉਸ ਹਥਿਆਰਬੰਦ ਸੰਘਰਸ਼ ਦਾ ਹੀਰੋ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਜਿਸ ਵਿਚੋਂ ਉਹ ਭਗੌੜਾ ਹੈ ਅਤੇ ਕਦੇ ਰਾਜਨੀਤਕ ਮਾਡਲ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਜਿਸ ਵਿਚ ਉਹ ਬੁਰੀ ਤਰ੍ਹਾਂ ਫੇਲ੍ਹ ਹੈ।

ਜਿਹੜੇ ਦੋਸ਼ ਪੰਥਕ ਕਮੇਟੀ ‘ਤੇ ਲੱਗੇ ਉਹ ਅੱਜ ਵੀ ਉਸੇ ਤਰ੍ਹਾਂ ਬਰਕਰਾਰ ਹਨ। ਇਨ੍ਹਾਂ ਵਿਚ ਸ. ਦਲਜੀਤ ਸਿੰਘ ਅਤੇ ਉਸ ਦੀਆਂ ਭਾਈਵਾਲ ਜਥੇਬੰਦੀਆਂ ਉਪਰ ਪੰਥਕ ਕਮੇਟੀ ਤੋਂ ਬਾਹਰ ਰਹਿ ਕੇ ਸੰਘਰਸ਼ ਲੜ ਰਹੀਆਂ ਖਾੜਕੂ ਜਥੇਬੰਦੀਆਂ ਦੇ ਜਰਨੈਲਾਂ ਅਤੇ ਕੌਮ ਦੇ ਹੀਰਿਆਂ ਦੇ ਕਤਲਾਂ ਦੀ ਜ਼ਿੰਮੇਵਾਰੀ, 1992 ਤੋਂ 1996 ਤੱਕ ਪੰਜਾਂ ਸਾਲਾਂ ਵਿਚ ਜਿਹੜੇ ਲੀਡਰ ਦਾ ਕੋਈ ਰਿਕਾਰਡ ਨਹੀਂ ਮਿਲਦਾ ਉਸ ਨੂੰ ਸਿਆਸੀ ਜਾਂ ਖਾੜਕੂ ਲੀਡਰ ਕਹਿਣਾ ਵੀ ਸ਼ਾਮਲ ਹੈ। ਉਨ੍ਹਾਂ ਸਿਆਸੀ ਲੀਡਰਾਂ ਵਿਚ ਸਿਰਫ ਤੇ ਸਿਰਫ ਸ. ਸਿਮਰਨਜੀਤ ਸਿੰਘ ਮਾਨ ਦਾ ਨਾਮ ਹੀ ਸਾਹਮਣੇ ਆਉਂਦਾ ਹੈ, ਜੋ ਵਰ੍ਹਦੀ ਅੱਗ ਵਿਚ ਕੌਮੀ ਹੀਰਿਆਂ ਦੇ ਸ਼ਹੀਦੀ ਸਮਾਗਮਾਂ ‘ਤੇ ਜਾ ਕੇ ਉਨ੍ਹਾਂ ਦੇ ਪਰਿਵਾਰਾਂ ਲਈ ਢਾਰਸ ਵੀ ਬਣੇ ਅਤੇ ਜਿਨ੍ਹਾਂ ਜੇਲ੍ਹਾਂ ਤੇ ਤਸੀਹਾ ਕੇਂਦਰਾਂ ਵਿਚ ਉਨ੍ਹਾਂ ਯੋਧਿਆਂ ਦੀ ਪੈਰਵਾਈ ਕਰਦਿਆਂ ਤਪਦੇ ਅੰਗਿਆਰਾਂ ‘ਤੇ ਚੱਲਣਾ ਸਵੀਕਾਰ ਕੀਤਾ। ਖਾੜਕੂ ਲਹਿਰ ਦੇ ਉਨ੍ਹਾਂ ਮਹਾਨ ਯੋਧਿਆਂ ਜਿਨ੍ਹਾਂ ਵਿਚ ਗੁਰਜੰਟ ਸਿੰਘ ਬੁੱਧ ਸਿੰਘਵਾਲਾ, ਨਵਨੀਤ ਸਿੰਘ ਕਾਦੀਆਂ ਅਤੇ ਹੋਰ ਬਹੁਤ ਸਾਰੇ ਗੁਮਨਾਮ ਹੀਰੇ ਸ਼ਾਮਲ ਹਨ ਜਿਨ੍ਹਾਂ ਨੂੰ ਕੋਹ ਕੋਹ ਕੇ ਸ਼ਹੀਦ ਕੀਤਾ ਗਿਆ, ਦੇ ਪਰਿਵਾਰ ਦਲਜੀਤ ਸਿੰਘ ਬਿੱਟੂ ਨੂੰ ਕਿਹੜੀ ਲਹਿਰ ਦਾ ਆਗੂ ਮੰਨਣ?

ਜਦੋਂ ਡਾ. ਸੋਹਣ ਸਿੰਘ ਪਾਕਿਸਤਾਨ ਨੂੰ ਛੱਡ ਕੇ ਨਿਪਾਲ ਰਾਹੀਂ ਇੰਡੀਆ ‘ਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਸਨ ਤਾਂ ਸਰਕਾਰੀ ਏਜੰਸੀਆਂ ਵੱਲੋਂ ਉਸ ਨੂੰ ਦਬੋਚ ਲਿਆ ਗਿਆ। ਉਸ ਤੋਂ ਬਾਅਦ ਜੋ ਖਬਰ ਅਖਬਾਰਾਂ ਵਿਚ ਲੱਗੀ ਜਾਂ ਡਾ. ਸੋਹਣ ਸਿੰਘ ਵੱਲੋਂ ਜੋ ਬਿਆਨ ਪੁਲਿਸ ਨੂੰ ਦਿੱਤੇ ਗਏ, ਉਨ੍ਹਾਂ ਦੇ ਆਧਾਰ ‘ਤੇ ਭਾਈ ਦਲਜੀਤ ਸਿੰਘ ਬਿੱਟੂ ਅਤੇ ਗੁਰਸ਼ਰਨ ਸਿੰਘ ਗਾਮਾ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਨ੍ਹਾਂ ਉਤੇ ਜੋ ਕੇਸ ਪਾਏ ਗਏ ਅਤੇ ਜਿਸ ਤਰ੍ਹਾਂ ਉਨ੍ਹਾਂ ਕੇਸਾਂ ਦਾ ਨਿਪਟਾਰਾ ਕੀਤਾ ਗਿਆ, ਡਾ. ਸੋਹਣ ਸਿੰਘ ਜਿਸ ਨੂੰ ਪੰਥਕ ਕਮੇਟੀ ਦੇ ਵਿਦੇਸ਼ਾਂ ਵਿਚ ਬੈਠੇ ਚੇਲਿਆਂ ਅਤੇ ਵਰਕਰਾਂ ਵੱਲੋਂ ਸਰਕਾਰੀਆ ਕਹਿ ਕੇ ਭੰਡਿਆ ਜਾ ਰਿਹਾ ਸੀ ਜਾਂ ਚੋਣਾਂ ਵੇਲੇ ਉਸ ਦੀ ਗੁੰਮਸ਼ੁਦਗੀ ਤੇ ਦਲਜੀਤ ਸਿੰਘ ਹੋਰਾਂ ਦੀ ਗ੍ਰਿਫਤਾਰੀ ਤੋਂ ਬਾਅਦ ਜੋ ਤੱਥ ਸਾਹਮਣੇ ਆਏ, ਉਨ੍ਹਾਂ ਮੁਤਾਬਿਕ ਡਾ. ਸੋਹਣ ਸਿੰਘ ਜਦੋਂ ਪਾਕਿਸਤਾਨ ਤੋਂ ਪੰਜਾਬ ਆਉਂਦਾ ਸੀ ਤਾਂ ਉਹ ਇਨ੍ਹਾਂ ਦੇ ਫਾਰਮ ਹਾਊਸ ਵਿਚ ਹੀ ਠਹਿਰਦਾ ਸੀ, ਇਹ ਗੱਲ ਵੀ ਅਜੇ ਤੱਕ ਰਹੱਸ ਬਣੀ ਹੋਈ ਹੈ ਜਿਸ ਦੀਆਂ ਕੁੱਝ ਪਰਤਾਂ ਆਉਣ ਵਾਲੇ ਸਮੇਂ ਵਿਚ ਖੋਲ੍ਹਣ ਦੀ ਕੋਸ਼ਿਸ਼ ਕਰਾਂਗੇ।

ਜਿਸ ਤਰ੍ਹਾਂ ਸ. ਦਲਜੀਤ ਸਿੰਘ ਬਿੱਟੂ ਦੇ ਕੇਸਾਂ ਦਾ ਕਾਹਲੀ ਵਿਚ ਨਿਪਟਾਰਾ ਕੀਤਾ ਗਿਆ ਅਤੇ ਸ. ਸਿਮਰਨਜੀਤ ਸਿੰਘ ਮਾਨ ਵਲੋਂ ਚਲਾਈ ਜਾ ਰਹੀ ਪਾਰਟੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਬਰਾਬਰ ਸ਼੍ਰੋਮਣੀ ਖਾਲਸਾ ਅਕਾਲੀ ਦਲ ਦਾ ਗਠਨ ਕੀਤਾ ਗਿਆ ਤੇ ਉਸ ਲਈ ਸਾਰੀਆਂ ਸਹੂਲਤਾਂ ਤੇ ਪ੍ਰਚਾਰ ਸਾਧਨਾਂ ਦਾ ਇਸਤੇਮਾਲ ਹੋਇਆ ਜਾਂ ਜਿਸ ਤਰ੍ਹਾਂ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਸੋਚ ਤੋਂ ਭਗੌੜੇ ਅਖੌਤੀ ਟਕਸਾਲੀ ਆਗੂਆਂ ਅਤੇ ਸੰਘਰਸ਼ ਨੂੰ ਪਿੱਠ ਦਿਖਾ ਚੁੱਕੇ ਸੰਤਾਂ ਦੇ ਸਾਰੇ ਨਜ਼ਦੀਕੀਆਂ ਅਤੇ ਪਰਿਵਾਰਕ ਮੈਂਬਰਾਂ ਵੱਲੋਂ ਸ. ਦਲਜੀਤ ਸਿੰਘ ਨੂੰ ਉਭਾਰਨ ਦੀ ਕੋਸ਼ਿਸ਼ ਕੀਤੀ ਗਈ, ਉਸ ਨੇ ਪੰਥਕ ਸੋਚ ਰੱਖਣ ਵਾਲੇ ਹਲਕਿਆਂ ਵਿਚ ਇਹ ਚਰਚਾ ਛੇੜ ਦਿੱਤੀ ਸੀ ਕਿ ਸ. ਸਿਮਰਨਜੀਤ ਸਿੰਘ ਮਾਨ ਦੇ ਸਿਆਸੀ ਸੰਘਰਸ਼ ਨੂੰ ਢਾਹ ਲਾਉਣ ਵਾਸਤੇ ਬਹੁਤ ਵੱਡੀ ਸਾਜਿਸ਼ ਘੜੀ ਜਾ ਰਹੀ ਹੈ। ਅਸੀਂ ਇਹ ਸਾਫ ਕਰ ਦੇਣਾ ਚਾਹੁੰਦੇ ਹਾਂ ਕਿ ਸ. ਸਿਮਰਨਜੀਤ ਸਿੰਘ ਮਾਨ ਵੱਲੋਂ ਲਏ ਗਏ ਸਿਆਸੀ ਫੈਸਲੇ ਉਸ ਦੀ ਪਾਰਟੀ ਅਤੇ ਪੰਥ ਲਈ ਕਿੰਨੇ ਕੁ ਕਾਰਗਰ ਸਾਬਤ ਹੋਏ, ਇਸ ਨੂੰ ਈਰਖਾ ਤੇ ਨਫਰਤ ਭਰੀਆਂ ਕਲਮਾਂ ਕਦੇ ਨਹੀਂ ਨਿਕਾਰ ਸਕਣਗੀਆਂ। ਸ. ਦਲਜੀਤ ਸਿੰਘ ਦੇ ਚੇਲੇ ਇਸ ਗੱਲ ਦਾ ਚਿੰਤਨ ਤਾਂ ਕਰਦੇ ਹਨ ਕਿ 1986 ਵਿਚ ਪੰਥਕ ਕਮੇਟੀ ਬਣਨ ਤੋਂ ਬਾਅਦ ਬਾਬਾ ਜੋਗਿੰਦਰ ਸਿੰਘ ਵੱਲੋਂ ਐਲਾਨ ਕੀਤੀ ਗਈ ਪ੍ਰੀਜ਼ੀਡੀਅਮ, ਜਿਸ ਦੇ ਕਨਵੀਨਰ ਜੇਲ੍ਹ ਵਿਚ ਬੈਠੇ ਸ. ਸਿਮਰਨਜੀਤ ਸਿੰਘ ਮਾਨ ਨੂੰ ਬਣਾਇਆ ਗਿਆ, ਉਹ ਜੁਝਾਰੂਆਂ ਨਾਲ ਈਰਖਾ ਕਰਕੇ ਹੀ ਸੀ ਪਰ ਦਲਜੀਤ ਸਿੰਘ ਅਤੇ ਉਸ ਦੇ ਸਾਥੀ ਸ਼੍ਰੋਮਣੀ ਖਾਲਸਾ ਅਕਾਲੀ ਦਲ ਬਾਰੇ ਬਿਲਕੁਲ ਚੁੱਪ ਹਨ ਜੋ ਜਾਹਰਾ ਤੌਰ ‘ਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੂੰ ਢਾਹ ਲਾਉਣ ਬਣਾਇਆ ਗਿਆ ਸੀ।

ਜੇਕਰ ਸ. ਸਿਮਰਨਜੀਤ ਸਿੰਘ ਮਾਨ ਦੇ ਸਿਆਸੀ ਸੰਘਰਸ਼ ਬਾਰੇ ਜਾਣਨਾ ਚਾਹੀਏ, ਉਸ ਲਈ ਸਿਆਣਪ, ਸੂਝ-ਬੂਝ ਅਤੇ ਈਮਾਨਦਾਰ ਲੋਕਾਂ ਦੀ ਟੀਮ ਆਸਾਨੀ ਨਾਲ ਸਹੀ ਨਤੀਜੇ ‘ਤੇ ਪਹੁੰਚ ਸਕਦੀ ਹੈ, ਪਰ ਬਦਨੀਤੀਆਂ ਅਤੇ ਵਿਸ਼ਵਾਸਘਾਤ ਦੇ ਸ਼ਿਕਾਰ ਹੋਏ ਉਨ੍ਹਾਂ ਕੌਮੀ ਪ੍ਰਵਾਨਿਆਂ ਦੇ ਕਤਲਾਂ ਅਤੇ ਪਰਿਵਾਰਾਂ ਦੇ ਹੋਏ ਅਥਾਹ ਆਰਥਿਕ ਅਤੇ ਜਿਸਮਾਨੀ ਨੁਕਸਾਨ, ਜਿਸ ਵਿਚ ਸਰਕਾਰੀ ਏਜੰਸੀਆਂ ਨੂੰ ਵੀ ਆਪਣੀ ਖੁੱਲ੍ਹ ਖੇਡਣ ਦਾ ਮੌਕਾ ਮਿਲਿਆ, ਦਾ ਮੁੱਲਾਂਕਣ ਸਿਰਫ ਤੱਥਾਂ ਦੇ ਆਧਾਰ ‘ਤੇ ਹੀ ਹੋ ਸਕੇਗਾ। ਇਹ ਦੱਸਣ ਦੀ ਲੋੜ ਨਹੀਂ ਕਿ ਇਨ੍ਹਾਂ ਤੱਥਾਂ ਨੂੰ ਸਰਕਾਰੀ ਏਜੰਸੀਆਂ ਬੜੀ ਸਫਾਈ ਨਾਲ ਮਿਟਾ ਦਿੰਦੀਆਂ ਹਨ। ਜਿਵੇਂ ਪੰਜਾਬ ਦੇ ਸਾਬਕਾ ਡੀ.ਜੀ.ਪੀ. ਮੁਤਾਬਿਕ 300 ਦੇ ਕਰੀਬ ਕਾਲੀਆਂ ਬਿੱਲੀਆਂ (ਬਲੈਕ ਕੈਟ) ਤਿਆਰ ਕਰਕੇ ਵਿਦੇਸ਼ਾਂ ਵਿਚ ਭੇਜੀਆਂ ਗਈਆਂ, ਉਨ੍ਹਾਂ ਦੀ ਪਛਾਣ ਕਰਨ ਲਈ ਡੀ.ਜੀ.ਪੀ. ਨਾਲ ਨੇੜਤਾ ਰੱਖਣ ਵਾਲੇ ਭਾਈ ਦਲਜੀਤ ਸਿੰਘ ਤੇ ਸੁਖੀ ਕੈਟ ਦੀਆਂ ਪੈੜਾਂ ਨੱਪਣ ਦੀ ਲੋੜ ਹੈ, ਜਿਸ ਨਾਲ ਵਿਦੇਸ਼ਾਂ ਵਿਚ ਉਨ੍ਹਾਂ ਦੇ ਚੇਲਿਆਂ ਦੀਆਂ ਪੈੜਾਂ ਵੀ ਲੱਭੀਆਂ ਜਾ ਸਕਦੀਆਂ ਹਨ।

ਗੱਲ ਸ. ਦਲਜੀਤ ਸਿੰਘ ਦੀ ਸਿਆਸੀ ਜਿੰਦਗੀ ਦੀ ਚੱਲ ਰਹੀ ਹੈ। 1996 ਤੋਂ ਬਾਅਦ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ। ਪਾਏ ਗਏ ਕੇਸਾਂ ‘ਚੋਂ ਬਰੀ ਹੋ ਕੇ ਜਦੋਂ ਉਹ ਬਾਹਰ ਆਏ ਤਾਂ ਖੁਸ਼ੀ ਵਿਚ ਉਨ੍ਹਾਂ ਦੀ ਭੈਣ ਨੇ ਲੱਡੂ ਉਨ੍ਹਾਂ ਦੇ ਮੂੰਹ ਵਿਚ ਪਾਇਆ, ਭਰਵਾਂ ਸਵਾਗਤ ਕੀਤਾ ਗਿਆ। ਢੋਲ-ਢਮੱਕੇ ਨਾਲ ਉਨ੍ਹਾਂ ਨੂੰ ਸ੍ਰੀ ਦਰਬਾਰ ਸਾਹਿਬ ਲਿਜਾਇਆ ਗਿਆ, ਜਿਵੇਂ ਕੋਈ ਜਰਨੈਲ ਬਹੁਤ ਵੱਡੀ ਜਿੱਤ ਹਾਸਿਲ ਕਰਕੇ ਘਰ ਮੁੜਿਆ ਹੋਵੇ। ਇਸ ਗੱਲ ਦਾ ਸ. ਦਲਜੀਤ ਸਿੰਘ ਨੂੰ ਚੇਤਾ ਹੀ ਨਹੀਂ ਰਿਹਾ ਕਿ 1992 ਵਿਚ ਰੂਪੋਸ਼ ਹੋਣ ਤੋਂ ਬਾਅਦ 5 ਸਾਲਾਂ ਵਿਚ ਉਸ ਦੇ ਜਰਨੈਲਾਂ ਜਾਂ ਜਿਹੜੇ ਮਰਜੀਵੜਿਆਂ ਨੂੰ ਕੌਮ ਲਈ ਮਰਨ ਦੀਆਂ ਕਸਮਾਂ ਖੁਆ ਕੇ ਉਨ੍ਹਾਂ ਬਲਦੀ ਦੇ ਬੂਥੇ ਵਿਚ ਧੱਕਿਆ ਸੀ, ਉਨ੍ਹਾਂ ਦਾ ਕੀ ਬਣਿਆ? ਉਨ੍ਹਾਂ ਪੰਜਾਂ ਸਾਲਾਂ ਵਿਚ ਆਪ ਤਾਂ ਖਾਲ ਵਿਚ ਵਗਦੇ ਠੰਡੇ ਪਾਣੀ ਵਿਚ ਪੈਰ ਰੱਖ ਕੇ ਨਵੀਆਂ ਸਾਜਿਸ਼ਾਂ ਘੜਦਾ ਰਿਹਾ ਪਰ ਪੰਜਾਹ ਹਜਾਰ ਦੇ ਕਰੀਬ ਜੋ ਲੋਕ ਬੇਅੰਤੇ ਦੀ ਸਰਕਾਰ ਵੱਲੋਂ ਕੋਹ ਕੋਹ ਕੇ ਸ਼ਹੀਦ ਕਰ ਦਿੱਤੇ ਗਏ, ਉਨ੍ਹਾਂ ਦੇ ਪਰਿਵਾਰਾਂ ਨਾਲ ਕੀ ਵਾਪਰੀ ਇਸ ਦਾ ਹਿਸਾਬ ਕਦੇ ਨਹੀਂ ਕੀਤਾ।

ਜਿਹੜਾ ਸ਼੍ਰੋਮਣੀ ਖਾਲਸਾ ਅਕਾਲੀ ਦਲ ਸ. ਸਿਮਰਨਜੀਤ ਸਿੰਘ ਮਾਨ ਦੇ ਸਿਆਸੀ ਕਦਮਾਂ ਨੂੰ ਰੋਕਣ ਵਾਸਤੇ ਹੋਂਦ ਵਿਚ ਆਇਆ ਸੀ, ਉਸ ਨੂੰ ਪੰਥਕ ਹਲਕਿਆਂ ਨੇ ਪ੍ਰਵਾਨ ਨਹੀਂ ਕੀਤਾ। ਸ਼੍ਰੋਮਣੀ ਖਾਲਸਾ ਅਕਾਲੀ ਦਲ ਜਦੋਂ ਆਪਣਾ ਆਧਾਰ ਬਣਾਉਣ ਵਿਚ ਬੁਰੀ ਤਰ੍ਹਾਂ ਫੇਲ੍ਹ ਹੋ ਗਿਆ ਤਾਂ ਉਸ ਦੇ ਗਾਡੀਵਾਨਾਂ ਨੇ ਨਵਾਂ ਪੈਂਤੜਾ ਅਪਨਾਇਆ ਜਿਸ ਵਿਚ ਅਕਾਲੀ ਦਲ (ਅੰਮ੍ਰਿਤਸਰ) ‘ਤੇ ਕਬਜ਼ਾ ਕਰਨ ਦੀ ਸਾਜ਼ਿਸ਼ ਵੀ ਸ਼ਾਮਿਲ ਹੈ। ਜਦੋਂ ਸ. ਦਲਜੀਤ ਸਿੰਘ ਬਿੱਟੂ ਅਤੇ ਹਰਪਾਲ ਸਿੰਘ ਚੀਮਾ ਨਾਭਾ ਜੇਲ੍ਹ ਵਿਚ ਇਕੱਠੇ ਹੋਏ ਤਾਂ ਉਨ੍ਹਾਂ ਨੇ ਇਹ ਛੜਯੰਤਰ ਤਿਆਰ ਕੀਤਾ। ਜਦੋਂ ਦਲਜੀਤ ਸਿੰਘ ਬਿੱਟੂ ਨਾਲ ਮੇਰੀ ਫੋਨ ‘ਤੇ ਗੱਲਬਾਤ ਹੋਈ ਤਾਂ ਉਨ੍ਹਾਂ ਕੌਮ ਦੇ ਸ਼ਹੀਦਾਂ ਤੇ ਉਨ੍ਹਾਂ ਦੇ ਉਜੜੇ ਪਰਿਵਾਰਾਂ, ਬੇਘਰ ਹੋਏ ਬੱਚਿਆਂ ਤੇ ਬਜ਼ੁਰਗ ਮਾਪਿਆਂ ਦਾ ਵਾਸਤਾ ਪਾਇਆ। ਇਹ ਵਾਸਤਾ ਬਾਅਦ ਵਿਚ ਪਹਾੜੀ ਰਾਜਿਆਂ ਵੱਲੋਂ ਆਟੇ ਦੀਆਂ ਗਊਆਂ ਬਣਾ ਕੇ ਝੂਠੀਆਂ ਸਹੁੰਆਂ ਖਾਣ ਦੇ ਡਰਾਮੇ ਤੋਂ ਵੱਖਰਾ ਸਾਬਤ ਨਹੀਂ ਹੋਇਆ। ਇਹ ਸਾਰੀਆਂ ਗੱਲਾਂ ਦਲਜੀਤ ਸਿੰਘ ਬਿੱਟੂ ਨਾਲ ਬਿਲਕੁਲ ਖੁੱਲ੍ਹੇ ਲਫਜ਼ਾਂ ਵਿਚ ਕੀਤੀਆਂ ਗਈਆਂ। ਉਨ੍ਹਾਂ ਦੇ ਪੈਰੋਕਾਰਾਂ ਵੱਲੋਂ ਸ. ਮਾਨ ਦੇ ਖਿਲਾਫ ਜੋ ਕੂੜ ਪ੍ਰਚਾਰ ਕੀਤਾ ਜਾ ਰਿਹਾ ਸੀ, ਉਹ ਵੀ ਉਸ ਨੂੰ ਦੱਸਿਆ ਗਿਆ। ਮਾਨ ਸਾਹਿਬ ਦੇ ਸਖਤ ਰਵੱਈਏ ਤੇ ਕਿਸੇ ਤਰ੍ਹਾਂ ਦੀ ਵੀ ਸਰਕਾਰੀ ਘੁਸਪੈਠ ਦੇ ਡਰੋਂ ਅਹੁਦੇਦਾਰਾਂ ਅਤੇ ਵਰਕਰਾਂ ਨਾਲ ਸਖਤ ਵਿਹਾਰ, ਸ. ਮਾਨ ਦੀ ਦੂਰ-ਅੰਦੇਸ਼ ਸੋਚ ਨੂੰ ਵੇਖਦਿਆਂ ਕਿਸੇ ਵੀ ਥਿੜਕਵੀਂ ਸੋਚ ਵਾਲੇ ਵਿਅਕਤੀ ਜਾਂ ਜਥੇਬੰਦੀ ਨਾਲ ਭਾਈਵਾਲੀ ਨਾ ਕਰਨ ਅਤੇ ਸਿੱਖ ਕੌਮ ਦੀ ਆਜ਼ਾਦੀ ਪ੍ਰਤੀ ਦ੍ਰਿੜ ਇਰਾਦੇ ਦੀਆਂ ਗੱਲਾਂ ਵੀ ਸਾਂਝੀਆਂ ਕੀਤੀਆਂ ਗਈਆਂ। ਭਾਈ ਬਿੱਟੂ ਨੂੰ ਸ਼ਾਇਦ ਕਿਸੇ ਸਾਜਿਸ਼ ਅਧੀਨ ਉਹ ਸਾਰੀਆਂ ਸ਼ਰਤਾਂ ਮਨਜ਼ੂਰ ਸਨ ਪਰ ਆਪਣੇ ਪ੍ਰੇਮੀਆਂ ਪ੍ਰਤੀ ਸਖ਼ਤ ਰਵੱਈਏ ਦਾ ਪ੍ਰਗਟਾਵਾ ਕਰਦਿਆਂ ਸਿੱਖ ਯੂਥ ਆਫ ਅਮਰੀਕਾ ਵਿਚ ਆਪਣੇ ਚੇਲਿਆਂ ਪ੍ਰਤੀ ਉਸ ਦੇ ਵਿਚਾਰ ਬਿਲਕੁਲ ਵੱਖਰੇ ਸਨ। ਉਸ ਦਾ ਕਹਿਣਾ ਸੀ, “ਅਮਰੀਕਾ ਵਿਚ ਬੈਠ ਕੇ ਕਾਪੀਆਂ ਤੇ ਸਿੱਧਾਂਤ ਲਿਖੀ ਜਾਣੇ ਅਤੇ ਆਪ ਲੋਕਾਂ ਅੰਦਰ ਵਿਚਰਨ ਵਿਚ ਬਹੁਤ ਫਰਕ ਹੈ।” ਭਾਈ ਬਿੱਟੂ ਦਾ ਕਹਿਣਾ ਸੀ, “ਜਦੋਂ ਮੈਂ ਪਿੰਡਾਂ ਵਿਚ ਜਾਂਦਾ ਹਾਂ ਤਾਂ ਮੇਰੇ ਸਾਥੀ ਦੱਸਦੇ ਹਨ ਕਿ ਇਹ ਦਲਜੀਤ ਸਿੰਘ ਬਿੱਟੂ ਹੈ ਤਾਂ ਲੋਕ ਸਵਾਲ ਕਰਦੇ ਸਨ ਕਿਹੜਾ ਦਲਜੀਤ ਸਿੰਘ ਕਿਹੜਾ ਬਿੱਟੂ? ਪਰ ਮਾਨ ਸਾਹਿਬ ਦੀ ਪਾਰਟੀ ਅਤੇ ਕੰਮਾਂ ਦੀ ਗੱਲ ਪਿੰਡਾਂ ਵਿਚ ਲੋਕਾਂ ਤੱਕ ਪਹੁੰਚ ਚੁੱਕੀ ਹੈ, ਸਾਡੇ ਕੋਲ ਕੰਮ ਕਰਨ ਵਾਲੇ ਨੌਜ਼ਆਨ ਹਨ ਪਰ ਪਲੇਟਫਾਰਮ ਨਹੀਂ। ਅੰਮ੍ਰਿਤਸਰ ਅਕਾਲੀ ਦਲ ਕੋਲ ਇੱਕ ਵਧੀਆ ਪਲੇਟਫਾਰਮ ਹੈ ਪਰ ਉਨ੍ਹਾਂ ਕੋਲ ਵਰਕਰਾਂ ਦੀ ਘਾਟ ਹੈ। ਮੈਂ ਕੌਮੀ ਸ਼ਹੀਦਾਂ ਦੀ ਸਹੁੰ ਖਾ ਕੇ ਕਹਿੰਦਾ ਹਾਂ ਅਤੇ ਵਾਅਦਾ ਕਰਦਾ ਹਾਂ ਕਿ ਮੈਂ ਸਾਰੀ ਉਮਰ ਇੱਕ ਵਰਕਰ ਦੇ ਤੌਰ ‘ਤੇ ਕੰਮ ਕਰਨ ਨੂੰ ਤਿਆਰ ਹਾਂ।”

ਇਹ ਵੀ ਗੱਲ ਸਾਂਝੀ ਕੀਤੀ ਗਈ ਕਿ ਜਦੋਂ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਦੇ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਗਏ ਤਾਂ ਸਿੱਖਾਂ ਦੀਆਂ ਬਹੁਤ ਸਾਰੀਆਂ ਧਾਰਮਿਕ ਅਤੇ ਰਾਜਨੀਤਕ ਜੱਥੇਬੰਦੀਆਂ ਨੇ ਪਿੰਡ ਬਲੂਆਣਾ ਵਿਚ ਬਹੁਤ ਵੱਡਾ ਇਕੱਠ ਕਰਕੇ ਇਸ ਦਾ ਵਿਰੋਧ ਕੀਤਾ ਸੀ। ਸਾਰੀਆਂ ਹੀ ਪਾਰਟੀਆਂ ਦੇ ਨੁਮਾਇੰਦੇ ਸਟੇਜ ਤੋਂ ਬੋਲੇ ਪਰ ਜਦੋਂ ਭਾਈ ਬਿੱਟੂ ਨੇ ਬੋਲਣਾ ਸ਼ੁਰੂ ਕੀਤਾ ਤਾਂ ਬਾਦਲਕਿਆਂ ਨੇ ਉਸ ਤੋਂ ਮਾਈਕ ਖੋਹ ਲਿਆ। ਇਹ ਸਾਰੀਆਂ ਗੱਲਾਂ ਇਸ ਕਰਕੇ ਕੀਤੀਆਂ ਗਈਆਂ ਤਾਂ ਕਿ ਕੱਲ੍ਹ ਜਦੋਂ ਉਸ ਨੂੰ ਕੋਈ ਜ਼ਿੰਮੇਵਾਰੀ ਸੰਭਾਲੀ ਜਾਵੇ ਜਾਂ ਉਸ ਦੇ ਪਾਰਟੀ ਵਿਚ ਪੈਰ ਲੱਗਣ ਦਾ ਸਮਾਂ ਆਵੇ ਤਾਂ ਉਸ ਨੂੰ ਆਪਣਾ ਕੱਦ ਸ. ਸਿਮਰਨਜੀਤ ਸਿੰਘ ਮਾਨ ਤੋਂ ਉਚਾ ਨਾ ਦਿਸੇ, ਕਿਉਂਕਿ ਕਈ ਵਾਰ ਬਦਨੀਅਤ ਧਿਰਾਂ ਫਰਜ਼ੀ ਤੌਰ ‘ਤੇ ਆਪਣਾ ਮੌਢਾ ਦੇ ਕੇ ਇਹੋ ਜਿਹੇ ਕਿਰਦਾਰਾਂ ਨੂੰ ਇਹ ਭੁਲੇਖਾ ਦੇਣ ਦੀ ਕੋਸ਼ਿਸ਼ ਕਰਦੇ ਹਨ ਕਿ ਉਸ ਦਾ ਕੱਦ ਹੁਣ ਬਹੁਤ ਉਚਾ ਹੈ। ਇਨ੍ਹਾਂ ਸਾਰੀਆਂ ਗੱਲਾਂ ਤੋਂ ਬਾਅਦ ਜੋ ਕਾਰਵਾਈ ਕੀਤੀ ਗਈ ਉਸ ਤੋਂ ਇੱਕਦਮ ਬਾਅਦ ਜਿਵੇਂ ਦਲਜੀਤ ਸਿੰਘ ਨੇ ਰਾਤੋ ਰਾਤ ਪ੍ਰਧਾਨਗੀ ਹਾਸਿਲ ਕਰਨ ਲਈ ਹੱਥਕੰਡੇ ਵਰਤੇ, ਉਸ ਦੀ ਜਾਣਕਾਰੀ ਅਗਲੇ ਲੇਖ ਵਿਚ ਦੇਵਾਂਗੇ।

***(ਚੱਲਦਾ)***

**ਰੇਸ਼ਮ ਸਿੰਘ, ਬੇਕਰਜ਼ਫੀਲਡ, ਫੋਨ:661-209-0118**

The views expressed in this article published as ad are that of it`s writer. ***Paid Advt.***

## ਸ਼੍ਰੋਮਣੀ ਕਮੇਟੀ ਨੂੰ ਬੀੜਾਂ ਦੀ ਬੇਅਦਬੀ ਬਾਰੇ ਸਖ਼ਤ ਕਦਮ ਚੁੱਕਣ ਦੇ ਹੁਕਮ

**ਅੰਮ੍ਰਿਤਸਰ:** ਵੱਖ-ਵੱਖ ਥਾਵਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੀ ਬੇਹੁਰਮਤੀ ਦੀਆਂ ਘਟਨਾਵਾਂ ਦਾ ਗੰਭੀਰ ਨੋਟਿਸ ਲੈਂਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸ਼੍ਰੋਮਣੀ ਕਮੇਟੀ ਤੇ ਦਿੱਲੀ ਕਮੇਟੀ ਨੂੰ ਹੁਕਮ ਦਿੱਤੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਪ੍ਰਾਪਤ ਕਰਨ ਵਾਲੇ ਸ਼ਰਧਾਲੂਆਂ ਦੀ ਪਹਿਲਾਂ ਪੂਰੀ ਤਰ੍ਹਾਂ ਲੋੜੀਂਦੀ ਪੜਤਾਲ ਕੀਤੀ ਜਾਵੇ ਤੇ ਉਨ੍ਹਾਂ ਨੂੰ ਲੋੜ ਮੁਤਾਬਕ ਹੀ ਪਾਵਨ ਬੀੜਾਂ ਮੁਹੱਈਆ ਕੀਤੀਆ ਜਾਣ।

ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਬਹੁਤ ਸਾਰੀਆਂ ਥਾਵਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਅਗਨ ਭੇਟ ਹੋਣ ਦੀਆਂ ਮੰਦਭਾਗੀਆਂ ਖਬਰਾਂ ਮਿਲੀਆਂ ਹਨ। ਸਿੱਖ ਸੰਗਤਾਂ, ਪ੍ਰਬੰਧਕਾਂ, ਗੁਰੂ-ਘਰਾਂ ਦੇ ਗ੍ਰੰਥੀ ਸਿੰਘਾਂ ਸਾਰਿਆਂ ਦਾ ਇਹ ਸਾਂਝਾ ਫਰਜ਼ ਹੈ ਕਿ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਤੇ ਸੁਖਆਸਣ ਵਾਲੇ ਕਮਰਿਆਂ ਵਿਚ ਬਿਜਲੀ, ਪਾਣੀ ਤੇ ਹਵਾ ਦੇ ਸਹੀ ਤੇ ਸੁਰੱਖਿਅਤ ਪ੍ਰਬੰਧ ਕੀਤੇ ਜਾਣ। ਪ੍ਰਕਾਸ਼ ਕਰਨ ਸਮੇਂ ਵੀ ਵਿਸ਼ੇਸ਼ ਤੌਰ 'ਤੇ ਧਿਆਨ ਰੱਖਿਆ ਜਾਵੇ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਭਵਿੱਖ ਵਿਚ ਅਜਿਹੀ ਕੋਈ ਮੰਦਭਾਗੀ ਘਟਨਾ ਵਾਪਰਦੀ ਹੈ ਤਾਂ ਉਸ ਲਈ ਪ੍ਰਬੰਧਕ ਅਤੇ ਗ੍ਰੰਥੀ ਸਿੰਘ ਜ਼ਿੰਮੇਵਾਰ ਹੋਣਗੇ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਪ੍ਰਾਪਤ ਕਰਨ ਸਮੇਂ ਹਲਕਾ ਸ਼੍ਰੋਮਣੀ ਕਮੇਟੀ ਮੈਂਬਰ ਦੀ ਸਿਫ਼ਾਰਸ਼ ਜ਼ਰੂਰੀ ਹੋਵੇਗੀ।

## ਸ਼੍ਰੋਮਣੀ ਕਮੇਟੀ ਵੱਲੋਂ ਫ਼ਿਲਮੀ ਗਾਣਿਆਂ ਦੀਆਂ ਧੁਨਾਂ 'ਤੇ ਕੀਰਤਨ ਦਾ ਸਖ਼ਤ ਨੋਟਿਸ

**ਪਟਿਆਲਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਫ਼ਿਲਮੀ ਗਾਣਿਆਂ ਦੀਆਂ ਧੁਨਾਂ 'ਤੇ ਹੁੰਦੇ ਕੀਰਤਨ ਦਾ ਗੰਭੀਰ ਨੋਟਿਸ ਲੈਂਦਿਆਂ ਇਸ ਬਾਰੇ ਰਾਗੀ ਜਥਿਆਂ ਤੇ ਹੋਰਾਂ ਦੀ 15 ਅਕਤੂਬਰ ਨੂੰ ਮੀਟਿੰਗ ਬੁਲਾਈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਦੱਸਿਆ ਕਿ ਰਾਗੀ ਜਥਿਆਂ ਨੂੰ ਫ਼ਿਲਮੀ ਸੰਗੀਤ ਦੀਆਂ ਧੁਨਾਂ 'ਤੇ ਸ਼ਬਦ ਪੜ੍ਹਨ ਤੋਂ ਰੋਕਣ ਸਬੰਧੀ ਸਖ਼ਤ ਤਾੜਨਾ ਕੀਤੀ ਗਈ ਹੈ। ਸ੍ਰੀ ਮੱਕੜ ਨੇ ਦੱਸਿਆ ਕਿ ਬਹੁਤੇ ਰਾਗੀਆਂ ਵੱਲੋਂ ਵਾਰ-ਵਾਰ ਪੁਰਾਣੇ ਸ਼ਬਦਾਂ 'ਤੇ ਆਧਾਰਤ ਹੀ ਕੀਰਤਨ ਕੀਤਾ ਜਾਂਦਾ ਹੈ। ਇਸ ਕਰਕੇ ਉਨ੍ਹਾਂ ਨੂੰ ਇਹ ਵੀ ਹਦਾਇਤ ਕੀਤੀ ਜਾਵੇਗੀ ਉਹ ਨਵੇਂ ਸ਼ਬਦਾਂ ਦੀ ਤਿਆਰੀ ਕਰਨ।

## ਅਮਰੀਕਾ ਨੇ ਚਾਰ ਲੱਖ ਗ਼ੈਰਕਾਨੂੰਨੀ ਪਰਵਾਸੀ ਵਾਪਸ ਭੇਜੇ

**ਵਾਸ਼ਿੰਗਟਨ:** ਅਮਰੀਕਾ ਨੇ ਗੈਰ-ਕਾਨੂੰਨੀ ਪਰਵਾਸ 'ਤੇ ਸ਼ਿਕੰਜਾ ਕੱਸਦਿਆਂ ਇਸ ਵਿੱਤੀ ਵਰ੍ਹੇ ਦੌਰਾਨ ਤਿੰਨ ਲੱਖ 97 ਹਜ਼ਾਰ ਪਰਵਾਸੀਆਂ ਨੂੰ ਵਾਪਸ ਮੋੜਿਆ ਹੈ ਜਿਨ੍ਹਾਂ ਵਿਚ ਦੋ ਲੱਖ 10 ਹਜ਼ਾਰ ਅਪਰਾਧਕ ਪਿਛੋਕੜ ਵਾਲੇ ਹਨ। ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ (ਆਈ.ਸੀ.ਈ.) ਦੇ ਡਾਇਰੈਕਟਰ ਜੋਹਨ ਮਾਰਟਨ ਨੇ ਹਾਊਸ ਜੁਡੀਸ਼ੀਅਰੀ ਕਮੇਟੀ ਨੂੰ ਦੱਸਿਆ ਕਿ ਇਸ ਵਰ੍ਹੇ ਤਿੰਨ ਲੱਖ 90 ਹਜ਼ਾਰ ਗੈਰ-ਕਾਨੂੰਨੀ ਪਰਵਾਸੀ ਕਾਮਿਆਂ ਨੂੰ ਵਾਪਸ ਮੋੜਿਆ ਹੈ ਤੇ ਇਨ੍ਹਾਂ ਵਿਚੋਂ ਇਕ ਲੱਖ 95 ਹਜ਼ਾਰ 'ਤੇ ਅਪਰਾਧਕ ਕੇਸ ਦਰਜ ਸਨ।

ਮਾਰਟਨ ਨੇ ਦੱਸਿਆ ਕਿ ਏਜੰਸੀ ਕੋਲ ਸਰੋਤਾਂ ਦੀ ਵੱਡੀ ਘਾਟ ਦੇ ਬਾਵਜੂਦ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਵਾਪਸ ਭੇਜੇ ਗਏ ਪਰਵਾਸੀ ਕਾਮਿਆਂ ਵਿਚ ਵੱਡੀ ਗਿਣਤੀ ਉਹ ਹਨ ਜੋ ਮੈਕਸੀਕੋ ਸਰਹੱਦ ਰਾਹੀਂ ਗੈਰ-ਕਾਨੂੰਨੀ ਤਰੀਕੇ ਨਾਲ ਦੇਸ਼ ਵਿਚ ਦਾਖਲ ਹੋਏ ਸਨ। ਉਨ੍ਹਾਂ ਦੱਸਿਆ ਕਿ 30 ਸਤੰਬਰ ਨੂੰ ਖ਼ਤਮ ਹੋਏ ਵਿੱਤੀ ਵਰ੍ਹੇ ਦੌਰਾਨ ਆਈ.ਸੀ.ਈ. ਨੇ 217 ਮਾਲਕਾਂ ਨੂੰ 15000 ਗੈਰ-ਕਾਨੂੰਨੀ ਕਾਮਿਆਂ ਸਣੇ ਕਾਬੂ ਕੀਤਾ ਹੈ ਤੇ ਤਕਰੀਬਨ 60 ਲੱਖ ਡਾਲਰ ਜੁਰਮਾਨਾ ਵਸੂਲਿਆ ਹੈ।

# ਹਰਿਆਣਾ ਲਈ ਵੱਖਰੀ ਗੁਰਦੁਆਰਾ ਕਮੇਟੀ ਨੂੰ ਝਟਕਾ

### ਪੰਥਕ ਮੋਰਚੇ ਦੇ ਦੋਵੇਂ ਮੈਂਬਰ ਅਕਾਲੀ ਦਲ 'ਚ ਸ਼ਾਮਲ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਹਰਿਆਣਾ ਲਈ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੰਗ ਕਰ ਰਹੇ ਧੜੇ ਨੂੰ ਉਸ ਵੇਲੇ ਝਟਕਾ ਲੱਗਾ ਜਦੋਂ ਸ਼੍ਰੋਮਣੀ ਕਮੇਟੀ ਦੇ ਹਰਿਆਣਾ ਤੋਂ ਦੋ ਮੈਂਬਰ ਹਰਪਾਲ ਸਿੰਘ ਪਾਲੀ ਤੇ ਅਮਰੀਕ ਸਿੰਘ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਗਏ। ਪੰਥਕ ਮੋਰਚੇ ਦੀ ਸੀਟ ਤੋਂ ਜਿੱਤੇ ਦੋਵੇਂ ਮੈਂਬਰਾਂ ਨੇ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਦੀ ਹਾਜ਼ਰੀ ਵਿਚ ਦਲ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ।



ਪੰਥਕ ਮੋਰਚੇ ਦੀ ਟਿਕਟ 'ਤੇ ਜਿੱਤੇ ਸ਼੍ਰੋਮਣੀ ਕਮੇਟੀ ਮੈਂਬਰ, ਪ੍ਰਧਾਨ ਅਵਤਾਰ ਸਿੰਘ ਮੱਕੜ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ।

ਸ਼੍ਰੋਮਣੀ ਅਕਾਲੀ ਦਲ (ਬ) ਵਿਚ ਸ਼ਾਮਲ ਹੋਏ ਦੋਵੇਂ ਮੈਂਬਰ ਅੰਬਾਲਾ ਦੀ ਡਬਲ ਸੀਟ ਤੋਂ ਚੋਣ ਜਿੱਤੇ ਸਨ। ਇਨ੍ਹਾਂ ਦੀ ਸ਼ਮੂਲੀਅਤ ਨਾਲ ਸ਼੍ਰੋਮਣੀ ਕਮੇਟੀ ਵਿੱਚ ਅਕਾਲੀ ਦਲ ਦੇ ਮੈਂਬਰਾਂ ਦੀ ਗਿਣਤੀ 159 ਹੋ ਗਈ ਹੈ। ਹਰਿਆਣਾ ਵਿਚ ਸ਼੍ਰੋਮਣੀ ਕਮੇਟੀ ਦੀਆਂ ਕੁੱਲ 11 ਸੀਟਾਂ ਹਨ ਤੇ ਇਨ੍ਹਾਂ ਵਿਚੋਂ 8 ਅਕਾਲੀ ਦਲ ਨੇ ਜਿੱਤ ਲਈਆਂ ਸਨ ਤੇ ਦੋ ਨਵੇਂ ਮੈਂਬਰਾਂ ਦੇ ਸ਼ਾਮਲ ਹੋਣ ਨਾਲ ਹਰਿਆਣਾ ਵਿਚ ਦਲ ਦੇ ਮੈਂਬਰਾਂ ਦੀ ਗਿਣਤੀ 10 ਹੋ ਗਈ ਹੈ। ਹਰਿਆਣਾ ਦੀ ਹਿਸਾਰ ਸੀਟ ਤੋਂ ਆਜ਼ਾਦ ਉਮੀਦਵਾਰ ਸੰਤ ਗੁਰਮੀਤ ਸਿੰਘ ਨੇ ਜਿੱਤ ਹਾਸਲ ਕੀਤੀ ਸੀ। ਉਨ੍ਹਾਂ ਨੇ ਆਜ਼ਾਦ ਉਮੀਦਵਾਰ ਵਜੋਂ ਚੋਣ ਅਕਾਲੀ ਦਲ ਤੋਂ ਬਾਗ਼ੀ ਹੋ ਕੇ ਲੜੀ ਸੀ।

ਸ਼੍ਰੋਮਣੀ ਕਮੇਟੀ ਦੇ ਕੁੱਲ 170 ਮੈਂਬਰ ਹਨ ਜਦੋਂਕਿ 15 ਮੈਂਬਰ ਨਾਮਜ਼ਦ ਕੀਤੇ ਜਾਂਦੇ ਹਨ। ਇਸ ਤਰ੍ਹਾਂ ਮੈਂਬਰਾਂ ਦੀ ਗਿਣਤੀ 185 ਬਣ ਜਾਂਦੀ ਹੈ ਤੇ ਹੁਣ ਅਕਾਲੀ ਦਲ ਦੇ ਹਾਊਸ ਵਿਚ 174 ਮੈਂਬਰ ਹੋਣ ਦੀ ਸੰਭਾਵਨਾ ਹੈ। ਮੁਹਾਲੀ ਹਲਕੇ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਜਿੱਤੇ ਭਾਈ ਹਰਦੀਪ ਸਿੰਘ ਦੇ ਵੀ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਣ ਦੀ ਚਰਚਾ ਹੈ ਪਰ ਉਨ੍ਹਾਂ ਦਾ ਕਹਿਣਾ ਹੈ ਕਿ ਅਕਾਲੀ ਦਲ ਵਿਚ ਸ਼ਾਮਲ ਹੋਣ ਦੀ ਨਾ ਤਾਂ ਕੋਈ ਇੱਛਾ ਹੈ ਤੇ ਨਾ ਹੀ ਉਨ੍ਹਾਂ ਨਾਲ ਕਿਸੇ ਨੇ ਸੰਪਰਕ ਕੀਤਾ ਹੈ। ਹਰਿਆਣਾ ਤੋਂ ਕਮੇਟੀ ਦੇ ਦੋਵੇਂ ਮੈਂਬਰਾਂ ਦੇ ਦਲ ਵਿਚ ਸ਼ਾਮਲ ਹੋਣ ਮੌਕੇ ਸੁਖਬੀਰ ਸਿੰਘ ਬਾਦਲ ਤੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਸਿਰੋਪੇ ਦੇ ਕੇ ਸਵਾਗਤ ਕੀਤਾ। ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੰਗ ਕਰ ਰਹੇ ਨੇਤਾ ਤੇ ਹਰਿਆਣਾ ਪੰਥਕ ਮੋਰਚੇ ਦੇ ਆਗੂ ਦੀਦਾਰ ਸਿੰਘ ਨਲਵੀ ਨੇ ਕਿਹਾ ਕਿ ਉਹ ਕੇਂਦਰ ਸਰਕਾਰ ਤੋਂ 'ਸਿੱਖਾਂ ਦੀ ਮਿੰਨੀ ਪਾਰਲੀਮੈਂਟ' ਦੇ ਮੈਂਬਰਾਂ 'ਤੇ ਵੀ ਦਲ ਬਦਲੂ ਰੋਕ ਲਾਉਣ ਦੀ ਮੰਗ ਕਰਨਗੇ। ਉਨ੍ਹਾਂ ਕਿਹਾ ਕਿ ਦੋਵੇਂ ਮੈਂਬਰਾਂ ਨੇ ਪੰਥਕ ਮੋਰਚੇ ਤੋਂ ਸੀਟ ਜਿੱਤ ਕੇ ਦਲ ਵਿਚ ਸ਼ਾਮਲ ਹੋ ਕੇ ਸਿੱਖਾਂ ਨਾਲ ਗ਼ਦਾਰੀ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਕਮੇਟੀ ਦੇ ਮੈਂਬਰਾਂ ਦੀ ਖਰੀਦੋ-ਫਰੋਖ਼ਤ 'ਤੇ ਰੋਕ ਲੱਗਣੀ ਚਾਹੀਦੀ ਹੈ।

## ਇੰਦਰਾ ਗਾਂਧੀ ਨੇ ਨਹੀਂ ਸੀ ਦਿੱਤਾ ਸਹਿਜਧਾਰੀਆਂ ਨੂੰ ਵੋਟ ਦਾ ਹੱਕ

**ਨਵੀਂ ਦਿੱਲੀ:** ਦਿੱਲੀ ਦੇ ਇਤਿਹਾਸਕ ਗੁਰਦਵਾਰਿਆਂ 'ਤੇ ਰਾਸ਼ਟਰੀ ਸਵੈਮ ਸੇਵਕ ਸੰਘ ਤੇ ਜਨ ਸੰਘੀਆਂ ਦੇ ਕਬਜ਼ੇ ਨੂੰ ਪਛਾੜਨ ਲਈ ਇੰਦਰਾ ਗਾਂਧੀ ਵੱਲੋਂ ਦਿੱਲੀ ਸਿੱਖ ਗੁਰਦਵਾਰਾ ਐਕਟ-1971 ਵਿਚ ਸਹਿਜਧਾਰੀ ਸਿੱਖਾਂ ਨੂੰ ਵੋਟ ਦਾ ਹੱਕ ਨਹੀਂ ਸੀ ਦਿੱਤਾ ਗਿਆ। ਦਿੱਲੀ ਗੁਰਦਵਾਰਾ ਐਕਟ ਬਣਨ ਵੇਲੇ ਦਿੱਲੀ ਦੇ ਗੁਰਦਵਾਰਿਆਂ ਦੇ ਪ੍ਰਬੰਧ ਲਈ ਸਰਕਾਰ ਵੱਲੋਂ ਕਾਇਮ ਕੀਤੇ ਗਏ ਗੁਰਦਵਾਰਾ ਪ੍ਰਬੰਧਕ ਬੋਰਡ ਦੇ ਚੇਅਰਮੈਨ ਜੋਗਿੰਦਰ ਸਿੰਘ ਵੱਲੋਂ ਇਤਰਾਜ਼ ਉਠਾਉਣ ਪਿਛੋਂ ਇੰਦਰਾ ਗਾਂਧੀ ਨੇ ਗੈਰ-ਸਿੱਖਾਂ (ਸਹਿਜਧਾਰੀਆਂ) ਨੂੰ ਗੁਰਦਵਾਰਾ ਐਕਟ 'ਚ ਥਾਂ ਨਾ ਦੇਣ ਦਾ ਫ਼ੈਸਲਾ ਲਿਆ ਸੀ।

ਇਹ ਖੁਲਾਸਾ ਦਿੱਲੀ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਤ ਮਹੀਨੇਵਾਰੀ ਰਸਾਲੇ 'ਸੀਸ ਗੰਜ' ਦੇ ਹਾਲੀਆ ਅਕਤੂਬਰ ਅੰਕ 'ਚ ਕੀਤਾ ਗਿਆ ਹੈ। ਰਸਾਲੇ ਦੇ ਪੰਨਾ 45 'ਤੇ ਸਹਿਜਧਾਰੀਆਂ ਬਾਰੇ ਇਹ ਦਿਲਚਸਪ ਤੇ ਇਤਿਹਾਸਕ ਤੱਥ ਦੱਸਿਆ ਗਿਆ ਹੈ ਕਿ ਇੰਦਰਾ ਗਾਂਧੀ ਨੇ ਪੰਜਾਬ ਗੁਰਦਵਾਰਾ ਐਕਟ ਦੀ ਤਰਜ਼ 'ਤੇ ਦਿੱਲੀ ਗੁਰਦਵਾਰਾ ਐਕਟ 'ਚ ਸਹਿਜਧਾਰੀਆਂ ਨੂੰ ਵੋਟਰ ਬਣਾਉਣ ਦਾ ਫ਼ੈਸਲਾ ਕੀਤਾ ਸੀ ਪਰ ਬਾਅਦ 'ਚ ਰਾਸ਼ਟਰੀ ਸਵੈਮ ਸੇਵਕ ਸੰਘ ਤੇ ਜਨ ਸੰਘੀਆਂ ਦੇ ਗੁਰਦਵਾਰਾ ਪ੍ਰਬੰਧ 'ਤੇ ਖ਼ਦਸ਼ੇ ਦੇ ਸਨਮੁੱਖ ਗ਼ੈਰ-ਸਿੱਖਾਂ (ਸਹਿਜਧਾਰੀਆਂ) ਨੂੰ ਵੋਟਰ ਨਾ ਬਣਾਉਣ ਦਾ ਫ਼ੈਸਲਾ ਕੀਤਾ ਗਿਆ।

ਉਕਤ ਤੱਥ ਤੋਂ ਇਹ ਅੰਦਾਜ਼ਾ ਲਾਉਣਾ ਔਖਾ ਨਹੀਂ ਕਿ ਸਿੱਖਾਂ ਦੇ ਮਾਮਲਿਆਂ 'ਚ ਸਰਕਾਰੀ ਦਖ਼ਲ-ਅੰਦਾਜ਼ੀ ਕਿਸ ਹੱਦ ਤਕ ਘਰ ਕਰ ਚੁੱਕੀ ਸੀ। ਸਿੱਖ ਵੋਟਰਾਂ ਨੂੰ ਕਾਂਗਰਸ ਦੇ ਨਾਲ ਰੱਖਣ ਲਈ ਵੀ ਇਹ ਫ਼ੈਸਲਾ ਇੰਦਰਾ ਗਾਂਧੀ ਨੂੰ ਮਹੱਤਵਪੂਰਨ ਜਾਪਿਆ ਹੋਵੇਗਾ। ਇਸ ਬਾਬਤ ਰਸਾਲੇ ਦੇ ਪੰਨਾ 45 'ਤੇ ਹੇਠਾਂ ਲਿਖਿਆ ਹੈ, 'ਇੰਦਰਾ ਗਾਂਧੀ ਨੇ ਕਿਹਾ ਕਿ ਜੇ ਪੰਜਾਬ ਗੁਰਦਵਾਰਾ ਐਕਟ ਵਿਚ ਸਹਿਜਧਾਰੀਆਂ ਨੂੰ ਵੋਟ ਦਾ ਅਧਿਕਾਰ ਦਿੱਤਾ ਜਾ ਸਕਦਾ ਹੈ ਤਾਂ ਦਿੱਲੀ ਵਿਚ ਕਿਉਂ ਨਹੀਂ ਦਿੱਤਾ ਜਾ ਸਕਦਾ?'' ਇਸ ਦੇ ਜਵਾਬ 'ਚ ਸ. ਜੋਗਿੰਦਰ ਸਿੰਘ ਨੇ ਕਿਹਾ ਕਿ ਜੇ ਇਹ ਵੋਟਰ ਬਣਨ ਦਾ ਹੱਕ ਸਹਿਜਧਾਰੀਆਂ ਨੂੰ ਦਿੱਤਾ ਗਿਆ ਤਾਂ ਵੱਡੀ ਗਿਣਤੀ ਵਿਚ ਰਾਸ਼ਟਰੀ ਸੇਵਕ ਸੰਘ ਤੇ ਜਨ ਸੰਘ ਵਲੋਂ ਵੋਟਰ ਬਣਾਏ ਜਾਣਗੇ ਜਿਸ ਨਾਲ ਉਹ ਆਪਣੇ ਮਨਪਸੰਦ ਆਗੂਆਂ ਨੂੰ ਚੁਣ ਕੇ ਗੁਰਦਵਾਰਾ ਪ੍ਰਬੰਧਕ ਕਮੇਟੀ ਵਿਚ ਭੇਜ ਦੇਣਗੇ।

## ਕੇਂਦਰ ਨੇ ਸ਼੍ਰੋਮਣੀ ਕਮੇਟੀ ਦੇ ਪਹਿਲੇ ਜਨਰਲ ਇਜਲਾਸ ਬਾਰੇ ਦੜ ਵੱਟਿਆ

### ਮਹੀਨੇ ਬਾਅਦ ਵੀ ਨਹੀਂ ਹੋਈ ਕੋਈ ਕਾਰਵਾਈ

**ਚੰਡੀਗੜ੍ਹ:** ਪੰਜਾਬ ਹਰਿਆਣਾ, ਹਿਮਾਚਲ ਤੇ ਚੰਡੀਗੜ੍ਹ ਵਿਚ ਨਵੀਂ ਚੁਣੀ ਗਈ ਸ਼੍ਰੋਮਣੀ ਪ੍ਰਬੰਧਕ ਕਮੇਟੀ ਦਾ ਪਹਿਲਾ ਜਨਰਲ ਇਜਲਾਸ ਬੁਲਾਉਣ ਬਾਰੇ ਕੇਂਦਰੀ ਗ੍ਰਹਿ ਵਜ਼ਾਰਤ ਨੇ ਦੜ ਵੱਟ ਲਈ ਹੈ ਕਿਉਂਕਿ ਹੁਣ ਤੱਕ ਉਸ ਨੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ ਇਸ ਬਾਰੇ ਕੋਈ ਦਿਸ਼ਾ ਨਿਰਦੇਸ਼ ਨਹੀਂ ਦਿੱਤਾ।

ਹਾਲਾਂਕਿ 18 ਸਤੰਬਰ ਨੂੰ 170 ਮੈਂਬਰਾਂ ਦੀ ਚੋਣ ਕਰਨ ਲਈ ਹੋਏ ਪੋਲਿੰਗ ਤੋਂ 4 ਦਿਨ ਪਿਛੋਂ 22 ਸਤੰਬਰ ਨੂੰ ਸਰਕਾਰੀ ਤੌਰ 'ਤੇ ਨਤੀਜੇ ਐਲਾਨ ਦਿੱਤੇ ਗਏ ਸਨ। ਇਹ ਨਵੇਂ ਚੁਣੇ ਗਏ ਮੈਂਬਰਾਂ ਬਾਰੇ 24 ਸਤੰਬਰ ਨੂੰ ਗੁਰਦੁਆਰਾ ਚੋਣਾਂ ਲਈ ਮੁੱਖ ਕਮਿਸ਼ਨਰ ਨੇ ਨੋਟੀਫਿਕੇਸ਼ਨ ਦੀ ਕਾਪੀ ਗ੍ਰਹਿ ਵਜ਼ਾਰਤ ਨੂੰ ਭੇਜ ਦਿੱਤੀ ਸੀ।ਜਿਸ ਨੂੰ ਅੱਜ 3 ਹਫਤੇ ਹੋ ਗਏ ਹਨ। ਕੇਂਦਰੀ ਗ੍ਰਹਿ ਵਜ਼ਾਰਤ ਦੇ ਸਬੰਧਤ ਅਧਿਕਾਰੀ ਦਾ ਕਹਿਣਾ ਹੈ ਕਿ ਪਹਿਲਾ ਇਜਲਾਸ ਬੁਲਾਉਣ ਬਾਰੇ ਅਮਲ ਜਾਰੀ ਹੈ।

ਸੂਤਰਾਂ ਅਨੁਸਾਰ ਸਿੱਖ ਗੁਰਦੁਆਰਾ ਐਕਟ 1925 ਵਿਚ ਇਹ ਪ੍ਰਬੰਧ ਹੈ ਕਿ ਨਵੇਂ ਚੁਣੇ ਗਏ ਮੈਂਬਰਾਂ ਦਾ ਪਹਿਲਾ ਜਨਰਲ ਇਜਲਾਸ ਚੋਣ ਨਤੀਜੇ ਨਿਕਲਣ ਤੋਂ ਤੁਰੰਤ ਪਿਛੋਂ ਕੇਂਦਰ ਦੇ ਨਿਰਦੇਸ਼ 'ਤੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਬੁਲਾਉਂਦਾ ਹੈ ਪਰ ਅਜੇ ਤੱਕ ਕੇਂਦਰ ਨੇ ਕੋਈ ਨਿਰਦੇਸ਼ ਹੀ ਨਹੀਂ ਦਿੱਤਾ ਤੇ ਸਬੰਧਤ ਫਾਈਲ ਦਿੱਲੀ ਵਿਚ ਹੀ ਕੇਂਦਰੀ ਗ੍ਰਹਿ ਮੰਤਰਾਲੇ ਵਿਚ ਚੱਕਰ ਕੱਟ ਰਹੀ ਹੈ। ਕਾਨੂੰਨ ਅਨੁਸਾਰ ਹਰ ਸਾਲ 30 ਨਵੰਬਰ ਤੱਕ ਮਿੰਨੀ ਸਿੱਖ ਪਾਰਲੀਮੈਂਟ ਦਾ ਜਨਰਲ ਇਜਲਾਸ ਬੁਲਾ ਕੇ ਪ੍ਰਧਾਨ, ਸੀਨੀਅਰ ਉਪ ਪ੍ਰਧਾਨ, ਜੂਨੀਅਰ ਉਪ ਪ੍ਰਧਾਨ, ਜਨਰਲ ਸੈਕਟਰੀ ਤੇ ਕਾਰਜਕਾਰਨੀ ਦੀ ਚੋਣ ਕਰਨਾ ਜ਼ਰੂਰੀ ਹੈ। ਹੁਣ ਸ਼ਾਇਦ ਇਸੇ ਤਰੀਕੇ ਰਾਹੀਂ ਹੀ ਅਹੁਦੇਦਾਰਾਂ ਦੀ ਚੋਣ ਕਰਨੀ ਪਵੇ ਪਰ ਸਭ ਤੋਂ ਪਹਿਲਾਂ 15 ਮੈਂਬਰਾਂ ਦੀ ਕੁਆਪਸ਼ਨ ਕਰਨ ਦੀ ਕਾਨੂੰਨੀ ਕਾਰਵਾਈ ਪੂਰੀ ਕਰਨੀ ਹੀ ਪਵੇਗੀ। ਦਿਲਚਸਪ ਗੱਲ ਇਹ ਹੈ ਕਿ ਅਜੇ ਤੱਕ ਸ਼੍ਰੋਮਣੀ ਅਕਾਲੀ ਦਲ ਨੇ ਵੀ ਇਜਲਾਸ ਬੁਲਾਉਣ ਲਈ ਕਾਹਲੀ ਨਹੀਂ ਦਿਖਾਈ। ਆਸ ਹੈ ਕਿ 15 ਨਵੰਬਰ ਨੂੰ ਹੀ ਇਜਲਾਸ ਬੁਲਾਇਆ ਜਾਵੇਗਾ।

# ਸਰਨਾ, ਗੁਰਿੰਦਰ ਚੱਢਾ ਤੇ ਬਿੰਦਰਾ ਨੂੰ ਸਿੱਖ ਹੈਰੀਟੇਜ ਪੁਰਸਕਾਰ

**ਨਿਊਯਾਰਕ:** ਸੀਨੀਅਰ ਭਾਰਤੀ ਸਫੀਰ ਤੇ ਲੇਖਕ ਨਵਤੇਜ ਸਰਨਾ ਸਮੇਤ ਤਿੰਨ ਅਹਿਮ ਸਿੱਖ ਹਸਤੀਆਂ ਨੂੰ ਸਿੱਖ ਹੈਰੀਟੇਜ ਐਵਾਰਡਾਂ ਨਾਲ ਨਿਵਾਜਿਆ ਗਿਆ ਹੈ। ਇਹ ਮਾਣਮੱਤਾ ਪੁਰਸਕਾਰ ਲੈਣ ਵਾਲੇ ਦੂਜੇ ਦੋ ਫਿਲਮਸਾਜ਼ ਗੁਰਿੰਦਰ ਚੱਢਾ ਤੇ ਸਟੈਂਡਰਡ ਚਾਰਟਰਡ ਪੀ.ਐਲ.ਸੀ. ਦੇ ਏਸ਼ੀਆ ਲਈ ਸੀ.ਈ.ਓ. ਜਸਪਾਲ ਬਿੰਦਰਾ ਹਨ। ਇਨ੍ਹਾਂ ਨੂੰ ਸਿੱਖ ਹੋਣ ਦੀ ਹੈਸੀਅਤ 'ਚ ਆਪਣੇ ਤਜਰਬਿਆਂ ਦੇ ਖ਼ੂਬਸੂਰਤ ਚਿਤਰਣ ਲਈ ਇਹ ਪੁਰਸਕਾਰ ਦਿੱਤਾ ਗਿਆ ਹੈ।

ਸਿੱਖਾਂ ਦੀ ਅਮੀਰ ਵਿਰਾਸਤ, ਰਵਾਇਤਾਂ ਤੇ ਸਭਿਆਚਾਰ ਦਾ ਖ਼ੂਬਸੂਰਤ ਪ੍ਰਗਟਾਵਾ ਕਰਦੇ ਸਮਾਗਮ ਦੌਰਾਨ ਸ਼ਨਿੱਚਰਵਾਰ ਨੂੰ ਸਿੱਖ ਆਰਟ ਐਂਡ ਫਿਲਮ ਫਾਊਂਡੇਸ਼ਨ ਵੱਲੋਂ ਸਰਨਾ ਤੇ ਹੋਰਾਂ ਨੂੰ ਇਹ ਪੁਰਸਕਾਰ ਦਿੱਤਾ ਗਿਆ। ਸਰਨਾ ਇਸ ਵੇਲੇ ਇਸਰਾਈਲ 'ਚ ਭਾਰਤ ਦੇ ਸਫੀਰ ਹਨ ਤੇ ਉਨ੍ਹਾਂ ਨੇ ਦੋ ਨਾਵਲ ਐਗਜ਼ਾਈਲ (ਜਲਾਵਤਨੀ) (2008) ਤੇ 'ਵੀ ਵਰ ਨਾਟ ਲਵਰਜ਼ ਲਾਈਕ ਦੈਟ' (2003) ਲਿਖੇ ਸਨ। ਇਹ ਦੋਵੇਂ ਪੁਸਤਕਾਂ ਹਿੰਦੀ 'ਚ ਤੇ ਪਹਿਲੀ ਪੁਸਤਕ ਅਰਬੀ 'ਚ ਵੀ ਅਨੁਵਾਦ ਹੋ ਚੁੱਕੀਆਂ ਹਨ। ਉਨ੍ਹਾਂ ਨੇ 'ਫੋਕ ਟੇਲਜ਼ ਆਫ ਪੋਲੈਂਡ' (1993) 'ਦ ਬੁੱਕ ਆਫ ਨਾਨਕ' (2003) ਵੀ ਲਿਖੀਆਂ ਤੇ ਹਾਲ ਹੀ 'ਚ ਜ਼ਫਰਨਾਮਾ (2011) ਨੂੰ ਫਾਰਸੀ ਤੋਂ ਅੰਗਰੇਜ਼ੀ 'ਚ ਅਨੁਵਾਦ ਕੀਤਾ ਹੈ।




ਸੀਨੀਅਰ ਭਾਰਤੀ ਸਫੀਰ ਤੇ ਲੇਖਕ ਨਵਤੇਜ ਸਰਨਾ ਨੂੰ ਸਨਮਾਨਤ ਕਰ ਰਹੇ ਕੇਂਦਰੀ ਰਾਜ ਮੰਤਰੀ ਪ੍ਰਨੀਤ ਕੌਰ।

ਸਟੈਂਡਰਡ ਚਾਰਟਰਡ ਪੀ.ਐਲ.ਸੀ. ਦੇ ਸੀ.ਈ.ਓ. (ਏਸ਼ੀਆ) ਜਸਪਾਲ ਬਿੰਦਰਾ ਨੂੰ ਲੀਡਰਸ਼ਿਪ ਲਈ ਤੇ ਫਿਲਮਸਾਜ਼ ਗੁਰਿੰਦਰ ਚੱਢਾ ਨੂੰ ਆਪਣੀਆਂ ਫਿਲਮਾਂ 'ਚ ਆਪਣੇ ਸਭਿਆਚਾਰ ਨੂੰ ਪੇਸ਼ ਕਰਨ ਲਈ ਇਹ ਪੁਰਸਕਾਰ ਦਿੱਤਾ ਗਿਆ। ਗੁਰਿੰਦਰ ਚੱਢਾ ਦੀਆਂ 'ਬੈਂਡ ਇਟ ਲਾਈਕ ਬੈਕਹੈਮ" ਤੇ 'ਅੰਮ੍ਰਿਤਸਰ ਟੂ ਐਲ.ਏ.' ਪ੍ਰਸਿੱਧ ਫਿਲਮਾਂ ਹਨ।

ਇਸ ਤੋਂ ਇਲਾਵਾ ਗਾਇਕ ਤੇ ਭੰਗੜਾ ਕਲਾਕਾਰ ਸੁਖਬੀਰ ਨੂੰ ਵੀ ਇਸ ਐਵਾਰਡ ਨਾਲ ਨਵਾਜ਼ਿਆ ਗਿਆ।।ਇਸ ਤੋਂ ਪਹਿਲਾਂ 9 ਅਕਤੂਬਰ ਨੂੰ ਲੰਡਨ ਵਿਚ ਹੋਏ ਸਿੱਖ ਐਵਾਰਡਜ਼ ਸਮਾਗਮ ਦੌਰਾਨ ਕ੍ਰਿਕਟਰ ਹਰਭਜਨ ਸਿੰਘ ਤੇ ਸ਼ੁੱਧ ਸ਼ਾਸਤਰੀ ਸੰਗੀਤ 'ਚ ਕੀਰਤਨ ਕਰਨ ਵਾਲੇ ਲੁਧਿਆਣਾ ਨਾਲ ਸਬੰਧਤ ਕੀਰਤਨੀਏ ਪ੍ਰੋ. ਕਰਤਾਰ ਸਿੰਘ ਨੂੰ ਸਨਮਾਨਿਆ ਗਿਆ ਸੀ।

ਇਸ ਸਮਾਗਮ ਦੀ ਮੇਜ਼ਬਾਨੀ ਨਿਊਯਾਰਕ ਆਧਾਰਤ ਬਿੰਦਰਾ ਪਰਿਵਾਰ ਵੱਲੋਂ ਹੋਫ਼ਸਟਰਾ ਯੂਨੀਵਰਸਿਟੀ ਵਿਚ ਕੀਤੀ ਗਈ।।ਇਸ ਮੌਕੇ ਵਿਦੇਸ਼ ਰਾਜ ਮੰਤਰੀ ਪਰਨੀਤ ਕੌਰ, ਘੱਟ-ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ, ਨਿਊਯਾਰਕ ਵਿਚ ਭਾਰਤ ਦੇ ਕੌਂਸਲ ਜਨਰਲ ਪ੍ਰਭੂ ਦਿਆਲ ਤੇ ਸੰਯੁਕਤ ਰਾਸ਼ਟਰ ਵਿਚ ਭਾਰਤ ਦੇ ਉਪ-ਸਥਾਈ ਪ੍ਰਤੀਨਿਧ ਮਨਜੀਤ ਪੁਰੀ ਹਾਜ਼ਰ ਸਨ।

# Matrimonials

### ਵਰ ਦੀ ਲੋੜ ਹੈ

Parents seek Jatt Sikh boy in Medical or IT profession for Jatt Sikh, 27, 5'-7" MBBS girl preparing for USMLE, 1st step cleared. Cont.:Ph. 510-304-9292 or e-mail: jassi@jassigill.com

ਸੁੰਦਰ ਸੈਣੀ ਲੜਕੇ 24 ਸਾਲ, ਬੀ. ਐਸ. ਸੀ. ਨਰਸਿੰਗ ਵਾਸਤੇ ਯੋਗ ਸੁਸ਼ੀਲ ਜੀਵਨ ਸਾਥਣ ਦੀ ਜਰੂਰਤ ਹੈ। ਅਮਰੀਕਾ ਕੈਨੇਡਾ ਨੂੰ ਤਰਜੀਹ। ਜਾਤ ਗੋਤ ਕੋਈ ਵਿਚਾਰ ਨਹੀਂ। ਫੋਨ ਨੰਬਰ 408-518-2031 ਜਾਂ email: gsaini125@gmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਸੁੰਦਰ ਤੇ ਸਾਊ ਲੜਕੀ, 24 ਸਾਲ, ਕੱਦ 5.0', ਬੀ ਐਸ ਨਰਸਿੰਗ ਲਈ ਯੋਗ ਜੱਟ ਸਿੱਖ ਵਰ ਦੀ ਲੋੜ ਹੈ। ਅਮਰੀਕਾ/ਕੈਨੇਡਾ ਦੇ ਸਿਟੀਜ਼ਨ, ਗਰੀਨ ਕਾਰਡ, ਜਾਂ ਪੀ ਆਰ ਹੋਲਡਰ 510-300-7682 ਜਾਂ 91-99155-50180 'ਤੇ ਸੰਪਰਕ ਕਰਨ।

ਬੀ.ਕਾਮ ਤੇ ਬਿਜਨਸ ਮੈਨੇਜਮੈਂਟ ਵਿਚ ਡਿਪਲੋਮਾ ਪ੍ਰਾਪਤ ਅਤੇ ਦਿੱਲੀ ਦੀ ਇਕ ਚੰਗੀ ਕਾਰੋਬਾਰੀ ਕੰਪਨੀ ਵਿਚ ਚੰਗੀ ਜਾਬ ਕਰਦੀ 28 ਸਾਲਾ, 5'6" ਖੂਬਸੂਰਤ ਰਵੀਦਾਸੀਆ ਲੜਕੀ ਲਈ ਕੈਨੇਡਾ ਜਾਂ ਅਮਰੀਕਾ ਦੇ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਦਾ ਪਿਤਾ ਅਸ਼ੋਕਾ ਹੋਟਲ, ਨਵੀਂ ਦਿੱਲੀ ਦੇ ਗਜਟਿਡ ਅਹੁਦੇ ਤੋਂ ਸੇਵਾਮੁਕਤ ਅਤੇ ਮਾਮਾ ਅਮਰੀਕਾ ਵਿਚ। ਸੰਪਰਕ ਕਰੋ 559-495-9871 ਜਾਂ ਈਮੇਲ ਕਰੋ: kashmirkaur67@gmail.com

### ਕੰਨਿਆ ਦੀ ਲੋੜ ਹੈ

Wanted US citizen girl for Kamboj Sikh boy, 25, 5'5", Bachelor in Architecture, raised in America went to school, college in New York, living with parents in New York and works with family business. Cast no bar. Contact: 516-430-0012, 516-430-0013

ਜੱਟ ਸਿੱਖ ਚੀਮਾ 29, ਕੱਦ 5'-11" ਅਮਰੀਕੀ ਸਿਟੀਜ਼ਨ 10+2 ਪਾਸ ਲੜਕੇ ਲਈ ਇੰਡੀਆ ਤੋਂ ਪੜ੍ਹੀ ਲਿਖੀ ਘਰੇਲੂ ਲੜਕੀ ਦੀ ਲੋੜ ਹੈ। ਮੰਗਣੀ ਇੰਡੀਆ ਤੇ ਵਿਆਹ ਅਮਰੀਕਾ ਵਿਚ। ਲੜਕੇ ਦੇ ਮਾਪੇ ਅਗਲੇ ਹਫਤੇ ਇੰਡੀਆ ਜਾ ਰਹੇ ਹਨ। ਸੰਪਰਕ ਕਰੋ:ਫੋਨ 408-839-6007, 408-421-5610

Suitable match for 29/5'-9" cleanshaven, slim, Ramgarhia Sikh boy, Software Engineer well settled in US.Caste no bar. Call: 425- 307-1050: Email:biodata/photo: psingh03850@gmail.com

# ਅਦਾਲਤ ਵਲੋਂ ਪੰਜਾਬ ਟਾਈਮਜ਼ ਨੂੰ ਮਾਣਹਾਨੀ ਦੇ ਕੇਸ ਵਿਚ ਖਰਚਾ ਦੇਣ ਦੇ ਹੁਕਮ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਫਰੀਮਾਂਟ ਦੇ ਸਾਬਕਾ ਪ੍ਰਧਾਨ ਅਤੇ ਯੂਨਾਈਟਡ ਸਿੱਖ ਅਲਾਇੰਸ ਦੇ ਇਕ ਆਗੂ ਹਰਦੇਵ ਸਿੰਘ ਗਰੇਵਾਲ ਵਲੋਂ ਪੰਜਾਬ ਟਾਈਮਜ਼, ਇਸ ਦੇ ਸੰਪਾਦਕ ਅਮੋਲਕ ਸਿੰਘ ਅਤੇ ਕੁਝ ਹੋਰਨਾਂ ਵਿਰੁਧ ਕੀਤੇ ਗਏ ਹੱਤਕ-ਇੱਜਤ ਦੇ ਦਾਅਵੇ ਵਿਚ ਇਕ ਮੋਸ਼ਨ ਉਤੇ ਫੈਸਲਾ ਦਿੰਦਿਆਂ ਅਦਾਲਤ ਨੇ ਪ੍ਰਤੀਵਾਦੀਆਂ ਨੂੰ ਮੁੱਦਈ ਹਰਦੇਵ ਸਿੰਘ ਗਰੇਵਾਲ ਨੂੰ ਵਕੀਲ ਦੀ ਫੀਸ ਅਤੇ ਅਦਾਲਤ ਦੇ ਖਰਚਿਆਂ ਵਜੋਂ ਕਰੀਬ 40,000 ਡਾਲਰ ਅਦਾ ਕਰਨ ਦਾ ਹੁਕਮ ਸੁਣਾਇਆ ਹੈ। ਜ਼ਿਕਰਯੋਗ ਹੈ ਕਿ ਕੋਈ ਪੰਜ ਸਾਲ ਪਹਿਲਾਂ ਦਾਇਰ ਕੀਤੇ ਗਏ ਹੱਤਕ-ਇੱਜਤ ਦੇ ਇਸ ਦਾਅਵੇ ਦਾ ਵਿਰੋਧ ਕਰਦਿਆਂ ਪੰਜਾਬ ਟਾਈਮਜ਼ ਨੇ ਕੈਲੀਫੋਰਨੀਆ ਦੇ ਇਕ ਕਾਨੂੰਨ 'ਐਂਟੀ ਸਲੈਪ ਮੋਸ਼ਨ' ਦੀ ਆੜ ਲੈਂਦਿਆਂ ਹੇਠਲੀ ਅਦਾਲਤ ਵਿਚ ਇਕ ਮੋਸ਼ਨ ਦਾਇਰ ਕਰ ਕੇ ਮੰਗ ਕੀਤੀ ਸੀ ਕਿ ਪੱਤਰਕਾਰੀ ਅਦਾਰੇ ਨੂੰ ਜਨਤਕ ਮਾਮਲਿਆਂ 'ਤੇ ਟਿਪਣੀ ਕਰਨ ਦੀ ਖੁਲ੍ਹ ਹੋਣ ਕਰ ਕੇ ਇਸ ਕੇਸ ਨੂੰ ਖਾਰਜ ਕੀਤਾ ਜਾਵੇ। ਹੇਠਲੀ ਅਦਾਲਤ ਨੇ ਪੰਜਾਬ ਟਾਈਮਜ਼ ਦੀ ਮੋਸ਼ਨ ਰੱਦ ਕਰ ਦਿਤੀ ਸੀ ਅਤੇ ਪੰਜਾਬ ਟਾਈਮਜ਼ ਵਲੋਂ ਐਲਾਮੀਡਾ ਸੁਪੀਰੀਅਰ ਕੋਰਟ ਵਿਚ ਕੀਤੀ ਗਈ ਅਪੀਲ ਵੀ ਰੱਦ ਕਰ ਦਿਤੀ ਗਈ। ਮੁੱਦਈ ਗਰੇਵਾਲ ਨੇ ਫਰੀਮਾਂਟ ਗੁਰੂਘਰ ਦੀਆਂ ਸੰਨ 2006 ਦੀਆਂ ਚੋਣਾਂ ਦੌਰਾਨ ਅਖਬਾਰ ਵਿਚ ਛਪੇ ਕੁਝ ਇਸ਼ਤਿਹਾਰਾਂ ਨੂੰ ਆਧਾਰ ਬਣਾ ਕੇ ਮਾਣਹਾਨੀ ਦਾ ਕੇਸ ਕੀਤਾ ਸੀ।

ਮੁੱਦਈ ਗਰੇਵਾਲ ਨੇ ਪੰਜਾਬ ਟਾਈਮਜ਼ ਦੀ ਮੋਸ਼ਨ ਨੂੰ ਗੈਰਵਾਜਬ ਦੱਸਦਿਆਂ ਅਦਾਲਤ ਤੋਂ ਵਕੀਲ ਅਤੇ ਹੋਰ ਅਦਾਲਤੀ ਖਰਚਿਆਂ ਦੀ ਅਦਾਇਗੀ ਲਈ ਪੰਜਾਬ ਟਾਈਮਜ਼ ਅਤੇ ਇਸ ਦੇ ਸੰਪਾਦਕ ਨੂੰ ਹੁਕਮ ਕਰਨ ਲਈ ਮੋਸ਼ਨ ਦਾਇਰ ਕੀਤੀ ਸੀ। ਅਦਾਲਤ ਦੇ ਇਸ ਫੈਸਲੇ ਉਤੇ ਪੰਜਾਬ ਟਾਈਮਜ਼ ਦੇ ਵਕੀਲਾਂ ਨੇ ਤਾਂ ਹੈਰਾਨੀ ਜਾਹਰ ਕੀਤੀ ਹੀ ਹੈ, ਇਕ ਸਮਕਾਲੀ ਅਖਬਾਰ ਨੇ ਵੀ ਲਿਖਿਆ ਹੈ ਕਿ ਅਜਿਹਾ ਬਹੁਤ ਘੱਟ ਹੁੰਦਾ ਹੈ ਜਦ ਇਕ ਮੋਸ਼ਨ ਉਪਰ ਅਜਿਹੇ ਹੁਕਮ ਜਾਰੀ ਕੀਤੇ ਜਾਣ।

ਪੰਜਾਬ ਟਾਈਮਜ਼ ਪਾਸ ਇਸ ਫੈਸਲੇ ਦਾ ਸਾਹਮਣਾ ਕਰਨ ਲਈ ਦੋ ਰਾਹ ਹਨ-ਉਪਰਲੀ ਅਦਾਲਤ ਵਿਚ ਅਪੀਲ ਕੀਤੀ ਜਾਵੇ ਜਾਂ ਇਸ ਖਰਚੇ ਪ੍ਰਤੀ ਇੰਡੈਮਨਿਟੀ ਬਾਂਡ ਭਰ ਕੇ ਅਸਲ ਕੇਸ ਦੀ ਸੁਣਵਾਈ ਲਈ ਅਦਾਲਤ ਤੋਂ ਮੰਗ ਕੀਤੀ ਜਾਵੇ। ਪੰਜਾਬ ਟਾਈਮਜ਼ ਦੇ ਵਕੀਲਾਂ ਨੂੰ ਭਰੋਸਾ ਹੈ ਕਿ ਟਰਾਇਲ ਦੌਰਾਨ ਮਾਣਹਾਨੀ ਦਾ ਇਹ ਕੇਸ ਟਿਕ ਨਹੀਂ ਸਕੇਗਾ। ਪੰਜਾਬ ਟਾਈਮਜ਼ ਦੀ ਦਲੀਲ ਹੈ ਕਿ ਪਹਿਲੀ ਗੱਲ ਤਾਂ ਜਿਨ੍ਹਾਂ ਮਜ਼ਮੂਨਾਂ ਦੇ ਆਧਾਰ 'ਤੇ ਮਾਣਹਾਨੀ ਦਾ ਕੇਸ ਕੀਤਾ ਗਿਆ ਹੈ, ਉਹ ਪੈਸੇ ਖਰਚ ਕੇ ਛਪਵਾਏ ਗਏ ਇਸ਼ਤਿਹਾਰ ਸਨ, ਦੂਜੇ ਮੁੱਦਈ ਗਰੇਵਾਲ ਇਕ ਜਨਤਕ ਸ਼ਖਸੀਅਤ ਹੈ ਅਤੇ ਜਨਹਿੱਤ ਦੇ ਕਿਸੇ ਮਾਮਲੇ 'ਤੇ ਅਖਬਾਰਾਂ ਨੂੰ ਟਿਪਣੀ ਕਰਨ ਦਾ ਹੱਕ ਹੁੰਦਾ ਹੈ। ਬਿਨਾ ਸ਼ਕ ਗੁਰਦੁਆਰਾ ਫਰੀਮਾਂਟ ਦੀ ਚੋਣ ਦਾ ਮਾਮਲਾ ਸਿੱਖ ਪੰਥ ਦੇ ਨਜ਼ਰੀਏ ਤੋਂ ਇਕ ਜਨਹਿੱਤ ਮਾਮਲਾ ਸੀ।

ਇਹ ਵੀ ਦਿਲਚਸਪੀ ਵਾਲੀ ਗੱਲ ਹੈ ਕਿ ਕੁਝ ਸਮਕਾਲੀ ਅਖਬਾਰਾਂ ਨੇ ਪੰਜਾਬ ਟਾਈਮਜ਼ ਵਿਰੁਧ ਮੋਸ਼ਨ ਉਤੇ ਫੈਸਲੇ ਦੀ ਖਬਰ ਕਿੱਤਈ ਈਰਖਾ ਕਾਰਣ ਚਮਕਾ ਕੇ ਛਾਪੀ ਹੈ ਜਿਵੇਂ ਇਹ ਫੈਸਲਾ ਕੋਈ ਅੰਤਿਮ ਫੈਸਲਾ ਹੋਵੇ ਅਤੇ ਅਜਿਹਾ ਕਰਦਿਆਂ ਉਹ ਇਹ ਵੀ ਭੁਲ ਗਏ ਕਿ ਅਜਿਹੀ ਸਥਿਤੀ ਦਾ ਖੁਦ ਉਨ੍ਹਾਂ ਨੂੰ ਵੀ ਕਦੀ ਵੀ ਸਾਹਮਣਾ ਕਰਨਾ ਪੈ ਸਕਦਾ ਹੈ।

# ਮਨਮੀਤ ਭੁੱਲਰ ਬਣਿਆ ਅਲਬਰਟਾ ਦਾ ਮੰਤਰੀ

**ਟੋਰਾਂਟੋ:** ਕੈਨੇਡਾ ਦੇ ਅਲਬਰਟਾ ਸੂਬੇ ਵਿਚ ਨਵੇਂ ਬਣੇ ਮੰਤਰੀ ਮੰਡਲ ਵਿਚ ਪੰਜਾਬੀ ਵਿਧਾਇਕ ਮਨਮੀਤ ਭੁੱਲਰ ਨੂੰ ਸ਼ਾਮਲ ਕੀਤਾ ਗਿਆ ਹੈ। ਉਹ 2008 ਵਿਚ ਕੈਲਗਰੀ-ਮੌਂਟਰੋਜ਼ ਹਲਕੇ 'ਚੋਂ



ਵਿਧਾਇਕ ਚੁਣਿਆ ਗਿਆ ਸੀ। ਸੂਬੇ ਦੀ ਮੁੱਖ ਮੰਤਰੀ ਐਲੀਸਨ ਰੈਡਫੋਰਡ ਦੇ ਮਨਮੀਤ ਭੁੱਲਰ ਨੂੰ ਕੈਬਨਿਟ ਵਿਚ ਲੈਣ ਦੇ ਫੈਸਲੇ ਦਾ ਪੰਜਾਬੀ ਭਾਈਚਾਰੇ ਵੱਲੋਂ ਸਵਾਗਤ ਕੀਤਾ ਗਿਆ ਹੈ।

ਸੂਬੇ ਵਿਚ ਇਸ ਵੇਲੇ ਕੰਜ਼ਰਵੇਟਿਵ ਸਰਕਾਰ ਹੈ ਤੇ ਇਸ 27ਵੀਂ ਵਿਧਾਨ ਸਭਾ ਵਿਚ ਕੰਜ਼ਰਵੇਟਿਵਾਂ ਕੋਲ 72, ਲਿਬਰਲਾਂ ਕੋਲ 9 ਤੇ ਐਨ.ਡੀ.ਪੀ. ਕੋਲ 2 ਸੀਟਾਂ ਹਨ। ਕੰਜ਼ਰਵੇਟਿਵਾਂ ਦੇ ਪੁਰਾਣੇ ਪਾਰਟੀ ਲੀਡਰ ਐਡ ਸਲੈਲਮਕ ਦੇ ਅਗਲੀਆਂ ਚੋਣਾਂ ਵਿਚ ਹਿੱਸਾ ਨਾ ਲੈਣ ਦੇ ਐਲਾਨ ਕਾਰਨ ਪਾਰਟੀ ਨੂੰ ਨਵੇਂ ਨੇਤਾ ਦੀ ਚੋਣ ਕਰਨੀ ਪਈ ਜਿਸ ਵਿਚ ਐਲੀਸਨ ਰੈਡਫੋਰਡ ਜਿੱਤ ਗਈ ਸੀ।

ਅਲਬਰਟਾ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਸਾਬਤ ਸੂਰਤ ਸਿੱਖ ਨੂੰ ਕੈਬਨਿਟ ਵਿਚ ਸ਼ਾਮਲ ਕੀਤਾ ਗਿਆ ਹੋਵੇ। 31 ਸਾਲਾ ਮਨਮੀਤ ਭੁੱਲਰ ਨੂੰ ਸੂਬੇ ਦੇ ਸਰਵਿਸ ਅਲਬਰਟਾ ਦਾ ਅਹਿਮ ਮੰਤਰਾਲਾ ਸੌਂਪਿਆ ਗਿਆ ਹੈ। ਉਹ ਸੂਬਾਈ ਵਿਧਾਨ ਸਭਾ ਦਾ ਜਿਥੇ ਸਭ ਤੋਂ ਛੋਟੀ ਉਮਰ ਦਾ ਵਿਧਾਇਕ ਹੈ। ਉਥੇ ਕੈਨੇਡਾ ਵਿਚ ਪਾਰਲੀਮੈਂਟਰੀ ਸਹਾਇਕ ਬਣਨ ਵਾਲਾ ਨੌਜਵਾਨ ਹੈ। ਇਸ ਤੋਂ ਪਹਿਲਾਂ ਉਹ ਸਿੱਖਿਆ ਤੇ ਤਕਨਾਲੋਜੀ ਮਹਿਕਮੇ ਦਾ ਪਾਰਲੀਮੈਂਟਰੀ ਸਹਾਇਕ ਵੀ ਰਿਹਾ। ਭਾਈਚਾਰੇ ਤੇ ਆਪਣੇ ਹਲਕੇ ਵਿਚ ਆਪਣੀ ਲੀਡਰਸ਼ਿਪ ਤੇ ਪ੍ਰਤੀਬੱਧਤਾ ਕਾਰਨ ਉਹ ਹਰਮਨਪਿਆਰਾ ਹੈ। 20 ਮੈਂਬਰੀ ਮੰਤਰੀ ਮੰਡਲ ਵਿਚ ਇਕ ਹੋਰ ਪੰਜਾਬੀ ਮੂਲ ਦੇ ਵਿਧਾਇਕ ਨਰੇਸ਼ ਭਾਰਦਵਾਜ ਨੂੰ ਸਿਹਤ ਸੇਵਾਵਾਂ ਵਿਚ ਪਾਰਲੀਮੈਂਟਰੀ ਸਕੱਤਰ ਬਣਾਏ ਜਾਣ ਦੀ ਸੂਚਨਾ ਹੈ।

# ਕਲਮ ਲੈਂਗੁਏਜ ਫਾਊਂਡੇਸ਼ਨ ਵਲੋਂ ਪੰਜਾਬੀ ਗਲਪ ਲਈ ਇਨਾਮਾਂ ਦਾ ਐਲਾਨ

**ਟੋਰਾਂਟੋ (ਡਾ. ਗੁਰਨਾਮ ਕੌਰ):** ਡਾ. ਦਰਸ਼ਨ ਸਿੰਘ ਬੈਂਸ ਦੀ ਸਰਪ੍ਰਸਤੀ ਹੇਠਲੀ ਕਲਮ ਲੈਂਗੁਏਜ ਫਾਊਂਡੇਸ਼ਨ (ਇੰਟਰਨੈਸ਼ਨਲ) ਵੱਲੋਂ ਪੰਜਾਬੀ ਗਲਪ (ਨਾਵਲ, ਨਿੱਕੀ ਕਹਾਣੀ) ਦੀਆਂ ਸੰਨ 2010 ਅਤੇ ਸੰਨ 2011 ਵਿਚ ਪ੍ਰਕਾਸ਼ਤ ਆਹਲਾ ਪੁਸਤਕਾਂ ਲਈ 25 ਹਜ਼ਾਰ ਰੁਪਏ ਤੋਂ ਇਕ ਲੱਖ ਰੁਪਏ ਦੇ ਇਨਾਮ ਦਿੱਤੇ ਜਾਣਗੇ।

ਪ੍ਰਾਪਤ ਜਾਣਕਾਰੀ ਅਨੁਸਾਰ ਪਹਿਲਾ ਇਨਾਮ 100,000 ਰੁਪਏਮ ਦੂਜਾ ਇਨਾਮ 50,000 ਰੁਪਏ ਅਤੇ ਤੀਜਾ ਇਨਾਮ 25000 ਰੁਪਏ ਦਾ ਹੋਵੇਗਾ। ਪਿਛਲੇ ਸਾਲ ਇਕ ਲੱਖ ਰੁਪਏ ਦਾ ਪਹਿਲਾ ਇਨਾਮ ਜਨਾਬ ਜ਼ਾਹਿਦ ਇਕਬਾਲ ਹੋਰਾਂ ਨੂੰ ਉਨ੍ਹਾਂ ਦੇ ਖੋਜ-ਕਾਰਜ "ਹੀਰ ਵਾਰਿਸ ਵਿਚ ਮਿਲਾਵਟੀ ਸ਼ੇਅਰਾਂ ਦਾ ਵੇਰਵਾ" ਲਾਹੌਰ ਵਿਚ ਪੰਜਾਬ ਇੰਸਟੀਚਿਊਟ ਆਫ ਲੈਂਗੁਏਜ ਐਂਡ ਆਰਟਸ ਵਿਖੇ ਹੋਏ ਇਕ ਖਾਸ ਸਮਾਗਮ ਵਿਚ ਦਿੱਤਾ ਗਿਆ ਸੀ।

ਇਸ ਮੁਕਾਬਲੇ ਲਈ ਪੁਸਤਕਾਂ ਭੇਜਣ ਦੀ ਆਖਰੀ ਤਰੀਕ 31 ਮਾਰਚ 2012 ਹੈ। ਪੁਸਤਕਾਂ "ਅਜੀਤ ਵੀਕਲੀ" ਦੇ ਦਫਤਰ ਨੂੰ ਇਸ ਦੇ ਪਤੇ Dr. Darshan Singh Bains, 2-7015 TRANMERE DRIVE, MISSISSAUGA, ONT. L5S 1T7 CANADA. 'ਤੇ ਭੇਜੀਆਂ ਜਾਣ।


To Advertise with Punjab Times
Call: 847-359-0746
Visit us on the web:wwwpunjabtimesusa.com

ਟਰੱਕ ਵਾਸ਼ ਵਿਕਾਊ ਹੈ
ਕੈਲੀਫੋਰਨੀਆ ਦੇ ਨਾਲ ਲੱਗਦੀ ਸਟੇਟ
ਐਰੀਜ਼ੋਨਾ ਵਿਚ ਬਹੁਤ ਹੀ ਬਿਜ਼ੀ ਲੋਕੇਸ਼ਨ
TA Truck Stop ਦੇ ਸਾਹਮਣੇ
ਆਈ-10, ਐਗਜ਼ਿਟ 340
Willcox, AZ
ਕੀਮਤ: $455,000
ਸੰਪਰਕ ਕਰੋ:
ਫੋਨ:917-535-1615

Rising Sun Transport, LLC
Roanoke, VA
Wanted Immediately
A CDL class A Driver
with 1 to 2 year experience
A Diesel Mechanic
Contact:Harmeet Singh Mathauda
Call:540-632-3671

ATM's & Credit Card Terminals at Lowest Prices! No Hidden Fees.
Merchant Accounts-Grocery, Motels, Limos/Taxis, Gas stations.
Credit card terminals -Verifone, Hypercom...
Transfer existing CC processing to us for lower rates.
99% approved same day. We specialize in high risk businesses.
ATMs – TRANAX/TRITON/WRG, starting at $69/mo.*
(Perfect for retail stores, hotels, gas stations, etc.)
Need Money? We provide cash advance against credit card processing with NO collateral or personal guaran-tee.
Online Data Corp. is a registered ISO/MSP of Wells Fargo Bank N.A.
*Credit restrictions apply.
Call SAGAR HANDA at: 773-416-8526
or 773-935-VISA, SagarATM@yahoo.com
www.GoldCoastATM.com






SYAN VIDEO PRODUCTION, INC.
Professional HD Video & Digital Photo Production
Multiple Camera Shooting / Digital Still Photography
(with flush mount Album)
Live Video Display with Large Screens
DJ Service with Laser Lights
Call Toll Free : 1-888-RAJ- SYAN
(725-7926)
(With 14 years Experienced)
734-261-0936 / 734-890-1767
E-mail: raj@syanvideo.com
or visit at: www.syanvideo.com
SV PRODUCTION




**Punjab Times**

**Established in 2000**
**12th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**

**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, New York, Missouri

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 85 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਤੀਜਾ ਮੋਰਚਾ ਦੇ ਸਕਦਾ ਹੈ ਕਾਂਗਰਸ ਤੇ ਅਕਾਲੀਆਂ ਨੂੰ ਚੁਣੌਤੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੀਆਂ ਚਾਰ ਸਿਆਸੀ ਪਾਰਟੀਆਂ ਵੱਲੋਂ ਅਗਲੇ ਸਾਲ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਤੀਜੇ ਬਦਲ ਵਜੋਂ ਉਭਰਨ ਦੇ ਇਰਾਦੇ ਨਾਲ ਕਾਇਮ ਕੀਤੇ ਸਾਂਝੇ ਫਰੰਟ ਦੀਆਂ ਸਰਗਰਮੀਆਂ ਨੇ ਸਿਆਸੀ ਵਿਸ਼ਲੇਸ਼ਕਾਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਹੇਠਲੀ ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਝੰਡੇ ਹੇਠ ਇਕੱਠੀਆਂ ਹੋਈਆਂ ਇਹ ਪਾਰਟੀਆਂ ਦੋ ਮੁੱਖ ਸਿਆਸੀ ਧਿਰਾਂ ਅਕਾਲੀ-ਭਾਜਪਾ ਗੱਠਜੋੜ ਤੇ ਕਾਂਗਰਸ ਦੇ ਗਲਬੇ ਨੂੰ ਤੋੜਨ ਵਿਚ ਕਾਰਗਰ ਸਾਬਤ ਹੋਣਗੀਆਂ ਜਾਂ ਨਹੀਂ, ਇਹ ਸਵਾਲ ਬਹੁਤ ਸਾਰੇ ਲੋਕਾਂ ਦੇ ਜ਼ਿਹਨ 'ਚ ਹੈ। ਸੂਬੇ ਦਾ ਚੋਣ ਇਤਿਹਾਸ ਦੱਸਦਾ ਹੈ ਕਿ ਲੋਕਾਂ ਨੇ ਹਮੇਸ਼ਾ ਦੋ ਪਾਰਟੀਆਂ ਨੂੰ ਹੀ ਭਰਵਾਂ ਸਹਿਯੋਗ ਦਿੱਤਾ ਹੈ।

ਸਾਲ 2007 ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ 'ਤੇ ਹੀ ਝਾਤ ਮਾਰੀਏ ਤਾਂ ਇਹ ਤੱਥ ਸਾਹਮਣੇ ਆਉਂਦੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਨੂੰ 37.09 ਫੀਸਦੀ, ਕਾਂਗਰਸ ਨੂੰ 40.90 ਫੀਸਦੀ ਅਤੇ ਭਾਰਤੀ ਜਨਤਾ ਪਾਰਟੀ ਨੂੰ 8.28 ਫੀਸਦੀ ਵੋਟਾਂ ਮਿਲੀਆਂ ਸਨ। ਰੌਚਕ ਤੱਥ ਇਹ ਸੀ ਕਿ ਕਾਂਗਰਸ ਨੂੰ ਵੋਟਾਂ ਵਧੇਰੇ ਮਿਲੀਆਂ ਪਰ ਸ਼੍ਰੋਮਣੀ ਅਕਾਲੀ ਦਲ ਨੂੰ ਘੱਟ ਵੋਟਾਂ ਲੈ ਕੇ ਵੀ ਕਾਂਗਰਸ ਨਾਲੋਂ ਚਾਰ ਸੀਟਾਂ ਵੱਧ ਮਿਲੀਆਂ।

ਖੱਬੀਆਂ ਪਾਰਟੀਆਂ ਦਾ ਕਿਸੇ ਸਮੇਂ ਪੰਜਾਬ ਦੀ ਰਾਜਨੀਤੀ ਵਿਚ ਖਾਸ ਆਧਾਰ ਸੀ ਪਰ ਪਿਛਲੀਆਂ ਚੋਣਾਂ ਤੋਂ ਬਾਅਦ ਇਹ ਬਿਲਕੁਲ ਹਾਸ਼ੀਏ 'ਤੇ ਹੀ ਚਲੀਆਂ ਗਈਆਂ। ਸੀ.ਪੀ.ਆਈ. ਤੇ ਸੀ.ਪੀ.ਐਮ. ਵੱਲੋਂ ਆਉਂਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਰਾਜ ਦੇ 22 ਦੇ ਕਰੀਬ ਵਿਧਾਨ ਸਭਾ ਹਲਕਿਆਂ 'ਤੇ ਆਪਣੇ ਉਮੀਦਵਾਰ ਖੜ੍ਹੇ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ। ਇਨ੍ਹਾਂ ਪਾਰਟੀਆਂ ਦੇ ਉਮੀਦਵਾਰ ਕਾਂਗਰਸ ਦੀ ਵੋਟ ਨੂੰ ਯਕੀਨਨ ਤੌਰ 'ਤੇ ਖੋਰਾ ਲਾ ਸਕਦੇ ਹਨ ਕਿਉਂਕਿ ਖੱਬਿਆਂ ਨੂੰ ਦਲਿਤਾਂ ਦੀਆਂ ਵੋਟਾਂ ਦਾ ਸਹਾਰਾ ਹੁੰਦਾ ਹੈ ਅਤੇ ਇਹੀ ਵੋਟ ਕਾਂਗਰਸ ਨੂੰ ਮਿਲਣ ਦੀ ਉਮੀਦ ਹੁੰਦੀ ਹੈ। ਬਹੁਜਨ ਸਮਾਜ ਪਾਰਟੀ ਭਾਵੇਂ ਦਲਿਤਾਂ ਦੀ ਨੁਮਾਇੰਦਾ ਸਿਆਸੀ ਪਾਰਟੀ ਮੰਨੀ ਜਾਂਦੀ ਹੈ ਪਰ ਇਸ ਪਾਰਟੀ ਦਾ ਆਧਾਰ ਖੁਰ ਰਿਹਾ ਹੈ। ਮਿਸਾਲ ਦੇ ਤੌਰ 'ਤੇ ਸਾਲ 1997 ਦੀਆਂ ਚੋਣਾਂ ਦੌਰਾਨ ਬਸਪਾ ਨੂੰ 6.37 ਫੀਸਦੀ



*ਸਾਂਝੇ ਮੋਰਚੇ ਵਿਚ ਸ਼ਾਮਲ ਪਾਰਟੀਆਂ ਦੇ ਨੁਮਾਇੰਦੇ ਚੰਡੀਗੜ੍ਹ ਵਿਚ ਮੀਟਿੰਗ ਦੌਰਾਨ।*

ਵੋਟਾਂ ਮਿਲੀਆਂ ਸਨ ਜਦੋਂਕਿ 2002 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਇਹ ਘਟ ਕੇ 5.69 ਫੀਸਦੀ ਹੋ ਗਈ। ਸਾਲ 2007 ਦੀਆਂ ਚੋਣਾਂ ਦੌਰਾਨ ਬਸਪਾ ਦਾ ਹਿੱਸਾ ਮਹਿਜ਼ 4.13 ਫੀਸਦੀ 'ਤੇ ਆ ਗਿਆ। ਇੰਜ ਹੀ ਭਾਰਤੀ ਕਮਿਊਨਿਸਟ ਪਾਰਟੀ (ਸੀ.ਪੀ.ਆਈ.) ਦਾ ਤਾਂ ਇੰਨਾ ਮਾੜਾ ਪ੍ਰਦਰਸ਼ਨ ਰਿਹਾ ਕਿ ਕੁੱਲ ਵੋਟ ਹਿੱਸਾ 1.5 ਫੀਸਦੀ ਹੀ ਰਿਹਾ। ਸੀ.ਪੀ.ਆਈ. ਨੂੰ ਸਾਲ 2002 ਵਿਚ 2.89 ਫੀਸਦੀ ਵੋਟ ਮਿਲੇ ਸਨ। ਉਸ ਸਮੇਂ ਇਸ ਪਾਰਟੀ ਦਾ ਗੱਠਜੋੜ ਕਾਂਗਰਸ ਨਾਲ ਸੀ। ਸੀ.ਪੀ.ਐਮ. ਦੀ ਪ੍ਰਤੀਸ਼ਤਤਾ ਤਾਂ ਪਿਛਲੀਆਂ ਚੋਣਾਂ ਦੌਰਾਨ ਇਕ ਫੀਸਦੀ ਤੋਂ ਵੀ ਥੱਲੇ ਰਹੀ।

ਖੱਬੀਆਂ ਪਾਰਟੀਆਂ ਤੇ ਬਸਪਾ ਦਾ ਦਲਿਤਾਂ ਵਿਚ ਖੁੱਸੇ ਆਧਾਰ ਦਾ ਲਾਭ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਹੋਇਆ ਹੈ। ਹੁਣ ਸਾਂਝੇ ਮੋਰਚੇ ਵਿਚ ਸ਼ਾਮਲ ਹੋਣ ਤੋਂ ਬਾਅਦ ਸਾਰੀਆਂ ਹੀ ਪਾਰਟੀਆਂ ਕੁਝ ਨਵਾਂ ਸਿਆਸੀ ਮਾਅਰਕਾ ਮਾਰਨ ਦਾ ਦਾਅਵਾ ਕਰ ਰਹੀਆਂ ਹਨ। ਪੀਪਲਜ਼ ਪਾਰਟੀ ਆਫ਼ ਪੰਜਾਬ ਦਾ ਮੁਕਤਸਰ, ਫਰੀਦਕੋਟ ਤੇ ਫਿਰੋਜ਼ਪੁਰ ਜ਼ਿਲ੍ਹਿਆਂ ਦੇ ਬਹੁਤੇ ਹਲਕਿਆਂ ਵਿਚ ਆਧਾਰ ਮੰਨਿਆ ਜਾਂਦਾ ਹੈ। ਰਾਜਸੀ ਮਾਹਿਰਾਂ ਦਾ ਕਹਿਣਾ ਹੈ ਕਿ ਜੇ ਇਹ ਪਾਰਟੀ ਇਨ੍ਹਾਂ ਜ਼ਿਲ੍ਹਿਆਂ ਵਿਚ ਮਜ਼ਬੂਤ ਹੋ ਕੇ ਨਿਕਲਦੀ ਹੈ ਤਾਂ ਅਕਾਲੀ ਦਲ ਨੂੰ ਨੁਕਸਾਨ ਹੋ ਸਕਦਾ ਹੈ। ਇੰਜ ਹੀ ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਹੇਠਲੇ ਅਕਾਲੀ ਦਲ (ਲੌਂਗੋਵਾਲ) ਦਾ ਸੰਗਰੂਰ ਤੇ ਬਰਨਾਲਾ ਜ਼ਿਲ੍ਹੇ ਦੇ ਕੁਝ ਵਿਧਾਨ ਸਭਾ ਹਲਕਿਆਂ ਵਿੱਚ ਆਧਾਰ ਹੈ। ਇਸ ਪਾਰਟੀ ਦੇ ਉਮੀਦਵਾਰ ਵੀ ਅਕਾਲੀ ਦਲ ਦਾ ਹੀ ਨੁਕਸਾਨ ਕਰ ਸਕਦੇ ਹਨ। ਬਰਨਾਲਾ ਦੀ ਅਗਵਾਈ ਵਾਲੀ ਪਾਰਟੀ ਵੱਲੋਂ ਇਨ੍ਹਾਂ ਦੋਵਾਂ ਜ਼ਿਲ੍ਹਿਆਂ ਵਿਚ ਹੀ ਸੀਟਾਂ ਦੀ ਮੰਗ ਕੀਤੀ ਜਾ ਰਹੀ ਹੈ।

ਸਾਂਝੇ ਮੋਰਚੇ ਵਿਚ ਸ਼ਾਮਲ ਚੌਹਾਂ ਪਾਰਟੀਆਂ ਦਾ ਦਾਅਵਾ ਹੈ ਕਿ ਕੌਮੀ ਪੱਧਰ 'ਤੇ ਭ੍ਰਿਸ਼ਟਾਚਾਰ ਵਿਰੁਧ ਉਠੀ ਲਹਿਰ ਦਾ ਲਾਭ ਕਾਂਗਰਸ ਤੇ ਅਕਾਲੀ ਭਾਜਪਾ ਗੱਠਜੋੜ ਦੇ ਵਿਰੋਧੀਆਂ ਨੂੰ ਹੀ ਮਿਲੇਗਾ। ਇਨ੍ਹਾਂ ਪਾਰਟੀਆਂ ਵੱਲੋਂ ਨਵੰਬਰ ਮਹੀਨੇ ਤੋਂ ਪੰਜਾਬ ਵਿਚ ਯਾਤਰਾ ਰਾਹੀਂ ਸਿਆਸੀ ਮੁਹਿੰਮ ਦਾ ਆਗਾਜ਼ ਕੀਤਾ ਜਾ ਰਿਹਾ ਹੈ। ਨਵੰਬਰ ਮਹੀਨੇ ਤੋਂ ਹੀ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਨੇ 'ਪੰਜਾਬ ਪਰਿਵਰਤਨ ਯਾਤਰਾ' ਸ਼ੁਰੂ ਕਰਨੀ ਹੈ। ਇਸ ਤਰ੍ਹਾਂ ਦੋ ਕੁ ਹਫਤਿਆਂ ਬਾਅਦ ਸੂਬੇ ਦਾ ਰਾਜਸੀ ਮਾਹੌਲ ਕਾਫੀ ਗਰਮਾ-ਗਰਮ ਹੋਵੇਗਾ।

ਸੀ.ਪੀ.ਆਈ. ਦੇ ਆਗੂ ਕਾਮਰੇਡ ਜੋਗਿੰਦਰ ਦਿਆਲ ਦਾ ਕਹਿਣਾ ਹੈ ਕਿ ਸਾਲ 2007 ਦੀਆਂ ਵਿਧਾਨ ਸਭਾ ਚੋਣਾਂ ਵਿਚ ਘੱਟੋ ਘੱਟ ਦਸ ਵਿਧਾਨ ਸਭਾ ਹਲਕਿਆਂ 'ਚ ਕਾਂਗਰਸ ਦੇ ਉਮੀਦਵਾਰ ਖੱਬੀਆਂ ਪਾਰਟੀਆਂ ਦੇ ਉਮੀਦਵਾਰਾਂ ਦੇ ਚੋਣ ਮੈਦਾਨ ਵਿਚ ਹੋਣ ਕਾਰਨ ਹਾਰ ਗਏ। ਉਨ੍ਹਾਂ ਕਿਹਾ ਕਿ ਜੇਕਰ ਖੱਬੀਆਂ ਪਾਰਟੀਆਂ ਕਿਸੇ ਹੋਰ ਧਿਰ ਨਾਲ ਰਲ ਕੇ ਚੋਣਾਂ ਲੜਦੀਆਂ ਹਨ ਤਾਂ ਯਕੀਨਨ ਹੀ ਸਿਆਸੀ ਫਿਜ਼ਾ ਬਦਲੇਗੀ।

ਪੰਜਾਬ ਦੇ ਵੋਟਰਾਂ ਦਾ ਰਾਜਸੀ ਪਾਰਟੀਆਂ ਵੱਲ ਝੁਕਾਅ ਬੜਾ ਦਿਲਚਸਪ ਹੈ। ਰਾਜ ਕਰਨ ਵਾਲੀਆਂ ਰਵਾਇਤੀ ਪਾਰਟੀਆਂ ਦੀ ਵੋਟ ਫੀਸਦ ਹਰ ਵਾਰੀ ਵਧਦੀ ਜਾ ਰਹੀ ਹੈ। ਸਾਲ 2007 ਦੀਆਂ ਚੋਣਾਂ ਦੌਰਾਨ ਕੁੱਲ ਭੁਗਤੀਆਂ 1 ਕਰੋੜ 26 ਲੱਖ 41 ਹਜ਼ਾਰ 703 ਵੋਟਾਂ ਵਿਚੋਂ 51 ਲੱਖ 70 ਹਜ਼ਾਰ 555 ਵੋਟਾਂ ਕਾਂਗਰਸ ਨੂੰ ਮਿਲੀਆਂ ਜੋ 40.90 ਫੀਸਦੀ ਬਣਦੀਆਂ ਹਨ। ਇਸ ਪਾਰਟੀ ਨੂੰ 44 ਸੀਟਾਂ ਮਿਲੀਆਂ ਤੇ ਰਾਜਭਾਗ ਖੁੱਸ ਗਿਆ ਸੀ। ਕਾਂਗਰਸ ਨੂੰ ਸਾਲ 2002 ਦੀਆਂ ਚੋਣਾਂ ਦੌਰਾਨ 35.81 ਫੀਸਦੀ ਵੋਟ ਮਿਲੇ ਸਨ ਪਰ ਪਾਰਟੀ ਸੱਤਾ 'ਤੇ ਕਾਬਜ਼ ਹੋ ਗਈ ਸੀ। ਪਹਿਲਾਂ ਸਾਲ 1997 ਵਿਚ ਹੋਈਆਂ ਚੋਣਾਂ ਦੌਰਾਨ ਕਾਂਗਰਸ ਨੂੰ 26.38 ਫੀਸਦੀ ਵੋਟਾਂ ਮਿਲੀਆਂ ਸਨ।

ਸ਼੍ਰੋਮਣੀ ਅਕਾਲੀ ਦਲ ਨੂੰ ਸਾਲ 2007 ਦੀਆਂ ਚੋਣਾਂ ਦੌਰਾਨ ਕੁੱਲ ਭੁਗਤੀਆਂ ਵੋਟਾਂ ਵਿਚੋਂ 46 ਲੱਖ 89 ਹਜ਼ਾਰ 18 ਵੋਟਾਂ ਮਿਲੀਆਂ ਸਨ। ਇਹ ਹਿੱਸਾ 37.09 ਫੀਸਦੀ ਬਣਦਾ ਹੈ। ਇਸ ਦੇ ਬਾਵਜੂਦ ਪਾਰਟੀ ਨੂੰ 48 ਸੀਟਾਂ ਮਿਲੀਆਂ। ਭਾਜਪਾ ਨੂੰ 10 ਲੱਖ 46 ਹਜ਼ਾਰ 451 ਵੋਟਾਂ ਨਾਲ 19 ਸੀਟਾਂ ਮਿਲੀਆਂ। ਇਸ ਗੱਠਜੋੜ ਨੇ ਕੁੱਲ 67 ਸੀਟਾਂ ਜਿੱਤ ਕੇ ਸਰਕਾਰ ਬਣਾਈ। ਅਕਾਲੀ ਦਲ ਨੂੰ 2002 ਵਿਚ 31.08 ਫੀਸਦੀ ਤੇ 1997 ਵਿਚ 36.74 ਫੀਸਦੀ ਵੋਟਾਂ ਮਿਲੀਆਂ ਸਨ। ਸ. ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਾਲੇ ਅਕਾਲੀ ਦਲ (ਅੰਮ੍ਰਿਤਸਰ) ਨੂੰ ਤਾਂ ਸਾਲ 2007 ਦੀਆਂ ਚੋਣਾਂ ਦੌਰਾਨ ਮਹਿਜ਼ 0.50 ਫੀਸਦੀ ਵੋਟਾਂ ਮਿਲੀਆਂ। ਬਲਵੰਤ ਸਿੰਘ ਰਾਮੂਵਾਲੀਆ ਦੀ ਅਗਵਾਈ ਵਾਲੀ ਲੋਕ ਭਲਾਈ ਪਾਰਟੀ ਨੂੰ ਸਿਰਫ .32 ਫੀਸਦੀ ਹੀ ਵੋਟਾਂ ਮਿਲੀਆਂ ਸਨ।

# ਪੰਜਾਬ 'ਚ ਸਾਂਝੇ ਮੋਰਚੇ ਦੀ ਕਾਇਮੀ ਨੇ ਚੋਣ ਪਿੜ ਬੰਨ੍ਹਿਆ

*(ਸਫਾ ਇਕ ਦੀ ਬਾਕੀ)*

ਪ੍ਰਗਟ ਕੀਤਾ ਤੇ ਉਨ੍ਹਾਂ ਨੇ ਨਵੀਂ ਰਾਜਨੀਤਕ ਪਾਰਟੀ ਬਣਾਉਣ ਦਾ ਫੈਸਲਾ ਕੀਤਾ ਸੀ।

ਸਾਂਝੇ ਮੋਰਚੇ ਵਿਚਲੀਆਂ ਪਾਰਟੀਆਂ ਆਪਸ ਵਿਚ ਸੀਟਾਂ ਦੀ ਵੰਡ ਲਈ ਸੀਟ ਜਿੱਤਣ ਵਾਲੇ ਉਮੀਦਵਾਰ ਨੂੰ ਸੀਟ ਦੇਣ ਦੇ ਫਾਰਮੂਲੇ 'ਤੇ ਕੰਮ ਕਰਨਗੀਆਂ। ਇਸ ਮੌਕੇ ਮਨਪ੍ਰੀਤ ਬਾਦਲ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਦੇ ਪਿਤਾ ਗੁਰਦਾਸ ਸਿੰਘ ਬਾਦਲ ਦਾ ਲੰਬੀ ਤੋਂ ਚੋਣ ਲੜਨਾ ਇਸ ਲਈ ਜ਼ਰੂਰੀ ਹੈ ਤਾਂ ਜੋ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਹਾਰ ਦਿੱਤੀ ਜਾ ਸਕੇ। ਉਨ੍ਹਾਂ ਇਸ ਗੱਲ ਲਈ ਆਸ ਪ੍ਰਗਟ ਕੀਤੀ ਕਿ ਅੰਨਾ ਹਜ਼ਾਰੇ ਵੀ ਉਨ੍ਹਾਂ ਦੇ ਮੋਰਚੇ ਨੂੰ ਸਮਰਥਨ ਦੇਣਗੇ ਕਿਉਂਕਿ ਉਹ ਵੀ ਅੰਨਾ ਹਜ਼ਾਰੇ ਦੇ ਪ੍ਰੋਗਰਾਮ 'ਤੇ ਹੀ ਲੜਾਈ ਲੜ ਰਹੇ ਹਨ। ਮੀਟਿੰਗ ਵਿਚ ਹਾਜ਼ਰ ਚਾਰਾਂ ਪਾਰਟੀਆਂ ਨੇ ਸਪੱਸ਼ਟ ਕੀਤਾ ਕਿ ਸਾਂਝਾ ਮੋਰਚਾ ਸੂਬਿਆਂ ਨੂੰ ਵਧੇਰੇ ਅਧਿਕਾਰ ਦਿੱਤੇ ਜਾਣ ਅਤੇ ਸੂਬਿਆਂ ਨੂੰ ਆਰਥਿਕ ਖ਼ੁਦਮੁਖਤਿਆਰੀ ਦੇਣ ਦੇ ਪ੍ਰੋਗਰਾਮ ਲਈ ਵਚਨਬੱਧ ਹੋਵੇਗਾ।

ਸ. ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਇਹ ਸਮਾਂ ਸੰਸਾਰ ਭਰ ਵਿਚ ਤਬਦੀਲੀਆਂ ਦਾ ਸਮਾਂ ਕਿਹਾ ਜਾ ਸਕਦਾ ਹੈ ਤੇ ਸਾਡਾ ਦੇਸ਼ ਵੀ ਸਿਆਸੀ ਤਬਦੀਲੀਆਂ ਵੱਲ ਜਾ ਰਿਹਾ ਹੈ ਤੇ ਪੰਜਾਬ ਦੇ ਲੋਕ ਵੀ ਆਉਂਦੀਆਂ ਚੋਣਾਂ ਵਿਚ ਵੱਡੀ ਤਬਦੀਲੀ ਦੀ ਸ਼ੁਰੂਆਤ ਕਰਨਗੇ। ਉਨ੍ਹਾਂ ਦੱਸਿਆ ਕਿ ਸਾਂਝੇ ਫਰੰਟ ਲਈ 20 ਮੈਂਬਰੀ ਕਮੇਟੀ ਬਣਾਈ ਗਈ ਹੈ। ਇਸ ਕਮੇਟੀ 'ਚ ਪੀ.ਪੀ.ਪੀ. ਵੱਲੋਂ ਜਗਬੀਰ ਸਿੰਘ ਬਰਾੜ, ਕੁਸ਼ਲਦੀਪ ਸਿੰਘ ਢਿੱਲੋਂ, ਕੁਲਦੀਪ ਸਿੰਘ ਢੋਸ ਤੇ ਗੁਰਪ੍ਰੀਤ ਸਿੰਘ ਭੱਟੀ ਅਤੇ ਸੀ.ਪੀ.ਆਈ. ਵੱਲੋਂ ਡਾ. ਜੋਗਿੰਦਰ ਦਿਆਲ, ਜਗਰੂਪ ਸਿੰਘ, ਬੰਤ ਸਿੰਘ ਬਰਾੜ ਹੋਣਗੇ ਜਦਕਿ ਲਹਿੰਬਰ ਸਿੰਘ ਤੱਗੜ, ਵਿਜੈ ਮਿਸ਼ਰਾ ਤੇ ਰਘੂਨਾਥ ਸਿੰਘ ਸੀ.ਪੀ.ਐਮ. ਦੀ ਨੁਮਾਇੰਦਗੀ ਕਰਨਗੇ। ਗਗਨਦੀਪ ਸਿੰਘ ਬਰਨਾਲਾ, ਬਲਦੇਵ ਸਿੰਘ ਮਾਨ, ਰੁਪਿੰਦਰ ਸਿੰਘ ਸੰਧੂ ਤੇ ਇੰਦਰਜੀਤ ਸਿੰਘ ਬਾਗੀ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੀ ਨੁਮਾਇੰਦਗੀ ਕਰਨਗੇ। ਹਰ ਪਾਰਟੀ ਦਾ ਇਕ-ਇਕ ਨੁਮਾਇੰਦਾ ਇਸ ਵਿਚ ਬਤੌਰ ਵਾਈਸ ਚੇਅਰਮੈਨ ਹੋਵੇਗਾ। ਇਸ ਮੁਤਾਬਕ ਐਸ.ਐਸ. ਜੌਹਲ (ਪੀ.ਪੀ.ਪੀ.), ਨਿਰਮਲ ਸਿੰਘ ਧਾਲੀਵਾਲ (ਸੀ.ਪੀ.ਆਈ.), ਚਰਨ ਸਿੰਘ ਵਿਰਦੀ (ਸੀ.ਪੀ.ਐਮ.), ਬਲਦੇਵ ਸਿੰਘ ਮਾਨ ਅਤੇ ਗਗਨਦੀਪ ਸਿੰਘ (ਲੌਂਗੋਵਾਲ) ਵਾਈਸ ਚੇਅਰਮੈਨ ਹੋਣਗੇ। ਇਸ ਮੌਕੇ ਸ. ਸੁਰਜੀਤ ਸਿੰਘ ਬਰਨਾਲਾ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਨੂੰ ਰਾਜਪਾਲ, ਕੇਂਦਰ ਵਿਚਲੀ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਵੱਲੋਂ ਲਾਇਆ ਗਿਆ ਸੀ ਅਤੇ ਬਾਅਦ ਵਿਚ ਤਾਮਿਲਨਾਡੂ ਉਨ੍ਹਾਂ ਨੂੰ ਡੀ.ਐਮ.ਕੇ. ਮੁਖੀ ਲੈ ਕੇ ਗਏ ਸਨ ਨਾ ਕਿ ਉਨ੍ਹਾਂ ਨੂੰ ਕਾਂਗਰਸ ਵੱਲੋਂ ਇਹ ਨਿਯੁਕਤੀ ਦਿੱਤੀ ਗਈ ਸੀ।

# ਮਨਪ੍ਰੀਤ ਵੱਲੋਂ ਪਾਰਟੀ ਦੇ ਜਥੇਬੰਦਕ ਢਾਂਚੇ ਦਾ ਐਲਾਨ

**ਚੰਡੀਗੜ੍ਹ:** ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਪਾਰਟੀ ਦੇ ਮੁਢਲੇ ਜਥੇਬੰਦਕ ਢਾਂਚੇ ਦਾ ਐਲਾਨ ਕਰਦਿਆਂ ਜਨਰਲ ਕੌਂਸਲ ਦੇ ਮੈਂਬਰਾਂ ਦੀ ਸੂਚੀ ਜਾਰੀ ਕਰ ਦਿੱਤੀ ਹੈ। ਮਨਪ੍ਰੀਤ ਨੇ ਦਾਅਵਾ ਕੀਤਾ ਕਿ ਜਨਰਲ ਕੌਂਸਲ ਦੇ ਸੂਬਾਈ, ਜ਼ਿਲ੍ਹਾ ਤੇ ਵਿਧਾਨ ਸਭਾ ਹਲਕਾ ਪੱਧਰ ਦੇ ਜਿਨ੍ਹਾਂ ਸਾਢੇ ਚਾਰ ਹਜ਼ਾਰ ਮੈਂਬਰਾਂ ਦੀ ਚੋਣ ਕੀਤੀ ਗਈ ਹੈ, ਉਨ੍ਹਾਂ ਵਿਚ ਉਨ੍ਹਾਂ ਦਾ ਕੋਈ ਕਰੀਬੀ ਰਿਸ਼ਤੇਦਾਰ ਸ਼ਾਮਲ ਨਹੀਂ ਹੈ। ਉਨ੍ਹਾਂ ਦਾਅਵਾ ਕੀਤਾ ਕਿ ਆਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਪੀ.ਪੀ.ਪੀ. ਦੀ ਅਗਵਾਈ ਹੇਠ ਤੀਜਾ ਫਰੰਟ ਅਹਿਮ ਭੂਮਿਕਾ ਨਿਭਾਏਗਾ ਤੇ ਰਾਜਸੀ ਬਦਲ ਆਵੇਗਾ।

ਸ੍ਰੀ ਬਾਦਲ ਨੇ ਅਕਾਲੀ ਭਾਜਪਾ ਸਰਕਾਰ 'ਤੇ ਸਿਆਸੀ ਅਤਿਵਾਦ ਫੈਲਾਉਣ ਦੇ ਦੋਸ਼ ਲਾਉਂਦਿਆਂ ਕਿਹਾ ਕਿ ਅੱਜ ਤੋਂ ਬਾਅਦ ਉਪ ਮੁੱਖ ਮੰਤਰੀ ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਕੋਈ ਜ਼ਿਆਦਤੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਕਿਉਂਕਿ ਪਾਰਟੀ ਪੂਰੀ ਤਰ੍ਹਾਂ ਹੋਂਦ ਵਿਚ ਆ ਚੁੱਕੀ ਹੈ। ਉਨ੍ਹਾਂ ਕਿਹਾ ਕਿ 15 ਨਵੰਬਰ ਨੂੰ ਪਾਰਟੀ ਦਾ ਚੋਣ ਮਨੋਰਥ ਪੱਤਰ ਵੀ ਜਾਰੀ ਕਰ ਦਿੱਤਾ ਜਾਵੇ। ਉਨ੍ਹਾਂ ਸਰਕਾਰ 'ਤੇ ਆਪਣੇ ਸਿਆਸੀ ਵਿਰੋਧੀਆਂ ਉਪਰ ਜ਼ੁਲਮ ਢਾਹੁਣ ਦੇ ਦੋਸ਼ ਲਾਉਂਦਿਆਂ ਕਿਹਾ ਕਿ ਪਿਛਲੇ ਸਮੇਂ 'ਚ ਪੀ.ਪੀ.ਪੀ. ਦੇ ਇਕ ਹਜ਼ਾਰ ਸਮਰਥਕਾਂ 'ਤੇ ਝੂਠੇ ਕੇਸ ਦਰਜ ਕੀਤੇ ਗਏ। ਸਾਬਕਾ ਵਿੱਤ ਮੰਤਰੀ ਨੇ ਕਿਹਾ ਕਿ ਰਾਜ ਸਰਕਾਰ ਦੀ ਮਾਲੀ ਹਾਲਤ ਏਨੀ ਜ਼ਿਆਦਾ ਨਿੱਘਰ ਗਈ ਹੈ ਕਿ ਅਗਲੇ ਸਾਲ ਫਰਵਰੀ ਤੇ ਮਾਰਚ ਮਹੀਨੇ ਦੀਆਂ ਤਨਖ਼ਾਹਾਂ ਦਾ ਭੁਗਤਾਨ ਵੀ ਨਹੀਂ ਕੀਤਾ ਜਾ ਸਕਣਾ।

ਮਨਪ੍ਰੀਤ ਨੇ ਦੱਸਿਆ ਕਿ ਪਾਰਟੀ ਦੀ ਜਨਰਲ ਕੌਂਸਲ ਮੈਂਬਰਾਂ ਨੂੰ 14 ਵਰਗਾਂ 'ਚ ਵੰਡਿਆ ਗਿਆ ਹੈ ਜਿਨ੍ਹਾਂ ਵਿਚ ਪ੍ਰਸ਼ਾਸਕੀ ਸੁਧਾਰ, ਖੇਤੀਬਾੜੀ, ਉਦਯੋਗ ਤੇ ਵਪਾਰ, ਸਿੱਖਿਆ, ਸਿਹਤ, ਯੁਵਕ ਮਾਮਲੇ, ਔਰਤ ਸਸ਼ਕਤੀਕਰਨ, ਘੱਟ ਗਿਣਤੀ, ਰੁਜ਼ਗਾਰ ਤੇ ਕਿਰਤ, ਸੱਭਿਆਚਾਰ ਤੇ ਖੇਡਾਂ, ਕਾਨੂੰਨੀ ਮਾਮਲੇ, ਪਰਵਾਸੀ ਭਾਰਤੀ ਮਾਮਲੇ, ਵਾਤਾਵਰਨ, ਮੀਡੀਆ ਤੇ ਸੰਚਾਰ ਸ਼ਾਮਲ ਹਨ। ਜਿਸ ਖੇਤਰ ਦੀ ਜਿਸ ਨੂੰ ਮੁਹਾਰਤ ਹੈ ਜਾਂ ਜਿਸ ਖੇਤਰ ਨਾਲ ਉਹ ਸੰਬਧਤ ਹੈ, ਉਸ ਵਰਗ 'ਚ ਉਨ੍ਹਾਂ ਨੂੰ ਸ਼ਾਮਲ ਕੀਤਾ ਗਿਆ ਹੈ।

ਉਦਾਹਰਨ ਵਜੋਂ ਡਾ. ਸਰਦਾਰਾ ਸਿੰਘ ਜੋਹਲ ਜੋ ਖੇਤੀਬਾੜੀ ਦੇ ਖੇਤਰ 'ਚ ਵਿਸ਼ਵ ਪ੍ਰਸਿੱਧ ਹਸਤੀ ਹਨ, ਨੂੰ ਖੇਤੀਬਾੜੀ 'ਚ, ਸਭਿਆਚਾਰਕ, ਸਮਾਜਿਕ ਤੇ ਖੇਡਾਂ ਲਈ ਭਗਵੰਤ ਮਾਨ ਤੇ ਅੰਤਰਰਾਸ਼ਟਰੀ ਖਿਡਾਰੀ ਕੁਲਦੀਪ ਸਿੰਘ ਚੀਮਾ, ਘੱਟ ਗਿਣਤੀ ਵਰਗ ਲਈ ਸੇਵਾ ਮੁਕਤ ਆਈ.ਆਰ.ਐਸ. ਅਧਿਕਾਰੀ ਸਤਪਾਲ, ਬੀਬੀ ਰਣਜੀਤ ਕੌਰ ਭੱਟੀ ਸ਼ਾਮਲ ਹਨ। ਉਦਯੋਗ, ਸਿੱਖਿਆ ਤੇ ਸਿਹਤ ਲਈ ਜਗਬੀਰ ਸਿੰਘ ਬਰਾੜ, ਕੁਸ਼ਲਦੀਪ ਸਿੰਘ ਢਿੱਲੋਂ ਤੇ ਗੁਰਪ੍ਰੀਤ ਸਿੰਘ ਭੱਟੀ ਤੇ ਪ੍ਰਸ਼ਾਸਨਿਕ ਸੁਧਾਰਾਂ ਲਈ ਮਨਪ੍ਰੀਤ ਸਿੰਘ ਬਾਦਲ ਦੇ ਨਾਲ ਸ਼ਹੀਦ-ਏ-ਆਜ਼ਮ ਭਗਤ ਸਿੰਘ ਤੇ ਸ਼ਹੀਦ ਸੁਖਦੇਵ ਦੇ ਭਤੀਜੇ ਅਭੈ ਸੰਧੂ ਤੇ ਭਾਰਤ ਭੂਸ਼ਣ ਥਾਪਰ, ਸ. ਕੁਲਦੀਪ ਸਿੰਘ ਢੋਸ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਤਰ੍ਹਾਂ ਮੀਡੀਆ ਤੇ ਕਮਿਊਨੀਕੇਸ਼ਨ ਲਈ ਅਰੁਣਜੋਤ ਸਿੰਘ ਸੋਢੀ ਨੂੰ ਸ਼ਾਮਲ ਕੀਤਾ ਗਿਆ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)

ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# ਜਹਾਜ਼ੀ ਹਵੇਲੀ ਦੀ ਹਿਫਾਜ਼ਤ 'ਚ ਕੁਤਾਹੀ ਵਰਤਣ ਵਾਲਾ ਅਧਿਕਾਰੀ ਬਰਖਾਸਤ

**ਚੰਡੀਗੜ੍ਹ:** ਫਤਹਿਗੜ੍ਹ ਸਾਹਿਬ ਵਿਖੇ ਦੀਵਾਨ ਟੋਡਰ ਮੱਲ ਦੀ ਇਤਿਹਾਸਕ ਜਹਾਜ਼ੀ ਹਵੇਲੀ ਦੀ ਸੁਰੱਖਿਆ ਲਈ ਵਿਰਾਸਤੀ ਪੱਖ ਤੋਂ ਤੈਅ ਨਿਯਮਾਂ ਤੇ ਫਰਜ਼ਾਂ 'ਤੇ ਪਹਿਰਾ ਨਾ ਦੇ ਸਕਣ ਦੇ ਦੋਸ਼ ਸਮੇਤ ਦਰਜਨ ਦੇ ਕਰੀਬ ਹੋਰ ਬੇਨਿਯਮੀਆਂ ਤੇ ਕੁਤਾਹੀਆਂ ਤੋਂ ਉਪਜੇ ਕੇਸ ਵਿਚ ਫਤਹਿਗੜ੍ਹ ਸਾਹਿਬ ਦੇ ਨਾਇਬ ਤਹਿਸੀਲਦਾਰ ਨੂੰ ਪੰਜਾਬ ਸਰਕਾਰ ਵੱਲੋਂ ਨੌਕਰੀ ਤੋਂ ਹਟਾ ਦਿੱਤਾ ਗਿਆ ਹੈ। ਪਟਿਆਲਾ ਦੇ ਡਿਵੀਜ਼ਨਲ ਕਮਿਸ਼ਨਰ ਐਸ.ਆਰ.ਲੱਧੜ ਵੱਲੋਂ ਇਸ ਮੁਅੱਤਲ ਨਾਇਬ ਤਹਿਸੀਲਦਾਰ ਅਜੀਤ ਸਿੰਘ ਲੌਂਗੀਆਂ ਨੂੰ ਸਮੇਂ ਤੋਂ ਪਹਿਲਾਂ ਰਿਟਾਇਰ ਕਰਨ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ।

ਦੀਵਾਨ ਟੋਡਰ ਮੱਲ ਦਾ ਸਿੱਖ ਇਤਿਹਾਸ 'ਚ ਸਤਿਕਾਰਤ ਦਰਜਾ ਹੈ। 'ਨਿੱਕੀਆਂ ਜਿੰਦਾਂ ਵੱਡੇ ਸਾਕੇ' ਦੇ ਇਸ ਪਾਤਰ ਨੇ ਮੁਗਲ ਸਾਮਰਾਜ ਦੇ ਜਬਰ ਦੀ ਪ੍ਰਵਾਹ ਕੀਤੇ ਬਿਨਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਹਿਬਜ਼ਾਦਿਆਂ ਦੀਆਂ ਦੇਹਾਂ ਦੇ ਸਸਕਾਰ ਲਈ ਸੋਨੇ ਦੀਆਂ ਮੋਹਰਾਂ ਅਦਾ ਕਰਕੇ ਜ਼ਮੀਨ ਮੁੱਲ ਲਈ ਸੀ। ਦੀਵਾਨ ਟੋਡਰ ਮੱਲ ਦੇ ਇਸ ਅਹਿਸਾਨ ਨੂੰ ਸਿੱਖ ਕੌਮ ਅੱਜ ਵੀ ਨਹੀਂ ਭੁੱਲੀ ਤੇ ਇਸ ਯਾਦ ਨੂੰ ਸਦੀਵੀ ਬਣਾਉਣ ਲਈ ਦੀਵਾਨ ਦੀ ਜਹਾਜ਼ੀ ਹਵੇਲੀ ਦੀ ਵਿਰਾਸਤੀ ਸਾਂਭ-ਸੰਭਾਲ ਲਈ ਪੰਜਾਬ ਸਰਕਾਰ ਨੇ 'ਪੰਜਾਬ ਪ੍ਰਾਚੀਨ ਤੇ ਇਤਿਹਾਸਕ ਪੁਰਾਤਤਵ ਇਮਾਰਤ ਐਕਟ, 1904 ਦੀ ਧਾਰਾ 35' ਅਧੀਨ ਇਸ ਦੀ ਸਾਰੀ ਸੁਰੱਖਿਆ ਦਾ ਜ਼ਿੰਮਾ ਲਿਆ ਸੀ।

ਇਸ ਬਾਰੇ ਸਾਲ 2003 ਵਿਚ ਬਾਕਾਇਦਾ ਨੋਟੀਫਿਕੇਸ਼ਨ ਵੀ ਜਾਰੀ ਕੀਤਾ ਗਿਆ ਸੀ। ਇਸ ਐਕਟ ਦੇ ਤਹਿਤ ਇਤਿਹਾਸਕ ਹਵੇਲੀ ਦੀ ਸੁਰੱਖਿਆ ਤੇ ਖੂਬਸੂਰਤੀ ਬਣਾਈ ਰੱਖਣ ਲਈ ਇਸ ਦੇ ਇਰਦ ਗਿਰਦ ਕਿਸੇ ਵੀ ਕਿਸਮ ਦੀ ਕੋਈ ਉਸਾਰੀ, ਪਲਾਨਿੰਗ, ਕਲੋਨਾਈਜ਼ੇਸ਼ਨ ਬਿਲਡਿੰਗ ਬਣਾਉਣ ਜਾਂ ਉਸ ਦੀ ਰਜਿਸਟਰੀ ਕਰਨ ਜਾਂ ਪਾਵਰ ਆਫ ਅਟਾਰਨੀ 'ਤੇ ਵੇਚਣ, ਖੁਦਾਈ ਕਰਨ ਜਾਂ ਪਾਣੀ ਖੜ੍ਹਾ ਕਰਨ ਜਾਂ ਮਲਬਾ ਸੁੱਟਣ 'ਤੇ ਪਾਬੰਦੀ ਲਾਈ ਗਈ ਸੀ।

ਸਰਕਾਰ ਵੱਲੋਂ ਅਜਿਹੀਆਂ ਪਾਬੰਦੀਆਂ ਆਇਦ ਕਰਨ ਦੇ ਬਾਵਜੂਦ ਬਤੌਰ ਨਾਇਬ ਤਹਿਸੀਲਦਾਰ-ਕਮ-ਜੁਆਇੰਟ ਸਬ ਰਜਿਸਟਰਾਰ, ਫਤਹਿਗੜ੍ਹ ਸਾਹਿਬ ਦੇ ਅਹੁਦੇ 'ਤੇ ਤਾਇਨਾਤੀ ਦੌਰਾਨ ਅਜੀਤ ਸਿੰਘ ਲੌਂਗੀਆਂ ਨੇ ਆਪਣੇ ਅਹੁਦੇ ਦੀ ਕਥਿਤ ਦੁਰਵਰਤੋਂ ਕਰਦਿਆਂ ਵਸੀਕਾ 5500 ਮਿਤੀ 24 ਮਾਰਚ 2005 ਰਜਿਸਟਰਡ ਕਰਦੇ ਸਮੇਂ ਉਕਤ ਇਤਿਹਾਸਕ ਹਵੇਲੀ ਦੇ ਆਸਪਾਸ ਮਨਾਹੀ ਵਾਲੇ ਖਸਰਾ ਨੰਬਰ ਦੀ ਰਜਿਸਟਰੀ ਕਰ ਦਿੱਤੀ ਸੀ। ਕੋਤਾਹੀਆਂ ਕਾਰਨ ਹੀ ਲੌਂਗੀਆਂ ਨੂੰ ਅਹੁਦੇ ਤੋਂ ਮੁਅੱਤਲ ਕੀਤਾ ਗਿਆ ਤੇ ਜਾਂਚ ਦੇ ਹੁਕਮ ਦਿੱਤੇ ਗਏ।

ਵਧੀਕ ਡਿਪਟੀ ਕਮਿਸ਼ਨਰ ਫਤਹਿਗੜ੍ਹ ਸਾਹਿਬ ਵੱਲੋਂ ਕੀਤੀ ਪੜਤਾਲੀਆ ਰਿਪੋਰਟ ਵਿਚ ਇਹ ਤੱਥ ਸਾਹਮਣੇ ਆਇਆ ਕਿ ਸਬੰਧਤ ਨਕਲ ਜਮ੍ਹਾਂਬੰਦੀ 2000-01 ਪਿੰਡ ਹਰਨਾਮ ਨਗਰ ਹੱਦਬਸਤ ਨੰਬਰ 105 ਦੇ ਖਾਨਾ ਕੈਫ਼ੀਅਤ ਵਿਚ ਪਟਵਾਰੀ ਹਲਕਾ ਵੱਲੋਂ ਬਾਕਾਇਦਾ ਲਾਲ ਸਿਆਹੀ ਨਾਲ ਨੋਟ ਦਿੱਤਾ ਹੋਇਆ ਸੀ ਕਿ ਟੋਡਰ ਮੱਲ ਦੀ ਇਤਿਹਾਸਕ ਹਵੇਲੀ ਦੀ ਸੁਰੱਖਿਆ ਦੇ ਇਵਜ਼ ਇਸ ਦੇ ਆਸ-ਪਾਸ ਦੀ ਜਗ੍ਹਾ ਖੂਬਸੂਰਤੀ ਬਰਕਰਾਰ ਰੱਖਣ ਵਜੋਂ ਅਦਲਾ ਬਦਲੀ ਵਜੋਂ ਰਜਿਸਟਰਡ ਨਹੀਂ ਕੀਤੀ ਜਾਵੇਗੀ ਪਰ ਇਸ ਦੇ ਬਾਵਜੂਦ ਨਾਇਬ ਤਹਿਸੀਲਦਾਰ ਵੱਲੋਂ ਸਬੰਧਤ ਵਸੀਕਾ ਨੂੰ ਗਲਤ ਰਜਿਸਟਰਡ ਕਰ ਦਿੱਤਾ ਗਿਆ। ਉਨ੍ਹਾਂ ਦੱਸਿਆ ਪੜਤਾਲ ਰਿਪੋਰਟ 'ਚ ਇਸ ਨਾਇਬ ਤਹਿਸੀਲਦਾਰ ਵਿਰੁੱਧ ਸ਼ਿਕਾਇਤਕਰਤਾ ਵੱਲੋਂ ਲਾਏ ਗਏ ਦੋਸ਼ਾਂ ਨੂੰ ਸਿੱਧ ਹੋਣ 'ਤੇ ਇਸ ਨੂੰ ਪੰਜਾਬ ਸਿਵਲ ਸੇਵਾਂਵਾ 'ਸਜ਼ਾ ਤੇ ਅਪੀਲ' ਨਿਯਮ 1970 ਦੇ ਨਿਯਮ 5 ਤਹਿਤ ਵੱਡੀਆਂ ਸਜ਼ਾਵਾਂ ਵਿਚੋਂ ਇਕ ਸਜ਼ਾ ਦੇਣ ਲਈ ਸੁਣਵਾਈ ਵਾਸਤੇ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਸੀ।ਪਰ ਨਾਇਬ ਤਹਿਸੀਲਦਾਰ ਆਪਣੇ ਪੱਖ ਵਿਚ ਕੋਈ ਠੋਸ ਸਬੂਤ ਪੇਸ਼ ਨਹੀਂ ਕਰ ਸੱਕਿਆ।


Language Line services

**Hiring English-Punjabi Interpreters**

*Work from the comfort of your home and make a difference in people's life!*

**Language Line Services seeks applicants with a strong proficiency in English and Punjabi to perform over-the-telephone interpretation. If you have excellent language skills, you can become an over-the-phone interpreter.**

**> Flexible hours**
**> Paid orientation**

**Apply at: www.languageline.com/careers**






**Business Opportunity**

International Company looking for serious people to work from home-part time or full time. Great earning potential, full training and support provided. To attend training in your area.

For more info. call:

**Sukhpreet Kaur Indiana**
**Ph:317-884-3557**
**Sharanjeet Kaur**
**Ph:317-332-1387**

*spkaurus@yahoo.co.in - www.shopherbalife.com/skaur*



# Indian Oven

11000, I-40 East, Amarillo Texas – 79118
(Exit 77, Right Hand Side)
**Ph: 1-806-335-3600**

**ਪੰਜਾਬੀ ਵੈਸ਼ਨੂ ਅਤੇ ਗੈਰ ਵੈਸ਼ਨੂ**
**ਤਾਜ਼ੀ ਰੋਟੀ, ਪਰਾਂਠੇ ਅਤੇ ਨਾਨ**



**Breakfast, Lunch & Dinner (Buffet 11 to 3, Every Day)**

**Easy Truck Parking**
**Special Deals For Truckers**

**ਆਈ-40 ਵੈਸਟ ਵਾਲੇ ਪਾਸਿਓਂ ਖੱਬੇ ਹੱਥ**
**ਆਈ-40 ਈਸਟ ਵਾਲੇ ਪਾਸਿਓਂ ਸੱਜੇ ਹੱਥ**






**Planet Wireless**
55 Broadway, Hicksville, NY 11801

**Call Jaspreet:**
**1-888-534-7473**
**www.DishPeople.com**

dish NETWORK AUTHORIZED RETAILER

Requires additional International package for $10/mo. or any America's top package. Digital Home Advantage plan requires 24-month agreement and credit qualification. Cancellation fee of $17.50/month remaining applies if service is terminated before end of agreement. American programming credits apply during first 12 months. All equipment is leased and must be returned to DISH Network upon cancellation or unreturned equipment fees apply. Limit 6 leased tuners per account; upfront and monthly fees may apply based on type and number of receivers. HD programming requires HD television. Prices, packages and programming subject to change without notice. Offer available for new and qualified former customers, and subject to terms of applicable Promotional and Residential Customer agreements. Additional restrictions may apply. Offer ends 1/31/12.

ੴ ਸਤਿਗੁਰ

ਸਤਿਗੁਰ ਨਾਨਕ ਪ੍ਰਗਟਿਆ

ਪਹਿਲੇ ਪਾਤਿਸ਼ਾਹ ਜਗਤ ਗੁਰੂ

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ



ਦਾ ਪ੍ਰਕਾਸ਼ ਦਿਹਾੜਾ ਸਮੂਹ ਸੰਗਤਾਂ ਦੇ ਸਹਿਯੋਗ ਨਾਲ
ਗੁਰਦੁਆਰਾ ਸੰਤ ਸਾਗਰ ਸਾਹਿਬ ਨਿਊਯਾਰਕ
ਵਿਖੇ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ
ਮਿਤੀ 10 ਨਵੰਬਰ 2011 ਦਿਨ ਵੀਰਵਾਰ
ਨੂੰ ਮਨਾਇਆ ਜਾ ਰਿਹਾ ਹੈ। ਪ੍ਰਕਾਸ਼ ਦਿਹਾੜੇ ਦੇ ਸਬੰਧੀ ਵਿਚ
ਮਿਤੀ 29 ਅਕਤੂਬਰ 2011 ਨੂੰ ਮਹਾਨ ਨਗਰ ਕੀਰਤਨ ਸਜਾਇਆ ਜਾਵੇਗਾ

## ਨਗਰ ਕੀਰਤਨ ਦੀਆਂ ਸੇਵਾਵਾਂ ਲੈਣ ਵਾਲੇ ਪ੍ਰੇਮੀ ਸੱਜਣਾਂ ਦੇ ਨਾਮ

### ਫਲੋਟਾਂ ਦੀ ਸੇਵਾ

ਇਕ ਫਲੋਟ ਦੀ ਸੇਵਾ ਪ੍ਰਿਤਪਾਲ ਸਿੰਘ ਵਾਲੀਆ
ਦੂਸਰੇ ਫਲੋਟ ਦੀ ਸੇਵਾ ਇਸਤਰੀ ਸੁਖਮਨੀ ਸਾਹਿਬ ਸੰਤ ਸਾਗਰ ਸਭਾ (ਬੀਬੀ ਸ਼ਰਨ ਕੌਰ ਤੇ ਸਮੂਹ ਬੀਬੀਆਂ ਵਲੋਂ)
ਨਗਰ ਕੀਰਤਨ ਵਿਚ ਪ੍ਰਸ਼ਾਦ ਦੀ ਸੇਵਾ ਭਾਈ ਰਛਪਾਲ ਸਿੰਘ ਬੈਂਸ
ਲੰਗਰ ਛਕਾਉਣ ਵਾਲੇ ਪਾਰਕ ਦੇ ਰੈਂਟ ਦੀ ਸੇਵਾ (ਸੰਤ ਸਿੰਘ ਪਰਹਾਰ)
ਗਾਰਬੇਜ ਦੇ ਕੰਟੇਨਰ ਦੀ ਸੇਵਾ (ਕਸਟਮ ਬਿਲਡਿੰਗ ਹੋਮ ਦੇ ਸ. ਮਨਦੀਪ ਸਿੰਘ ਦੇ ਟੈਕਸੀ)
ਉਸ ਦਿਨ ਸਵੇਰ ਤੋਂ ਲੈ ਕੇ ਸਾਰੇ ਦਿਨ ਦੀ ਸੇਵਾ ਫਲੋਰਲ ਪਾਰਕ ਦੇ ਟੈਕਸੀ ਵੀਰਾਂ ਅਤੇ ਸਮੂਹ ਸੰਗਤਾਂ ਨੇ ਪ੍ਰਾਪਤ ਕੀਤੀ ਹੈ।

### ਮੀਡੀਏ ਦੀ ਸੇਵਾ:

ਪੀ ਟੀ ਸੀ ਪੰਜਾਬੀ (ਸ. ਹਰਚਰਨ ਸਿੰਘ ਘੁਲਾਟੀ ਅਤੇ ਪਰਮਜੀਤ ਸਿੰਘ ਬੇਦੀ)
ਜਸ ਪੰਜਾਬੀ (ਨਿਊ ਰਿਲਾਇੰਸ ਕਨਟਰੈਕਟਰ ਕਾਰਪੋਰੇਸ਼ਨ ਸ. ਜਸਵੀਰ ਸਿੰਘ ਲਾਲੀ)
ਅਖਬਾਰਾਂ ਦੀ ਸਪਾਂਸਰਸ਼ਿਪ: ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਸੁਸਾਇਟੀ ਯੂ ਐਸ ਏ
ਸੰਤ ਬਾਬਾ ਨਿਧਾਨ ਸਿੰਘ ਇੰਟਰਨੈਸ਼ਨਲ ਕਾਰਪੋਰੇਸ਼ਨ
ਸਬਜ਼ੀ ਮੰਡੀ ਸ. ਜਗੀਰ ਸਿੰਘ
ਬਰਾਡੈਕ ਸੁਪਰ ਬਜ਼ਾਰ ਸ. ਪਰਮਜੀਤ ਸਿੰਘ ਪੰਮਾ ਅਤੇ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ
ਸੀਨੀਅਰ ਕੇਅਰ ਸਿੱਖ ਸੈਂਟਰ ਮਨਜੀਤ ਸਿੰਘ ਰੰਧਾਵੇ ਵਾਲੇ
ਅਪਨਾ ਬਜ਼ਾਰ– ਜਸਵਿੰਦਰ ਸਿੰਘ ਜੌਹਲ ਤੇ ਦੀਪਕ ਭਾਰਦਵਾਜ
ਭਾਈ ਲਾਲੋ ਸਿੱਖ ਸੇਵਾ ਮਿਸ਼ਨ ਆਫ ਅਮਰੀਕਾ
ਸ. ਸ਼ੇਰ ਸਿੰਘ ਮਾਦਰਾ, ਸ. ਮਨਿੰਦਰ ਸਿੰਘ ਮਾਦਰਾ, ਕਿਰਨਦੀਪ ਕੌਰ ਮਾਦਰਾ

ਹੋਰ ਜਾਣਕਾਰੀ ਲਈ ਕਾਲ ਕਰੋ **ਭਾਈ ਸੱਜਣ ਸਿੰਘ 718 343 1030**

ਪ੍ਰਸਾਦਿ।।

ਮਿਟੀ ਧੁੰਧ ਜਗੁ ਚਾਨਣ ਹੋਆ।।

## ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਕਾਸ਼ ਦਿਹਾੜੇ

ਦੀਆਂ ਖੁਸ਼ੀਆਂ ਵਿਚ ਸਮੂਹ ਟਰਾਈ ਸਟੇਟ ਦੀਆਂ ਸੰਗਤਾਂ ਅਤੇ ਗੁਰਦੁਆਰਾ ਸਾਹਿਬ ਦੀਆਂ ਪ੍ਰਬੰਧਕ ਕਮੇਟੀਆਂ,
ਸਮੂਹ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ

## ਗੁਰਦੁਆਰਾ ਸੰਤ ਸਾਗਰ ਵਲੋਂ

# ਛੇਵਾਂ ਮਹਾਨ ਨਗਰ ਕੀਰਤਨ

# ਮਿਤੀ 29 ਅਕਤੂਬਰ 2011

## ਦਿਨ ਸਨਿਚਰਵਾਰ

## ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਸਜਾਇਆ ਜਾ ਰਿਹਾ ਹੈ

ਨਗਰ ਕੀਰਤਨ ਗੁਰਦੁਆਰਾ ਸੰਤ ਸਾਗਤ ਤੋਂ ਸਵੇਰੇ 11:45 ‘ਤੇ ਅਰੰਭ ਹੋ ਕੇ ਇਸ ਰੂਟ ਉਤੇ ਕਰਾਸ ਆਈਲੈਂਡ ਪਾਰਕ ਵੇਅ ਸਰਵਿਸ ਰੋਡ ਉਤੇ ਖੱਬੇ ਮੁੜਦਿਆਂ ਹਿੱਲਸਾਈਡ ਐਵਨਿਊ ‘ਤੇ ਸੱਜੇ, 263ਵੀਂ ਸਟਰੀਟ ‘ਤੇ ਖੱਬੇ, 82ਵੇਂ ਐਵਨਿਊ ਉਤੇ ਖੱਬੇ, ਕਾਮਨਵੈਲਥ ਬੂਲੇਵਾਰਡ ‘ਤੇ ਖੱਬੇ ਅਤੇ ਹਿੱਲਸਾਈਡ ਐਵਨਿਊ ਉਪਰ ਸੱਜੇ ਮੁੜਦਿਆਂ ਕਰਾਸ ਆਈਲੈਂਡ ਪਾਰਕ ਵੇਅ ਸਰਵਿਸ ਰੋਡ ‘ਤੇ ਖੱਬੇ ਮੁੜ ਕੇ ਵਾਪਸ ਗੁਰਦੁਆਰਾ ਸੰਤ ਸਾਗਰ ਵਿਖੇ ਸਮਾਪਤ ਹੋਵੇਗਾ।

ਇਸ ਰੂਟ ਤੋਂ ਧਰਤੀ ਨੂੰ ਪਵਿੱਤਰ ਕਰਦਿਆਂ, ਸੰਗਤਾਂ ਨੂੰ ਦਰਸ਼ਨ ਦਿੰਦਿਆਂ ਠੀਕ 4ਵਜੇ ਸ਼ਾਮੀ ਗੁਰਦੁਆਰਾ ਸਾਹਿਬ ਆ ਕੇ ਸਮਾਪਤ ਹੋਵੇਗਾ। ਗੁਰਦੁਆਰਾ ਸਾਹਿਬ ਦੀ ਨਾਲ ਵਾਲੀ ਪਾਰਕ ਵਿਚ ਲੰਗਰ ਦੀ ਸੇਵਾ ਹੋਵੇਗੀ। ਆਪ ਜੀ ਸਭ ਸਮੂਹ ਸੰਗਤਾਂ ਨੂੰ ਨਿਮਰਤਾ ਸਾਹਿਤ ਬੇਨਤੀ ਹੈ ਕਿ ਆਪ ਜੀ ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਵਿਚ ਸ਼ਾਮਿਲ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

# ਅਗਲੇ ਸਾਲ ਦੀ ਚੋਣ ਸਿਆਸਤ ਅਤੇ ਆਮ ਆਦਮੀ

## ਸਿਆਸਤ ਦਾ ਪਿੜ



■ ਜਤਿੰਦਰ ਪਨੂੰ

***ਬਾਦਲ ਅਕਾਲੀ ਦਲ ਦੇ ਚਾਰ ਮੈਂਬਰ ਆਉਣ ਜਾਂ ਅੱਠ, ਭਾਜਪਾ ਦੀ ਕੋਈ ਧਿਰ ਵੀ ਪਹੁੰਚ ਕਰਨ ਦੀ ਲੋੜ ਨਹੀਂ ਸਮਝਦੀ ਕਿਉਂਕਿ ਇਨ੍ਹਾਂ ਨੂੰ ਭਾਜਪਾ ਦੀ ਪੂਜਾ ਵਾਲੀ ਥਾਲੀ ਦੀ ਪੱਕੀ ਸਮੱਗਰੀ ਮੰਨਿਆ ਜਾਂਦਾ ਹੈ। ਪੁਜਾਰੀ ਭਾਵੇਂ ਕੋਈ ਹੋਵੇ, ਇਨ੍ਹਾਂ ਨੂੰ ਕੋਈ ਫਰਕ ਨਹੀਂ ਪੈਂਦਾ। ਵੱਡੀ ਧਿਰ ਨਿਤੀਸ਼ ਕੁਮਾਰ ਦਾ ਜਨਤਾ ਦਲ (ਯੂ) ਹੈ ਅਤੇ ਉਹ ਜਦੋਂ ਲਾਲ ਕ੍ਰਿਸ਼ਨ ਅਡਵਾਨੀ ਪਿੱਛੇ ਤੁਲ ਗਿਆ ਹੈ, ਬਾਕੀ ਸਾਰੇ ਦਾਅਵੇਦਾਰ ਪਿੱਛੇ ਹਟਦੇ ਨਜ਼ਰ ਆ ਰਹੇ ਹਨ ਪਰ ਪਿੱਛੇ ਹਟਣ ਦਾ ਮਤਲਬ ਇਹ ਨਹੀਂ ਕਿ ਉਹ ਚਾਲਾਂ ਛੱਡ ਗਏ ਹਨ ਸਗੋਂ ਉਹ ਗੁੱਝੀ ਮਾਰ ਸ਼ੁਰੂ ਕਰ ਚੁੱਕੇ ਹਨ। ਅਡਵਾਨੀ ਦੇ ਪੁਰਾਣੇ ਕਿੱਸੇ ਹੁਣ ਮੀਡਆ ਵਿਚ ਲੀਕ ਕੀਤੇ ਜਾ ਰਹੇ ਹਨ ਤੇ ਮੀਡੀਆ ਇਨ੍ਹਾਂ ਨੂੰ ਕਿਸ਼ਤਾਂ ਵਿਚ ਪੇਸ਼ ਵੀ ਕਰ ਰਿਹਾ ਹੈ।***

ਨਵਾਂ ਸਾਲ ਚੜ੍ਹਨ ਵਿਚ ਸਿਰਫ ਢਾਈ ਮਹੀਨੇ ਰਹਿੰਦੇ ਹਨ। ਇਹ ਗੱਲ ਅਸੀਂ ਇਹ ਚੇਤਾ ਕਰਵਾਉਣ ਲਈ ਨਹੀਂ ਕਹਿ ਰਹੇ ਕਿ ਜਿਸ ਕਿਸੇ ਨੇ ਨਵੇਂ ਸਾਲ ਦੇ ਕਾਰਡ ਭੇਜਣੇ ਹਨ, ਵੇਲੇ ਸਿਰ ਭੇਜ ਦੇਵੇ; ਸਗੋਂ ਇਹ ਦੱਸਣ ਲਈ ਕਹੀ ਹੈ ਕਿ ਅਗਲਾ ਸਾਲ ਭਾਰਤ ਦੀ ਰਾਜਨੀਤੀ ਦੇ ਉਨ੍ਹਾਂ ਵੱਡੇ ਰਾਜਸੀ ਯੁੱਧਾਂ ਦਾ ਸਾਲ ਹੋਣਾ ਹੈ ਜਿਹੜੇ ਦੇਸ਼ ਦੀ ਦਿਸ਼ਾ ਤੈਅ ਕਰਨ ਵਾਲੇ ਸਾਬਤ ਹੋ ਸਕਦੇ ਹਨ। ਪਾਰਲੀਮੈਂਟ ਦੀਆਂ 542 ਸੀਟਾਂ ਵਿਚੋਂ ਅੱਸੀ ਸੀਟਾਂ ਵਾਲੇ ਉੱਤਰ ਪ੍ਰਦੇਸ਼ ਅਤੇ ਪੰਜ ਸੀਟਾਂ ਵਾਲੇ ਉਸ ਨਾਲੋਂ ਤੋੜ ਕੇ ਬਣਾਏ ਉੱਤਰਾਖੰਡ ਦੀਆਂ ਵਿਧਾਨ ਸਭਾ ਚੋਣਾਂ ਵੀ ਇਸੇ ਸਾਲ ਹੋਣਗੀਆਂ, ਛੱਬੀ ਸੀਟਾਂ ਵਾਲੇ ਗੁਜਰਾਤ ਦੀਆਂ ਵੀ, ਦੋ-ਦੋ ਸੀਟਾਂ ਵਾਲੇ ਗੋਆ ਅਤੇ ਮਨੀਪੁਰ ਵਰਗੇ ਦੋ ਛੋਟੇ ਰਾਜਾਂ ਦੀਆਂ ਵੀ ਅਤੇ ਤੇਰਾਂ ਸੀਟਾਂ ਵਾਲੇ ਸਾਡੇ ਪੰਜਾਬ ਦੀਆਂ ਵੀ। ਗੱਲ ਸਿਰਫ ਇਹ ਨਹੀਂ ਕਿ ਇਸ ਦੌਰਾਨ ਪਾਰਲੀਮੈਂਟ ਦੀਆਂ ਇਕ ਸੌ ਅਠਾਰਾਂ ਸੀਟਾਂ ਦੇ ਵੋਟਰਾਂ ਦਾ ਰੁਝਾਨ ਸਾਹਮਣੇ ਆ ਜਾਵੇਗਾ ਸਗੋਂ ਇਹ ਵੀ ਹੈ ਕਿ ਇਨ੍ਹਾਂ ਵਿਚ ਤਿੰਨ ਰਾਜ ਇੱਦਾਂ ਦੇ ਹਨ ਜਿਨ੍ਹਾਂ ਉੱਤੇ ਸਾਰੇ ਦੇਸ਼ ਦੀ ਨਜ਼ਰ ਲੱਗੀ ਹੋਣੀ ਹੈ। ਸਭ ਤੋਂ ਵੱਧ ਸੀਟਾਂ ਵਾਲਾ ਉੱਤਰ ਪ੍ਰਦੇਸ਼ ਸਦਾ ਤੋਂ ਚੁਣੌਤੀ ਦਾ ਮੁੱਖ ਕੇਂਦਰ ਰਿਹਾ ਹੈ, ਗੁਜਰਾਤ ਨੂੰ ਨਰਿੰਦਰ ਮੋਦੀ ਦੇ ਧੱਕੜਸ਼ਾਹ ਰਾਜ ਨੇ ਉਸੇ ਤਰ੍ਹਾਂ ਦਾ ਬਣਾ ਦਿੱਤਾ ਹੈ ਅਤੇ ਪੰਜਾਬ ਪਹਿਲਾਂ ਤੋਂ ਹੀ ਪੱਛਮੀ ਬੰਗਾਲ, ਤਾਮਿਲ ਨਾਡੂ ਜਾਂ ਉੜੀਸਾ ਵਾਂਗ ਨਿਵੇਕਲੇ ਕਿਰਦਾਰ ਦਾ ਹੋਣ ਕਰ ਕੇ ਭਵਿੱਖ ਦੇ ਰਾਜਸੀ ਭੇੜਾਂ ਲਈ ਗੱਠਜੋੜਾਂ ਦੀ ਬਣਤਰ ਪੇਸ਼ ਕਰਨ ਵਿਚ ਮੋਹਰੀ ਰਿਹਾ ਹੈ। ਸਭ ਤੋਂ ਪਹਿਲਾ ਚੋਣ ਦੰਗਲ ਪੰਜਾਬ ਵਿਚ ਫਰਵਰੀ ਵਿਚ ਹੋਣਾ ਹੈ, ਸਾਲ ਦਾ ਅੰਤਲਾ ਚੋਣ ਘੋਲ ਗੁਜਰਾਤ ਵਿਚ ਤੇ ਐਨ ਵਿਚਾਲੇ ਉਸ ਉੱਤਰ ਪ੍ਰਦੇਸ਼ ਵਿਚ ਜਿੱਥੇ ਲੜਾਈ ਚਾਰ-ਧਿਰੀ ਇਹੋ ਜਿਹੀ ਜਾਪਦੀ ਹੈ ਕਿ ਹੁਣੇ ਤੋਂ ਮੋਹਰਲੀਆਂ ਦੋ ਧਿਰਾਂ ਦੀ ਨਿਸ਼ਾਨਦੇਹੀ ਕਰ ਸਕਣਾ ਔਖਾ ਹੈ।

ਦੇਸ਼ ਦੇ ਲੋਕ ਹਰ ਵਾਰੀ ਚੋਣਾਂ ਮੌਕੇ ਕੁਝ ਨਾ ਕੁਝ ਨਵਾਂ ਤੇ ਆਸ ਬੰਨ੍ਹਾਉਣ ਵਾਲਾ ਵਾਪਰਨ ਦੀ ਆਸ ਰੱਖਦੇ ਹਨ ਪਰ ਪਿਛਲੇ ਕਈ ਸਾਲਾਂ ਤੋਂ ਆਸ ਬੰਨ੍ਹਾਉਣ ਦੀ ਥਾਂ ਇਸ ਤੋਂ ਉਲਟ ਨਤੀਜੇ ਸਾਹਮਣੇ ਆਉਂਦੇ ਰਹੇ ਹਨ। ਇਸ ਵਾਰੀ ਵੀ ਕਿਆਫੇ ਕੋਈ ਚੰਗੇ ਨਹੀਂ ਲੱਗ ਰਹੇ। ਕਾਰਨ ਇਸ ਦਾ ਇਹ ਹੈ ਕਿ ਚੋਣ ਧਿਰਾਂ ਦੇ ਮੋਹਰੀ ਆਗੂਆਂ ਦੀ ਬੋਲ-ਬਾਣੀ ਤੋਂ ਆਮ ਆਦਮੀ ਦੀ ਜ਼ਿੰਦਗੀ ਨੂੰ ਸੌਖਾ ਕਰਨ ਵਾਲਾ ਕੋਈ ਮੁਹਾਵਰਾ ਨਹੀਂ ਨਿਕਲਦਾ ਸਗੋਂ ਇਕ ਦੂਜੇ ਵੱਲ ਇਦਾਂ ਦੇ ਜੰਗੀ ਲਲਕਾਰੇ ਸੁਣਾਈ ਦੇਂਦੇ ਹਨ ਜਿਨ੍ਹਾਂ ਦਾ ਸਮਾਜੀ ਵਿਕਾਸ ਦੇ ਪੱਖ ਤੋਂ ਕੋਈ ਮਤਲਬ ਹੀ ਨਹੀਂ। ਮਜਬੂਰੀ ਦਾ ਨਾਂ ਕੋਈ ਵੀ ਰੱਖ ਸਕਦੇ ਹਾਂ ਤੇ ਲੱਗਦਾ ਹੈ ਕਿ ਇਸ ਵਾਰ ਵੀ ਵੋਟਰ ਉਸੇ ਮਜਬੂਰੀ ਮੂਹਰੇ ਬੇਵੱਸ ਹੋ ਕੇ ਰਹਿ ਜਾਵੇਗਾ।

ਸਾਡੇ ਸਾਹਮਣੇ ਕੇਂਦਰ ਦੀ ਉਹ ਸਰਕਾਰ ਹੈ ਜਿਸ ਦੇ ਮੁਖੀ ਡਾਕਟਰ ਮਨਮੋਹਨ ਸਿੰਘ ਨੂੰ





ਅਸੀਂ ਪਿਛਲੇ ਵੀਹ ਤੋਂ ਵੱਧ ਸਾਲਾਂ ਤੋਂ ਈਮਾਨਦਾਰ ਆਗੂ ਦੇ ਤੌਰ ਉੱਤੇ ਸਤਿਕਾਰਦੇ ਆਏ ਹਾਂ। ਹੋਰ ਅਮਲਾਂ ਵਿਚ ਈਮਾਨ ਦਾ ਪੱਲਾ ਫੜ ਕੇ ਚੱਲਣ ਵਾਲਾ ਇਹ ਆਗੂ ਆਪਣੇ ਮੰਤਰੀਆਂ ਨੂੰ ਕਿਸੇ ਵੀ ਗਲਤ ਕੰਮ ਲਈ ਰੋਕਣ ਦੀ ਥਾਂ ਪੁਚਕਾਰਨ ਕਰ ਕੇ ਲੋਕਾਂ ਦੇ ਮਨੋਂ ਲੱਥਦਾ ਜਾ ਰਿਹਾ ਹੈ। ਸਿਰਫ ਇਹ ਕਹਿ ਕੇ ਹੁਣ ਨਹੀਂ ਸਾਰਿਆ ਜਾ ਸਕਦਾ ਕਿ ਉਹ ਰਾਜਨੀਤੀ ਬਾਰੇ ਬਹੁਤਾ ਨਹੀਂ ਜਾਣਦਾ। ਜੇ ਬੁੱਤਾ ਸਾਰਨ ਤੋਂ ਵੱਧ ਰਾਜਨੀਤੀ ਸਿੱਖ ਨਾ ਗਿਆ ਹੁੰਦਾ ਤਾਂ ਉਸ ਦੀ ਥਾਂ ਹੁਣ ਤੱਕ ਕੋਈ ਹੋਰ ਇਸ ਕੁਰਸੀ ਉੱਤੇ ਲਿਆ ਕੇ ਬਿਠਾਇਆ ਜਾ ਸਕਦਾ ਸੀ। ਉਸ ਦੀ ਰਾਜਨੀਤੀ ਹੀ ਇਥੋਂ ਤੱਕ ਸੀਮਤ ਹੈ ਕਿ ਜਦੋਂ ਕੁਝ ਮਾੜਾ ਹੋ ਜਾਵੇ, ਕਹਿ ਛੱਡੋ ਕਿ 'ਨਾਲ ਦਿਆਂ ਨੇ ਕੀਤਾ ਸੀ', ਆਪ ਕੁਝ ਕਰੋ ਵੀ ਨਾ, ਕਿਸੇ ਕਰਦੇ ਨੂੰ ਰੋਕੋ ਵੀ ਨਾ ਅਤੇ ਸਭ ਦੇ 'ਸਾਂਝੇ' ਜਿਹੇ ਬਣ ਕੇ ਪ੍ਰਧਾਨ ਮੰਤਰੀ ਵਜੋਂ ਆਪਣੇ ਰਾਜ ਦੇ ਦਿਨ ਵਧਾਈ ਜਾਓ। ਕਰਨਾਟਕਾ ਦੇ ਭਾਜਪਾ ਮੁੱਖ ਮੰਤਰੀ ਯੇਦੂਰੱਪਾ ਨੂੰ ਗੱਦੀ ਮਜਬੂਰ ਹੋ ਕੇ ਛੱਡਣੀ ਪਈ ਤਾਂ ਉਸ ਨੇ ਆਪਣਾ ਪੱਕਾ ਭਰੋਸੇਮੰਦ ਉਸ ਗੱਦੀ ਉੱਤੇ ਬਿਠਾਉਣ ਲਈ ਪਾਰਟੀ ਲੀਡਰਸ਼ਿਪ ਵੀ ਨਾਰਾਜ਼ ਕਰ ਲਈ, ਵਿਧਾਇਕਾਂ ਦੀਆਂ ਵੋਟਾਂ ਵੀ ਪਵਾ ਲਈਆਂ ਪਰ ਜਿਹੜਾ ਬੰਦਾ ਅੱਗੇ ਆਇਆ, ਉਸ ਨੇ ਤੀਜੇ ਦਿਨ ਹੀ ਕਹਿ ਦਿੱਤਾ ਕਿ 'ਮੈਂ ਬਨਵਾਸ ਨੂੰ ਗਏ ਰਾਮ ਦੀ ਥਾਂ ਵਕਤੀ ਤੌਰ ਉੱਤੇ ਰਾਜ-ਗੱਦੀ ਸੰਭਾਲਣ ਵਾਲਾ ਭਰਤ ਨਹੀਂ, ਰਾਜ ਦੇ ਲੋਕ ਦੇਖ ਲੈਣਗੇ ਕਿ ਮੈਂ ਜਿਸ ਰਾਜ ਦੇ ਖਜ਼ਾਨੇ ਵਿਚੋਂ ਤਨਖਾਹ ਲੈਂਦਾ ਹਾਂ, ਉਸ ਰਾਜ ਦੇ ਲੋਕਾਂ ਦੀ ਪਹਿਰੇਦਾਰੀ ਕਰਨ ਦਾ ਫਰਜ਼ ਵੀ ਨਿਭਾਅ ਰਿਹਾ ਹਾਂ'। ਇਦਾਂ ਦੀ ਗੱਲ ਡਾਕਟਰ ਮਨਮੋਹਨ ਸਿੰਘ ਨਾ ਕਹਿ ਸਕੇ ਹਨ, ਨਾ ਕਹਿ ਸਕਦੇ ਹਨ, ਕਿਉਂਕਿ ਉਹ ਰਾਹੁਲ ਗਾਂਧੀ ਦੇ ਆਉਣ ਤੱਕ ਸੀਟ ਨਿੱਘੀ ਰੱਖਣ ਨੂੰ ਬੈਠੇ ਨਹੀਂ, ਬਿਠਾਏ ਗਏ ਹਨ। ਅਗਲੀਆਂ ਚੋਣਾਂ ਵਿਚ ਜੇ ਕਾਂਗਰਸ ਦਾ ਗੱਠਜੋੜ ਜਿੱਤ ਗਿਆ ਤਾਂ ਇਸ ਗੱਲ ਦੀ ਕੋਈ ਗਾਰੰਟੀ ਹੀ ਨਹੀਂ ਕਿ ਸਰਦਾਰ ਜੀ ਤੀਜੀ ਵਾਰ ਉਸ ਕੁਰਸੀ ਉੱਤੇ ਬੈਠੇ ਨਜ਼ਰ ਆਉਣਗੇ। ਜਿਸ ਬੰਦੇ ਨੂੰ ਰੋਜ਼ ਸਵੇਰੇ ਇਹੋ ਸੁਣਨ ਨੂੰ ਮਿਲਦਾ ਹੋਵੇ ਕਿ ਉਸ ਦੀ ਥਾਂ ਲੈਣ ਵਾਲਾ ਤਿਆਰ ਕੀਤਾ ਜਾ ਰਿਹਾ ਹੈ, ਉਹ ਆਪਣੇ ਜ਼ਿੰਮੇ ਲੱਗੇ ਕੰਮ ਤਨਦੇਹੀ ਨਾਲ ਕਿਵੇਂ ਕਰ ਸਕਦਾ ਹੈ? ਸਿਰਫ ਬੁੱਤਾ ਸਾਰ ਸਕਦਾ ਹੈ ਤੇ ਉਹ ਸਾਰੀ ਜਾ ਰਿਹਾ ਹੈ।

ਉਸ ਦੀ ਥਾਂ ਲੈਣ ਲਈ ਭਾਰਤੀ ਜਨਤਾ ਪਾਰਟੀ ਅੰਦਰ ਘਮਸਾਨ ਮੱਚਿਆ ਪਿਆ ਹੈ। ਜਿਵੇਂ ਸ਼ੇਅਰ ਬਾਜ਼ਾਰ ਵਿਚ ਸਵੇਰੇ ਕਿਸੇ ਕੰਪਨੀ ਦੇ ਸ਼ੇਅਰ ਦਾ ਭਾਅ ਉੱਚਾ ਹੁੰਦਾ ਹੈ ਤੇ ਸ਼ਾਮ ਨੂੰ ਕਿਸੇ ਹੋਰ ਦਾ, ਉਵੇਂ ਹੀ ਇਕ ਦਿਨ ਲਾਲ ਕ੍ਰਿਸ਼ਨ ਅਡਵਾਨੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਬਣਾ ਕੇ ਅਣਐਲਾਨੇ ਤੌਰ'ਤੇ ਪੇਸ਼ ਕੀਤਾ ਜਾ ਰਿਹਾ ਹੁੰਦਾ ਹੈ ਤਾਂ ਦੂਜੇ ਦਿਨ ਨਰਿੰਦਰ ਮੋਦੀ ਅਤੇ ਤੀਜੇ ਦਿਨ ਸੁਸ਼ਮਾ ਸਵਰਾਜ ਜਾਂ ਅਰੁਣ ਜੇਤਲੀ ਹੋ ਸਕਦੇ ਹਨ। ਨਿਤਿਨ ਗਡਕਰੀ ਤੇ ਰਾਜਨਾਥ ਸਿੰਘ ਵਰਗੇ ਵੀ ਲਾਈਨ ਵਿਚ ਲੱਗੇ ਹੋਏ ਹਨ। ਸਾਬਕਾ ਵਿਦੇਸ਼ ਮੰਤਰੀ ਯਸ਼ਵੰਤ ਸਿਨਹਾ ਮਜ਼ਾਕ ਕਰਦੇ ਹੋਏ ਕਹਿ ਗਿਆ ਹੈ ਕਿ ਇਸ ਅਹੁਦੇ ਲਈ ਯੋਗਤਾ ਤਾਂ ਮੇਰੇ ਕੋਲ ਵੀ ਹੈ। ਅੰਤਲਾ ਫੈਸਲਾ ਭਾਵੇਂ ਨਾਗਪੁਰ ਵਿਚ ਬੈਠੀ ਆਰ.ਐੱਸ.ਐੱਸ. ਦੀ ਹਾਈ ਕਮਾਨ ਦਾ ਮੰਨਣਾ ਪੈਣਾ ਹੈ ਪਰ ਉਹ ਹਾਈ ਕਮਾਨ ਵੀ ਰਾਜਸੀ ਭਾਈਵਾਲਾਂ ਨੂੰ ਨਜ਼ਰ ਅੰਦਾਜ਼ ਨਹੀਂ ਕਰ ਸਕਦੀ। ਇਸ ਲਈ ਸਾਰਾ ਜ਼ੋਰ ਭਾਈਵਾਲਾਂ ਨੂੰ ਖਿੱਚਣ ਵੱਲ ਲੱਗਾ ਪਿਆ ਹੈ। ਬਾਦਲ ਅਕਾਲੀ ਦਲ ਦੇ ਚਾਰ ਮੈਂਬਰ ਆਉਣ ਜਾਂ ਅੱਠ, ਭਾਜਪਾ ਦੀ ਕੋਈ ਧਿਰ ਵੀ ਪਹੁੰਚ ਕਰਨ ਦੀ ਲੋੜ ਨਹੀਂ ਸਮਝਦੀ ਕਿਉਂਕਿ ਇਨ੍ਹਾਂ ਨੂੰ ਭਾਜਪਾ ਦੀ ਪੂਜਾ ਵਾਲੀ ਥਾਲੀ ਦੀ ਪੱਕੀ ਸਮੱਗਰੀ ਮੰਨਿਆ ਜਾਂਦਾ ਹੈ। ਪੁਜਾਰੀ ਭਾਵੇਂ ਕੋਈ ਹੋਵੇ, ਇਨ੍ਹਾਂ ਨੂੰ ਕੋਈ ਫਰਕ ਨਹੀਂ ਪੈਂਦਾ। ਵੱਡੀ ਧਿਰ ਨਿਤੀਸ਼ ਕੁਮਾਰ ਦਾ ਜਨਤਾ ਦਲ (ਯੂ) ਹੈ ਅਤੇ ਉਹ ਜਦੋਂ ਲਾਲ ਕ੍ਰਿਸ਼ਨ ਅਡਵਾਨੀ ਪਿੱਛੇ ਤੁਲ ਗਿਆ ਹੈ, ਬਾਕੀ ਸਾਰੇ ਦਾਅਵੇਦਾਰ ਪਿੱਛੇ ਹਟਦੇ ਨਜ਼ਰ ਆ ਰਹੇ ਹਨ ਪਰ ਪਿੱਛੇ ਹਟਣ ਦਾ ਮਤਲਬ ਇਹ ਨਹੀਂ ਕਿ ਉਹ ਚਾਲਾਂ ਛੱਡ ਗਏ ਹਨ ਸਗੋਂ ਉਹ ਗੁੱਝੀ ਮਾਰ ਸ਼ੁਰੂ ਕਰ ਚੁੱਕੇ ਹਨ। ਅਡਵਾਨੀ ਦੇ ਪੁਰਾਣੇ ਕਿੱਸੇ ਹੁਣ ਮੀਡਆ ਵਿਚ ਲੀਕ ਕੀਤੇ ਜਾ ਰਹੇ ਹਨ ਤੇ ਮੀਡੀਆ ਇਨ੍ਹਾਂ ਨੂੰ ਕਿਸ਼ਤਾਂ ਵਿਚ ਪੇਸ਼ ਵੀ ਕਰ ਰਿਹਾ ਹੈ।

ਦੋਵਾਂ ਵੱਡੀਆਂ ਧਿਰਾਂ ਨਾਲੋਂ ਵੀ ਵੱਧ ਕਿਉਂਕਿ ਸਭ ਦੀ ਨਜ਼ਰ ਦੇਸ਼ ਦੇ ਸਭ ਤੋਂ ਵੱਡੇ ਰਾਜ ਉੱਤਰ ਪ੍ਰਦੇਸ਼ ਉੱਤੇ ਹੈ, ਇਸ ਲਈ ਵੱਡੀ ਜੰਗ ਉਥੇ ਹੀ ਹੋਣੀ ਹੈ ਜਿਸ ਲਈ ਫੌਜਾਂ ਮੈਦਾਨ ਵਿਚ ਨਿਕਲ ਤੁਰੀਆਂ ਹਨ। ਕਾਂਗਰਸ ਪਾਰਟੀ ਕੋਲ 'ਵੰਨ ਮੈਨ ਆਰਮੀ' ਰਾਹੁਲ ਗਾਂਧੀ ਹੈ ਜਿਸ ਦੀ ਟੇਕ ਇਸ ਗੱਲ ਉੱਤੇ ਹੈ ਕਿ ਉਹ ਕਦੇ ਨਾ ਕਦੇ ਅਚਾਨਕ ਹੀ ਕਿਸੇ 'ਦਲਿਤ' ਦੇ ਘਰ ਜਾ ਕੇ ਰੋਟੀ ਖਾ ਕੇ ਸਮਝ ਲੈਂਦਾ ਹੈ ਕਿ ਵੋਟਾਂ ਜੋਗਾ ਕੰਮ ਹੋ ਗਿਆ ਹੈ। ਫਰਕ ਇਸ ਨਾਲ ਜ਼ਰੂਰ ਪਵੇਗਾ ਪਰ ਇਹ ਇਕੋ ਫਾਰਮੂਲਾ ਬੇੜੀ ਪਾਰ ਨਹੀਂ ਲਾ ਸਕਦਾ। ਲੋਕਾਂ ਨੇ ਇਹ ਵੀ ਦੇਖਣਾ ਹੈ ਕਿ ਰਾਹੁਲ ਗਾਂਧੀ ਦੇ ਨਾਲ ਤੁਰੇ ਫਿਰਦੇ ਲੋਕ ਕਿਸ ਤਰ੍ਹਾਂ ਦੇ ਹਨ। ਇਸ ਬਾਰੇ ਚਰਚਾ ਕਈ ਵਾਰ ਚੱਲ ਚੁੱਕੀ ਹੈ ਕਿ ਮਾੜੇ ਤੱਤ ਮੰਨੇ ਜਾਂਦੇ ਕੁਝ ਧੜਵੈਲ ਵੀ ਉਸ ਦੇ ਨਾਲ ਤੁਰੇ ਫਿਰਦੇ ਹਨ। ਪੰਜਾਬ ਦੇ ਕੁਝ ਸਰਹੱਦੀ ਹਲਕਿਆਂ ਬਾਰੇ ਕਿਹਾ ਜਾਂਦਾ ਹੈ ਕਿ ਉਥੇ ਉਹ ਉਮੀਦਵਾਰ ਚੋਣ ਜਿੱਤਦਾ ਹੈ ਜਿਹੜਾ ਸਰਹੱਦ ਤੋਂ ਪਾਰ ਦਾ ਲੁਕਵਾਂ ਕਾਰੋਬਾਰ ਕਰਨ ਵਾਲਿਆਂ ਦਾ ਸਾਥ ਲੈ ਸਕਦਾ ਹੋਵੇ ਅਤੇ ਯੂ.ਪੀ. ਦੇ ਕਈ ਹਲਕਿਆਂ ਬਾਰੇ ਇਹ ਸਾਫ ਹੈ ਕਿ ਉਥੇ ਜਿੱਤਣ ਦਾ ਇਕੋ ਫਾਰਮੂਲਾ ਇਹ ਹੈ ਕਿ ਇਲਾਕੇ ਦਾ ਸਭ ਤੋਂ ਵੱਡਾ ਲੱਠ-ਮਾਰ ਆਪਣੇ ਨਾਲ ਜੋੜ ਲਿਆ ਜਾਵੇ। ਇਹ ਕੰਮ ਯੂ.ਪੀ. ਵਿਚ ਤਾਂ ਕਰਨਾ ਹੀ ਹੈ, ਰਾਜਸਥਾਨ ਵਿਚ ਜਾ ਕੇ ਵੀ ਰਾਹੁਲ ਗਾਂਧੀ ਕਰ ਆਇਆ ਹੈ। ਉਥੇ ਇਕ ਥਾਂ ਫਿਰਕੂ ਦੰਗੇ ਦੇ ਪੀੜਤਾਂ ਦੀ ਸਾਰ ਲੈਣ ਲਈ ਉਹ ਉਸ ਬੰਦੇ ਨਾਲ ਮੋਟਰ ਸਾਈਕਲ ਉੱਤੇ ਬੈਠ ਕੇ ਘੁੰਮਿਆ ਜਿਸ ਦੇ ਖਿਲਾਫ ਕਤਲ ਤੱਕ ਦੇ ਮੁਕੱਦਮੇ ਚੱਲ ਰਹੇ ਹਨ ਅਤੇ ਕਿਸੇ ਕੇਸ ਵਿਚ ਉਹ ਅਦਾਲਤ ਦਾ ਭਗੌੜਾ ਵੀ ਕਿਹਾ ਜਾਂਦਾ ਹੈ। ਅਪਰਾਧੀਆਂ ਨੂੰ ਨਾਲ ਲੈ ਕੇ ਤੁਰਿਆ ਰਾਹੁਲ ਗਾਂਧੀ ਫਿਰ ਮਾਇਆਵਤੀ ਦੇ ਰਾਜ ਨੂੰ 'ਗੁੰਡਾ ਰਾਜ' ਕਹਿ ਕੇ ਵੋਟਾਂ ਕਿਸ ਮੂੰਹ ਨਾਲ ਮੰਗੇਗਾ?

ਮੁਲਾਇਮ ਸਿੰਘ ਯਾਦਵ ਦਾ ਪਾਣੀ ਤਾਂ ਹੁਣ ਲੱਥਾ ਨਜ਼ਰ ਆਉਂਦਾ ਹੈ ਅਤੇ ਭਾਜਪਾ ਵੀ ਹੁਣ ਯੂ.ਪੀ. ਵਿਚ ਪਹਿਲਾਂ ਵਾਂਗ ਮਜ਼ਬੂਤ ਨਹੀਂ ਦਿਸਦੀ ਪਰ ਜਿਸ ਮਾਇਆਵਤੀ ਨਾਲ ਲੜਾਈ ਹੋਣੀ ਹੈ, ਉਹ ਵੀ ਕਿਸੇ ਚੱਜ-ਆਚਾਰ ਜਾਂ ਸਿਧਾਂਤ ਨਾਲ ਵਾਸਤਾ ਰੱਖੇ ਬਿਨਾਂ ਧੱਕੜਸ਼ਾਹੀ ਦੀ ਰਾਜਨੀਤੀ ਕਰਦੀ ਹੈ। ਹੁਣੇ ਜਿਹੇ ਉਸ ਨੇ ਕਰੋੜਾਂ ਰੁਪਏ ਦੀ ਲਾਗਤ ਵਾਲੇ ਪਾਰਕ ਦਾ ਉਦਘਾਟਨ ਕੀਤਾ ਹੈ। ਖੂਬਸੂਰਤ ਪਾਰਕ ਬਣਾਉਣਾ ਗਲਤ ਨਹੀਂ, ਉਸ ਵਿਚ ਡਾਕਟਰ ਭੀਮ ਰਾਓ ਅੰਬੇਡਕਰ ਦੇ ਨਾਲ ਬਾਬੂ ਕਾਂਸ਼ੀ ਰਾਮ ਦੀ ਮੂਰਤੀ ਵੀ ਕੋਈ ਜਾਇਜ਼ ਮੰਨ ਲਵੇਗਾ ਪਰ ਮਾਇਆਵਤੀ ਦਾ ਆਪਣੀ ਮੂਰਤੀ ਲਾਉਣਾ ਤੇ ਫਿਰ ਆਪ ਹੀ ਉਸ ਮੂਰਤੀ ਨੂੰ ਹਾਰ ਪਹਿਨਾ ਕੇ ਉਸ ਦੇ ਚਰਨਾਂ ਵਿਚ ਫੁੱਲ ਭੇਟ ਕਰਨਾ ਮੂਲੋਂ ਹੀ ਹਾਸੋਹੀਣਾ ਲੱਗਦਾ ਹੈ। ਉਹ ਇਹ ਗੱਲ ਵੀ ਕਈ ਵਾਰ ਕਹਿ ਚੁੱਕੀ ਹੈ ਕਿ ਪੁਰਾਣੀਆਂ ਦੇਵੀਆਂ ਨੇ ਕੁਝ ਨਹੀਂ ਦਿੱਤਾ, ਮੈਂ ਅੱਜ ਦੀ ਦੇਵੀ ਹਾਂ, ਮੇਰੀ ਪੂਜਾ ਕਰਿਆ ਕਰੋ। ਜਦੋਂ ਉਸ ਦੇ ਗਲ਼ ਕਰੋੜਾਂ ਰੁਪਏ ਦਾ ਨੋਟਾਂ ਦਾ ਹਾਰ ਪਾਏ ਜਾਣ ਤੋਂ ਰੌਲਾ ਪਿਆ ਸੀ ਤਾਂ ਅਗਲੇਰੇ ਦਿਨ ਉਸ ਨੇ ਉਹੋ ਜਿਹਾ ਇਕ ਹੋਰ ਹਾਰ ਪਵਾ ਕੇ ਕਹਿ ਦਿੱਤਾ ਸੀ ਕਿ 'ਕਰ ਲਓ ਜੋ ਕਰਨਾ ਹੈ, ਸਾਨੂੰ ਕੋਈ ਪ੍ਰਵਾਹ ਨਹੀਂ।' ਉਸ ਦੇ ਪੈਰੋਕਾਰ ਉਸ ਦੀ ਇਸ 'ਹਿੰਮਤ' ਦੀ ਵੀ ਦਾਦ ਦਿੰਦੇ ਹਨ। ਰਾਜਸੀ ਪੈਂਤੜੇ ਵੀ ਉਸ ਨੇ ਚੁਟਕੀਆਂ ਨਾਲ ਬਦਲੇ ਹੋਏ ਹਨ ਤੇ ਨਾਹਰੇ ਵੀ। ਇਕ ਮੌਕੇ ਉਸ ਨੇ ਦਲਿਤਾਂ ਨੂੰ ਉਭਾਰਨ ਲਈ ਉੱਚੀ ਜਾਤ ਕਹੇ ਜਾਣ ਵਾਲਿਆਂ ਦੇ ਵਿਰੁੱਧ ਇਹ ਨਾਅਰਾ ਲਾ ਦਿੱਤਾ ਸੀ: 'ਤਿਲਕ ਤਰਾਜੂ ਔਰ ਤਲਵਾਰ, ਇਨ ਕੋ ਮਾਰੋ ਜੂਤੇ ਚਾਰ' ਪਰ ਜਦੋਂ ਰਾਜਸੀ ਘੋਲ ਵਿਚ ਉੱਚੀ ਜਾਤੀ ਦੀ ਬ੍ਰਾਹਮਣ ਧਿਰ ਨੂੰ ਨਾਲ ਜੋੜਨਾ ਸੀ, ਉਦੋਂ ਬ੍ਰਾਹਮਣਾਂ ਦੀ ਖੁਸ਼ੀ ਵਾਸਤੇ ਇਹ ਨਾਹਰਾ ਲਾ ਦਿੱਤਾ: 'ਬ੍ਰਾਹਮਣ ਸੰਖ ਬਜਾਏਗਾ, ਹਾਥੀ ਬੜਤਾ ਜਾਏਗਾ'। ਹਾਥੀ ਉਸ ਦਾ ਚੋਣ ਨਿਸ਼ਾਨ ਹੈ। ਹੁਣ ਜਿਸ ਪਾਰਕ ਵਿਚ ਵੱਡੀਆਂ ਸਤਿਕਾਰਤ ਹਸਤੀਆਂ ਦੇ ਬੁੱਤਾਂ ਦੇ ਨਾਲ ਮਾਇਆਵਤੀ ਨੇ ਆਪਣੀਆਂ ਮੂਰਤੀਆਂ ਲਾਈਆਂ ਹਨ, ਉਸ ਵਿਚ ਮਹਿੰਗੇ ਸੰਗਮਰਮਰ ਵਾਲੇ ਸੈਂਕੜਿਆਂ ਦੇ ਹਿਸਾਬ ਨਾਲ ਹਾਥੀ ਦੇ ਬੁੱਤ ਵੀ ਲਾ ਦਿੱਤੇ ਹਨ। ਭਾਰਤ ਦਾ ਰਾਜਕੀ ਨਿਸ਼ਾਨ 'ਤਿੰਨ ਸ਼ੇਰ' ਅਸਲ ਵਿਚ ਅਸ਼ੋਕ ਸਤੰਭ ਵਾਲੇ ਥੰਮ੍ਹ ਦੇ ਸਿਰੇ ਉੱਤੇ ਬਣੇ ਹੋਏ ਚਾਰ ਸ਼ੇਰ ਹਨ। ਬੀਬੀ ਨੇ ਇਨ੍ਹਾਂ ਪਾਰਕਾਂ ਵਿਚ ਉਸ ਦੀ ਥਾਂ ਚਾਰੇ ਪਾਸੇ ਸੁੰਡ ਚੁੱਕੀ ਖੜ੍ਹੇ ਚਾਰ ਹਾਥੀ ਦੇ ਥੰਮ੍ਹ ਲਾ ਕੇ ਸਰਕਾਰੀ ਨਿਸ਼ਾਨ ਦਾ ਬਦਲ ਪੇਸ਼ ਕਰ ਦਿੱਤਾ ਹੈ। ਉਹ ਜਾਣਦੀ ਹੈ ਕਿ ਜਿੰਨਾ ਉਸ ਦਾ ਵਿਰੋਧ ਹੋਵੇਗਾ, ਉਸ ਦੇ ਸਮਰਥਕ ਉਨੇ ਹੋਰ ਨਾਲ ਜੁੜਨਗੇ।



*ਨਰਿੰਦਰ ਮੋਦੀ ਅਤੇ ਐਲ ਕੇ ਅਡਵਾਨੀ*

ਗੁਜਰਾਤ ਦੇ ਨਰਿੰਦਰ ਮੋਦੀ ਦੀ ਗੱਲ ਅਸੀਂ ਨਹੀਂ ਛੇੜ ਰਹੇ ਕਿਉਂਕਿ ਬਹੁਤ ਕੁਝ ਕਿਹਾ ਜਾ ਚੁੱਕਾ ਹੈ ਪਰ ਸਾਡੇ ਪੰਜਾਬ ਦੀ ਚਰਚਾ ਕੀਤੇ ਬਿਨਾਂ ਬਾਤ ਅਧੂਰੀ ਜਾਪੇਗੀ। ਇੱਥੇ ਵੀ ਹਾਲਤ ਮਾਇਆਵਤੀ ਵਰਗੀ ਬਣੀ ਜਾ ਰਹੀ ਹੈ। ਸਾਰਾ ਕੁਝ ਇਸ ਤਰ੍ਹਾਂ ਦਾ ਹੈ ਜਿਸ ਨੂੰ ਪੰਜਾਬੀ ਮੁਹਾਵਰੇ ਵਿਚ 'ਲਾਹ ਦਿੱਤੀ ਲੋਈ ਤਾਂ ਕੀ ਕਰੇਗਾ ਕੋਈ' ਕਹਿ ਕੇ ਸਾਰਿਆ ਜਾ ਸਕਦਾ ਹੈ। ਇਸ ਹਫਤੇ ਪੰਜਾਬ ਦੇ ਉਪ ਮੁੱਖ ਮੰਤਰੀ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਵਿਰਾਸਤ ਪਿੰਡ ਦਾ ਨੀਂਹ ਪੱਥਰ ਰੱਖਿਆ ਹੈ ਜਿਸ ਦਾ ਨੀਂਹ ਪੱਥਰ 2003 ਵਿਚ 'ਮੇਰਾ ਪਿੰਡ' ਨਾਂ ਦੀ ਸ਼ਾਹਕਾਰ ਰਚਨਾ ਪੇਸ਼ ਕਰਨ ਵਾਲੇ ਸਿਰਮੌਰ ਲੇਖਕ ਗਿਆਨੀ ਗੁਰਦਿੱਤ ਸਿੰਘ ਰੱਖ ਚੁੱਕੇ ਸਨ। ਦੂਜੇ ਪਾਸੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਨੂੰ ਆਨੰਦਪੁਰ ਸਾਹਿਬ ਆ ਕੇ ਉਸ ਵਿਰਾਸਤੀ ਕੰਪਲੈਕਸ ਦਾ ਉਦਘਾਟਨ ਕਰਨ ਦਾ ਸੱਦਾ ਦੇ ਦਿੱਤਾ ਹੈ ਜਿਸ ਦਾ ਉਦਘਾਟਨ ਸਾਲ 2006 ਵਿਚ ਇਕ ਸੌ ਇਕ ਸੰਤਾਂ-ਮਹਾਂਪੁਰਸ਼ਾਂ ਨੂੰ ਨਾਲ ਲੈ ਕੇ ਉਦੋਂ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕਰਵਾ ਚੁੱਕੇ ਸਨ। ਇਕ-ਇਕ ਪਰਾਜੈਕਟ ਦੇ ਦੋ-ਦੋ ਉਦਘਾਟਨ ਜਾਂ ਨੀਂਹ-ਪੱਥਰ ਅਤੇ ਪ੍ਰਾਜੈਕਟ ਅਜੇ ਪੂਰੇ ਨਹੀਂ ਹੋਏ ਅਤੇ ਪੂਰੇ ਹੋਣ ਦੀ ਆਸ ਵੀ ਨਹੀਂ।

ਜਦੋਂ ਹਰ ਪਾਸੇ ਲੋਕਾਂ ਸਾਹਮਣੇ ਲੀਡਰਸ਼ਿਪ ਦਾ ਸੰਕਟ ਪੇਸ਼ ਹੈ, ਉਦੋਂ ਲੈ-ਦੇ ਕੇ ਅੰਨਾ ਹਜ਼ਾਰੇ ਦੀ ਟੀਮ ਤੋਂ ਆਸ ਜਾਗੀ ਸੀ, ਉਹ ਸ਼ਿਰਾਜਾ ਵੀ ਖਿੱਲਰਦਾ ਨਜ਼ਰ ਆ ਰਿਹਾ ਹੈ। ਪਹਿਲਾਂ ਉਸ ਦੇ ਜੰਤਰ-ਮੰਤਰ ਵਾਲੇ ਮੰਚ ਉੱਤੇ ਯੋਗ ਦੇ ਛੜੱਪੇ ਲਾਉਣ ਵਾਲਾ ਬਾਬਾ ਰਾਮਦੇਵ ਥੋੜ੍ਹੇ ਦਿਨ ਬਾਅਦ ਆਪਣੀ 'ਢਾਈ ਪਾ ਦੀ ਖਿਚੜੀ' ਵੱਖਰੀ ਰਿੰਨ੍ਹਣ ਲੱਗਾ ਪੁਲਿਸ ਦੀ ਕੁੱਟ ਖਾ ਕੇ ਆਪਣੇ ਕਾਰੋਬਾਰ ਦਾ ਕੱਚਾ ਚਿੱਠਾ ਜ਼ਾਹਰ ਕਰਵਾ ਬੈਠਾ ਸੀ। ਫਿਰ ਜਦੋਂ ਰਾਮ ਲੀਲ੍ਹਾ ਮੈਦਾਨ ਵਿਚ ਅੰਨਾ ਨੇ ਵਰਤ ਰੱਖਿਆ ਤਾਂ ਸਵਾਮੀ ਅਗਨੀਵੇਸ਼ ਦੀ ਕੇਂਦਰ ਸਰਕਾਰ ਦੇ ਇਕ ਮੰਤਰੀ ਨਾਲ ਅੰਦਰ ਖਾਤੇ ਕੀਤੀ ਗੰਢ ਤੁਪ ਦੇ ਬਾਹਰ ਆਉਣ ਨਾਲ ਉਸ ਨੂੰ ਪਾਸੇ ਕਰਨਾ ਪੈ ਗਿਆ। ਬੀਤਿਆ ਹਫਤਾ ਇਸ ਪਾਟਕ ਦੇ ਹੋਰ ਸੰਕੇਤ ਦੇ ਗਿਆ। ਟੀਮ ਅੰਨਾ ਦੇ ਇਕ ਅਹਿਮ ਮੈਂਬਰ ਪ੍ਰਸ਼ਾਂਤ ਭੂਸ਼ਣ ਨੇ ਕਿਸੇ ਸੈਮੀਨਾਰ ਵਿਚ ਕਸ਼ਮੀਰ ਦੇ ਸਵਾਲ ਉੱਤੇ ਇੱਦਾਂ ਦੀ ਰਾਏ ਪ੍ਰਗਟ ਕਰ ਦਿੱਤੀ ਕਿ ਭਾਰਤ ਦੀ ਮੁੱਖ ਧਾਰਾ ਨਾਲ ਜੁੜਿਆ ਕੋਈ ਵੀ ਬੰਦਾ ਇਸ ਤੋਂ ਕੌੜ ਖਾ ਸਕਦਾ ਸੀ। ਹਿੰਦੂਤਵ ਨਾਲ ਜੁੜੇ ਜਿਹੜੇ ਸੰਗਠਨ ਹੋਰ ਕਿਸੇ ਤਰ੍ਹਾਂ ਉੱਭਰ ਨਹੀਂ ਸੀ ਸਕਦੇ, ਉਨ੍ਹਾਂ ਨੇ ਮੌਕਾ ਵਰਤਿਆ ਤੇ ਪ੍ਰਸ਼ਾਂਤ ਦੇ ਚੈਂਬਰ ਵਿਚ ਜਾ ਕੇ ਕੁੱਟ-ਮਾਰ ਕਰ ਆਏ। ਇਸ ਤੋਂ ਮਾਮਲਾ ਹੋਰ ਚਰਚਿਤ ਹੋ ਗਿਆ। ਅੰਨਾ ਦੀ ਪੂਰੀ ਟੀਮ ਨੂੰ ਉਸ ਬਿਆਨ ਨਾਲੋਂ ਵੱਖਰੇ ਹੋਣ ਦਾ ਐਲਾਨ ਕਰਨਾ ਪਿਆ। ਇਹ ਗੱਲ ਭਾਵੇਂ ਉਨ੍ਹਾਂ ਨੇ ਵਿਚਾਰ ਕਰ ਕੇ ਕਹਿ ਦਿੱਤੀ ਕਿ ਪ੍ਰਸ਼ਾਂਤ ਨੂੰ ਟੀਮ ਤੋਂ ਪਾਸੇ ਨਹੀਂ ਕੀਤਾ ਜਾਵੇਗਾ ਪਰ ਵਖਰੇਵਾਂ ਤਾਂ ਜ਼ਾਹਰ ਹੋ ਹੀ ਗਿਆ। ਉਸ ਦੇ ਪਿੱਛੋਂ ਇਸ ਟੀਮ ਦੇ ਅਹਿਮ ਮੈਂਬਰ ਅਤੇ ਸਾਬਕਾ ਜਸਟਿਸ ਸੰਤੋਸ਼ ਹੇਗੜੇ ਨੇ ਹਿਸਾਰ ਦੀ ਚੋਣ ਮੁਹਿੰਮ ਵਿਚ ਜਾ ਕੇ ਕੁੱਦਣ ਦੀ ਜਨਤਕ ਤੌਰ 'ਤੇ ਵਿਰੋਧ ਕਰ ਕੇ ਕਹਿ ਦਿੱਤਾ ਕਿ ਸਾਡਾ ਗੈਰ-ਰਾਜਨੀਤਕ ਮੰਚ ਹੈ, ਇੱਦਾਂ ਹੀ ਰੱਖਣਾ ਬਣਦਾ ਹੈ; ਜੋ ਹਿਸਾਰ ਵਿਚ ਕੀਤਾ ਗਿਆ, ਉਸ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ। ਨਤੀਜੇ ਵਜੋਂ ਭਾਰਤ ਦੇ ਲੀਡਰਾਂ ਨੂੰ ਰਾਹੇ ਪਾਉਣ ਦਾ ਮਕਸਦ ਲੈ ਕੇ ਮੈਦਾਨ ਵਿਚ ਆਈ ਅੰਨਾ ਟੀਮ ਦੇ ਆਪਣੇ ਮੈਂਬਰ 'ਜਿੰਨੇ ਮੂੰਹ, ਉਨੀਆਂ ਗੱਲਾਂ' ਨਾਲ ਪਾਟੋਧਾੜ ਹੋਏ ਲੱਭਦੇ ਹਨ।

ਜਦੋਂ ਇਹ ਸਾਲ ਮੁੱਕਣ ਅਤੇ ਅਗਲਾ ਉਹ ਚੜ੍ਹਨ ਵਾਲਾ ਹੈ ਜਿਸ ਵਿਚ ਬੜੇ ਅਹਿਮ ਰਾਜਾਂ ਦੀ ਗੱਦੀ ਦਾਅ ਉੱਤੇ ਲੱਗੀ ਹੋਣੀ ਹੈ, ਉਦੋਂ ਇਕ ਵਾਰੀ ਫਿਰ ਭਾਰਤ ਦੇ ਆਮ ਆਦਮੀ ਮੂਹਰੇ ਇਹ ਸੰਕਟ ਹੈ ਕਿ ਉਹ ਅਗਵਾਈ ਲਈ ਦੇਖੇ ਤਾਂ ਕਿਸ ਵੱਲ ਦੇਖੇ?


## ਜਾਇਦਾਦ ਦੀ ਖਰੀਦ-ਵੇਚ

**ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ**

**ਪੁਨੀਆ ਰੀਅਲ ਅਸਟੇਟ:94173-34049**

**ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ**

# ਜ਼ਿਮਨੀ ਚੋਣਾਂ 'ਚ ਕਾਂਗਰਸ ਨੂੰ ਲੈ ਬੈਠਾ ਭ੍ਰਿਸ਼ਟਾਚਾਰ

(ਸਫਾ ਇਕ ਦੀ ਬਾਕੀ)

ਦੇ ਉਮੀਦਵਾਰਾਂ ਦੀ ਹਾਰ ਨੂੰ ਭ੍ਰਿਸ਼ਟਾਚਾਰ ਅਤੇ ਕੁਸ਼ਾਸਨ ਦੀ ਹਾਰ ਦੱਸਿਆ ਹੈ। ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਆਸ ਹੈ ਕਿ ਹਾਕਮ ਧਿਰ ਕਾਂਗਰਸ ਦੀ ਹਾਰ ਦਾ ਸਿਲਸਿਲਾ ਪੰਜ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਜਾਰੀ ਰਹੇਗਾ। ਉਧਰ ਕਾਂਗਰਸ ਆਗੂ ਜ਼ਿਮਨੀ ਚੋਣ ਦੇ ਨਤੀਜਿਆਂ ਨੂੰ ਅਗਲੇ ਕੁਝ ਮਹੀਨਿਆਂ ਬਾਅਦ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਨਾਲ ਜੋੜ ਦੇ ਦੇਖਣ ਦੇ ਖਿਲਾਫ਼ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਵਿਧਾਨ ਸਭਾ ਚੋਣਾਂ ਵਿਚ ਲੋਕ ਸਥਾਪਤੀ ਵਿਰੋਧੀ ਵੋਟ ਪਾਉਣਗੇ। ਕਾਂਗਰਸ ਦਾ ਕਹਿਣਾ ਹੈ ਕਿ ਉਹ ਹਾਰ ਦੇ ਕਾਰਨਾਂ ਦਾ ਜਾਇਜ਼ਾ ਲਵੇਗੀ। ਸਿਵਲ ਸੁਸਾਇਟੀ ਦੇ ਆਗੂ ਕਾਂਗਰਸ ਦੀ ਹਾਰ ਦਾ ਸਿਹਰਾ ਆਪਣੇ ਸਿਰ ਬੰਨ੍ਹ ਰਹੇ ਹਨ।

ਕਾਂਗਰਸ ਪਾਰਟੀ ਨੂੰ ਹਿਸਾਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਵਿਚ ਲੱਕ ਤੋੜਵੀਂ ਹਾਰ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਇਸ ਦੇ ਉਮੀਦਵਾਰ ਦੀਆਂ ਵੋਟਾਂ ਦੀ ਗਿਣਤੀ ਪਿਛਲੀਆਂ ਆਮ ਚੋਣਾਂ ਨਾਲੋਂ ਹੋਰ ਘੱਟ ਗਈ ਹੈ। ਇਸ ਹਾਰ ਨੇ ਹਾਕਮ ਧਿਰ ਕਾਂਗਰਸ ਨੂੰ ਕਸੂਤੀ ਹਾਲਤ ਵਿਚ ਫਸਾ ਦਿੱਤਾ ਹੈ। ਇਸ ਜਿੱਤ ਤੋਂ ਭਾਜਪਾ ਆਗੂ ਪੂਰੀ ਤਰ੍ਹਾਂ ਖੁਸ਼ੀ ਦੇ ਰੌਅ ਵਿਚ ਹਨ ਤੇ ਉਨ੍ਹਾਂ ਨੂੰ ਆਸ ਹੈ ਕਿ ਸ਼ਾਇਦ ਇਸ ਜ਼ਿਮਨੀ ਚੋਣ ਦੇ ਨਤੀਜੇ ਦਾ ਅਗਲੇ ਕੁਝ ਮਹੀਨਿਆਂ ਬਾਅਦ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ 'ਤੇ ਵੀ ਅਸਰ ਪਵੇਗਾ। ਉਂਜ, ਸਿਆਸੀ ਹਲਕੇ ਭਾਜਪਾ ਦੇ ਇਸ ਤਰਕ ਨਾਲ ਸਹਿਮਤ ਨਹੀਂ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਹਲਕੇ ਤੋਂ ਪਹਿਲਾਂ ਤਤਕਾਲੀ ਮੁੱਖ ਮੰਤਰੀ ਚੌਧਰੀ ਭਜਨ ਲਾਲ ਜਿੱਤੇ ਸਨ ਤੇ ਉਨ੍ਹਾਂ ਦੀ ਮੌਤ ਕਾਰਨ ਹਿਸਾਰ ਸੀਟ ਖਾਲੀ ਹੋਈ ਸੀ ਤੇ ਇਸ ਕਾਰਨ ਪੈਦਾ ਹੋਈ ਹਮਦਰਦੀ ਦੀ ਵੋਟ ਉਨ੍ਹਾਂ ਦੇ ਪੁੱਤਰ ਕੁਲਦੀਪ ਬਿਸ਼ਨੋਈ ਨੂੰ ਮਿਲੀ ਹੈ। ਇਸ ਜਿੱਤ ਨੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਲਈ ਨਵੀਆਂ ਸਮੱਸਿਆਵਾਂ ਖੜ੍ਹੀਆਂ ਕਰ ਦਿੱਤੀਆਂ ਹਨ।

ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭਜਨ ਲਾਲ ਜਿਨ੍ਹਾਂ ਦੇ ਦੇਹਾਂਤ ਕਾਰਨ ਇਹ ਸੀਟ ਖਾਲੀ ਹੋਈ ਸੀ, ਦੇ ਪੁੱਤਰ ਕੁਲਦੀਪ ਬਿਸ਼ਨੋਈ (42 ਸਾਲ) ਨੇ ਆਪਣੇ ਨਜ਼ਦੀਕੀ ਵਿਰੋਧੀ ਇੰਡੀਅਨ ਨੈਸ਼ਨਲ ਲੋਕ ਦਲ ਦੇ ਉਮੀਦਵਾਰ ਅਜੈ ਸਿੰਘ ਚੌਟਾਲਾ (50 ਸਾਲ) ਨੂੰ 6323 ਵੋਟਾਂ ਦੇ ਫਰਕ ਨਾਲ ਹਰਾ ਦਿੱਤਾ। ਇਸ ਚੋਣ ਲਈ 9 ਲੱਖ ਤੋਂ ਵਧੇਰੇ ਵੋਟਾਂ ਪੋਲ ਹੋਈਆਂ। ਸੱਤਾਧਾਰੀ ਕਾਂਗਰਸ ਦੇ ਉਮੀਦਵਾਰ ਤੇ ਹਿਸਾਰ ਹਲਕੇ ਤੋਂ ਤਿੰਨ ਵਾਰ ਲੋਕ ਸਭਾ ਮੈਂਬਰ ਰਹੇ ਸਾਬਕਾ ਕੇਂਦਰੀ ਮੰਤਰੀ ਜੈ ਪ੍ਰਕਾਸ਼ ਨੂੰ ਤੀਜਾ ਸਥਾਨ ਮਿਲਿਆ। ਉਨ੍ਹਾਂ ਕਾਂਗਰਸ ਉਮੀਦਵਾਰ ਵਜੋਂ ਆਖਰੀ ਵਾਰ 2004 ਵਿਚ ਇਹ ਸੀਟ ਜਿੱਤੀ ਸੀ।

ਹਰਿਆਣਾ ਜਨਹਿਤ ਕਾਂਗਰਸ ਤੇ ਭਾਜਪਾ ਦੇ ਸਾਂਝੇ ਉਮੀਦਵਾਰ ਕੁਲਦੀਪ ਬਿਸ਼ਨੋਈ ਨੇ 3,55,941 ਵੋਟਾਂ ਹਾਸਲ ਕੀਤੀਆਂ। ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਦੇ ਪੁੱਤਰ ਅਜੈ ਚੌਟਾਲਾ ਨੂੰ 3,49,618 ਅਤੇ ਕਾਂਗਰਸ ਦੇ ਉਮੀਦਵਾਰ ਜੈ ਪ੍ਰਕਾਸ਼ ਨੂੰ 1,49,785 ਵੋਟਾਂ ਮਿਲੀਆਂ। ਇਸ ਚੋਣ ਲਈ ਭਾਵੇਂ 40 ਉਮੀਦਵਾਰ ਮੈਦਾਨ ਵਿਚ ਸਨ ਪਰ ਮੁੱਖ ਤੌਰ 'ਤੇ ਇਹ ਤਿਕੋਣਾ ਮੁਕਾਬਲਾ ਸੀ। ਹਲਕੇ ਦੀਆਂ ਕੁੱਲ 13.22 ਲੱਖ ਵੋਟਾਂ ਹਨ।

ਟੀਮ ਅੰਨਾ ਵੱਲੋਂ ਭਾਵੇਂ ਕਾਂਗਰਸ ਨੂੰ ਹਰਾਉਣ ਦਾ ਸੱਦਾ ਦਿੱਤਾ ਹੋਇਆ ਸੀ ਪਰ ਜੇਤੂ ਰਹੇ ਉਮੀਦਵਾਰ ਨੇ ਦਾਅਵਾ ਕੀਤਾ ਕਿ ਉਸ ਦੇ ਪ੍ਰਦਰਸ਼ਨ 'ਚ ਇਸ ਸੱਦੇ ਨੇ ਕੋਈ ਯੋਗਦਾਨ ਨਹੀਂ ਦਿੱਤਾ। ਦੂਜੇ ਪਾਸੇ ਕਾਂਗਰਸ ਨੇ ਦਾਅਵਾ ਕੀਤਾ ਕਿ ਉਸ ਨੇ ਹਿਸਾਰ ਹਲਕੇ ਵਿਚ ਤਕੜੀ ਟੱਕਰ ਦਿੱਤੀ ਜਿੱਥੇ ਅਕਸਰ ਵਿਰੋਧੀ ਪਾਰਟੀਆਂ ਦਾ ਦਬਦਬਾ ਰਿਹਾ ਹੈ। ਕਾਂਗਰਸ ਖਿਲਾਫ ਜ਼ੋਰਦਾਰ ਪ੍ਰਚਾਰ ਮੁਹਿੰਮ ਚਲਾਉਣ ਵਾਲੇ ਟੀਮ ਅੰਨਾ ਦੇ ਮੋਹਰੀ ਮੈਂਬਰ ਅਰਵਿੰਦਰ ਕੇਜਰੀਵਾਲ ਨੇ ਕਿਹਾ ਕਿ ਇਹ ਜਨ ਲੋਕਪਾਲ ਬਿੱਲ ਦੇ ਹੱਕ 'ਚ ਫਤਵਾ ਹੈ। ਕਾਂਗਰਸ ਨੂੰ ਇਸ ਤੋਂ ਸਬਕ ਲੈਣਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਸ੍ਰੀ ਬਿਸ਼ਨੋਈ ਦੇ ਪਿਤਾ ਭਜਨ ਲਾਲ ਨੇ 2009 ਦੀਆਂ ਲੋਕ ਸਭਾ ਚੋਣਾਂ ਵਿਚ ਇਹ ਸੀਟ 6,983 ਵੋਟਾਂ ਦੇ ਫਰਕ ਨਾਲ ਜਿੱਤੀ ਸੀ। ਉਨ੍ਹਾਂ ਆਪਣੇ ਨਜ਼ਦੀਕੀ ਵਿਰੋਧੀ ਇਨੈਲੋ ਦੇ ਉਮੀਦਵਾਰ ਸੰਪਤ ਸਿੰਘ ਨੂੰ ਹਰਾਇਆ ਸੀ ਜਿਨ੍ਹਾਂ ਇਸ ਚੋਣ ਤੋਂ ਛੇਤੀ ਬਾਅਦ ਹੀ ਕਾਂਗਰਸ ਦਾ 'ਹੱਥ' ਫੜ ਲਿਆ ਸੀ। 2009 ਦੀਆਂ ਲੋਕ ਸਭਾ ਚੋਣਾਂ ਵਿਚ ਵੀ ਜੈ ਪ੍ਰਕਾਸ਼ ਨੂੰ 2,04,539 ਵੋਟਾਂ ਨਾਲ ਤੀਜਾ ਸਥਾਨ ਹੀ ਮਿਲਿਆ ਸੀ।

ਇਸੇ ਤਰ੍ਹਾਂ ਭਾਰਤੀ ਜਨਤਾ ਪਾਰਟੀ ਨੇ ਪੁਣੇ ਜ਼ਿਲ੍ਹੇ 'ਚ ਖੜਕਵਾਸਲਾ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਜਿੱਤ ਲਈ ਹੈ ਜਿਸ ਨਾਲ ਸੱਤਾਧਾਰੀ ਕਾਂਗਰਸ-ਐਨ.ਸੀ.ਪੀ. ਗਠਜੋੜ ਖਾਸ ਕਰਕੇ ਉਪ ਮੁੱਖ ਮੰਤਰੀ ਅਜੀਤ ਪਵਾਰ ਨੂੰ ਤਕੜਾ ਝਟਕਾ ਲੱਗਿਆ ਹੈ। ਭਾਜਪਾ ਦੇ ਭੀਮਰਾਓ ਤਪਕਿਰ ਨੇ ਐਨ.ਸੀ.ਪੀ. ਦੀ ਉਮੀਦਵਾਰ ਹਰਸ਼ਦਾ ਵੰਜਲੇ ਨੂੰ 3625 ਵੋਟਾਂ ਦੇ ਫਰਕ ਨਾਲ ਹਰਾਇਆ। ਹਰਸ਼ਦਾ ਰਾਜ ਠਾਕਰੇ ਦੀ ਪਾਰਟੀ ਐਮ.ਐਨ.ਐਸ. ਦੇ ਵਿਧਾਇਕ ਰਮੇਸ਼ ਵੰਜਲੇ ਦੀ ਵਿਧਵਾ ਹੈ। ਵੰਜਲੇ ਦੀ ਮੌਤ ਕਾਰਨ ਇਸ ਸੀਟ 'ਤੇ ਜ਼ਿਮਨੀ ਚੋਣ ਕਰਾਉਣੀ ਪਈ ਸੀ। ਹਰਸ਼ਦਾ ਲੰਮੇ ਸਮੇਂ ਤੋਂ ਕਾਂਗਰਸ ਦੀ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਸੀ ਪਰ ਜ਼ਿਮਨੀ ਚੋਣਾਂ ਤੋਂ ਪਹਿਲਾਂ ਉਹ ਐਨ.ਸੀ.ਪੀ. ਵਿਚ ਸ਼ਾਮਲ ਹੋ ਗਈ ਸੀ।

ਬਿਹਾਰ 'ਚ ਜਨਤਾ ਦਲ (ਯੂ) ਨੇ ਕਰੌਂਦਾ ਵਿਧਾਨ ਸਭਾ ਸੀਟ ਬਚਾ ਲਈ ਹੈ। ਜਨਤਾ ਦਲ (ਯੂ) ਦੀ ਕਵਿਤਾ ਸਿੰਘ ਨੇ ਆਪਣੇ ਨੇੜਲੇ ਵਿਰੋਧੀ ਉਮੀਦਵਾਰ ਆਰ.ਜੇ.ਡੀ. ਦੇ ਪਰਮੇਸ਼ਵਰ ਨੂੰ 20092 ਵੋਟਾਂ ਦੇ ਫਰਕ ਨਾਲ ਹਰਾਇਆ। ਕਾਂਗਰਸ ਉਮੀਦਵਾਰ ਕਾਲਿਕਾ ਸ਼ਰਨ ਸਿੰਘ ਤੇ ਸੀ.ਪੀ.ਆਈ. (ਐਮ.ਐਲ.) ਦੇ ਜੈਨਾਥ ਯਾਦਵ ਕ੍ਰਮਵਾਰ ਤੀਜੇ ਤੇ ਚੌਥੇ ਸਥਾਨ 'ਤੇ ਰਹੇ।

ਤੇਲੰਗਾਨਾ ਰਾਸ਼ਟਰ ਸਮਿਤੀ ਨੇ ਤੇਲੰਗਾਨਾ ਖਿੱਤੇ ਵਿਚ ਬਾਂਸਵਾੜਾ ਵਿਧਾਨ ਸਭਾ ਸੀਟ ਤਕਰੀਬਨ 50000 ਵੋਟਾਂ ਦੇ ਫਰਕ ਨਾਲ ਜਿੱਤ ਲਈ ਹੈ। ਵੱਖਰੇ ਤੇਲੰਗਾਨਾ ਦੀ ਚੱਲ ਰਹੀ ਲਹਿਰ ਦਾ ਲਾਹਾ ਲੈਂਦਿਆਂ ਟੀ.ਆਰ.ਐਸ. ਨੇ ਤੇਲਗੂ ਦੇਸਮ ਪਾਰਟੀ ਤੋਂ ਇਹ ਸੀਟ ਖੋਹ ਲਈ ਹੈ। ਪੀ. ਸ੍ਰੀਨਿਵਾਸ ਰੈਡੀ ਜੋ 2009 ਵਿਚ ਤੈਲਗੂ ਦੇਸਮ ਪਾਰਟੀ ਦੀ ਟਿਕਟ 'ਤੇ ਜੇਤੂ ਰਿਹਾ ਸੀ, ਇਸ ਵਾਰ ਟੀ.ਆਰ.ਐਸ. ਦੇ ਉਮੀਦਵਾਰ ਵਜੋਂ ਆਪਣੇ ਨੇੜਲੇ ਵਿਰੋਧੀ ਕਾਂਗਰਸ ਦੇ ਐਸ. ਸ੍ਰੀਨਿਵਾਸ ਗੌੜ ਤੋਂ 49989 ਦੇ ਫਰਕ ਨਾਲ ਜੇਤੂ ਰਿਹਾ।

# ਬਾਦਲ ਵੱਲੋਂ ਜਥੇਦਾਰ ਤਲਵੰਡੀ ਨਾਲ ਬੰਦ ਕਮਰਾ ਮੁਲਾਕਾਤ ਦੀ ਚਰਚਾ

**ਲੁਧਿਆਣਾ:** ਬਜ਼ੁਰਗ ਅਕਾਲੀ ਆਗੂ ਜਥੇਦਾਰ ਜਗਦੇਵ ਸਿੰਘ ਤਲਵੰਡੀ ਦੇ ਘਰ ਅਚਾਨਕ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪਹੁੰਚਣ ਕਰਕੇ ਸਿਆਸੀ ਹਲਕਿਆਂ ਵਿਚ ਹਲਚਲ ਪੈਦਾ ਹੋ ਗਈ। ਹਾਸਲ ਜਾਣਕਾਰੀ ਅਨੁਸਾਰ ਮੁੱਖ ਮੰਤਰੀ ਦਾ ਜਥੇਦਾਰ ਤਲਵੰਡੀ ਦੇ ਘਰ ਪੁੱਜਣਾ ਪਹਿਲਾਂ ਤੈਅ ਨਹੀਂ ਹੋਇਆ ਸੀ ਜਿਸ ਕਰਕੇ ਜਥੇਦਾਰ ਤਲਵੰਡੀ ਦੇ ਪੁੱਤਰ ਵੀ ਉਸ ਸਮੇਂ ਘਰ ਵਿਚ ਮੌਜੂਦ ਨਹੀਂ ਸਨ। ਜਥੇਦਾਰ ਤਲਵੰਡੀ ਦੇ ਛੋਟੇ ਪੁੱਤਰ ਤੇ ਸ਼੍ਰੋਮਣੀ ਕਮੇਟੀ ਮੈਂਬਰ ਜਗਜੀਤ ਸਿੰਘ ਤਲਵੰਡੀ ਨੂੰ ਫੋਨ ਕਰਕੇ ਘਰ ਬੁਲਾਇਆ ਗਿਆ ਜਦਕਿ ਰਣਜੀਤ ਸਿੰਘ ਤਲਵੰਡੀ ਇਸ ਮੁਲਾਕਾਤ ਵਿਚ ਸ਼ਾਮਲ ਨਹੀਂ ਹੋ ਸਕੇ। ਸ. ਬਾਦਲ ਨੇ ਜਥੇਦਾਰ ਤਲਵੰਡੀ ਨਾਲ ਬੰਦ ਕਮਰੇ ਵਿਚ ਕਰੀਬ 15 ਮਿੰਟ ਗੱਲਬਾਤ ਕੀਤੀ।

ਜ਼ਿਕਰਯੋਗ ਹੈ ਕਿ ਮਨਪ੍ਰੀਤ ਬਾਦਲ ਨੇ ਜਥੇਦਾਰ ਤਲਵੰਡੀ ਤੋਂ ਅਸ਼ੀਰਵਾਦ ਪ੍ਰਾਪਤ ਕਰਨ ਲਈ ਆਪਣੇ ਸਾਰੇ ਵਸੀਲੇ ਝੋਕ ਦਿੱਤੇ ਹਨ ਜਿਸ ਕਰਕੇ ਸ. ਬਾਦਲ ਨੂੰ ਇਹ ਉਪਰਾਲਾ ਕਰਨਾ ਪਿਆ। ਸਿਆਸੀ ਹਲਕੇ ਮੁੱਖ ਮੰਤਰੀ ਦੀ ਇਸ ਅਚਾਨਕ ਫੇਰੀ ਨੂੰ ਸੁਰਜੀਤ ਸਿੰਘ ਬਰਨਾਲਾ ਦਾ ਪੀਪਲਜ਼ ਪਾਰਟੀ ਆਫ ਪੰਜਾਬ ਨਾਲ ਸਮਝੌਤਾ ਹੋਣਾ ਮੰਨ ਰਹੇ ਹਨ ਕਿਉਂਕਿ ਸੁਰਜੀਤ ਸਿੰਘ ਬਰਨਾਲਾ ਦੀ ਜਥੇਦਾਰ ਤਲਵੰਡੀ ਨਾਲ ਨੇੜਤਾ ਹੈ। ਥੋੜ੍ਹੇ ਦਿਨ ਪਹਿਲਾਂ ਹੀ ਸ. ਬਰਨਾਲਾ ਦੀ ਪਤਨੀ ਸੁਰਜੀਤ ਕੌਰ ਬਰਨਾਲਾ ਨੇ ਜਥੇਦਾਰ ਤਲਵੰਡੀ ਨਾਲ ਲੰਬੀ ਮੁਲਾਕਾਤ ਕੀਤੀ ਸੀ। ਜਥੇਦਾਰ ਤਲਵੰਡੀ ਮੁੱਖ ਮੰਤਰੀ ਨਾਲ ਚੁੱਪ ਭਰੀ ਨਾਰਾਜ਼ਗੀ ਬਣਾ ਕੇ ਬੈਠੇ ਹੋਏ ਸਨ ਕਿਉਂਕਿ ਹਲਕਾ ਰਾਏਕੋਟ ਰਾਖਵਾਂ ਹੋ ਜਾਣ ਕਾਰਨ ਉਨ੍ਹਾਂ ਦੇ ਪੁੱਤਰ ਰਣਜੀਤ ਸਿੰਘ ਤਲਵੰਡੀ ਨੂੰ ਸ. ਬਾਦਲ ਨੇ ਕਿਸੇ ਵੀ ਵਿਧਾਨ ਸਭਾ ਹਲਕੇ ਤੋਂ ਟਿਕਟ ਦੀ ਹਾਮੀ ਨਹੀਂ ਭਰੀ ਸੀ।

ਸੂਤਰਾਂ ਅਨੁਸਾਰ ਇਸ ਮੀਟਿੰਗ ਵਿਚ ਜਥੇਦਾਰ ਤਲਵੰਡੀ ਨੇ ਆਪਣੇ ਪੁੱਤਰ ਰਣਜੀਤ ਸਿੰਘ ਤੋਂ ਇਲਾਵਾ ਆਪਣੇ ਦੋ ਹੋਰ ਸਮਰਥਕਾਂ ਲਈ ਵੀ ਵਿਧਾਨ ਸਭਾ ਚੋਣਾਂ ਲਈ ਪਾਰਟੀ ਟਿਕਟਾਂ ਮੰਗੀਆਂ ਹਨ। ਇਹ ਵੀ ਪਤਾ ਲੱਗਾ ਕਿ ਸ. ਬਾਦਲ ਨੇ ਉਨ੍ਹਾਂ ਨੂੰ ਅਮਰਗੜ੍ਹ ਵਿਧਾਨ ਸਭਾ ਹਲਕੇ ਤੋਂ ਚੋਣ ਲੜਾਉਣ ਦਾ ਸੰਕੇਤ ਦਿੱਤਾ ਜਿਸ 'ਤੇ ਜਥੇਦਾਰ ਤਲਵੰਡੀ ਸਹਿਮਤ ਨਹੀਂ ਹੋਏ ਤੇ ਉਹ ਆਪਣੇ ਪੁੱਤਰ ਨੂੰ ਵਿਧਾਨ ਸਭਾ ਹਲਕਾ ਦਾਖਾ ਤੋਂ ਚੋਣ ਲੜਾਉਣ ਦੇ ਰੌਅ ਵਿਚ ਹਨ। ਸ. ਬਾਦਲ ਨੇ ਜਥੇਦਾਰ ਤਲਵੰਡੀ ਨੂੰ ਕਿਹਾ ਕਿ ਉਹ ਕਾਇਮ ਹੋਣ ਤੇ ਅਕਾਲੀ ਦਲ ਦੀ ਚੜ੍ਹਦੀ ਕਲਾ ਲਈ ਅੱਗੇ ਲੱਗਣ।

ਇਸੇ ਦੌਰਾਨ ਸ. ਬਾਦਲ ਨੇ ਜਥੇਦਾਰ ਤਲਵੰਡੀ ਦੀ ਸਰਪ੍ਰਸਤੀ ਹੇਠ ਕੋਠੀ ਬੱਸੀਆਂ ਵਿਚ 10 ਏਕੜ ਜ਼ਮੀਨ 'ਤੇ ਮਹਾਰਾਜਾ ਦਲੀਪ ਸਿੰਘ ਯਾਦਗਾਰੀ ਮਿਊਜ਼ੀਅਮ ਬਣਾਉਣ ਬਾਰੇ ਵੀ ਸਲਾਹ ਕੀਤੀ। ਸ. ਬਾਦਲ ਨੇ ਇਸ ਜਗ੍ਹਾ 'ਤੇ ਮਹਾਰਾਜਾ ਦਲੀਪ ਸਿੰਘ ਦੀ ਯਾਦ ਵਿਚ ਕਾਲਜ ਤੇ ਦੋ ਏਕੜ ਜ਼ਮੀਨ ਵਿਚ ਪਬਲਿਕ ਲਾਇਬ੍ਰੇਰੀ ਬਣਾਉਣ ਦੀ ਸਲਾਹ ਕੀਤੀ ਹੈ। ਜਥੇਦਾਰ ਤਲਵੰਡੀ ਨੇ ਕਿਹਾ ਕਿ ਉਹ ਇਸ ਪ੍ਰਸਤਾਵ ਨੂੰ ਜਲਦੀ ਅਮਲੀ ਰੂਪ ਦੇ ਦੇਣ। ਮੁੱਖ ਮੰਤਰੀ ਦੀ ਇਸ ਫੇਰੀ ਦੀ ਭਿਣਕ ਕਿਸੇ ਸਥਾਨਕ ਆਗੂ ਨੂੰ ਵੀ ਨਹੀਂ ਪਈ।

## ਕਰੋੜਾਂ ਡਾਲਰ ਦੇ ਘੁਟਾਲੇ 'ਚ 25 ਸਾਲ ਦੀ ਕੈਦ

**ਨਿਊ ਯਾਰਕ:** ਅਮਰੀਕੀ ਅਦਾਲਤ ਨੇ ਇਕ ਵਿਅਕਤੀ ਨੂੰ 40 ਕਰੋੜ ਡਾਲਰ ਦੀ ਸਕੀਮ ਵਿਚੋਂ 19.5 ਕਰੋੜ ਅਮਰੀਕੀ ਡਾਲਰ ਦਾ ਘਪਲਾ ਕਰਨ ਦੇ ਦੋਸ਼ ਵਿਚ 25 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ।

ਨਿਕੋਲਸ ਕੋਸਮੋ ਜੋ ਦੋ ਨਿਵੇਸ਼ ਕੰਪਨੀਆਂ ਚਲਾਉਂਦਾ ਸੀ, ਨੂੰ ਅਮਰੀਕਾ ਦੀ ਜ਼ਿਲ੍ਹਾ ਅਦਾਲਤ ਦੇ ਜੱਜ ਡੇਨਿਸ ਹਰਲੇ ਨੇ ਪੀੜਤਾਂ ਨੂੰ ਮੁਆਵਜ਼ੇ ਵਜੋਂ 17.9 ਕਰੋੜ ਅਮਰੀਕੀ ਡਾਲਰ ਅਦਾ ਕਰਨ ਦੇ ਵੀ ਹੁਕਮ ਦਿੱਤੇ ਹਨ। ਅਦਾਲਤ ਦਾ ਫ਼ੈਸਲਾ ਸੁਣਨ ਆਏ ਪੀੜਤਾਂ ਦਾ ਕਹਿਣਾ ਸੀ ਕਿ ਇਸ ਘੁਟਾਲੇ 'ਚ ਉਨ੍ਹਾਂ ਆਪਣੇ ਪਰਿਵਾਰ ਦੀ ਉਮਰ ਭਰ ਦੀ ਕਮਾਈ ਗਵਾ ਲਈ ਹੈ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ, ਕੈਲੀਫੋਰਨੀਆ

ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ

ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ

*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ

*ਰਿਹਾਇਸ਼ ਦਾ ਵੀ ਖਾਸ ਪ੍ਰਬੰਧ

*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi

Office: (866) 933-3038

Balhar S. Ranu Cell:916-502-7733

Yuba City Ph:530-383-2785

4585 Pell Dr. Secramento CA, 95838



ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਐਂਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ

ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.

Contact : Dr. Shweat Oberoi E-mail : shweat077@yahoo.com

Mobile : 98155-33933 Fax : 0091-181-5062627

ਪੰਜਾਬ ਟਾਈਮਜ਼

*ਸਨਿਚਰਵਾਰ, 22 ਅਕਤੂਬਰ 2011*

# ਦਹਿਸ਼ਤ ਬਨਾਮ ਸਿਆਸਤ

ਅੰਬਾਲਾ ਕੈਂਟ ਤੋਂ ਫੜੇ ਗਏ ਅਸਲ੍ਹੇ ਅਤੇ ਇਸ ਦਾ ਨਾਂ ਇੰਟਰਨੈਸ਼ਨਲ ਬੱਬਰ ਖਾਲਸਾ ਨਾਲ ਜੁੜਨ ਕਾਰਨ ਕਈ ਸਵਾਲ ਉਠ ਖੜ੍ਹੇ ਹਨ। ਇਹ ਜਥੇਬੰਦੀ ਮੁੱਢ ਤੋਂ ਹੀ ਦਹਿਸ਼ਤ ਨਾਲ ਜੂਝਦੀ ਰਹੀ ਹੈ ਅਤੇ ਇਹ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਸਰਦਾਰੀ ਲਈ ਹੋਰ ਖਾੜਕੂ ਧਿਰਾਂ ਨਾਲ ਵੀ ਖਹਿੰਦੀ ਰਹਿੰਦੀ ਸੀ। ਅਸਲ ਵਿਚ ਅਸਲ੍ਹੇ ਦਾ ਸਿੱਧਾ ਸਬੰਧ ਹੈ ਹੀ ਦਹਿਸ਼ਤ ਨਾਲ। ਪੰਜਾਬ ਨੇ ਪੂਰੇ ਦੋ ਦਹਾਕੇ ਅਸਲ੍ਹੇ ਦਾ ਅਸਲ ਰੰਗ ਵੀ ਦੇਖਿਆ ਹੈ। ਉਸ ਦੌਰ ਉਤੇ ਅਜੇ ਤੱਕ ਨਿੱਠ ਕੇ ਚਰਚਾ ਨਹੀਂ ਹੋਈ ਪਰ ਜਦੋਂ ਕਦੀ ਵੀ ਉਸ ਦੌਰ ਦਾ ਇਤਿਹਾਸ ਲਿਖਿਆ ਗਿਆ, ਉਸ ਦੌਰ ਦਾ ਦਰਦ ਇਤਿਹਾਸਕਾਰਾਂ ਲਈ ਵੀ ਪੰਜਾਬੀ ਸੰਗਤ ਵਾਂਗ ਅਸਹਿ ਹੀ ਹੋਵੇਗਾ। ਇੰਨੀ ਵੱਡੀ ਪੱਧਰ ਉਤੇ ਖੂਨ-ਖਰਾਬੇ ਤੋਂ ਬਾਅਦ ਵੀ ਗੱਲ ਜੇ ਹੁਣ ਵੀ ਅਸਲ੍ਹੇ ਉਤੇ ਹੀ ਆਣ ਟਿਕੀ ਹੈ ਤਾਂ ਮਨੁੱਖ ਦੀ ਸਾਵੀਂ-ਪੱਧਰੀ ਜ਼ਿੰਦਗੀ ਲਈ ਜੂਝ ਰਹੀਆਂ ਧਿਰਾਂ ਲਈ ਇਹ ਸੋਚਣ ਦੀ ਘੜੀ ਹੈ। ਉਂਜ, ਇਸ ਤੱਥ ਦਾ ਦੂਜਾ ਪਹਿਲੂ ਵੀ ਹੈ। ਪੰਜਾਬ ਸਣੇ ਪੰਜ ਹੋਰ ਸੂਬਿਆਂ ਵਿਚ ਅਗਲੇ ਸਾਲ ਵਿਧਾਨ ਸਭਾ ਚੋਣਾਂ ਆ ਰਹੀਆਂ ਹਨ। ਇਹ ਕੋਈ ਵੱਡੀ ਗੱਲ ਨਹੀਂ ਕਿ ਸਥਾਪਤੀ ਆਪਣੀ ਪੈਂਠ ਬਰਕਰਾਰ ਰੱਖਣ ਜਾਂ ਆਵਾਮ ਦਾ ਧਿਆਨ ਅਸਲ ਮੁੱਦਿਆਂ ਤੋਂ ਲਾਂਭੇ ਕਰਨ ਲਈ ਅਜਿਹੇ ਮਸਨੂਈ ਮਸਲਿਆਂ ਦੀ ਚਰਚਾ ਕਰਕੇ ਆਪਣਾ ਉਲੂ ਸਿੱਧਾ ਕਰ ਲਵੇ, ਤੇ ਇਹ ਪਹਿਲਾਂ ਵਾਂਗ ਹੀ ਦਹਿਸ਼ਤ ਦਾ ਹਥਿਆਰ ਵਰਤਣਾ ਚਾਹੁੰਦੀ ਹੋਵੇ। ਦੋਹਾਂ ਸੂਰਤਾਂ ਵਿਚ ਹੀ ਹੁਣ 'ਸੋਚਣ ਦੀ ਬੇਲਾ' ਹੈ। ਇਸ ਵੇਲੇ ਜਦੋਂ ਸਮੁੱਚਾ ਸੰਸਾਰ ਤੇਜ਼ ਰਫਤਾਰ ਨਾਲ ਲੀਹ ਉਤੇ ਪੈਣ ਦੇ ਆਹਰ ਵਿਚ ਹੈ ਤਾਂ ਲੀਹੋਂ ਲਾਹੁਣ ਵਾਲੇ ਅਜਿਹੇ ਯਤਨਾਂ ਦੀ ਨਿਸ਼ਾਨਦੇਹੀ ਕਰਨਾ ਸੱਚੀਆਂ ਅਤੇ ਸੁੱਚੀਆਂ ਧਿਰਾ ਦਾ ਫਰਜ਼ ਬਣਦਾ ਹੈ।

ਦਹਿਸ਼ਤ ਆਧੁਨਿਕ ਸਮਾਜ ਦਾ ਕੋਈ ਅਣਹੋਇਆ ਵਰਤਾਰਾ ਨਹੀਂ ਹੈ। ਇਹ ਸਦਾ ਮਨੁੱਖ ਦੇ ਬਰਾਬਰ, ਨਾਲੋ-ਨਾਲ ਸਫਰ ਕਰਦਾ ਰਿਹਾ ਹੈ। ਸਿਆਸਤ ਨਾਲ ਵੀ ਇਸ ਦਾ ਬੜਾ ਪੀਡਾ, ਗਹਿਰਾ ਅਤੇ ਗੂੜ੍ਹਾ ਸਬੰਧ ਹੈ। ਵਿਚਾਰਨ ਵਾਲਾ ਮੁੱਦਾ ਇਹ ਹੈ ਕਿ ਇਸ ਦਾ ਸਿਆਸਤ ਨਾਲ ਰਿਸ਼ਤਾ ਕਿਸ ਤਰ੍ਹਾਂ ਦਾ ਹੈ? ਦਹਿਸ਼ਤ ਦੇ ਪ੍ਰਸੰਗ ਵਿਚ ਵਿਚਾਰਨ ਵਾਲਾ ਇਕ ਹੋਰ ਅਹਿਮ ਮੁੱਦਾ ਹਥਿਆਰਬੰਦ ਸੰਘਰਸ਼ ਦਾ ਹੈ। ਦਹਿਸ਼ਤ ਅਤੇ ਹਥਿਆਰਬੰਦ ਸੰਘਰਸ਼ ਨੂੰ ਅਕਸਰ ਰਲਗੱਡ ਕਰ ਦਿੱਤਾ ਜਾਂਦਾ ਹੈ। ਹਥਿਆਰਬੰਦ ਸੰਘਰਸ਼, ਸਿਆਸਤ ਦਾ ਬਹੁਤ ਅਹਿਮ ਹਿੱਸਾ ਤਾਂ ਹੋ ਸਕਦਾ ਹੈ ਪਰ ਇਹ ਆਪਣੇ ਆਪ ਵਿਚ ਪੂਰੀ-ਸੂਰੀ ਲੜਾਈ ਨਹੀਂ ਹੈ, ਸਗੋਂ ਇਹ ਰਾਹ ਸਿਆਸਤ ਨੂੰ ਦੋ ਕਦਮ ਅਗਾਂਹ ਤੋਰਨ ਲਈ ਵਰਤਿਆ ਜਾਂਦਾ ਹੈ। ਇਕ ਤਾਂ ਇਸ ਦੀਆਂ ਬਹੁਤ ਸਾਰੀਆਂ ਸੀਮਾਵਾਂ ਹਨ, ਦੂਜੇ ਇਸ ਦਾ ਲਾਭ ਥੋੜ੍ਹ-ਚਿਰਾ ਹੁੰਦਾ ਹੈ। ਚਿਰ ਪਹਿਲਾਂ ਮਨੁੱਖ ਦੀ ਬਿਹਤਰ ਜ਼ਿੰਦਗੀ ਦਾ ਸੁਫਨਾ ਲੈਣ ਵਾਲੇ ਸੱਚੇ-ਸੁੱਚੇ ਅਨਾਰਕਿਸਟਾਂ ਨੇ ਇਸ ਦੀ ਵਿਆਖਿਆ ਬਹੁਤ ਵਧੀਆ ਢੰਗ ਨਾਲ ਕੀਤੀ ਹੈ। ਉਨ੍ਹਾਂ ਇਸ ਨੂੰ ਆਪਣੇ ਸੰਘਰਸ਼ ਦੇ ਮੁਢਲੇ ਪ੍ਰਚਾਰ ਦੇ ਸੰਦ ਵਜੋਂ ਵੀ ਚਿਤਵਿਆ। ਭਗਤ ਸਿੰਘ ਨੇ ਵੀ ਇਸ ਨੁਕਤੇ ਬਾਰੇ ਚੰਗੀ-ਚੋਖੀ ਗੱਲ ਕੀਤੀ ਹੈ ਕਿਉਂਕਿ ਜਿਸ ਵੇਲੇ ਉਹ ਅਤੇ ਉਸ ਦੇ ਸਾਥੀ ਸਿਆਸਤ ਵਿਚ ਪੈਰ ਅਤੇ ਪੈਂਠ ਪਾ ਰਹੇ ਸਨ, ਉਦੋਂ ਉਹ ਦੇਸ਼ ਦੀ ਮੂੰਹਜ਼ੋਰ ਮੁੱਖਧਾਰਾ ਸਿਆਸਤ ਦੇ ਖਿਲਾਫ ਬਰਾਬਰ ਦੀ ਸਿਆਸਤ ਲਈ ਰਾਹ ਮੋਕਲਾ ਕਰਨ ਲਈ ਵੀ ਜੂਝ ਰਹੇ ਸਨ। ਉਨ੍ਹਾਂ ਨੇ ਸਿਆਸਤ ਦਾ ਪਿੜ ਬੰਨ੍ਹਣ ਲਈ ਹਰ ਹੀਲਾ-ਵਸੀਲਾ ਕੀਤਾ। ਇਸ ਵਿਚ ਬੇਸ਼ੱਕ, ਦਹਿਸ਼ਤਪਸੰਦੀ ਦਾ ਰਾਹ ਵੀ ਸ਼ਾਮਲ ਸੀ ਪਰ ਉਨ੍ਹਾਂ ਨੇ ਆਪਣੀ ਹਰ ਲੜਾਈ ਦਾ ਮੂੰਹ ਸਿਆਸਤ ਦੇ ਪਿੜ ਵੱਲ ਰੱਖਿਆ। ਹਰ ਕਾਰਵਾਈ ਵਿਚ ਉਨ੍ਹਾਂ ਦੀ ਪਹਿਲ ਸਿਆਸਤ ਹੀ ਹੁੰਦੀ ਸੀ। ਜ਼ਾਹਿਰ ਹੈ ਕਿ ਦਹਿਸ਼ਤ ਦੀ ਵਰਤੋਂ, ਸਿਆਸਤ ਨੂੰ ਜ਼ਰਬ ਦੇਣ ਲਈ ਸੀ। ਇਸ ਤੋਂ ਵੱਧ ਦਹਿਸ਼ਤ, ਸਿਆਸਤ ਦੇ ਰਾਹ ਦਾ ਰੋੜਾ ਹੀ ਬਣਦੀ ਰਹੀ ਹੈ। ਇਸ ਦੀ ਉਭਰਵੀਂ ਮਿਸਾਲ ਪੰਜਾਬ ਵਿਚੋਂ ਸਹਿਜੇ ਹੀ ਦਿੱਤੀ ਜਾ ਸਕਦੀ ਹੈ ਜਦੋਂ ਖਾੜਕੂਆਂ ਦੇ ਦੌਰ ਦੌਰਾਨ ਦਹਿਸ਼ਤ ਨੂੰ ਹੀ ਅੰਤਿਮ ਸਿਆਸਤ ਮੰਨ ਲਿਆ ਗਿਆ। ਫਿਰ ਹੌਲੀ ਹੌਲੀ ਸਿਆਸਤ ਦਾ ਪੱਲਾ ਛੁੱਟਦਾ ਗਿਆ ਅਤੇ ਦਹਿਸ਼ਤ ਭਾਰੂ ਹੁੰਦੀ ਗਈ। ਨਤੀਜਾ ਸਭ ਦੇ ਸਾਹਮਣੇ ਹੈ-ਖਾੜਕੂ ਧਿਰਾਂ ਸਿਆਸਤ ਦਾ ਪਿੜ ਬੰਨ੍ਹਣ ਵਿਚ ਅਸਫਲ ਰਹੀਆਂ। ਇਕ ਗੱਲ ਹੋਰ-ਸਿਆਸਤ ਦਾ ਪਿੜ ਬੰਨ੍ਹਣ ਨਾਲ ਸਰਕਾਰੀ ਦਹਿਸ਼ਤ ਨੂੰ ਨਿੱਠ ਕੇ ਲੜਾਈ ਦੇਣ ਦਾ ਰਾਹ ਵੀ ਬਾਕਾਇਦਾ ਖੁੱਲ੍ਹਦਾ ਹੈ; ਇਸ ਦੇ ਉਲਟ ਦਹਿਸ਼ਤ ਨੂੰ ਬਹਾਨਾ ਬਣਾ ਕੇ ਸਰਕਾਰੀ ਧਿਰ ਨੂੰ ਤਸ਼ੱਦਦ ਕਰਨ ਦਾ ਮੌਕਾ ਮਿਲ ਜਾਂਦਾ ਹੈ। ਇਹ ਸਾਰੇ ਉਹ ਅਹਿਮ ਨੁਕਤੇ ਹਨ ਜਿਹੜੇ ਦਹਿਸ਼ਤ ਅਤੇ ਸਿਆਸਤ ਦੇ ਸੁੱਚੇ ਰਿਸ਼ਤੇ ਨੂੰ ਪਰਿਭਾਸ਼ਿਤ ਕਰਦੇ ਹਨ। ਇਨ੍ਹਾਂ ਨੁਕਤਿਆਂ ਦੇ ਆਧਾਰ 'ਤੇ ਹੀ ਲੜਾਈ ਦਾ ਦਾਰੋ-ਮਦਾਰ ਹੁੰਦਾ ਹੈ। ਜਾਪਦਾ ਇਸ ਤਰ੍ਹਾਂ ਹੈ ਕਿ ਪੰਜਾਬ ਦੀਆਂ ਕੁਝ ਤੱਤੀਆ ਧਿਰਾਂ ਨੇ ਅਜੇ ਵੀ ਇਨ੍ਹਾਂ ਅਹਿਮ ਮਾਮਲਿਆਂ ਨੂੰ ਵਿਚਾਰਨ ਦੀ ਤਕਲੀਫ ਨਹੀਂ ਕੀਤੀ।

ਇਕ ਤੱਥ ਤਾਂ ਐਨ ਸਪਸ਼ਟ ਹੋ ਜਾਣਾ ਚਾਹੀਦਾ ਹੈ ਕਿ ਸੱਤਾ ਧਿਰ ਤੁਹਾਡੀ ਹਰ ਚਾਲ ਤੋੜਨ ਲਈ ਪੂਰਾ ਯਤਨ ਕਰੇਗੀ, ਬਲਕਿ ਇਸ ਤੋਂ ਵੀ ਦੋ ਕਦਮ ਅਗਾਂਹ ਵਧ ਕੇ ਉਹ ਆਪਣੀਆਂ ਹੋਰ ਚਾਲਾਂ ਲਗਾਤਾਰ ਚੱਲੇਗੀ। ਇਹ ਤੁਹਾਡੀ ਸਿਆਸਤ, ਲਿਆਕਤ ਅਤੇ ਯੋਜਨਾਬੰਦੀ ਉਤੇ ਨਿਰਭਰ ਕਰਦਾ ਹੈ ਕਿ ਤੁਸੀਂ ਇਸ ਚੱਕਰਵਿਊ ਨੂੰ ਤੋੜਨਾ ਕਿਸ ਤਰ੍ਹਾਂ ਹੈ? ਇਸ ਚੱਕਰਵਿਊ ਵਿਚ ਫਸੇ ਰਹਿਣ ਦੇ ਤਾਂ ਸੌ ਬਹਾਨੇ ਲੱਭੇ ਜਾ ਸਕਦੇ ਹਨ ਪਰ ਮਸਲਾ ਤਾਂ ਇਸ ਚੱਕਰਵਿਊ ਨੂੰ ਤੋੜ ਕੇ ਆਪਣੀ ਸਿਆਸਤ ਦਾ ਪਿੜ ਬੰਨ੍ਹਣ ਦਾ ਹੈ। ਇਸ ਚੱਕਰਵਿਊ ਨੂੰ ਦਹਿਸ਼ਤ ਲਈ ਕੁਝ ਕੁ ਸਮਾਂ ਟਕੋਰਿਆ ਤਾਂ ਜਾ ਸਕਦਾ ਹੈ ਪਰ ਇਸ ਨੂੰ ਤਹਿਸ-ਨਹਿਸ ਕਰਨ ਦੀ ਕੁੰਜੀ ਦਹਿਸ਼ਤ ਵਾਲਿਆਂ ਕੋਲ ਨਹੀਂ ਹੁੰਦੀ। ਆਖਰਕਾਰ ਤਾਂ ਸਿਆਸਤ ਦੀ ਗਲੀ ਵਿਚੋਂ ਹੀ ਗੇੜਾ ਕੱਢਣਾ ਹੁੰਦਾ ਹੈ। ਜਿੰਨੀ ਦੇਰ ਇਹ ਗੱਲ ਸਮਝੀ-ਵਿਚਾਰੀ ਨਹੀਂ ਜਾਂਦੀ, ਉਤਨੀ ਦੇਰ ਸਿਆਸਤ ਵੱਲ ਖੁੱਲ੍ਹਣ ਵਾਲਾ ਰਾਹ ਮੋਕਲਾ ਨਹੀਂ ਹੋ ਸਕਦਾ। ਬਿਹਤਰ, ਸਾਵੀਂ ਜ਼ਿੰਦਗੀ ਲਈ ਰਾਹ ਦਹਿਸ਼ਤ ਦੇ ਪਿੜ ਵਿਚੋਂ ਨਹੀਂ, ਸਿਆਸਤ ਦੇ ਪਿੜ ਵਿਚੋਂ ਲੰਘਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਲੱਖ ਲਾਹਣਤਾਂ!...ਕਿਨ੍ਹਾਂ ਨੂੰ?*

ਭੇਖ ਬਦਲਦੇ ਵਾਂਗ ਬਹਿਰੂਪੀਆਂ ਦੇ, ਭੌਂਦੂ ਸੇਵਕਾਂ ਤਾਈਂ ਬਣਾਈ ਫਿਰਦੇ।
'ਨਾਮ ਜਪਣ ਤੇ ਕਿਰਤ' ਦਾ ਸਬਕ ਦੇ ਕੇ ਆਪ ਭੋਰੇ ਵਿਚ ਖੇਹ ਉਡਾਈ ਫਿਰਦੇ।
ਅੰਨ੍ਹੀ ਸ਼ਰਧਾ ਦੇ ਜਾਲ ਵਿਚ ਫਸੇ ਲੋਕੀਂ, ਝੁੱਗਾ ਆਪਦਾ ਚੌੜ ਕਰਾਈ ਫਿਰਦੇ।
ਸਿਆਸਤਦਾਨਾਂ ਦੇ ਨਾਲ ਪਾ ਯਾਰੀਆਂ ਏਹ, 'ਵੋਟ-ਬੈਂਕ' ਦਾ ਨਸ਼ਾ ਚੜ੍ਹਾਈ ਫਿਰਦੇ।
ਰੇਪ, ਕਤਲ, ਕੁਕਰਮਾਂ ਵਿਚ ਫਸੇ ਦੇਖੋ, ਸਾਧ ਨਹੀਂ ਇਹ ਗਾਹਕ ਨੇ ਚਕਲਿਆਂ ਦੇ।
ਕਹਿਣ 'ਪਿਤਾ ਜੀ' ਐਹੋ ਜਿਹੇ ਗੁੰਡਿਆਂ ਨੂੰ ਲੱਖ ਲਾਹਣਤਾਂ ਉਨ੍ਹਾਂ ਬੇਅਕਲਿਆਂ ਦੇ!

# ਭਾਰਤੀ ਮਾਓਵਾਦੀਆਂ ਦੇ ਜੀਵਨ 'ਤੇ ਝਾਤ

*ਸੁਵੋਜੀਤ ਬਾਗ਼ਚੀ ਭਾਰਤ ਵਿਚ ਬੀ.ਬੀ.ਸੀ. ਦਾ ਨਾਮਵਰ ਪੱਤਰਕਾਰ ਤੇ ਕਾਲਮਨਵੀਸ ਹੈ। ਉਸ ਨੇ ਪੰਜਾਬ ਵਿਚ ਕਿਸਾਨਾਂ ਦੀਆਂ ਖੁਦਕੁਸ਼ੀਆਂ ਤੋਂ ਲੈ ਕੇ ਭਾਰਤ ਦੀ ਟੈਕਸ ਪ੍ਰਣਾਲੀ ਤੱਕ ਵਰਗੇ ਵਿਸ਼ਿਆਂ 'ਤੇ ਬੜੇ ਜਾਣਕਾਰੀ ਭਰਪੂਰ ਕਾਲਮ ਲਿਖੇ ਹਨ। ਮੌਜੂਦਾ ਲੇਖ ਲਿਖਣ ਲਈ ਉਹ ਖੁਦ ਲਗਾਤਾਰ 34 ਦਿਨ ਛਤੀਸਗੜ੍ਹ ਦੇ ਸੰਘਣੇ ਜੰਗਲਾਂ ਵਿਚ ਮਾਓਵਾਦੀਆਂ ਕੋਲ ਰਹਿ ਕੇ ਆਇਆ ਹੈ। ਜਿਸ ਤਰ੍ਹਾਂ ਵਿਗਿਆਨ ਵਿਚ ਮੂਲ ਸਿਧਾਂਤ ਤਾਂ ਉਵੇਂ ਰਹਿੰਦੇ ਹਨ ਪਰ ਨਵੀਆਂ ਖੋਜਾਂ ਤੇ ਈਜਾਦਾਂ ਹੁੰਦੀਆਂ ਰਹਿੰਦੀਆਂ ਹਨ ਤੇ ਨਵੇਂ ਹਾਲਾਤ ਅਨੁਸਾਰ ਕੁਝ ਨਾ ਕੁਝ ਨਵਾਂ ਜੁੜਦਾ ਰਹਿੰਦਾ ਹੈ; ਇਸੇ ਤਰ੍ਹਾਂ ਮਾਰਕਸਵਾਦ ਵਿਚ ਵੀ ਸਥਾਨਕ ਹਾਲਾਤ ਅਨੁਸਾਰ ਫੇਰ-ਬਦਲ ਹੁੰਦੀ ਰਹਿੰਦੀ ਹੈ। ਜੇ ਲੈਨਿਨ ਨੇ ਇਸ ਨੂੰ ਰੂਸ ਦੇ ਹਾਲਾਤ ਅਨੁਸਾਰ ਆਪਣੇ ਢੰਗ ਨਾਲ ਲਾਗੂ ਕੀਤਾ ਤਾਂ ਇਸ ਨੂੰ ਮਾਰਕਸਵਾਦ-ਲੈਨਿਨਵਾਦ ਕਿਹਾ ਜਾਣ ਲੱਗਾ। ਅੱਗੇ ਜਦ ਮਾਓ-ਜ਼ੇ-ਤੁੰਗ ਨੇ ਇਸ ਨੂੰ ਚੀਨੀ ਸਮਾਜ ਦੀਆਂ ਹਾਲਾਤਾਂ ਅਨੁਸਾਰ ਹੋਰ ਸੋਧ ਕੇ ਲਾਗੂ ਕੀਤਾ ਤਾਂ ਇਸ ਨੂੰ ਮਾਰਕਸਵਾਦ-ਲੈਨਿਨਵਾਦ-ਮਾਓਵਾਦ ਕਿਹਾ ਜਾਣ ਲੱਗਾ ਜਿਸ ਨੂੰ ਆਮ ਬੋਲੀ 'ਚ ਮਾਓਵਾਦ ਕਿਹਾ ਜਾਂਦਾ ਹੈ ਤੇ ਇਸ ਸਿਧਾਂਤ ਦੇ ਪੈਰੋਕਾਰਾਂ ਨੂੰ ਮਾਓਇਸਟ ਜਾਂ ਮਾਓਵਾਦੀ। ਭਾਰਤ ਵਿਚ ਲਹਿਰ ਦਾ ਅਮਲੀ ਅਗਾਜ਼ 1967 ਵਿਚ ਹੋਇਆ। ਇਸ ਨੂੰ ਨਕਸਲਬਾੜੀ ਲਹਿਰ ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਦੀ ਸ਼ੁਰੂਆਤ ਚਾਹ ਦੇ ਬਾਗਾਂ ਵਿਚ ਘਿਰੇ, ਨੇਪਾਲ ਦੀ ਹੱਦ ਨੇੜੇ ਪੱਛਮੀ ਬੰਗਾਲ ਦੇ ਪਿੰਡ ਨਕਸਲਬਾੜੀ ਤੋਂ ਹੋਈ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਦੇ 34 ਸਾਲਾਂ ਦੌਰਾਨ ਇਸ ਲਹਿਰ ਵਿਚ ਬੜੀ ਟੁੱਟ-ਭੱਜ ਹੋਈ ਤੇ ਉਤਰਾ-ਚੜ੍ਹਾਅ ਆਏ ਪਰ ਅੱਜ ਭਾਰਤੀ ਅੰਕੜਿਆਂ ਅਨੁਸਾਰ ਇਹ ਲਹਿਰ ਦੇਸ਼ ਦੇ 600 ਜ਼ਿਲ੍ਹਿਆਂ ਵਿਚ ਅਸਰਅੰਦਾਜ਼ ਹੈ ਜੋ ਕੁਲ ਭਾਰਤ ਦਾ ਇਕ ਤਿਹਾਈ ਹਿੱਸੇ ਤੋਂ ਜ਼ਿਆਦਾ ਹੈ। ਸਰਕਾਰੀ ਅੰਦਾਜ਼ੇ ਅਨੁਸਾਰ ਹੀ ਇਸ ਦੇ ਲੜਾਕੇ ਕਾਮਰੇਡਾਂ ਦੀ ਗਿਣਤੀ 20,000 ਤੋਂ ਵੱਧ ਹੈ। ਇਹੋ ਕਾਰਨ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਆਪਣੇ ਭਾਸ਼ਣਾਂ ਵਿਚ ਇਹ ਗੱਲ ਵਾਰ-ਵਾਰ ਕਹਿੰਦੇ ਹਨ ਕਿ ਅੱਜ ਦੇਸ਼ ਦੀ ਅੰਦਰੂਨੀ ਸੁਰੱਖਿਆ ਨੂੰ ਸਭ ਤੋਂ ਵੱਧ ਖਤਰਾ ਇਨ੍ਹਾਂ ਮਾਓਵਾਦੀਆਂ ਤੋਂ ਹੈ। -ਕ.ਸ. ਰੋਮਾਣਾ*

**ਸੁਵੋਜੀਤ ਬਾਗ਼ਚੀ**

ਅੱਠ ਘੰਟੇ ਲਗਾਤਾਰ ਸੰਘਣੇ ਜੰਗਲਾਂ ਵਿਚੋਂ ਟੁਰਦੇ ਹੋਏ ਅਸੀਂ ਵਿਰਾਨ ਜਿਹੇ ਇਲਾਕੇ ਦੇ ਕਾਫ਼ੀ ਉਚੇ ਨੀਵੇਂ ਰਸਤੇ 'ਤੇ ਪਹੁੰਚੇ ਜਿਸ ਦੇ ਆਖਿਰ 'ਤੇ ਕੁਝ ਨੀਲੇ ਤੇ ਪੀਲੇ ਰੰਗ ਦੇ ਟੈਂਟ ਲੱਗੇ ਦਿਖਾਈ ਦਿੱਤੇ। ਸੋਮ ਜੀ ਨਾਂ ਦਾ ਜਿਹੜਾ ਸ਼ਖ਼ਸ ਮੈਨੂੰ ਦੱਖਣੀ ਛੱਤੀਸਗੜ੍ਹ ਦੇ ਇਕ ਕਸਬੇ 'ਚ ਇੱਥੋਂ ਤੱਕ ਆਪਣੇ ਨਾਲ ਲੈ ਕੇ ਆਇਆ ਸੀ, ਨੇ ਟੈਂਟਾਂ ਦੇ ਨੇੜੇ ਜਾ ਕੇ ਆਪਣੀ ਚਾਲ ਤੇਜ ਕਰ ਦਿੱਤੀ। ਅੱਗੇ ਇਕ ਲੰਬਾ ਤੇ ਹਥਿਆਰਬੰਦ ਨੌਜਵਾਨ ਗਾਰਡ ਖੜ੍ਹਾ ਸੀ ਜਿਸ ਨੇ ਸਾਡੇ ਪਹੁੰਚਣ 'ਤੇ ਸੀਟੀ ਵਜਾਈ, ਤੇ ਟੈਂਟਾਂ ਵਿਚੋਂ ਲੋਕ ਨਿਕਲ ਕੇ ਸਾਡੇ ਵੱਲ ਆਉਣ ਲੱਗੇ। ਪਲ 'ਚ ਹੀ ਉਹ ਸਾਰੇ ਖਾਸ ਫਾਰਮੇਸ਼ਨ 'ਚ ਖੜ੍ਹੇ ਹੋ ਗਏ ਤੇ ਸਾਡੇ ਸਵਾਗਤ 'ਚ ਗੀਤ ਗਾਉਣ ਲੱਗ ਪਏ। ਕਦੇ-ਕਦੇ ਉਹ ਹਵਾ ਵਿਚ ਆਪਣਾ ਮੁੱਕਾ ਲਹਿਰਾਉਂਦੇ ਸਨ ਤੇ 'ਲਾਲ ਸਲਾਮ' ਬੋਲਦੇ ਸਨ। ਇਸ ਕੈਂਪ ਵਿਚ ਜ਼ਿਆਦਾਤਰ 15 ਤੋਂ 30 ਸਾਲ ਦੀ ਉਮਰ ਤੱਕ ਦੇ ਲੋਕ ਸਨ ਜਿਨ੍ਹਾਂ ਰਬੜ ਦੇ ਸੈਂਡਲ ਪਾਏ ਹੋਏ ਸਨ, ਹਰੇ ਰੰਗ ਦੀਆਂ ਫੌਜੀ ਵਰਦੀਆਂ ਪਹਿਨੀਆਂ ਹੋਈਆਂ ਸਨ ਅਤੇ ਅੱਡ-ਅੱਡ ਮਾਰਕਿਆਂ ਦੀਆਂ ਬੰਦੂਕਾਂ ਨਾਲ ਲੈਸ ਸਨ। ਇਨ੍ਹਾਂ ਮਾਓਵਾਦੀਆਂ ਦੇ ਦੱਸਣ ਅਨੁਸਾਰ ਉਹ ਇਨ੍ਹਾਂ ਜੰਗਲਾਂ ਦੇ ਕਬਾਇਲੀ ਤੇ ਗਰੀਬ ਲੋਕਾਂ ਦੇ ਹੱਕਾਂ ਲਈ ਇਕ ਜੰਗ ਲੜ ਰਹੇ ਹਨ।

ਆਪਣਾ ਕੈਂਪ ਕਾਇਮ ਕਰਨ ਵੇਲੇ ਮਾਓਵਾਦੀ ਟੈਂਟਾਂ ਨੂੰ ਅਰਧ-ਵਿਆਸ ਦੇ ਦਾਇਰੇ 'ਚ ਲਾਉਂਦੇ ਹਨ। ਵਿਚਕਾਰ ਵੱਖਰਾ ਟੈਂਟ ਲਾਇਆ ਜਾਂਦਾ ਹੈ ਜਿਸ ਨੂੰ ਉਹ ਹੈਡਕੁਆਰਟਰ ਕਹਿੰਦੇ ਹਨ। ਜਿਥੇ ਵੀ ਤੇ ਜਦੋਂ ਵੀ ਨਵਾਂ ਕੈਂਪ ਕਾਇਮ ਕੀਤਾ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਕੈਂਪ ਕਮਾਂਡਰ ਸਭ ਜਣਿਆਂ ਦੀ ਹਾਜ਼ਰੀ ਲਾਉਂਦਾ ਹੈ ਤੇ ਫਿਰ ਕਿਸੇ ਕੈਂਪ 'ਤੇ ਹਮਲਾ ਹੋ ਜਾਣ ਦੀ ਸੂਰਤ ਵਿਚ ਹਰ ਇਕ ਨੂੰ ਆਪਣੀ-ਆਪਣੀ ਜ਼ਿੰਮੇਵਾਰੀ ਸਮਝਾਉਂਦਾ ਹੈ। ਵਰ੍ਹਦੇ ਮੀਂਹ ਤੇ ਮਹੂਏ ਦੇ ਬਿਰਖ ਦੀ ਓਟ 'ਚ ਲੱਗੇ ਜਿਸ ਪਹਿਲੇ ਕੈਂਪ ਵਿਚ ਮੈਂ ਪੜਾਅ ਕੀਤਾ, ਉਥੇ ਆਕਾਸ਼ ਨਾਂ ਦਾ 18 ਸਾਲਾ ਗੁਰੀਲਾ ਮੇਰੀ ਸੁਰੱਖਿਆ ਦਾ ਇੰਚਾਰਜ ਸੀ। ਉਸ ਨੇ ਆਪਣੀ ਰੱਖਿਆ ਆਪ ਕਰਨ ਦੇ ਕੁਝ ਤਰੀਕੇ ਮੈਨੂੰ ਵੀ ਸਮਝਾਏ। ਉਹ ਰਾਤ ਵੇਲੇ ਸਿਰਫ ਚਾਰ ਘੰਟੇ ਸੌਂਦਾ ਸੀ। ਮੇਰੀ ਸੁਰੱਖਿਆ ਦੀ ਡਿਊਟੀ ਦੇ ਨਾਲ ਨਾਲ ਉਹ ਹਰ ਰੋਜ਼ ਦੋ ਘੰਟੇ ਲਈ ਸਾਰੇ ਕੈਂਪ 'ਤੇ ਪਹਿਰਾ ਵੀ ਦਿੰਦਾ ਸੀ। ਆਕਾਸ਼ ਮੈਨੂੰ ਸਵੇਰੇ ਸਵੱਖਤੇ ਉਠਾਉਣਾ ਕਦੀ ਨਹੀਂ ਸੀ ਭੁੱਲਦਾ ਕਿਉਂਕਿ ਸੁਰੱਖਿਆ ਕਾਰਨਾਂ ਕਰਕੇ ਹਰ ਰੋਜ਼ ਕੁਝ ਮੀਲ ਪੈਂਡਾ ਕਰਨਾ ਸਭ ਲਈ ਜ਼ਰੂਰੀ ਸੀ। ਉਪਰੋਂ ਲਗਾਤਾਰ ਮੀਂਹ ਵਰ੍ਹਦਾ ਰਹਿੰਦਾ ਸੀ ਤੇ ਰਸਤਾ ਘਣੇ ਜੰਗਲਾਂ ਦਾ ਸੀ। ਮੈਨੂੰ ਪਤਾ ਲੱਗ ਗਿਆ ਸੀ ਕਿ ਆਪਣੀ ਸੁਰੱਖਿਆ ਕਾਰਨ ਮਾਓਵਾਦੀ ਜ਼ਿਆਦਾ ਸਮਾਂ ਇਕੋ ਥਾਂ ਨਹੀਂ ਟਿਕਦੇ। ਹਰ ਦੋ-ਚਾਰ ਦਿਨਾਂ ਬਾਅਦ ਕੈਂਪ ਦਾ ਸਥਾਨ ਬਦਲਦੇ ਰਹਿੰਦੇ ਹਨ ਪਰ ਹੁਣ ਇਹ ਲੋਕ ਜ਼ਿਆਦਾਤਰ ਮੈਨੂੰ ਆਪਣੇ ਪ੍ਰਭਾਵ ਵਾਲੇ ਪਿੰਡਾਂ ਦਾ ਦੌਰਾ ਕਰਵਾਉਣ ਲਈ ਇਹ ਸਫ਼ਰ ਕਰ ਰਹੇ ਸਨ।

ਅਕਾਸ਼ ਨੇ ਦੱਸਿਆ ਕਿ ਜੇਕਰ ਉਹ ਜ਼ਿਆਦਾ ਸਮਾਂ ਇਕ ਥਾਂ 'ਤੇ ਕੈਂਪ ਕਾਇਮ ਰੱਖਦੇ ਹਨ ਤਾਂ ਉਨ੍ਹਾਂ ਦੇ ਟਿਕਾਣੇ ਬਾਰੇ ਜਾਣਕਾਰੀ ਲੀਕ ਹੋ ਜਾਣ ਦਾ ਖ਼ਤਰਾ ਹੁੰਦਾ ਹੈ ਤੇ ਉਹ ਹਮਲੇ ਦਾ ਸ਼ਿਕਾਰ ਹੋ ਸਕਦੇ ਹਨ। ਦੂਜੀ ਗੱਲ ਇਹ ਕਿ ਲਗਾਤਾਰ ਸਥਾਨ ਬਦਲਦੇ ਰਹਿਣ ਨਾਲ ਉਨ੍ਹਾਂ ਨੂੰ ਹਮਦਰਦ ਪੇਂਡੂਆਂ ਤੋਂ ਸੁਰੱਖਿਆ ਦਸਤਿਆਂ ਦੀ ਹਿਲਜੁਲ ਦੀ ਵੀ ਸੂਹ ਮਿਲਦੀ ਰਹਿੰਦੀ ਹੈ। ਆਮ ਤੌਰ 'ਤੇ ਇਨ੍ਹਾਂ ਇਲਾਕਿਆਂ ਦੇ ਪੇਂਡੂਆਂ ਨਾਲ ਮਾਓਵਾਦੀਆਂ ਦੇ ਸਬੰਧ ਕਾਫ਼ੀ ਚੰਗੇ ਹਨ ਪਰ ਸਭ ਨਾਲ ਨਹੀਂ ਕਿਉਂਕਿ ਇਨ੍ਹਾਂ ਵਿਚ ਜਿਹੜੇ ਕੋਈ ਸਰਕਾਰ ਦੇ ਸੂਹੀਏ ਹਨ, ਉਹ ਮਾਓਵਾਦੀਆਂ ਦੇ ਦੁਸ਼ਮਣ ਹਨ ਤੇ ਮਾਓਵਾਦੀ ਉਨ੍ਹਾਂ ਨੂੰ ਮੌਤ ਤੱਕ ਦੀ ਸਜ਼ਾ ਵੀ ਦੇ ਦਿੰਦੇ ਹਨ। ਅਜਿਹਾ ਕਰਦਿਆਂ ਉਹ ਇਸ ਗੱਲ ਦਾ ਖਾਸ ਖ਼ਿਆਲ ਰੱਖਦੇ ਹਨ ਕਿ ਕਿਸੇ ਬੇਗੁਨਾਹ ਨੂੰ ਕੋਈ ਤਕਲੀਫ਼ ਨਾ ਪਹੁੰਚੇ। ਇਸ ਕਰਕੇ ਉਹ ਆਪਣੀ ਪੂਰੀ ਤਹਿਕੀਕਾਤ ਕਰਕੇ ਹੀ ਕੋਈ ਕਾਰਵਾਈ ਕਰਦੇ ਹਨ। ਇਸ ਤਰ੍ਹਾਂ ਕਰਨ ਨਾਲ ਇਨ੍ਹਾਂ ਪੇਂਡੂਆਂ 'ਚ ਉਨ੍ਹਾਂ ਲਈ ਹਮਦਰਦੀ ਅਤੇ ਹਮਾਇਤ ਵੀ ਬਣੀ ਰਹਿੰਦੀ ਹੈ ਤੇ ਮੌਤ ਦੇ ਡਰੋਂ ਸਰਕਾਰੀ ਲਾਲਚ 'ਚ ਆ ਕੇ ਕੋਈ ਪੇਂਡੂ ਉਨ੍ਹਾਂ ਨਾਲ ਧ੍ਰੋਹ ਵੀ ਨਹੀਂ ਕਰਦਾ।



ਜਿਸ ਦਿਨ ਕੈਂਪ ਦੀ ਥਾਂ ਨਹੀਂ ਸੀ ਬਦਲਣੀ ਹੁੰਦੀ, ਉਸ ਦਿਨ ਮੈਂ ਆਪਣੇ ਬਿਸਤਰੇ 'ਤੇ ਅਰਾਮ ਕਰ ਸਕਦਾ ਸਾਂ ਜੋ ਅਲਾਣੀ ਜ਼ਮੀਨ 'ਤੇ ਵਿਛਾਈ ਪਲਾਸਟਿਕ ਸੀਟ ਤੋਂ ਵੱਧ ਕੁਝ ਵੀ ਨਹੀਂ ਸੀ। ਲੇਟਿਆ ਹੋਇਆ ਮੈਂ ਨੌਜਵਾਨ ਗੁਰੀਲਿਆਂ ਨੂੰ ਪਲਾਟੂਨ ਕਮਾਂਡਰ ਦੀਆਂ ਹਦਾਇਤਾਂ ਅਨੁਸਾਰ ਹਥਿਆਰਾਂ ਨਾਲ ਕਵਾਇਦ ਕਰਦਿਆਂ ਦੇਖ ਸਕਦਾ ਸਾਂ। ਅਠਾਰਾਂ ਸਾਲਾ ਗੁਰੀਲਾ ਕੁੜੀ ਗਨੀਤਾ ਨੇ ਵੀ ਮੈਨੂੰ ਮਾਓਵਾਦੀਆਂ ਦੇ ਰੋਜ਼ਾਨਾ ਸਕੈਜੂਅਲ ਬਾਰੇ ਕਾਫ਼ੀ ਕੁਝ ਦੱਸਿਆ। ਇਹ ਕੁੜੀ ਖੁਦ ਬੰਦੂਕ ਦੀ ਬੜੀ ਮਾਹਿਰ ਦੱਸੀਦੀ ਸੀ। ਉਸ ਨੇ ਦੱਸਿਆ ਕਿ ਮਾਓਵਾਦੀ ਇਸ ਇਲਾਕੇ ਵਿਚ 'ਕਮਿਊਨਿਟੀ ਸਰਵਿਸ' ਵਿਚ ਵੀ ਹਿੱਸਾ ਲੈਂਦੇ ਹਨ, ਜਿਵੇਂ ਬੁੱਢੇ ਕਿਸਾਨਾਂ ਦੀ ਕੰਮ 'ਚ ਮਦਦ ਕਰਨੀ, ਪਿੰਡਾਂ ਵਿਚ ਪਾਣੀ ਲਈ ਖੂਹ ਖੋਦਣੇ ਜਾਂ ਲੋਕਲ ਲੋਕਾਂ ਦੀ ਸਿਹਤ-ਸੰਭਾਲ ਸਬੰਧੀ ਮਸਲਿਆਂ ਦੀ ਜਾਣਕਾਰੀ ਦੇਣਾ ਆਦਿ। ਇਸ ਹਫ਼ਤੇ ਰਸੋਈ ਦਾ ਸਾਰਾ ਕੰਮ ਕਰਨ ਦੀ ਗਨੀਤਾ ਦੀ ਵਾਰੀ ਸੀ। ਇਕ ਟੈਂਟ ਵਿਚ ਉਸ ਦੀ ਰਸੋਈ ਸੀ। ਨਾਸ਼ਤੇ ਵਿਚ ਹਲਦੀ ਤੇ ਮੂੰਗਫਲੀ ਵਾਲੇ ਚੌਲ ਪਕਾਏ ਗਏ ਅਤੇ ਦੁਪਹਿਰ ਦੇ ਖਾਣੇ ਵਿਚ ਚੌਲ ਤੇ ਦਾਲ ਦੀ ਤਰੀ (ਸੂਪ) ਸੀ। ਆਮ ਤੌਰ 'ਤੇ ਇਹੋ ਕੁਝ ਹੀ ਪੱਕਦਾ ਸੀ ਕੈਂਪ ਵਿਚ। ਹਾਂ, ਕਦੇ-ਕਦੇ ਡੱਡੂ ਜਾਂ ਜੰਗਲੀ ਸੂਰ ਜਾਂ ਜੰਗਲੀ ਕਿਰਲੇ ਦਾ ਮੀਟ ਵੀ ਖਾਣ ਨੂੰ ਮਿਲ ਜਾਂਦਾ ਸੀ।

ਸ਼ਾਮ ਨੂੰ ਹਰ ਰੋਜ਼ ਪਾਰਟੀ ਸਾਹਿਤ ਪੜ੍ਹਿਆ, ਪੜ੍ਹਾਇਆ ਜਾਂਦਾ ਸੀ ਜਿਹੜਾ ਕਿ ਸੀ.ਪੀ.ਆਈ. (ਮਾਓਵਾਦੀ) ਪਾਰਟੀ ਦੇ ਪਬਲੀਕੇਸ਼ਨ ਵਿੰਗ ਵੱਲੋਂ ਛਾਪਿਆ ਜਾਂਦਾ ਹੈ। ਮੋਟੇ ਤੌਰ 'ਤੇ ਇਸ ਸਾਹਿਤ 'ਚ ਪਾਰਟੀ ਲਾਈਨ 'ਤੇ ਚਾਨਣਾ ਪਾਇਆ ਹੁੰਦਾ ਹੈ ਅਤੇ ਸਰਕਾਰੀ ਕੰਮਾਂ 'ਤੇ ਨੀਤੀਆਂ ਦੀ ਆਲੋਚਨਾ ਕੀਤੀ ਗਈ ਹੁੰਦੀ ਹੈ। ਪਾਰਟੀ ਦਾ ਇਹ ਵਿੰਗ ਅੰਗਰੇਜ਼ੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਹਰ ਮਹੀਨੇ ਲਗਭਗ 12 ਰਸਾਲੇ ਛਾਪਦਾ ਹੈ ਜਿਨ੍ਹਾਂ ਵਿਚੋਂ ਇਕ ਇੱਥੋਂ ਦੀ ਸਥਾਨਕ ਕਬਾਇਲੀ ਭਾਸ਼ਾ ਗੋਂਡੀ ਵਿਚ ਵੀ ਛਪਦਾ ਹੈ। ਹਰ ਇਕ ਕੈਂਪ ਵਿਚ ਇਕ ਜਾਂ ਦੋ ਸੂਰਜੀ ਊਰਜਾ ਨਾਲ ਚਾਰਜ ਹੋ ਜਾਣ ਵਾਲੀਆਂ ਬੈਟਰੀਆਂ ਹੁੰਦੀਆਂ ਹਨ ਜਿਨ੍ਹਾਂ ਨਾਲ ਰਾਤ ਵੇਲੇ ਰੋਸ਼ਨੀ ਲਈ ਪਾਵਰ ਬੱਲਬ ਜਗਾਏ ਜਾਂਦੇ ਹਨ। ਹਫ਼ਤੇ ਵਿਚ ਇਕ ਜਾਂ ਦੋ ਵਾਰ ਕੈਂਪ ਦੇ ਸਾਰੇ ਮੈਂਬਰ ਗੀਤ, ਸੰਗੀਤ ਲਈ ਵੀ ਟੈਂਟ 'ਚ ਇਕੱਠੇ ਹੁੰਦੇ ਹਨ। ਇਨ੍ਹਾਂ ਪ੍ਰੋਗਰਾਮਾਂ 'ਚ ਸਥਾਨਕ ਗੋਂਡੀ ਲੋਕ ਧੁਨਾਂ 'ਚ ਇਨਕਲਾਬੀ ਗੀਤ ਵੀ ਗਾਏ ਜਾਂਦੇ ਹਨ ਤੇ ਪਾਰਟੀ ਦੇ ਯੋਧੇ ਸ਼ਹੀਦਾਂ ਦੀ ਯਾਦ ਵਿਚ ਵੀ ਗੀਤ ਗਾਏ ਜਾਂਦੇ ਹਨ। ਗੀਤ-ਸੰਗੀਤ ਦਾ ਇਹ ਸੈਸ਼ਨ ਸ਼ਾਮ ਬੀ.ਬੀ.ਸੀ. ਤੋਂ ਹਿੰਦੀ ਖ਼ਬਰਾਂ ਦੇ ਸ਼ੁਰੂ ਹੋਣ ਨਾਲ ਖ਼ਤਮ ਹੋ ਜਾਂਦਾ ਹੈ ਅਤੇ ਸਭ ਜਣੇ ਖ਼ਬਰਾਂ ਬੜੇ ਧਿਆਨ ਨਾਲ ਸੁਣਦੇ ਹਨ।

ਜਦੋਂ ਕਦੇ ਗੀਤ-ਸੰਗੀਤ ਨਹੀਂ ਹੁੰਦਾ ਤਾਂ ਲੈਪ-ਟਾਪ 'ਤੇ ਫਿਲਮਾਂ ਦਿਖਾਈਆਂ ਜਾਂਦੀਆਂ ਹਨ। ਮੇਰੇ ਹੁੰਦਿਆਂ ਬਲਰਾਜ ਸਾਹਨੀ ਦੀ ਫਿਲਮ 'ਦੋ ਬਿਘਾ ਜ਼ਮੀਨ' ਵਾਰ-ਵਾਰ ਦਿਖਾਈ ਜਾਂਦੀ ਸੀ ਜੋ ਜਵਾਹਰ ਲਾਲ ਨਹਿਰੂ ਦੇ ਭਾਰਤ ਵਿਚ ਛੋਟੇ ਕਿਸਾਨ ਦੀ ਦੁਰਦਸ਼ਾ ਨੂੰ ਬਿਆਨਦੀ ਹੈ। ਦੂਜੀ ਜ਼ਿਆਦਾ ਦਿਖਾਈ ਜਾਣ ਵਾਲੀ ਫਿਲਮ ਸੀ 'ਦ ਐਕਸਿਸ ਆਫ ਵਾਰ' ਜਿਸ ਵਿਚ ਜੰਗ ਸਬੰਧੀ ਹੋਰ ਘਟਨਾਵਾਂ ਦੇ ਨਾਲ-ਨਾਲ ਮਾਓ-ਜ਼ੇ-ਤੁੰਗ ਦਾ 'ਲੰਬਾ ਕੂਚ' (ਲੌਂਗ ਮਾਰਚ) ਵੀ ਸ਼ਾਮਲ ਹੈ। ਦਿਲਚਸਪ ਗੱਲ ਇਹ ਹੈ ਕਿ ਨੌਜਵਾਨ ਮਾਓਵਾਦੀ ਬਰੂਸ ਲੀ ਦੀ ਫਿਲਮ 'ਐਂਟਰ ਦ ਡਰੈਗਨ' ਬੜੇ ਚਾਅ ਤੇ ਉਤਸ਼ਾਹ ਨਾਲ ਦੇਖਦੇ ਹਨ। ਸ਼ਾਮ ਦੇ ਮਨੋਰੰਜਨ ਵਾਲੇ ਅਜਿਹੇ ਸੈਸ਼ਨਾਂ ਵਿਚ ਮਾਓਵਾਦੀ ਕਾਡਰ ਕੋਸ਼ਿਸ਼ ਕਰਕੇ ਕੈਂਪ ਦੇ ਨੇੜੇ ਦੇ ਪੇਂਡੂ ਲੋਕਾਂ ਨੂੰ ਵੀ ਸ਼ਾਮਲ ਕਰ ਲੈਂਦੇ ਹਨ। ਕਮਾਲ ਦੀ ਗੱਲ ਇਹ ਹੈ ਕਿ ਮਾਓਵਾਦੀਆਂ ਦੇ ਆਉਣ ਤੋਂ ਪਹਿਲਾਂ ਇਨ੍ਹਾਂ ਪੇਂਡੂ ਲੋਕਾਂ ਨੇ ਕਦੇ ਕੋਈ ਫਿਲਮ ਹੀ ਨਹੀਂ ਸੀ ਦੇਖੀ। ਇਹੋ ਕਾਰਨ ਹੈ ਕਿ ਇਲਾਕੇ ਦੇ ਆਮ ਲੋਕ ਮਾਓਵਾਦੀਆਂ ਦੇ ਅਜਿਹੇ ਪ੍ਰੋਗਰਾਮਾਂ 'ਚ ਬੜੇ ਉਤਸ਼ਾਹ ਨਾਲ ਸ਼ਾਮਲ ਹੁੰਦੇ ਹਨ। ਰਾਤ ਵੇਲੇ ਜਦੋਂ ਮੈਂ ਸੌਂਦਾ ਤਾਂ ਕੁਦਰਤੀ, ਮੇਰੇ ਵਾਲੇ ਟੈਂਟ 'ਚ ਵੀ ਨੌਜਵਾਨ ਗੁਰੀਲੇ ਸੌਂ ਰਹੇ ਹੁੰਦੇ ਸੀ। ਅਕਸਰ ਮੈਂ ਸੋਚਦਾ ਕਿ ਮੇਰੇ ਕੋਲ ਸੌਂ ਰਹੇ ਮਾਓਵਾਦੀ ਮੁੰਡਿਆਂ ਦੇ ਘੁਰਾੜਿਆਂ ਅਤੇ ਆਲੇ-ਦੁਆਲੇ ਵੱਡੇ-ਵੱਡੇ ਮੱਛਰਾਂ ਦੀ ਭਿਣਭਿਣਾਹਟ ਦੇ ਬਾਵਜੂਦ ਰਾਤ ਇੰਨੀ ਸ਼ਾਂਤ ਕਿਉਂ ਮਹਿਸੂਸ ਹੁੰਦੀ ਹੈ ਕਿ ਹਵਾ ਸਰਕਦੀ ਵੀ ਸੁਣਦੀ ਸੀ। ਰਾਤ ਦੀ ਇਹ ਸ਼ਾਂਤੀ ਇਨ੍ਹਾਂ ਦੀ ਰਖਵਾਲੀ ਕਰਨ ਵਿਚ ਵੀ ਸਹਾਈ ਹੋ ਰਹੀ ਸੀ ਕਿਉਂਕਿ ਜ਼ਰਾ ਕੁ ਸਰਸਰਾਹਟ ਵੀ ਚੌਕਸੀ ਦਾ ਅਲਾਰਮ ਬਣ ਸਕਦੀ ਸੀ।

***ਅਨੁਵਾਦ: ਪ੍ਰੋ. ਕੁਲਵੰਤ ਸਿੰਘ ਰੋਮਾਣਾ***

# ਨਾਖ਼ੁਸ਼ਗਵਾਰ ਸਵਾਲ, ਬੁਨਿਆਦਪ੍ਰਸਤੀ ਅਤੇ ਗੁਆਂਟਾਨਾਮੋ ਬੇਅ


ਸਵਾਲ ਸੰਵਾਦ



ਦਲਜੀਤ ਅਮੀ

ਫੋਨ:+91-97811-21873


***ਗ੍ਰੀਨ ਹੰਟ ਦੀ ਮੁਹਿੰਮ ਉੱਤੇ ਮੀਡੀਆ ਤੋਂ ਦਰਬਾਨ ਹੋਣ ਦੀ ਤਵੱਕੋ ਕਰਨ ਵਾਲਾ ਕੇਂਦਰੀ ਗ੍ਰਹਿ ਮੰਤਰੀ, ਕਸ਼ਮੀਰ ਅਤੇ ਉੱਤਰ-ਪੂਰਬੀ ਸੂਬਿਆਂ ਬਾਬਤ ਹਰ ਨਾਖ਼ੁਸ਼ਗਵਾਰ ਸਵਾਲ ਨੂੰ ਵੱਖਵਾਦ ਕਰਾਰ ਦਿੰਦਾ ਹੈ। ਇਸ ਸਰਕਾਰੀ ਰੁਖ਼ ਦਾ ਗ਼ੈਰ-ਸਰਕਾਰੀ ਰੂਪ ਪ੍ਰਸ਼ਾਂਤ ਭੂਸ਼ਨ ਉੱਤੇ ਹਮਲਾ ਕਰਨ ਵਾਲਾ 'ਭਗਤ ਸਿੰਘ ਕਰਾਂਤੀ ਸੈਨਾ' ਦਾ ਆਗੂ ਤਜਿੰਦਰ ਪਾਲ ਸਿੰਘ ਬੱਗਾ ਪੇਸ਼ ਕਰਦਾ ਹੈ। ਉਸ ਨੇ ਆਪਣੇ ਫੇਸਬੁੱਕ ਅਕਾਊਂਟ ਉੱਤੇ ਸ਼੍ਰੀ ਸ਼੍ਰੀ ਰਵੀ ਸ਼ੰਕਰ ਨਾਲ ਆਪਣੀ ਫੋਟੋ ਲਗਾ ਕੇ ਟਿੱਪਣੀ ਕੀਤੀ ਹੈ, ''ਗਿਲਾਨੀ ਕੋ ਜੁੱਤਾ ਮਾਰਨੇ ਪਰ, ਸ਼੍ਰੀ ਸ਼੍ਰੀ ਰਵੀ ਸ਼ੰਕਰ ਜੀ ਨੇ ਹਮੇ ਅਪਨੇ ਘਰ ਬੁਲਾ ਕਰ ਮੁਬਾਰਕਬਾਦ ਦੀ।'' ਇਹੋ ਬੱਗਾ ਮੀਰਵਾਇਜ਼ ਦੀ ਕਾਰ ਉੱਤੇ ਹਮਲਾ ਕਰਦਾ ਹੈ। ਇਹੋ ਅਰੁੰਧਤੀ ਰਾਏ ਦੀ ਕਿਤਾਬ ਦੇ ਸਮਾਗਮ ਵਿਚ ਮੰਚ ਉੱਤੇ ਚੜ੍ਹ ਕੇ ਬੁਰਛਾਗਰਦੀ ਕਰਦਾ ਹੈ। ਇਹੋ ਬੱਗਾ ਤਸਵੀਰਾਂ ਵਿਚ ਕੇਂਦਰੀ ਮੰਤਰੀ ਨਾਲ ਦਿਖਾਈ ਦਿੰਦਾ ਹੈ। ਇਹੋ ਆਰਮਡ ਫੋਰਸਜ਼ ਸਪੈਸ਼ਲ ਪਾਵਰਜ਼ ਐਕਟ (ਅਫ਼ਸਪਾ) ਅਤੇ ਫ਼ੌਜ ਦੇ ਪੱਖ ਵਿਚ ਲਾਮਬੰਦੀ ਦੀ ਗੱਲ ਕਰਦਾ ਹੈ। ਕਿਤੇ ਇਹ ਬੱਗਾ ਰਾਜਤੰਤਰ ਦਾ ਗ਼ੈਰ-ਕਾਨੂੰਨੀ ਪੁਰਜ਼ਾ ਤਾਂ ਨਹੀਂ ਜੋ ਬੁਨਿਆਦਪ੍ਰਸਤੀ ਅਤੇ ਤੰਗਨਜ਼ਰੀ ਦੇ ਜੋੜ ਰਾਹੀਂ ਆਵਾਮ ਨੂੰ ਸੀਲ ਕਰਨ ਦਾ ਉਪਰਾਲਾ ਕਰ ਰਿਹਾ ਹੈ?***

ਗੁਜਰਾਤ ਪੁਲਿਸ ਨੇ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਦੰਗਿਆਂ ਵਿਚ ਸ਼ਮੂਲੀਅਤ ਬਾਬਤ ਬਿਆਨ ਦੇਣ ਵਾਲੇ ਪੁਲਿਸ ਅਫ਼ਸਰ ਸੰਜੀਵ ਭੱਟ ਨੂੰ ਗ੍ਰਿਫ਼ਤਾਰ ਕਰਕੇ ਚੋਰਾਂ-ਜੇਬ ਕਤਰਿਆਂ ਨਾਲ ਹਵਾਲਾਤ ਵਿਚ ਬੰਦ ਕੀਤਾ। ਪਿਛਲੇ ਦਿਨੀਂ ਨਰਿੰਦਰ ਮੋਦੀ ਨੇ ਗੁਜਰਾਤੀਆਂ ਦੇ ਨਾਮ ਖੁੱਲ੍ਹਾ ਖਤ ਲਿਖ ਕੇ ਆਪਣੇ-ਆਪ ਨੂੰ ਬੇਕਸੂਰ ਸਾਬਤ ਕਰਨ ਦਾ ਉਪਰਾਲਾ ਕੀਤਾ ਸੀ। ਸੰਜੀਵ ਭੱਟ ਨੇ ਗੁਜਰਾਤੀਆਂ ਦੇ ਨਾਮ ਜਵਾਬੀ ਖਤ ਲਿਖ ਕੇ ਦੂਜਾ ਪੱਖ ਪੇਸ਼ ਕੀਤਾ ਸੀ ਜੋ ਮੋਦੀ ਸਮੇਤ ਸਮੁੱਚੀ ਸੂਬਾ ਸਰਕਾਰ ਅਤੇ ਭਾਜਪਾ ਨੂੰ ਨਾਖ਼ੁਸ਼ਗਵਾਰ ਜਾਪਣਾ ਸੁਭਾਵਿਕ ਸੀ। ਸੰਜੀਵ ਭੱਟ ਨੇ ਲਿਖਿਆ ਸੀ, ''ਛੇ ਕਰੋੜ ਗੁਜਰਾਤੀਆਂ ਵਿਚ ਸ਼ਾਮਿਲ ਹੋਣ ਦੇ ਨਾਤੇ ਮੈਨੂੰ ਇਸ ਗੱਲ ਦੀ ਤਕਲੀਫ਼ ਹੋਈ ਹੈ ਕਿ ਤੁਸੀਂ (ਨਰਿੰਦਰ ਮੋਦੀ) ਜਾਣੇ-ਅਣਜਾਣੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹੋ। ਆਪਣੇ ਨਿਸ਼ਾਨਿਆਂ ਦੀ ਪੂਰਤੀ ਲਈ ਤੁਸੀਂ ਝੂਠ ਦਾ ਆਸਰਾ ਲੈ ਕੇ ਲੋਕਾਂ ਨਾਲ ਠੱਗੀ ਮਾਰ ਰਹੇ ਹੋ। ਨਾਜ਼ੀਆਂ ਵੇਲੇ ਜਰਮਨ ਦੇ ਤਾਨਾਸ਼ਾਹ ਅਡੌਲਫ਼ ਹਿਟਲਰ ਦੇ ਸਭ ਤੋਂ ਨੇੜਲੇ ਸਾਥੀਆਂ ਵਿਚ ਗਿਣੇ ਜਾਂਦੇ ਪ੍ਰਾਪੇਗੰਡਾ ਮੰਤਰੀ ਪਾਲ ਜੌਸਫ਼ ਗੋਬਲਜ਼ ਨੇ ਇਸ ਕਵਾਇਦ ਦੀ ਮੁਹਾਰਤ ਕੀਤੀ ਸੀ। ਅਜਿਹੀ ਪ੍ਰਚਾਰ ਮੁਹਿੰਮ ਕੁਝ ਦੇਰ ਲਈ ਤਾਂ ਬਹੁਗਿਣਤੀ ਅਵਾਮ ਉੱਤੇ ਅਸਰਅੰਦਾਜ਼ ਹੋ ਸਕਦੀ ਹੈ। ਇਤਿਹਾਸ ਦੇ ਤਜਰਬੇ ਤੋਂ ਅਸੀਂ ਸਾਰੇ ਜਾਣਦੇ ਹਾਂ ਕਿ ਗੋਬਲਜ਼ੀ ਤਰਜ਼ ਦੇ ਪ੍ਰਚਾਰ ਨਾਲ ਸਦਾ ਲਈ ਸਮੁੱਚੇ ਅਵਾਮ ਨੂੰ ਮੂਰਖ ਨਹੀਂ ਬਣਾਇਆ ਜਾ ਸਕਦਾ।'' ਸੰਜੀਵ ਭੱਟ ਖ਼ਿਲਾਫ਼ ਮੋਦੀ ਦੇ ਸਦਭਾਵਨਾ ਵਰਤ ਦੌਰਾਨ ਦੋਸ਼ ਪੱਤਰ ਦਰਜ ਕੀਤਾ ਗਿਆ। ਹੁਣ ਗ੍ਰਿਫ਼ਤਾਰੀ ਨਾਲ ਰਾਜਤੰਤਰ ਦੇ ਖ਼ਾਸੇ ਦੀਆਂ ਗੁਝੀਆਂ ਤੰਦਾਂ ਬੇਪਰਦ ਹੋਈਆਂ ਹਨ।

ਸੰਜੀਵ ਭੱਟ ਨੂੰ ਅਹਿਮਦਾਬਾਦ ਅਦਾਲਤ ਵਿਚੋਂ ਜ਼ਮਾਨਤ ਮਿਲਣ ਤੋਂ ਪਹਿਲਾਂ ਉਸ ਦੀ ਜੀਵਨਸਾਥਣ ਸ਼ਵੇਤਾ ਭੱਟ ਨੇ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੂੰ ਚਿੱਠੀਆਂ ਲਿਖੀਆਂ ਹਨ ਕਿ ਉਸ ਦੇ ਪਤੀ ਨੂੰ ਫਸਾਉਣ ਲਈ ਅਹਿਮਦਾਬਾਦ ਦੇ ਪੁਲਿਸ ਕਮਿਸ਼ਨਰ ਸੁਧੀਰ ਸਿਨਹਾ ਨੂੰ ਵਰਤਿਆ ਜਾ ਰਿਹਾ ਹੈ। ਸਿਨਹਾ ਨੇ ਜੁਲਾਈ 2011 ਵਿਚ ਸੇਵਾਮੁਕਤ ਹੋ ਜਾਣਾ ਸੀ ਪਰ ਉਸ ਦੀ ਨੌਕਰੀ ਦੀ ਮਿਆਦ ਤਿੰਨ ਮਹੀਨੇ ਵਧਾ ਦਿੱਤੀ ਗਈ ਸੀ। ਹੁਣ ਉਸ ਦੀ ਨੌਕਰੀ ਦਾ ਅਗਲਾ ਵਾਧਾ ਸੂਬਾ ਸਰਕਾਰ ਦੀ ਮਿਹਰਬਾਨੀ ਉੱਤੇ ਟਿਕਿਆ ਹੋਇਆ ਹੈ। ਇਸ ਮਿਹਰਬਾਨੀ ਦੀ ਕੀਮਤ ਵਜੋਂ ਸਿਨਹਾ ਤੋਂ ਸੰਜੀਵ ਭੱਟ ਨੂੰ ਮੁਕੱਦਮੇਬਾਜ਼ੀ ਵਿਚ ਉਲਝਾਉਣ ਦਾ ਕੰਮ ਲਿਆ ਜਾ ਸਕਦਾ ਹੈ। ਸ਼ਵੇਤਾ ਦੀ ਚਿੱਠੀ ਵਿਚ ਲਿਖੀਆਂ ਕੁਝ ਸਤਰਾਂ ਇਸ ਘਟਨਾ ਨੂੰ ਰੁਝਾਨ ਵਜੋਂ ਪੇਸ਼ ਕਰਦੀਆਂ ਹਨ। ਉਸ ਨੇ ਲਿਖਿਆ ਹੈ, ''ਨਰਿੰਦਰ ਮੋਦੀ ਦੀ ਗੁਜਰਾਤ ਸਰਕਾਰ ਦੇ ਇਤਿਹਾਸ ਵਿਚ ਚੋਣਵੇਂ ਪੁਲਿਸ ਅਫ਼ਸਰਾਂ ਦੀਆਂ ਨੌਕਰੀਆਂ ਵਿਚ ਵਾਧੇ ਕੀਤੇ ਗਏ ਹਨ। ਇਨ੍ਹਾਂ ਅਫ਼ਸਰਾਂ ਤੋਂ ਗ਼ੈਰਕਾਨੂੰਨੀ ਸਿਆਸੀ ਫਾਇਦਿਆਂ ਅਤੇ ਬਦਲਾਖ਼ੋਰੀ ਵਾਲੇ ਕੰਮ ਕਰਵਾਏ ਗਏ ਹਨ। ਜ਼ਮੀਰ ਦੀ ਸੁਣਨ ਅਤੇ ਇਮਾਨਦਾਰੀ ਨਾਲ ਕੰਮ ਕਰਨ ਵਾਲੇ ਅਫ਼ਸਰਾਂ ਨੂੰ ਫਸਾ ਕੇ ਇਨਸਾਫ਼ ਦਾ ਰਾਹ ਰੋਕਿਆ ਗਿਆ ਹੈ।'' ਇਸ ਤੋਂ ਅਗਲੀ ਸਤਰ ਵਿਚ ਸ਼ਵੇਤਾ ਨੇ ਇਸ ਸੂਬਾਈ ਰੁਝਾਨ ਦੀ ਕੌਮੀ ਤੰਦ ਫੜੀ ਹੈ, ''ਇਹ ਕਹਿਣਾ ਕੁਥਾਂ ਨਹੀਂ ਹੋਵੇਗਾ ਕਿ ਕੇਂਦਰ ਸਰਕਾਰ ਨੇ ਨੌਕਰੀਆਂ ਵਿਚ ਵਾਧੇ ਕਰਕੇ ਇਸ ਰੁਝਾਨ ਵਿਚ ਆਪਣਾ ਹਿੱਸਾ ਪਾਇਆ ਹੈ।''

ਜਿਸ ਰੁਝਾਨ ਦੀ ਦੱਸ ਸ਼ਵੇਤਾ ਦੀਆਂ ਚਿੱਠੀਆਂ ਪਾਉਂਦੀਆਂ ਹਨ, ਉਸ ਦੀ ਤਸਦੀਕ ਇੰਡੀਅਨ ਪੁਲਿਸ ਸਰਵਿਸ ਅਫ਼ਸਰਜ਼ ਐਸੋਸੀਏਸ਼ਨ ਦੀ ਬੈਠਕ ਬਾਬਤ ਅਖ਼ਬਾਰਾਂ ਅਤੇ ਟੈਲੀਵਿਜ਼ਨਾਂ ਰਾਹੀਂ ਨਸ਼ਰ ਹੋਈ ਜਾਣਕਾਰੀ ਤੋਂ ਹੁੰਦੀ ਹੈ। ਇਸ ਬੈਠਕ ਵਿਚ ਸੁਧੀਰ ਸਿਨਹਾ ਦੀ ਘੇਰਾਬੰਦੀ ਕੀਤੀ ਗਈ। ਗੁਜਰਾਤ ਦੇ ਪੁਲਿਸ ਅਫ਼ਸਰਾਂ; ਸਤੀਸ਼ ਵਰਮਾ, ਏ.ਕੇ.ਸਿੰਘ, ਰਜਨੀਸ਼ ਰਾਏ ਅਤੇ ਅਤੁਲ ਕਰਵਾਲ ਨੇ ਇਕਸੁਰ ਵਿਚ ਕਿਹਾ, ''ਭੱਟ ਸਾਡਾ ਹਮ-ਪੇਸ਼ਾ ਅਤੇ ਸੀਨੀਅਰ ਅਫ਼ਸਰ ਹੈ। ਪੁਲਿਸ ਕਮਿਸ਼ਨਰ ਨੂੰ ਇਹ ਮਸਲਾ ਦੋਸਤਾਨਾ ਢੰਗ ਨਾਲ ਨਜਿੱਠਣਾ ਚਾਹੀਦਾ ਸੀ। ਭੱਟ ਨੂੰ ਹੰਢੇ ਹੋਏ ਅਪਰਾਧੀਆਂ ਨਾਲ ਹਵਾਲਾਤ ਵਿਚ ਬੰਦ ਨਹੀਂ ਕਰਨਾ ਚਾਹੀਦਾ ਸੀ।'' ਮੁਤਾਬਕ ਇਨ੍ਹਾਂ ਅਫ਼ਸਰਾਂ ਨੇ ਦਲੀਲ ਦਿੱਤੀ ਕਿ ਆਮ ਤੌਰ ਉੱਤੇ ਘਾਤਕ ਕੁਕਰਮ ਕਰਨ ਵਾਲੇ ਪਤਵੰਤਿਆਂ ਨੂੰ ਹਵਾਲਾਤ ਤੋਂ ਬਾਹਰ ਰਹਿਣ ਦੀ ਖੁੱਲ੍ਹ ਦਿੱਤੀ ਜਾਂਦੀ ਹੈ।



*ਗੁਆਂਟਾਨਾਮੋ ਬੇਅ ਵਿਚ ਅਣਮਨੁੱਖੀ ਤਸ਼ੱਦਦ ਸਹਿ ਰਹੇ ਕੈਦੀ।*

ਉਪਰੋਕਤ ਦੋਵਾਂ ਗਵਾਹੀਆਂ ਤੋਂ ਤੈਅ ਹੋ ਜਾਂਦਾ ਹੈ ਕਿ ਸਰਕਾਰਾਂ ਸੇਵਾਮੁਕਤ ਹੋ ਰਹੇ ਅਫ਼ਸਰਾਂ ਦੀ ਨੌਕਰੀ ਵਿਚ ਵਾਧੇ ਨੂੰ ਹਥਿਆਰ ਵਜੋਂ ਵਰਤਦੀਆਂ ਹਨ। ਦੂਜਾ ਪੱਖ ਇਹ ਹੈ ਕਿ ਪੁਲਿਸ ਮਹਿਕਮਾ ਪਤਵੰਤਾਸ਼ਾਹੀ ਨੂੰ ਪਾਲਣ ਦਾ ਮਹਿਜ਼ ਸਬੱਬ ਨਹੀਂ ਬਣਦਾ ਸਗੋਂ ਇਸ ਨੂੰ ਆਪਣਾ ਹੱਕ ਵੀ ਸਮਝਦਾ ਹੈ। ਜਦੋਂ ਕੋਈ ਪਤਵੰਤਾਸ਼ਾਹੀ ਦਾ ਨੁਮਾਇੰਦਾ ਆਪ ਇਸ ਦੋ-ਮੂੰਹੇ ਰੁਝਾਨ ਦੀ ਮਾਰ ਵਿਚ ਆ ਜਾਂਦਾ ਹੈ ਤਾਂ ਗੱਲ ਬਾਹਰ ਆਉਂਦੀ ਹੈ। ਸ਼ਵੇਤਾ ਭੱਟ, ਸਤੀਸ਼ ਵਰਮਾ, ਏ.ਕੇ.ਸਿੰਘ, ਰਜਨੀਸ਼ ਰਾਏ ਅਤੇ ਅਤੁਲ ਕਰਵਾਲ ਅੰਦਰਲੀਆਂ ਜਾਣਦੇ ਹੋਣ ਕਾਰਨ ਹੀ ਯਕੀਨ ਨਾਲ ਬੋਲਦੇ ਹਨ। ਇਸ ਰੁਝਾਨ ਦਾ ਸਾਡੇ ਮੁਲਕ ਵਿਚ ਵਧ ਰਹੀ ਸਮਾਜਿਕ ਨਾਬਰਾਬਰੀ ਅਤੇ ਲਗਾਤਾਰ ਵਧ ਰਹੀ ਤੰਗ-ਖਿਆਲੀ ਨਾਲ ਡੂੰਘਾ ਰਿਸ਼ਤਾ ਹੈ। ਸਰਕਾਰਾਂ ਵੱਲੋਂ ਅਫ਼ਸਰਸ਼ਾਹੀ ਤੋਂ ਪੱਤਰਕਾਰਾਂ ਦੀਆਂ ਦਰਬਾਨਾਂ ਵਜੋਂ ਸਰਪ੍ਰਸਤੀ ਸਿਆਸੀ ਤੰਗਨਜ਼ਰੀ ਅਤੇ ਸਮਾਜਿਕ ਨਾਬਰਾਬਰੀ ਨੂੰ ਮਜ਼ਬੂਤ ਕਰਦੀ ਹੈ। ਇਸ ਰੁਝਾਨ ਨੂੰ ਸਮਝਣ ਲਈ ਪਿਛਲੇ ਸਮੇਂ ਦੀਆਂ ਕੁਝ ਘਟਨਾਵਾਂ ਦਾ ਜ਼ਿਕਰ ਜ਼ਰੂਰੀ ਹੈ ਜਿਨ੍ਹਾਂ ਨਾਲ ਬੇਤਰਤੀਬੀ ਦੀ ਤਰਤੀਬ ਉਘੜ ਕੇ ਸਾਹਮਣੇ ਆ ਜਾਂਦੀ ਹੈ।

ਸੰਜੀਵ ਭੱਟ ਦਾ ਕਸੂਰ ਜ਼ਮੀਰ ਦੀ ਆਵਾਜ਼ ਸੁਣ ਕੇ ਨਰਿੰਦਰ ਮੋਦੀ ਖ਼ਿਲਾਫ਼ ਗਵਾਹੀ ਦੇਣਾ ਹੈ। 'ਸੱਤਾ ਦੇ ਸੱਚ' ਨੂੰ ਉਜਾਗਰ ਕਰਨ ਜਾਂ ਨਾਖ਼ੁਸ਼ਗਵਾਰ ਸਵਾਲ ਪੁੱਛਣ ਕਾਰਨ ਤਾਂ ਭਾਰਤ ਵਿਚ ਵਰਦੀਧਾਰੀ ਅਤੇ ਬੇਵਰਦੀ 'ਫ਼ੌਜ' ਮੋੜਵੇਂ ਹਮਲੇ ਕਰਦੀ ਹੈ। 'ਸੂਚਨਾ ਦੇ ਅਧਿਕਾਰ' ਤਹਿਤ ਜਾਣਕਾਰੀ ਮੰਗਣ ਵਾਲੇ 13 ਕਾਰਕੁਨਾਂ ਦੇ ਕਤਲ ਪਿਛਲੇ ਦੋ ਸਾਲਾਂ ਵਿਚ ਦਰਜ ਕੀਤੇ ਗਏ ਹਨ। ਕਤਲ ਤੋਂ ਘੱਟ ਮਾਰ ਦੀ ਖ਼ਬਰ ਤਾਂ ਮੁਕਾਮੀ ਮੀਡੀਆ ਦੇ ਮਗਰਲੇ ਪੰਨਿਆਂ ਦੀਆਂ ਕੰਨੀਆਂ ਵਿਚ ਗੁਆਚ ਜਾਂਦੀ ਹੈ। ਨਤੀਜੇ ਵਜੋਂ ਕੇਂਦਰੀ ਸਰਕਾਰ ਇਸ ਕਾਨੂੰਨ ਨੂੰ ਸਰਕਾਰੀ ਕੰਮ ਵਿਚ ਅੜਿੱਕਾ ਮੰਨਦੀ ਹੋਈ ਇਸ ਉੱਤੇ ਨਜ਼ਰਸਾਨੀ ਕਰਨ ਦੀ ਸੋਚ ਰਹੀ ਹੈ। ਦੂਜੇ ਪਾਸੇ ਇਸ ਕਾਨੂੰਨ ਨੂੰ ਇਨਕਲਾਬੀ ਕਰਾਰ ਦੇਣ ਵਾਲੇ 'ਸੱਚ ਦਾ ਹੋਕਾ' ਦੇਣ ਵਾਲਿਆਂ ਦੇ ਸੁਰੱਖਿਆ ਲਈ ਨਵੇਂ ਕਾਨੂੰਨ ਦੀ ਮੰਗ ਕਰ ਰਹੇ ਹਨ। ਕੇਂਦਰ ਸਰਕਾਰ ਦੀ ਨਜ਼ਰਸਾਨੀ ਮੁਹਿੰਮ ਅਤੇ ਕਾਰਕੁਨਾਂ ਉੱਤੇ ਕਾਤਲਾਨਾ ਹਮਲੇ ਇਕੋ ਦਲੀਲ ਦੇ ਦੋ ਪਾਸੇ ਕਿਉਂ ਜਾਪਦੇ ਹਨ?

ਪਿਛਲੇ ਸਾਲਾਂ ਵਿਚ ਸਰਕਾਰੀ ਨੀਤੀਆਂ ਅਤੇ ਮੁਹਿੰਮਾਂ ਉੱਤੇ ਸਵਾਲ ਕਰਨ ਵਾਲਿਆਂ ਉੱਤੇ ਲਗਾਤਾਰ ਹਮਲੇ ਹੋਏ ਹਨ। ਖੁੱਲ੍ਹ-ਖਿਆਲੀ ਨੂੰ ਜਮਹੂਰੀਅਤ ਦਾ ਲਾਜ਼ਮੀ ਹਿੱਸਾ ਮੰਨਣ ਵਾਲਿਆਂ ਦੇ ਸਵਾਲਾਂ ਦਾ ਜਵਾਬ ਦੇਣ ਜਾਂ ਦਲੀਲਮੁਖੀ ਬਹਿਸ ਦੀ ਥਾਂ ਉਨ੍ਹਾਂ ਦਾ ਮੁਕੱਦਮੇਬਾਜ਼ੀ ਜਾਂ ਬੁਰਛਾਗਰਦੀ ਨਾਲ ਮੂੰਹ ਬੰਦ ਕੀਤਾ ਜਾ ਰਿਹਾ ਹੈ। ਪ੍ਰਸ਼ਾਂਤ ਭੂਸ਼ਨ ਉੱਤੇ ਹਮਲਾ ਇਸੇ ਰੁਝਾਨ ਦਾ ਹਿੱਸਾ ਹੈ। ਇਸ ਤੋਂ ਪਹਿਲਾਂ ਕਸ਼ਮੀਰੀ ਆਗੂਆਂ ਮੀਰਵਾਇਜ਼ ਉਮਰ ਫਾਰੂਕ, ਐਸ.ਏ.ਐਸ. ਗਿਲਾਨੀ, ਐਸ.ਏ.ਆਰ. ਗਿਲਾਨੀ, ਸੁਆਮੀ ਅਗਨੀਵੇਸ਼ ਅਤੇ ਅਰੁੰਧਤੀ ਰਾਏ ਉੱਤੇ ਹਮਲੇ ਕੀਤੇ ਗਏ ਹਨ। ਮਨੁੱਖੀ ਹਕੂਕ ਦੇ ਕਾਰਕੁਨਾਂ ਨੂੰ ਮੁਕੱਦਮੇਬਾਜ਼ੀ ਵਿਚ ਉਲਝਾਇਆ ਗਿਆ ਹੈ। ਡਾ. ਬਿਨਾਇਕ ਸੇਨ ਦਾ ਮਾਮਲਾ ਲਗਾਤਾਰ ਚਰਚਾ ਵਿਚ ਰਿਹਾ ਹੈ। ਪਿਛਲੇ ਦਿਨੀਂ ਕਵਿਤਾ ਸ਼੍ਰੀਵਾਸਤਵ ਦੇ ਘਰ ਦੀ ਤਲਾਸ਼ੀ ਲਈ ਗਈ। ਇਸ ਸਮੁੱਚੇ ਰੁਝਾਨ ਨੂੰ ਕੇਂਦਰੀ ਗ੍ਰਹਿ ਮੰਤਰੀ ਦੇ ਬਿਆਨਾਂ ਨਾਲ ਜੋੜ ਕੇ ਦੇਖਿਆ ਜਾਣਾ ਚਾਹੀਦਾ ਹੈ। ਉਹ ਮਨੁੱਖੀ ਹਕੂਕ ਦੇ ਕਾਰਕੁਨਾਂ ਨੂੰ ਸ਼ਹਿਰਾਂ ਇਲਾਕਿਆਂ ਵਿਚ ਸਰਗਰਮ ਮਾਓਵਾਦੀ ਕਰਾਰ ਦਿੰਦੇ ਹਨ। ਉਨ੍ਹਾਂ ਨੇ ਅਖ਼ਬਾਰਾਂ ਵਿਚ ਮੀਡੀਆ ਨੂੰ ਅਪਰੇਸ਼ਨ ਗ੍ਰੀਨ ਹੰਟ ਦੀ ਹਮਾਇਤ ਕਰਨ ਲਈ ਇਸ਼ਤਿਹਾਰ ਦਿੱਤੇ ਸਨ। ਗ੍ਰੀਨ ਹੰਟ ਦੀ ਮੁਹਿੰਮ ਉੱਤੇ ਮੀਡੀਆ ਤੋਂ ਦਰਬਾਨ ਹੋਣ ਦੀ ਤਵੱਕੋ ਕਰਨ ਵਾਲਾ ਕੇਂਦਰੀ ਗ੍ਰਹਿ ਮੰਤਰੀ, ਕਸ਼ਮੀਰ ਅਤੇ ਉੱਤਰ-ਪੂਰਬੀ ਸੂਬਿਆਂ ਬਾਬਤ ਹਰ ਨਾਖ਼ੁਸ਼ਗਵਾਰ ਸਵਾਲ ਨੂੰ ਵੱਖਵਾਦ ਕਰਾਰ ਦਿੰਦਾ ਹੈ। ਇਸ ਸਰਕਾਰੀ ਰੁਖ਼ ਦਾ ਗ਼ੈਰ-ਸਰਕਾਰੀ ਰੂਪ ਪ੍ਰਸ਼ਾਂਤ ਭੂਸ਼ਨ ਉੱਤੇ ਹਮਲਾ ਕਰਨ ਵਾਲਾ 'ਭਗਤ ਸਿੰਘ ਕਰਾਂਤੀ ਸੈਨਾ' ਦਾ ਆਗੂ ਤਜਿੰਦਰ ਪਾਲ ਸਿੰਘ ਬੱਗਾ ਪੇਸ਼ ਕਰਦਾ ਹੈ। ਉਸ ਨੇ ਆਪਣੇ ਫੇਸਬੁੱਕ ਅਕਾਊਂਟ ਉੱਤੇ ਸ਼੍ਰੀ ਸ਼੍ਰੀ ਰਵੀ ਸ਼ੰਕਰ ਨਾਲ ਆਪਣੀ ਫੋਟੋ ਲਗਾ ਕੇ ਟਿੱਪਣੀ ਕੀਤੀ ਹੈ, ''ਗਿਲਾਨੀ ਕੋ ਜੁੱਤਾ ਮਾਰਨੇ ਪਰ, ਸ਼੍ਰੀ ਸ਼੍ਰੀ ਰਵੀ ਸ਼ੰਕਰ ਜੀ ਨੇ ਹਮੇ ਅਪਨੇ ਘਰ ਬੁਲਾ ਕਰ ਮੁਬਾਰਕਬਾਦ ਦੀ।'' ਇਹੋ ਬੱਗਾ ਮੀਰਵਾਇਜ਼ ਦੀ ਕਾਰ ਉੱਤੇ ਹਮਲਾ ਕਰਦਾ ਹੈ। ਇਹੋ ਅਰੁੰਧਤੀ ਰਾਏ ਦੀ ਕਿਤਾਬ ਦੇ ਸਮਾਗਮ ਵਿਚ ਮੰਚ ਉੱਤੇ ਚੜ੍ਹ ਕੇ ਬੁਰਛਾਗਰਦੀ ਕਰਦਾ ਹੈ। ਇਹੋ ਬੱਗਾ ਤਸਵੀਰਾਂ ਵਿਚ ਕੇਂਦਰੀ ਮੰਤਰੀ ਨਾਲ ਦਿਖਾਈ ਦਿੰਦਾ ਹੈ। ਇਹੋ ਆਰਮਡ ਫੋਰਸਜ਼ ਸਪੈਸ਼ਲ ਪਾਵਰਜ਼ ਐਕਟ (ਅਫ਼ਸਪਾ) ਅਤੇ ਫ਼ੌਜ ਦੇ ਪੱਖ ਵਿਚ ਲਾਮਬੰਦੀ ਦੀ ਗੱਲ ਕਰਦਾ ਹੈ। ਕਿਤੇ ਇਹ ਬੱਗਾ ਰਾਜਤੰਤਰ ਦਾ ਗ਼ੈਰ-ਕਾਨੂੰਨੀ ਪੁਰਜ਼ਾ ਤਾਂ ਨਹੀਂ ਜੋ ਬੁਨਿਆਦਪ੍ਰਸਤੀ ਅਤੇ ਤੰਗਨਜ਼ਰੀ ਦੇ ਜੋੜ ਰਾਹੀਂ ਆਵਾਮ ਨੂੰ ਸੀਲ ਕਰਨ ਦਾ ਉਪਰਾਲਾ ਕਰ ਰਿਹਾ ਹੈ?

ਪ੍ਰਸ਼ਾਂਤ ਭੂਸ਼ਨ ਦੇ ਕਸ਼ਮੀਰ ਬਾਬਤ ਬਿਆਨ ਅਤੇ ਉਨ੍ਹਾਂ ਉੱਤੇ ਹੋਇਆ ਹਮਲਾ ਅੰਨਾ ਹਜ਼ਾਰੇ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਲਈ ਔਖਾ ਸਵਾਲ ਬਣ ਕੇ ਪੇਸ਼ ਹੋਇਆ ਹੈ। ਅੰਨਾ ਹਜ਼ਾਰੇ ਦੀ ਮੁਹਿੰਮ ਆਪਣੇ ਹਮਾਇਤੀਆਂ ਦੀ ਵੰਨ-ਸਵੰਨਤਾ ਦਾ ਦਾਅਵਾ ਕਰਦੀ ਰਹੀ ਹੈ ਪਰ ਇਸ ਨਾਲ ਜੁੜੇ ਸਵਾਲਾਂ ਨੂੰ ਨਜ਼ਰਅੰਦਾਜ਼ ਕਰਦੀ ਰਹੀ ਹੈ। ਉਨ੍ਹਾਂ ਨੇ ਇਰੋਮ ਸ਼ਰਮੀਲਾ ਚਾਨੂ ਦੀ ਹਮਾਇਤ ਦਾ ਸ਼ੁਕਰਾਨਾ ਤੱਕ ਨਹੀਂ ਕੀਤਾ। ਆਲਮੀ ਜੰਗਬਾਜ਼ ਅਮਰੀਕਾ ਦੀ ਹਮਾਇਤ ਨੂੰ ਬਹਿਸ ਤੋਂ ਮਨਫ਼ੀ ਰੱਖਿਆ। ਨਰਿੰਦਰ ਮੋਦੀ ਦੀ ਹਮਾਇਤ ਵਿਚੋਂ ਉਨ੍ਹਾਂ ਨੂੰ ਮੁਸਲਮਾਨਾਂ ਦੇ ਕਤਲੇਆਮ ਦੀ ਬਦਬੂ ਨਹੀਂ ਆਈ। ਹੁਣ ਅੰਨਾ ਟੀਮ ਨੇ ਪ੍ਰਸ਼ਾਂਤ ਭੂਸ਼ਨ ਅਤੇ ਤਜਿੰਦਰ ਪਾਲ ਸਿੰਘ ਬੱਗਾ ਵਿਚੋਂ ਚੋਣ ਕਰਨੀ ਹੈ। ਇਸ ਤੋਂ ਪਤਾ ਲੱਗ ਜਾਵੇਗਾ ਕਿ ਅੰਨਾ ਹਜ਼ਾਰੇ ਕਿਹੋ ਜਿਹੇ ਭ੍ਰਿਸ਼ਟਾਚਾਰ ਮੁਕਤ ਮੁਲਕ ਦੀ ਉਸਾਰੀ ਕਰਨਾ ਚਾਹੁੰਦੇ ਹਨ। ਕੀ ਉਸ ਮੁਲਕ ਵਿਚ ਨਾਖ਼ੁਸ਼ਗਵਾਰ ਜਾਪਦੇ ਸਵਾਲਾਂ ਨੂੰ ਨਜ਼ਰਅੰਦਾਜ਼ ਕੀਤਾ ਜਾਵੇਗਾ ਅਤੇ ਸਵਾਲੀਆਂ ਨੂੰ ਬੁਨਿਆਦਪ੍ਰਸਤਾਂ ਦੇ ਹਵਾਲੇ ਕਰ ਦਿੱਤਾ ਜਾਵੇਗਾ?

ਪ੍ਰਸ਼ਾਂਤ ਭੂਸ਼ਨ ਨੇ ਸੰਜੀਵ ਭੱਟ ਦੀ ਗ੍ਰਿਫ਼ਤਾਰੀ ਤੋਂ ਬਾਅਦ ਟਿੱਪਣੀ ਕੀਤੀ ਸੀ, ''ਇਹ ਘਟਨਾ ਆਉਂਦੇ ਸਮੇਂ ਵਿਚ ਮੋਦੀ ਨੂੰ ਲੈ ਬੈਠੇਗੀ। ਮੋਦੀ ਨੇ ਗ਼ਲਤ ਚਾਲ ਚੱਲ ਦਿੱਤੀ ਹੈ ਜੋ ਉਸ ਨੂੰ ਹਰ ਹੀਲੇ ਲੈ ਬੈਠੇਗੀ।'' ਸੰਜੀਵ ਭੱਟ ਨੇ ਗੋਧਰਾ ਕਾਂਡ ਤੋਂ ਬਾਅਦ ਸੂਬਾ ਸਰਕਾਰ ਦੇ ਰਵੱਈਏ ਬਾਬਤ ਨਰਿੰਦਰ ਮੋਦੀ ਦੇ ਬਿਆਨ ਦਾ ਹਵਾਲਾ ਦਿੱਤਾ ਹੈ। ਮੋਦੀ ਨੇ ਕਿਹਾ ਸੀ, ''ਲੋਕਾਂ ਨੂੰ ਗੁੱਸਾ ਕੱਢ ਲੈਣ ਦਿਓ।'' ਮੋਦੀ ਦਾ ਇਹ ਬਿਆਨ ਰਾਜੀਵ ਗਾਂਧੀ ਦੇ ਉਸੇ ਬਿਆਨ ਦੀ ਲਗਾਤਾਰਤਾ ਵਿਚ ਸਮਝ ਆਉਂਦਾ ਹੈ। ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਰਾਜੀਵ ਗਾਂਧੀ ਨੇ ਕਿਹਾ ਸੀ, ''ਜਦੋਂ ਵੱਡਾ ਦਰਖ਼ਤ ਗਿਰਦਾ ਹੈ ਤਾਂ ਧਰਤੀ ਹਿਲਦੀ ਹੈ।'' ਇਹ ਸਵਾਲ ਤਾਂ ਪੁੱਛਣਾ ਬਣਦਾ ਹੈ ਕਿ ਹੁਣ ਪ੍ਰਸ਼ਾਂਤ ਭੂਸ਼ਨ ਅਤੇ ਸੰਜੀਵ ਭੱਟ ਦੀ 'ਧਰਤੀ ਹਿੱਲ' ਰਹੀ ਹੈ ਜਾਂ 'ਲੋਕਾਂ ਨੂੰ ਗੁੱਸਾ' ਕੱਢਣ ਦਾ ਮੌਕਾ ਦਿੱਤਾ ਜਾ ਰਿਹਾ ਹੈ? ਜਦੋਂ 'ਧਰਤੀ ਹਿੱਲਦੀ' ਹੈ ਜਾਂ 'ਲੋਕਾਂ ਨੂੰ ਗੁੱਸਾ' ਕੱਢਣ ਦਾ ਮੌਕਾ ਦਿੱਤਾ ਜਾਂਦਾ ਹੈ ਤਾਂ ਰਾਜਤੰਤਰ ਵਿਚ ਤਰੱਕੀਆਂ, ਤਬਾਦਲਿਆਂ ਅਤੇ ਨੌਕਰੀਆਂ ਦੀ ਮਿਆਦ ਵਿਚ ਵਾਧਿਆਂ ਦੀ ਸਿਆਸਤ ਚੱਲਦੀ ਹੈ। ਇਹੋ ਤਾਂ ਸੰਜੀਵ ਭੱਟ ਦੀ ਪਤਨੀ ਸ਼ਵੇਤਾ ਭੱਟ ਸਮਝਾ ਰਹੀ ਹੈ।

ਬੁਨਿਆਦਪ੍ਰਸਤੀ, ਇਸ ਰੁਝਾਨ ਦਾ ਕਰੂਰ ਪਾਸਾ ਬੇਪਰਦ ਕਰਦੀ ਹੈ ਪਰ ਇਸ ਦੀਆਂ ਮਹੀਨ ਪਰਤਾਂ ਸਮਾਜਿਕ ਨਾਬਰਾਬਰੀ ਨੂੰ ਮਜ਼ਬੂਤ ਕਰਦੀਆਂ ਹਨ। ਸਿਆਸਤਦਾਨਾਂ, ਅਫ਼ਸਰਸ਼ਾਹੀ ਅਤੇ ਗ਼ੈਰ-ਸਰਕਾਰੀ ਜਥੇਬੰਦੀਆਂ ਦਾ ਗੱਠਜੋੜ ਸਰਕਾਰੀ ਅਦਾਰਿਆਂ ਦੇ ਨਿੱਜੀਕਰਨ ਅਤੇ ਨਿੱਜੀ ਮੁਨਾਫ਼ੇ ਨੂੰ ਯਕੀਨੀ ਬਣਾਉਣ ਵਾਲੀਆਂ ਨੀਤੀਆਂ ਲਾਗੂ ਕਰ ਰਿਹਾ ਹੈ। ਇਸ ਰੁਝਾਨ ਨੂੰ ਚਲਾਉਣ ਵਿਚ ਸਹਾਈ ਅਫ਼ਸਰਸ਼ਾਹੀ ਦੀਆਂ ਨੌਕਰੀਆਂ ਵਿਚ ਵਾਧੇ ਹੁੰਦੇ ਹਨ। ਉਨ੍ਹਾਂ ਦੀ ਤਰੱਕੀ ਵਾਰੀ ਤੋਂ ਪਹਿਲਾਂ ਹੁੰਦੀ ਹੈ। ਨੌਕਰੀ ਤੋਂ ਬਾਅਦ ਉਹ ਗ਼ੈਰ-ਸਰਕਾਰੀ ਜਥੇਬੰਦੀਆਂ ਜਾਂ ਕੰਪਨੀਆਂ ਦੇ ਸਲਾਹਕਾਰਾਂ ਜਾਂ ਨਿਰਦੇਸ਼ਕਾਂ ਵਜੋਂ ਵੱਡੀਆਂ ਤਨਖ਼ਾਹਾਂ ਦੇ ਹੱਕਦਾਰ ਹੋ ਜਾਂਦੇ ਹਨ। ਇਸ ਪੱਖ ਨੂੰ ਉਜਾਗਰ ਕਰਨ ਵਾਲੀ ਤਫ਼ਸੀਲ ਪਿਛਲੇ ਦਿਨੀਂ ਸਾਹਮਣੇ ਆਈ ਸੀ। ਸਰਕਾਰੀ ਨੌਕਰੀ ਤੋਂ ਸੇਵਾਮੁਕਤੀ ਜਾਂ ਨੌਕਰੀ ਛੱਡਣ ਤੋਂ ਬਾਅਦ ਤਿੰਨ ਸਾਲ ਨੌਕਰੀ ਕਰਨ ਉੱਤੇ ਪਾਬੰਦੀ ਹੈ। ਇਸ ਪਾਬੰਦੀ ਤੋਂ ਛੋਟ ਲਈ ਸਰਕਾਰ ਤੋਂ ਇਜਾਜ਼ਤ ਲੈਣੀ ਪੈਂਦੀ ਹੈ। ਸਰਕਾਰੀ ਮਹਿਕਮਿਆਂ ਵਿਚ ਕੰਮ ਕਰਦੇ ਸਮੇਂ ਅਫ਼ਸਰ ਗ਼ੈਰ-ਸਰਕਾਰੀ ਜਥੇਬੰਦੀਆਂ ਅਤੇ ਕੰਪਨੀਆਂ ਦੀ ਮਦਦ ਕਰਦੇ ਹਨ। ਨਤੀਜੇ ਵਜੋਂ ਸੇਵਾਮੁਕਤੀ ਤੋਂ ਬਾਅਦ ਵੱਡੀਆਂ ਤਨਖ਼ਾਹਾਂ ਵਾਲੀਆਂ ਨੌਕਰੀਆਂ ਮਿਲਦੀਆਂ ਹਨ ਅਤੇ ਨੌਕਰੀ ਵਾਲਾ ਅਸਰ-ਰਸੂਖ਼ ਗ਼ੈਰ-ਸਰਕਾਰੀ ਜਥੇਬੰਦੀਆਂ ਅਤੇ ਕੰਪਨੀਆਂ ਦੇ ਕਾਰੋਬਾਰ ਵਿਚ ਵਾਧੇ ਦਾ ਸਬੱਬ ਬਣਦਾ ਹੈ। ਇਹ ਪੱਖ ਤਾਂ ਕਦੇ-ਕਦਾਈ ਚਰਚਾ ਦਾ ਵਿਸ਼ਾ ਬਣਦਾ ਹੈ ਪਰ ਸਿਆਸਤ ਨਾਲ ਜੁੜਿਆ ਪੱਖ ਨਜ਼ਰਅੰਦਾਜ਼ ਹੋ ਜਾਂਦਾ ਹੈ।

ਜੇ ਸੇਵਾਮੁਕਤੀ ਤੋਂ ਬਾਅਦ ਗ਼ੈਰ-ਸਰਕਾਰੀ ਜਥੇਬੰਦੀਆਂ ਅਤੇ ਕੰਪਨੀਆਂ ਵਿਚ ਨੌਕਰੀਆਂ ਉੱਤੇ ਤਿੰਨ ਸਾਲ ਦੀ ਪਾਬੰਦੀ ਹੈ ਤਾਂ ਸਿਆਸੀ ਅਹੁਦਿਆਂ ਉੱਤੇ ਕਿਉਂ ਨਹੀਂ? ਹੁਕਮਰਾਨ ਧਿਰ ਅਫ਼ਸਰਸ਼ਾਹੀ ਦੀ ਮਦਦ ਨਾਲ ਰਾਜਤੰਤਰ ਵਿਚ ਆਪਹੁਦਰਾਪਣ ਫੈਲਾਉਂਦੀ ਹੈ। ਨਿੱਜੀ ਲਾਹੇ ਲੈਂਦੀ ਹੈ। ਸਿਆਸੀ ਬਦਲਾਖ਼ੋਰੀ ਕਰਦੀ ਹੈ। ਪੰਜਾਬ ਵਿਚ ਸਿਆਸੀ ਖਾਰ ਕਾਰਨ ਦਰਜ ਮੁਕੱਦਮਿਆਂ ਦਾ ਖੁਲਾਸਾ ਬਾਦਲ ਟੱਬਰ ਵਿਚ ਪਈ ਦੋਫੇੜ ਦੌਰਾਨ ਹੋਇਆ ਸੀ। ਸੁਖਬੀਰ ਅਤੇ ਮਨਪ੍ਰੀਤ ਅੰਦਰਲੇ ਬੰਦੇ ਹਨ। ਇਹ ਜਾਣਦੇ ਹਨ ਕਿ ਕਿਵੇਂ ਜਾਅਲੀ ਮੁਕੱਦਮੇ ਦਰਜ ਹੁੰਦੇ ਹਨ। ਇਨ੍ਹਾਂ ਨੇ ਆਪ ਕਿਵੇਂ ਕਰਵਾਏ ਹਨ? ਪੰਜਾਬ ਪੁਲਿਸ ਦੇ ਮੁਖੀ ਵਜੋਂ ਸੇਵਾਮੁਕਤ ਹੋਏ ਪੀ.ਐਸ. ਗਿੱਲ ਗ੍ਰਹਿ-ਸਲਾਹਕਾਰ ਬਣ ਗਏ। ਪਹਿਲਾਂ ਉਨ੍ਹਾਂ ਨੂੰ ਵਾਰੀ ਤੋਂ ਪਹਿਲਾਂ ਤਰੱਕੀ ਦਿੱਤੀ ਗਈ ਸੀ ਅਤੇ ਹੁਣ ਮੋਗੇ ਤੋਂ ਵਿਧਾਨ ਸਭਾ ਦੀ ਚੋਣ ਵਿਚ ਅਕਾਲੀ ਦਲ ਦਾ ਉਮੀਦਵਾਰ ਬਣਾਏ ਜਾਣ ਦਾ ਰਹੱਸ ਜੱਗ-ਜ਼ਾਹਿਰ ਹੋ ਗਿਆ ਹੈ। ਉਨ੍ਹਾਂ ਤੋਂ ਪਹਿਲਾਂ ਇਸੇ ਰਾਹ ਉੱਤੇ ਐਮ.ਐਸ. ਗਿੱਲ ਨੇ ਸਫ਼ਰ ਕੀਤਾ ਹੈ। ਉਹ ਕੇਂਦਰੀ ਚੋਣ ਕਮਿਸ਼ਨਰ ਵਜੋਂ ਸੇਵਾਮੁਕਤ ਹੋਏ। ਉਨ੍ਹਾਂ ਨੂੰ ਰਾਜ ਸਭਾ ਵਿਚ

***(ਬਾਕੀ ਸਫ਼ਾ 28 ਉਤੇ)***

***ਪ੍ਰਸ਼ਾਂਤ ਭੂਸ਼ਨ ਨੇ ਸੰਜੀਵ ਭੱਟ ਦੀ ਗ੍ਰਿਫ਼ਤਾਰੀ ਤੋਂ ਬਾਅਦ ਟਿੱਪਣੀ ਕੀਤੀ ਸੀ, ''ਇਹ ਘਟਨਾ ਆਉਂਦੇ ਸਮੇਂ ਵਿਚ ਮੋਦੀ ਨੂੰ ਲੈ ਬੈਠੇਗੀ। ਮੋਦੀ ਨੇ ਗ਼ਲਤ ਚਾਲ ਚੱਲ ਦਿੱਤੀ ਹੈ ਜੋ ਉਸ ਨੂੰ ਹਰ ਹੀਲੇ ਲੈ ਬੈਠੇਗੀ।'' ਸੰਜੀਵ ਭੱਟ ਨੇ ਗੋਧਰਾ ਕਾਂਡ ਤੋਂ ਬਾਅਦ ਸੂਬਾ ਸਰਕਾਰ ਦੇ ਰਵੱਈਏ ਬਾਬਤ ਨਰਿੰਦਰ ਮੋਦੀ ਦੇ ਬਿਆਨ ਦਾ ਹਵਾਲਾ ਦਿੱਤਾ ਹੈ। ਮੋਦੀ ਨੇ ਕਿਹਾ ਸੀ, ''ਲੋਕਾਂ ਨੂੰ ਗੁੱਸਾ ਕੱਢ ਲੈਣ ਦਿਓ।'' ਮੋਦੀ ਦਾ ਇਹ ਬਿਆਨ ਰਾਜੀਵ ਗਾਂਧੀ ਦੇ ਉਸੇ ਬਿਆਨ ਦੀ ਲਗਾਤਾਰਤਾ ਵਿਚ ਸਮਝ ਆਉਂਦਾ ਹੈ। ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਰਾਜੀਵ ਗਾਂਧੀ ਨੇ ਕਿਹਾ ਸੀ, ''ਜਦੋਂ ਵੱਡਾ ਦਰਖ਼ਤ ਗਿਰਦਾ ਹੈ ਤਾਂ ਧਰਤੀ ਹਿਲਦੀ ਹੈ।'' ਇਹ ਸਵਾਲ ਤਾਂ ਪੁੱਛਣਾ ਬਣਦਾ ਹੈ ਕਿ ਹੁਣ ਪ੍ਰਸ਼ਾਂਤ ਭੂਸ਼ਨ ਅਤੇ ਸੰਜੀਵ ਭੱਟ ਦੀ 'ਧਰਤੀ ਹਿੱਲ' ਰਹੀ ਹੈ ਜਾਂ 'ਲੋਕਾਂ ਨੂੰ ਗੁੱਸਾ' ਕੱਢਣ ਦਾ ਮੌਕਾ ਦਿੱਤਾ ਜਾ ਰਿਹਾ ਹੈ? ਜਦੋਂ 'ਧਰਤੀ ਹਿੱਲਦੀ' ਹੈ ਜਾਂ 'ਲੋਕਾਂ ਨੂੰ ਗੁੱਸਾ' ਕੱਢਣ ਦਾ ਮੌਕਾ ਦਿੱਤਾ ਜਾਂਦਾ ਹੈ ਤਾਂ ਰਾਜਤੰਤਰ ਵਿਚ ਤਰੱਕੀਆਂ, ਤਬਾਦਲਿਆਂ ਅਤੇ ਨੌਕਰੀਆਂ ਦੀ ਮਿਆਦ ਵਿਚ ਵਾਧਿਆਂ ਦੀ ਸਿਆਸਤ ਚੱਲਦੀ ਹੈ। ਇਹੋ ਤਾਂ ਸੰਜੀਵ ਭੱਟ ਦੀ ਪਤਨੀ ਸ਼ਵੇਤਾ ਭੱਟ ਸਮਝਾ ਰਹੀ ਹੈ।***

# ਧਰਮੀ ਬਾਬਲ ਕਿੱਥੇ ਜਾਵੇ ਲੋਕੋ?

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ:408-903-9952

ਉੜਦੀ-ਉੜਦੀ ਕਨਸੋਅ ਦਾ ਮੈਨੂੰ ਯਕੀਨ ਨਹੀਂ ਸੀ ਆਇਆ ਪਰ ਜਦੋਂ ਪੱਕੀ ਇਤਲਾਹ ਮਿਲ ਗਈ ਤਾਂ ਇਹ ਗੱਲ ਮੇਰੇ ਸੀਨੇ ਵਿਚ ਗੋਲੀ ਵਾਂਗ ਵੱਜੀ। ਦੂਰ ਬੈਠਾ ਮੈਂ ਸੁਣ ਕੇ ਹੀ ਚਕਰਾ ਗਿਆ। ਜਿਹਦੇ ਸਿਰ 'ਤੇ ਬੀਤੀ ਹੈ, ਉਹਦਾ ਕੀ ਹਾਲ ਹੋਇਆ ਹੋਵੇਗਾ? ਘੁਣ ਦੇ ਕੀੜੇ ਵਾਂਗ ਇਹ ਸਵਾਲ ਮੇਰੇ ਦਿਲ ਦਿਮਾਗ ਨੂੰ ਖਾਣ ਲੱਗਾ। ਰਹਿ ਰਹਿ ਕੇ ਮੇਰੀਆਂ ਅੱਖਾਂ ਅੱਗੇ ਹਾਲਾਤ ਦੇ ਮਾਰੇ ਹੋਏ ਉਸ ਵਿਚਾਰੇ ਗੁਰਸਿੱਖ ਸੱਜਣ ਦਾ ਚਿਹਰਾ ਆ ਰਿਹਾ ਸੀ। ਉਹ ਇਸ ਮਨਹੂਸ ਘਟਨਾ ਨੂੰ ਕਿਵੇਂ ਬਰਦਾਸ਼ਤ ਕਰ ਰਿਹਾ ਹੋਵੇਗਾ? ਨਿਹਾਇਤ ਸ਼ਰੀਫ਼ ਅਤੇ ਗੁਰੂਘਰ ਦੀ ਨੇਮਣ-ਪ੍ਰੇਮਣ ਉਹਦੀ ਪਤਨੀ, ਆਪਣੀ ਹੀ ਜਾਈ ਦੇ ਪੁੱਟੇ ਐਡੇ ਨਿਰਮੋਹੇ ਤੇ ਬੇ-ਹਯਾ ਕਦਮ ਨੂੰ ਦੇਖ ਕੇ ਕੀ ਹੋਸ਼ ਵਿਚ ਹੀ ਰਹੀ ਹੋਵੇਗੀ? ਜੇ ਇਹ ਨਿਰਲੱਜਪੁਣਾ ਗੁਰਸਿੱਖ ਘਰਾਣਿਆਂ ਵਿਚ ਵੀ ਆ ਵੜਿਆ ਹੈ ਤਾਂ ਸਦਾਚਾਰਕ ਜਾਂ ਨੈਤਿਕ ਕਦਰਾਂ-ਕੀਮਤਾਂ ਕਿੱਥੇ ਰਹਿ ਜਾਣਗੀਆਂ? ਇਸ ਉਮਰ ਵਿਚ ਪਹੁੰਚ ਕੇ ਮੁੰਡੇ-ਕੁੜੀਆਂ ਦੀਆਂ ਅੱਖਾਂ ਅੱਗੇ ਚਰਬੀ ਕਿਉਂ ਆ ਜਾਂਦੀ ਹੈ? ਉਨ੍ਹਾਂ ਨੂੰ ਆਪਣੇ ਫੈਸਲੇ ਦਾ ਵਿਰੋਧ ਕਰਨ ਵਾਲੇ ਸਾਰੇ ਜ਼ਹਿਰ ਦਿਖਾਈ ਕਿਉਂ ਦੇਣ ਲੱਗ ਜਾਂਦੇ ਹਨ? ਅੱਜ ਦੇ ਮਾਹੌਲ ਵਿਚ ਧੀ ਦਾ ਬਾਪ ਹੋਣਾ ਕੀ ਅਗਨੀ ਪ੍ਰੀਖਿਆ ਹੀ ਨਹੀਂ ਬਣ ਗਿਆ? ਤੇਜ਼ ਵਹਾ ਵਾਲੇ ਪਾਣੀ ਦੀਆਂ ਛੱਲਾਂ ਵਾਂਗ ਚੜ੍ਹ-ਚੜ੍ਹ ਕੇ ਆਉਂਦੀਆਂ ਇਨ੍ਹਾਂ ਘੁੰਮਣ-ਘੇਰੀਆਂ ਵਿਚ ਫਸੇ ਬੈਠੇ ਨੂੰ ਇਹ ਮੰਦਭਾਗੀ ਘਟਨਾ ਦੱਸਣ ਵਾਲੇ ਦੇ ਬੋਲ ਯਾਦ ਆਉਣ ਲੱਗੇ। ਕਿਵੇਂ ਉਸ ਨੇ ਮਸੋਸੀ ਆਵਾਜ਼ ਵਿਚ ਰੁਕ ਰੁਕ ਕੇ ਵਿਥਿਆ ਸੁਣਾਈ,

'ਸਿਆਣੇ ਬਾਪ ਵਾਂਗ ਉਹਨੇ ਆਪਣੀ ਧੀ ਲਈ ਸੋਹਣੀ ਨੌਕਰੀ 'ਤੇ ਲੱਗਾ ਖੂਬਸੂਰਤ ਸਾਬਤ ਸੂਰਤ ਨੌਜਵਾਨ ਲੜਕਾ ਲੱਭਿਆ। ਚਲਦੇ ਰਿਵਾਜ਼ ਮੁਤਾਬਕ ਮੁੰਡੇ-ਕੁੜੀ ਨੇ ਇਕ-ਦੂਜੇ ਨੂੰ ਦੇਖ ਲਿਆ। ਭੈਣਾਂ-ਭਾਈਆਂ ਦੀ ਹਾਜ਼ਰੀ ਵਿਚ ਮੁੰਡੇ-ਕੁੜੀ ਨੇ ਆਪੋ-ਵਿਚੀਂ ਲੋੜੀਂਦੀਆਂ ਗੱਲਾਂਬਾਤਾਂ ਵੀ ਕਰ ਲਈਆਂ। ਦੋਹਾਂ ਧਿਰਾਂ ਦੀ ਰਜ਼ਾਮੰਦੀ ਨਾਲ ਠਾਕਾ ਹੋਣ ਮਗਰੋਂ ਵਿਆਹ ਬਾਰੇ ਵਿਚਾਰ ਲਈ ਵਿਚੋਲੇ ਨੇ ਹਾਲੇ ਕੁੜੀ ਵਾਲੇ ਘਰ ਪਹਿਲਾ ਗੇੜਾ ਹੀ ਮਾਰਿਆ ਸੀ ਕਿ ਕੁੜੀ ਨੇ ਆਪਣੀ ਮਾਂ ਨੂੰ 'ਆਪਣਾ ਫੈਸਲਾ' ਸੁਣਾ ਦਿੱਤਾ। ਅਖੇ, ਮੈਂ ਤਾਂ ਕਿਸੇ ਹੋਰ ਦੀ ਹੋ ਚੁੱਕੀ ਹਾਂ, ਇਸ ਮੁੰਡੇ ਨਾਲ ਮੈਂ ਨਹੀਂ ਵਿਆਹ ਕਰਵਾਉਣਾ।

ਪੱਗਾਂ ਦਾੜ੍ਹੀਆਂ ਵਾਲਿਆਂ ਵੱਲੋਂ ਕੀਤੀਆਂ ਗਈਆਂ ਪੱਕੀਆਂ-ਠੱਕੀਆਂ ਪੈ ਗਈਆਂ ਖੂਹ ਵਿਚ। ਛੋਕਰ ਖੇਲ੍ਹ ਨੇ ਦਿਖਾ 'ਤਾ ਆਪਣਾ ਰੰਗ!!! ਗਊਆਂ ਵਰਗੇ ਮਾਂ-ਬਾਪ ਨੇ ਅੰਦਰ ਵੜ ਕੇ ਢਿੱਡੋਂ ਜੰਮੀ ਧੀ ਮੂਹਰੇ ਤਰਲੇ ਕੀਤੇ, ਹਾੜ੍ਹੇ ਕੱਢੇ। ਭਾਈਆਂ ਪੈਂਚਾਂ ਰਿਸ਼ਤੇਦਾਰਾਂ ਵਿਚ ਕੀਤੇ ਕੌਲ ਕਰਾਰਾਂ ਦੇ ਵਾਸਤੇ ਪਾਏ। ਮਾਂ ਦੀ ਮਮਤਾ ਨੇ ਪਿਓ ਦੀ ਬੇਦਾਗ ਪੱਗ ਨੂੰ ਬਚਾਉਣ ਲਈ ਧੀ ਅੱਗੇ ਹੱਥ ਬੰਨ੍ਹੇ ਪਰ ਸਭ ਬੇਕਾਰ। ਦਾਦਕਿਆਂ 'ਚੋਂ ਚਾਚੀਆਂ-ਤਾਈਆਂ ਅਤੇ ਨਾਨਕਿਆਂ 'ਚੋਂ ਮਾਮੀਆਂ-ਮਾਸੀਆਂ ਨੇ, ਜੋ ਨਾ ਸੋ ਮਿਸਾਲਾਂ ਦੇ ਕੇ ਦੇਖ ਲਈਆਂ ਪਰ ਕੁੜੀ ਟੱਸ ਤੋਂ ਮੱਸ ਨਾ ਹੋਈ। ਘੂਰ-ਘੱਪਾ ਵੀ ਕਰ ਕੇ ਦੇਖ ਲਿਆ। ਕੁੜੀ ਨੇ ਜ਼ਿੱਦ ਨਾ ਛੱਡੀ। 'ਚੋਰ ਦੀ ਮਾਂ ਕੋਠੀ 'ਚ ਮੂੰਹ' ਵਾਲੀ ਕਹਾਵਤ ਵਾਂਗ ਭਲਾਮਾਣਸ ਪਿਓ ਅੰਦਰੋਂ ਬਾਹਰ ਨਾ ਨਿਕਲੇ।

ਆਲੇ-ਦੁਆਲੇ ਹੋ ਰਹੇ ਇਹੋ ਜਿਹੇ ਕੁਲੱਛਣੇ ਕਾਰਿਆਂ ਦੇ ਹਵਾਲੇ ਦੇ ਦੇ ਕੇ ਭਾਈ ਭਰਾਵਾਂ ਨੇ ਕੁੜੀ ਦੇ ਪਿਓ ਨੂੰ ਸਮਝਾਇਆ। ਮੁੰਡੇ ਵਾਲਿਆਂ ਨੂੰ ਮੁਆਫ਼ੀ ਮੰਗਦਿਆਂ ਜਵਾਬ ਭੇਜ ਦਿੱਤਾ। ਕੁੜੀ ਵੱਲੋਂ ਮੂੰਹ ਪਾੜ ਕੇ ਦੱਸੇ ਗਏ ਮੁੰਡੇ ਨੂੰ ਦੇਖਣ ਜਾਣ ਦਾ ਪ੍ਰੋਗਰਾਮ ਵਿਉਂਤਿਆ ਗਿਆ। 'ਮਰਦੀ ਨੇ ਅੱਕ ਚੱਬਿਆ' ਵਾਲੀ ਹਾਲਤ ਵਿਚ ਕੁੜੀ ਦੇ ਚਾਚੇ ਤੇ ਬਾਪ, ਮੁੰਡੇ ਦੇ ਘਰ ਗਏ। ਉਥੇ ਗਿਆਂ ਹੋਰ ਸਿਆਪਾ ਖੜ੍ਹ ਗਿਆ। ਇਕ ਤਾਂ ਮੁੰਡਾ ਊਂ ਸਿਰੋਂ ਮੋਨਾ, ਦੂਜਾ ਉਹ ਸਾਰਾ ਟੱਬਰ ਪੈਰੋਕਾਰ ਉਸ ਬਾਬੇ ਦਾ ਜਿਨ੍ਹਾਂ ਨਾਲ ਰੋਟੀ-ਬੇਟੀ ਦੀ ਸਾਂਝ ਨਾ ਰੱਖਣ ਦਾ ਹੁਕਮਨਾਮਾ ਜਾਰੀ ਹੋ ਚੁੱਕਾ ਹੋਇਐ। ਕਹਿੰਦੇ ਇਹ ਪਤਾ ਲੱਗਣ 'ਤੇ ਕੁੜੀ ਦਾ ਪਿਓ ਰੋਹ ਨਾਲ ਉਠ ਖੜ੍ਹਾ ਹੋਇਆ, "ਇਸ ਘਰ ਕੁੜੀ ਵਿਆਹੁਣੀ ਤਾਂ ਦੂਰ ਦੀ ਗੱਲ, ਮੈਂ ਇਨ੍ਹਾਂ ਦੇ ਘਰੋਂ ਪਾਣੀ ਦਾ ਘੁੱਟ ਵੀ ਨਹੀਂ ਪੀਣਾ।" ਸਾਰੇ ਜਣੇ ਉਥੋਂ ਉਠ ਕੇ ਬੇਰੰਗ ਲਿਫ਼ਾਫ਼ੇ ਵਾਂਗ ਘਰੇ ਵਾਪਸ ਆ ਗਏ।

ਹਫ਼ਤਾ ਕੁ ਭਰ ਤਾਂ ਕੁੜੀ ਸੋਗ-ਬਸੂਰਾ ਜਿਹਾ ਪਾ ਕੇ ਘਰ ਵਿਚ ਤੁਰੀ-ਫਿਰੀ ਗਈ। ਘਰਦਿਆਂ ਸੋਚਿਆ ਕਿ ਸ਼ਾਇਦ ਇਸ ਦੇ ਮਨ-ਸੁਮੱਤਿਆ ਪੈ ਗਈ ਹੈ ਪਰ ਇਕ ਸਵੇਰ ਪਤਾ ਉਦੋਂ ਲੱਗਾ ਜਦ ਕੁੜੀ ਦਾ ਕਮਰਾ ਭਾਂ-ਭਾਂ ਕਰ ਰਿਹਾ ਸੀ। ਫਰੋਲਾ-ਫਰਾਲੀ ਤੋਂ ਪਤਾ ਲੱਗਿਆ ਕਿ ਜਾਂਦੀ ਹੋਈ ਉਹ ਆਪਣੇ ਪਾਸਪੋਰਟ ਦੇ ਨਾਲ-ਨਾਲ ਕੁਝ ਨਕਦੀ ਤੇ ਗਹਿਣੇ ਵੀ ਲੈ ਗਈ। ਪਿਓ ਦੀ ਬੀਬੀ ਦਾੜ੍ਹੀ ਨੂੰ ਸੁਆਰ ਕੇ ਖੱਜਲ ਕਰ ਗਈ ਕਲਯੁੱਗੀ 'ਧੀ ਧਿਆਣੀ'। ਪੰਜਾਬੀ ਸੱਭਿਆਚਾਰ ਵਿਚ ਧੀਆਂ ਦੀ ਨਿਮਰਤਾ ਅਤੇ ਸ਼ਰੀਫੀ ਕਾਰਨ 'ਧੀਆਂ ਗਊਆਂ' ਸ਼ਬਦ ਵਰਤੀਂਦਾ ਆਇਆ ਹੈ ਪਰ ਅੱਜੋਕੇ ਯੁੱਗ ਦੀਆਂ ਇਹ ਗਊਆਂ ਵੀ ਹੁਣ ਢਿੱਡ ਵਿਚ ਸਿੰਗ ਮਾਰਨ ਲੱਗ ਪਈਆਂ ਹਨ। 'ਦੇਵੀਂ ਦੇਵੀਂ ਵੇ ਬਾਬਲ ਉਸ ਘਰੇ', 'ਬਾਬਲ ਮੇਰੇ ਇਕ ਵਰੁ ਲੱਭਾ' ਅਤੇ 'ਤੇਰੇ ਮਹਿਲਾਂ ਦੇ ਵਿਚ ਵੇ' ਜੈਸੇ ਲੋਕ ਗੀਤ ਬੇਸ਼ਰਮੀ ਦੇ ਸਮੁੰਦਰਾਂ ਵਿਚ ਗੋਤੇ ਖਾਂਦੇ ਨਜ਼ਰ ਆਉਂਦੇ ਲੱਗਦੇ ਨੇ।

ਢਿੱਡ 'ਚ ਮੁੱਕੀਆਂ ਦੇ ਕੇ, ਇੱਥੋਂ ਤੱਕ ਵਿਥਿਆ ਸੁਣ ਕੇ ਮੈਨੂੰ ਇਹ ਅੱਚਵੀ ਲੱਗ ਗਈ ਕਿ ਉਸ ਅਭਾਗੇ ਬਾਪ ਨਾਲ 'ਅਫਸੋਸ' ਕਿਹੜੇ ਤਰੀਕੇ ਕਰਾਂ। ਸਿੱਧਾ ਈ ਫੋਨ ਕਰਨ ਜਾਂ ਚਿੱਠੀ ਪਾਉਣ ਨਾਲ ਹੋ ਸਕਦਾ ਹੈ ਕਿ ਅਗਲਾ ਬੁਰਾ ਮਨਾਵੇ; ਕਿਉਂਕਿ ਇਹ ਗੱਲ ਹੀ ਬੜੀ ਕਸੂਤੀ ਹੈ। ਧੀਆਂ ਭੈਣਾਂ ਵਾਲੇ ਇੱਜ਼ਤਦਾਰ ਕਿਸੇ ਨੂੰ ਮੂੰਹ ਭਰ ਕੇ ਅਜਿਹੇ ਨਾਜ਼ਕ ਵਿਸ਼ੇ 'ਤੇ ਕੁਝ ਆਖਣ ਲੱਗਿਆ ਸੌ ਵਾਰ ਸੋਚਦੇ ਹਨ। ਕੰਡੇ ਵਾਂਗ ਇਹ ਸੱਲ ਮੇਰੇ ਕਈ ਦਿਨ ਚੁਭਦਾ ਰਿਹਾ। ਮੈਨੂੰ ਕੋਈ ਰਾਹ ਨਾ ਸੁੱਝੇ ਕਿ ਕਿਵੇਂ ਉਸ ਦੁਖੀਏ ਨਾਲ ਰਾਬਤਾ ਬਣਾ ਕੇ ਉਸ ਨੂੰ ਦਿਲਾਸਾ ਦਿਆਂ। ਉਸ ਦੇ ਦਿਲ ਦਾ ਬੋਝ ਹਲਕਾ ਕਰਾਂ। ਉਸ ਦੇ ਘਰ ਦਾ ਮਾਹੌਲ ਚਿਤਵਦਿਆਂ ਮੈਨੂੰ ਹੌਲ ਪੈਣ। ਮੁੜ ਮੁੜ ਕੇ ਉਹਦਾ ਗਮਗੀਨ ਚਿਹਰਾ ਅੱਖਾਂ ਅੱਗੇ ਆਈ ਜਾਵੇ। ਵਾਰ ਵਾਰ ਦਿਲ ਕਾਹਲਾ ਪਵੇ:

ਖੰਜਰ ਚਲੇ ਕਿਸੀ ਪੇ
ਤੜਪਤੇ ਹੈਂ ਹਮ 'ਅਮੀਰ'।
ਸਾਰੇ ਜਹਾਂ ਕਾ ਦਰਦ ਹਮਾਰੇ ਸੀਨੇ ਮੇਂ ਹੈ!

ਜਦੋਂ ਮੇਰੀ ਕੋਈ ਪੇਸ਼ ਨਾ ਗਈ ਤਾਂ ਹਾਰ ਕੇ ਆਪਣੇ ਕਿਸੇ ਪਰਵਾਸੀ ਸਨੇਹੀ ਨਾਲ ਵਿਚਾਰ ਕੀਤੀ। ਗੰਭੀਰ ਸੋਚ ਵਾਲੇ ਇਸ ਵੀਰ ਨੇ ਉਕਤ 'ਕਾਰੇ' ਪ੍ਰਥਾਏ ਕੁਝ ਸਤਰਾਂ ਲਿਖ ਭੇਜੀਆਂ ਅਤੇ ਨਾਲ ਹੀ ਮੈਨੂੰ ਨੇਕ ਸਲਾਹ ਇਹ ਦਿੱਤੀ ਕਿ 'ਘਰ ਘਰ ਏਹਾ ਅੱਗ' ਵਾਂਗ ਹੁਣ ਇਹ ਭਾਂਬੜ ਗਲੀ-ਗਲੀ ਮੁਹੱਲੇ-ਮੁਹੱਲੇ ਵਿਚ ਮੱਚ ਰਹੇ ਹਨ। ਕਿਸੇ ਨੂੰ ਫੋਨ ਕਰਨ ਜਾਂ ਖਤ ਲਿਖਣ ਨਾਲੋਂ ਮੇਰੀਆਂ ਇਨ੍ਹਾਂ ਸ਼ਰਤਾਂ ਦੁਆਲੇ ਘੁੰਮਦਾ ਲੇਖ ਤਿਆਰ ਕਰ। ਇੰਜ ਉਨ੍ਹਾਂ ਸੈਂਕੜੇ ਹਜ਼ਾਰਾਂ ਮਾਪਿਆਂ ਦੇ ਸੜਦੇ-ਤੜਫਦੇ ਹਿਰਦਿਆਂ ਨੂੰ ਕੁਝ ਤਸੱਲੀ ਮਿਲੇਗੀ ਜਿਨ੍ਹਾਂ ਦੇ ਪੁੱਤਾਂ ਧੀਆਂ ਨੇ ਆਪਣੇ ਮਾਪਿਆਂ ਦੇ ਸਿਰ ਸੁਆਹ ਪਾਈ ਹੋਈ ਹੈ। ਉਨ੍ਹਾਂ ਮਾਂਵਾਂ ਦੀਆਂ ਵਿਲਕਦੀਆਂ ਆਂਦਰਾਂ ਨੂੰ ਧਰਵਾਸ ਮਿਲੇਗੀ। ਮੇਰੇ ਇਸ ਦਿਲੀ ਮਹਿਰਮ ਵੀਰ ਨੇ ਉਕਤ ਹੈਂਸਿਆਰੀ ਕੁੜੀ ਦੇ ਦੁਖੀ ਬਾਪ ਦੇ ਨਾਂ ਕੁਝ ਪੰਕਤੀਆਂ ਮੇਰੀ ਤਰਫੋਂ ਇੰਜ ਲਿਖੀਆਂ,

"...ਸ਼ਰਮਿੰਦਗੀ ਦੇ ਮਣਾਂ-ਮੂੰਹੀਂ ਭਾਰ ਥੱਲੇ ਮਰ ਮਰ ਕੇ ਜੀ ਰਹੇ ਮੇਰੇ ਦੁਖੀ ਵੀਰਿਆ, ਮੈਂ ਸਮਝਦਾ ਹਾਂ ਕਿ ਤੇਰੇ ਨਾਜ਼ਕ ਦਿਲ ਨੂੰ ਐਸੇ ਜ਼ਹਿਰੀਲੇ ਘਾਉ ਲੱਗ ਗਏ ਨੇ ਜਿਨ੍ਹਾਂ ਨੂੰ ਕਿਸੇ ਦੁਆ-ਦਾਰੂ ਜਾਂ ਕਿਸੇ ਤਰ੍ਹਾਂ ਦੀ ਮੱਲ੍ਹਮ ਨਾਲ ਭਰਿਆ ਨਹੀਂ ਜਾ ਸਕਣਾ। ਆਪਣੀ ਹੀ ਔਲਾਦ ਵੱਲੋਂ ਤਪਾਈ ਗਈ ਭੱਠੀ ਵਿਚ ਭੁੱਜ ਰਹੇ ਭਰਾਵਾ, ਕਾਮ-ਭੂਤਨਾ ਅਖਾਉਤੀ ਪਿਆਰ ਦਾ ਮਖੌਟਾ ਪਾ ਕੇ ਹਰ ਪਿੰਡ-ਸ਼ਹਿਰ 'ਆਦਮ ਬੋ, ਆਦਮ ਬੋ' ਕਰਦਾ ਫਿਰ ਰਿਹਾ ਹੈ। ਅੱਜ ਇਸ ਦੈਂਤ ਨੇ ਤੇਰੇ ਟੱਬਰ 'ਤੇ ਹੱਲਾ ਬੋਲਿਆ ਹੈ। ਕੱਲ੍ਹ ਨੂੰ ਕਿਸੇ ਹੋਰ ਦਾ ਘਰ ਲੁੱਟਿਆ ਜਾਣਾ ਹੈ। ਤੇਰੇ ਵਾਂਗ ਹੀ ਧੀ ਦਾ ਬਾਪ ਹੋਣ ਕਰਕੇ ਆਪਣੀ ਹੀ ਗਲੀ ਵਿਚ ਮੇਰਾ ਘਰ ਵੀ ਸਮਝ ਲੈ। ਬਦਕਿਸਮਤੀ ਤੇਰੀ ਕਿ ਭੂਸਰੇ ਕਾਮ-ਭੂਤਨੇ ਦੀ ਲਪੇਟ ਵਿਚ ਤੇਰਾ ਘਰ ਪਹਿਲਾਂ ਆ ਗਿਆ। ਧੀਆਂ ਦੇ ਧਰਮੀ ਬਾਬਲ ਕਿਹੜੇ ਢੰਗ ਨਾਲ ਆਪਣੇ ਘਰਾਂ ਦੇ ਦਰਵਾਜ਼ੇ ਭੈੜ ਲੈਣ? ਕਿਵੇਂ ਬਚਾਉਣ ਆਪਣੀਆਂ ਧੀਆਂ ਨੂੰ ਇਸ ਭੇੜੀਏ ਕੋਲੋਂ? ਜਿਸ ਬਾਪ ਦੀ ਧੀ ਸਕੂਲ-ਕਾਲਜ ਜਾਂਦੀ ਹੈ, ਨੌਕਰੀ ਪੇਸ਼ਾ ਹੈ ਪਰ ਉਸ ਬਾਪ ਦੇ ਦਿਲ ਦਿਮਾਗ ਉੱਤੇ, ਉਕਤ ਸਵਾਲ ਹਮੇਸ਼ਾ ਹਥੌੜੇ ਵਾਂਗ ਵੱਜਦੇ ਰਹਿੰਦੇ ਹਨ।

ਵਾਪਰੀ ਅਣਹੋਣੀ 'ਤੇ ਝੂਰਦਿਆ ਭਰਾਵਾ, ਆਪਣੇ ਮਾਪਿਆਂ ਦੀਆਂ ਆਂਦਰਾਂ ਨੂੰ ਲੂਹਣ ਵਾਲੀ ਔਲਾਦ ਕਦੇ ਵੀ ਸੁਖੀ ਨਹੀਂ ਰਹਿ ਸਕਦੀ। ਜਿਵੇਂ ਤੁਰ ਗਿਆਂ ਨੂੰ ਭੁਲਾਉਣ ਵਿਚ ਹੀ ਭਲਾ ਹੁੰਦਾ ਹੈ, ਇਸੇ ਤਰ੍ਹਾਂ ਅਹਿਸਾਸਾਂ ਨੂੰ ਸਬਰਾਂ ਦਾ ਬੰਨ੍ਹ ਮਾਰ ਕੇ ਭਾਣਾ ਮੰਨ ਲੈ...।"

ਅੰਤਿਕਾ: ਆਮ ਹਾਲਾਤ ਵਿਚ ਮੈਂ ਸੱਤਾਂ-ਅੱਠਾਂ ਘੰਟਿਆਂ ਵਿਚ ਇਕ ਲੇਖ ਲਿਖ ਲੈਂਦਾ ਹਾਂ, ਪਰ ਹਥਲੀ ਲਿਖਤ ਲਿਖਦਿਆਂ ਮੈਂ ਮਹਿਸੂਸ ਕੀਤਾ ਹੈ ਕਿ ਜਿਵੇਂ ਮੈਨੂੰ ਮਘਦੇ ਕੋਲਿਆਂ 'ਤੇ ਨੰਗੇ ਪੈਰੀਂ ਤੁਰਨਾ ਪੈ ਰਿਹਾ ਹੋਵੇ। ਲਗਭਗ ਮਹੀਨੇ ਭਰ ਤੋਂ ਲਿਖਦਾ ਰਿਹਾ ਕੱਟਦਾ ਰਿਹਾ, ਫਿਰ ਲਿਖਦਾ-ਫਿਰ ਸੋਧਦਾ ਰਿਹਾ। ਜਦ ਵੀ ਲਿਖਣ ਲਈ ਬਹਿੰਦਾ, ਮੇਰੀਆਂ ਅੱਖਾਂ ਮੋਹਰੇ ਆਪਣੀ ਧੀ, ਭਤੀਜੀਆਂ, ਭਾਣਜੀਆਂ ਅਤੇ ਉਹ ਸਾਊ ਧੀਆਂ ਝੱਟ ਆ ਜਾਂਦੀਆਂ ਜੋ ਸਕੂਲਾਂ ਕਾਲਜਾਂ ਵਿਚ ਆਉਣ-ਜਾਣ ਵੇਲੇ ਮੁਸ਼ਟੰਡਿਆਂ ਦੇ ਅਖਾਉਤੀ 'ਪਿਆਰ' ਦੇ ਗੁਲੇਲਿਆਂ ਦੀ ਮਾਰ ਤੋਂ ਬਚਾਅ ਕਰਨਾ ਲੋਚਦੀਆਂ ਨੇ। ਪਾਕਿਸਤਾਨ ਵਿਚ ਜੰਮੀ ਪਲੀ ਮੇਰੀ ਮਾਂ ਦੱਸਿਆ ਕਰਦੀ ਸੀ ਕਿ ਜਦੋਂ ਕੁੜੀਆਂ ਨੂੰ ਸਕੂਲਾਂ ਵਿਚ ਪੜ੍ਹਾਉਣ ਦਾ ਰਿਵਾਜ਼ ਸ਼ੁਰੂ ਹੋਇਆ ਤਾਂ ਇਸ ਦੇ ਵਿਰੋਧੀਆਂ ਨੇ ਕਿੱਸੇ ਛਾਪ ਕੇ ਵੰਡੇ ਜਿਨ੍ਹਾਂ ਦੇ ਬਾਹਰ ਮੋਟੇ ਅੱਖਰਾਂ ਵਿਚ ਲਿਖਿਆ ਹੁੰਦਾ ਸੀ,

ਸੋਲਾਂ ਸਾਲ ਦੀ ਕੰਨਿਆ
ਪੜ੍ਹਨੇ ਗਈ ਸਕੂਲ।
ਉਸ ਦੇ ਮਾਈ ਬਾਪ ਨੂੰ
ਸ਼ਰਮ ਨਾ ਆਈ ਮੂਲ।

ਅਜਿਹੀ ਸੋਚ ਨੂੰ ਹੁਣ ਭਾਵੇਂ 'ਜਾਹਲਪੁਣਾ' ਜਾਂ 'ਦਕੀਆਨੂਸੀ' ਕਹਿ ਕੇ ਭੰਡਿਆ ਜਾਣਾ ਹੈ ਪਰ ਜਿਸ 'ਡਰ' ਵਿਚੋਂ ਇਹ ਤੁਕਬੰਦੀ ਕੀਤੀ ਗਈ ਹੈ, ਉਸ ਤੌਖਲੇ ਨੇ ਅੱਜ ਵਿਰਾਟ ਰੂਪ ਧਾਰ ਕੇ ਸਮਾਜ ਵਿਚ ਕਹਿਰਾਂ ਦੀ ਕਸ਼ੀਦਗੀ, ਮਾਰ-ਧਾੜ ਅਤੇ ਲੁੱਟ-ਖਸੁੱਟ ਮਚਾਈ ਹੋਈ ਹੈ। ਇਸ ਵਿਸ਼ੇ 'ਤੇ ਗੱਲ ਕਰਨ ਲੱਗਿਆਂ ਬੁੱਲ੍ਹ ਹੀ ਸੀਣੇ ਪੈਂਦੇ ਹਨ।

ਆਖਰੀ ਸਤਰਾਂ ਲਿਖਦਿਆਂ ਘਰੋਂ ਦੌੜੀ ਉਕਤ ਕੁੜੀ ਦੀ ਕਹਾਣੀ ਦਾ 'ਡਰਾਪ ਸੀਨ' ਵੀ ਸੁਣਨ ਨੂੰ ਮਿਲ ਗਿਆ। ਕੋਰਟ ਮੈਰਿਜ ਕਰਾ ਕੇ ਜੋੜੀ ਵਿਦੇਸ਼ ਚਲੀ ਗਈ। ਕੁੜੀ ਨੇ ਜਿਸ ਨੂੰ ਸਾਰੀ ਦੁਨੀਆਂ 'ਚੋਂ ਅਨੋਖਾ ਚੰਦ ਸਮਝ ਕੇ ਮਾਂ ਜਾਏ ਵੀਰਾਂ, ਅੰਗਾਂ ਸਾਕਾਂ ਅਤੇ ਮਾਂ-ਬਾਪ ਦੀਆਂ ਰੀਝਾਂ ਸੱਧਰਾਂ ਨੂੰ ਰੋਲ ਕੇ 'ਆਪਣਾ' ਬਣਾਇਆ ਸੀ, ਉਹ ਵਿਦੇਸ਼ ਪਹੁੰਚਦਿਆਂ ਹੀ ਇਹ ਕਹਿ ਕੇ 'ਟੀਟਣਾ' ਦਿਖਾ ਗਿਆ ਕਿ ਮੈਂ ਤਾਂ ਬਾਹਰ ਹੀ ਆਉਣਾ ਸੀ, ਉਂਜ ਮੈਂ 'ਕਿਸੇ ਹੋਰ' ਦਾ ਹਾਂ।

ਨਯਾ ਵੋਹ ਢੂੰਡਤੇ ਹੈਂ
ਰੋਜ਼ ਹੀ ਇਕ ਚਾਹਨੇ ਵਾਲਾ,
ਬਦਲ ਦੇ ਯਾ-ਇਲਾਹੀ
ਰੋਜ਼ ਹੀ ਸੂਰਤਿ ਮੇਰੀ।

ਬਿਗਾਨੇ ਮੁਲਕ ਵਿਚ ਕੋਈ ਤਰਸ ਖਾ ਕੇ ਉਸ ਕੁੜੀ ਨੂੰ ਗੁਰਦੁਆਰੇ ਛੱਡ ਗਿਆ। ਹੁਣ ਉਹ ਫੋਨ 'ਤੇ ਵੈਣ ਪਾ ਪਾ ਕੇ ਮੁਆਫੀਆਂ ਮੰਗੀ ਜਾਂਦੀ ਹੈ। ਉਧਰ ਮਾਂ ਦਾ ਸੀਨਾ ਫਿਰ ਧੀ ਲਈ ਪਿਘਲ ਗਿਆ ਹੈ ਜੋ ਚੋਰੀ ਛਿਪੇ ਉਸ ਦੇ ਫੋਨ ਸੁਣ ਲੈਂਦੀ ਹੈ ਪਰ ਭਰਾ ਉਸ ਦੀ ਸ਼ਕਲ ਵੀ ਨਹੀਂ ਦੇਖਣੀ ਚਾਹੁੰਦੇ। ਰਹਿਮਦਿਲੀ ਦਿਖਾਉਣ ਦੀ ਗੱਲ ਸੁਣ ਕੇ ਪਿਓ ਅੱਖਾਂ ਲਾਲ ਕਰਕੇ ਕਹਿੰਦਾ ਹੈ, "ਜੇ ਕਿਸੇ ਨੇ ਉਸ ਨੂੰ ਇਸ ਘਰ ਵਿਚ ਵਾੜਿਆ ਤਾਂ ਮੈਂ ਕਿਤੇ ਚਲਾ ਜਾਣਾ ਹੈ।"... ਧਰਮੀ ਬਾਬਲ ਕਿੱਥੇ ਜਾਵੇ ਲੋਕੋ?

## ਕਾਵਿ-ਵਿਅੰਗ

### ਅੰਨਾ ਹਜਾਰੇ ਦੇ ਨਾਂ

ਸੁੱਤੇ ਹੁੰਦੇ ਤਾਂ ਜਾਗਦੇ ਹਿੰਦ ਵਾਸੀ,
ਮੁਰਦਾ ਕੌਮ ਨੇ ਜਾਗਣਾ ਕਦੋਂ ਅੰਨਾ।
ਤੂੰ ਹੀ ਲਾਈ ਬੈਠੈਂ ਝੋਰਾ ਕੌਮ ਵਾਲਾ,
ਕਿਸੇ ਰਿਜਕ ਤਿਆਗਣਾ ਕਦੋਂ ਅੰਨਾ।

ਭ੍ਰਿਸ਼ਟਾਚਾਰ ਮਿੱਟਜੂ ਕਿਵੇਂ ਹਿੰਦ ਵਿਚੋਂ,
ਖੂਨ ਵਿਚ ਬਿਮਾਰੀ ਇਹ ਰਲ਼ੀ ਹੋਈ ਹੈ।
ਇਹਦੇ ਰਹਿਬਰਾਂ ਦੇਸ਼ ਕੰਗਾਲ ਕੀਤਾ,
ਪੈਰਾਂ ਹੇਠ ਮਧੋਲੀ ਜਿਉਂ ਕਲੀ ਪਈ ਹੈ।

ਲੋਕ ਰੋਟੀ ਖੁਣੋਂ ਹੋ ਚੱਲੇ ਆਤੁਰ,
ਇਥੇ ਏਨੀ ਮਹਿੰਗਾਈ ਦੀ ਅੱਤ ਹੋਗੀ।
ਫਿਰਕੂ ਹਿੰਸਾ ਵੀ ਸ਼ਰ੍ਹੇਬਾਜ਼ਾਰ ਹੁੰਦੀ,
ਸਸਤੀ ਪਾਣੀਉਂ ਲੋਕਾਂ ਦੀ ਰੱਤ ਹੋਗੀ,

ਅੰਨਾ ਹਜਾਰੇ ਜੀ ਵਤਨ ਦਾ ਦਰਦ ਤੈਨੂੰ,
ਬਾਰਾਂ ਸਾਲ ਭਾਵੇਂ ਵੰਝਲੀ ਪਾ ਛੱਡੀਂ।
ਸਾਡੇ ਨੇਤਾ ਨੇ ਕੁੱਤੇ ਦੀ ਪੂਛ ਵਰਗੇ,
ਸਿੱਧੇ ਹੋਣ ਦੀ ਆਸ ਤੂੰ ਲਾਹ ਛੱਡੀਂ।

***

### ਮੁੱਖ ਮੰਤਰੀ ਬਣਨ ਨੂੰ ਜੀਅ ਕਰਦੈ

ਔਰੰਗਜੇਬ ਜੋ ਪਿਤਾ ਦੇ ਨਾਲ਼ ਕੀਤੀ,
ਉਸ ਤੋਂ ਸਬਕ ਬਜੁਰਗਾ ਲੈ ਭੋਰਾ।
ਉਮਰ ਵੇਖ ਬਜੁਰਗੀ ਦੀ ਆਪਣੀ ਤੂੰ,
ਹੁੰਦਾ ਏਸ ਤੋਂ ਵੱਧ ਨਾ ਕਹਿ ਭੋਰਾ।

ਗਈ ਵਿਸਾਖੀ, ਦੀਵਾ਼ਲੀ ਵੀ ਲੰਘ ਚੱਲੀ,
ਦਰਦ ਕੁਰਸੀ ਦਾ ਹੁੰਦਾ ਨਾ ਸਹਿ ਭੋਰਾ।

ਫਾਰੂਕ ਲੈ ਆਂਦਾ ਉਮਰ ਵੇਖ ਅੱਗੇ,
ਘਰੇ ਰਹਿ ਦਏ ਹੱਡਾਂ ਨੂੰ ਸੇਕ ਆਹਾ।
ਕਰੁਨਾਨਿਧੀ ਸਟਾਲਿਨ ਨੂੰ ਲਾ ਅੱਗੇ।
ਰਿਹਾ ਪਰਦਿਉਂ ਪੁੱਤਰ ਨੂੰ ਵੇਖ ਆਹਾ।
ਆਉਂਦੀ ਜਾਂਦੀ ਇਲੈਕਸ਼ਨ ਸਿਰ ਉਤੇ,
ਕਿਲੇ ਕੈਪਟਨ ਦੇ ਢਾਹੁਣ ਨੂੰ ਜੀਅ ਕਰਦਾ।
ਛੱਡ ਬਾਪੂ ਹੁਣ ਚੀਫ ਮਨਿਸਟਰੀ ਨੂੰ,
ਚਾਅ ਕੁਰਸੀ ਦਾ ਲਾਹੁਣ ਨੂੰ ਜੀਅ ਕਰਦਾ।

ਪੁੱਤ! ਸੁੱਖ-ਸਾਂਦੀ ਤੇਰੇ ਸਿਰ ਉਤੋਂ,
ਐਸੀਆਂ ਕੁਰਸੀਆਂ ਲੱਖ ਹਜ਼ਾਰ ਵਾਰਾਂ।
ਤੇਰੇ ਹਿੱਤ ਪਿਆਰੇ ਨੇ ਮੈਂ ਕੀਤੇ,
ਤੇਰੇ ਸਿਰ ਤੋਂ ਸਾਰਾ ਪੰਜਾਬ ਵਾਰਾਂ।
ਗੱਲ ਕੈਪਟਨ ਦੀ ਹੁੰਦੀ ਤਾਂ ਹੋਰ ਸੀਗਾ,
ਚੁੱਪ ਕੀਤਿਆਂ ਵੱਜਣੀਆਂ ਕਈ ਮਾਰਾਂ।
ਤੂੰ ਤਾਂ ਅਜੇ ਨਿਆਣਾ ਨਾਸਮਝ ਜਿਹਾ,
ਰਾਜਨੀਤੀ ਦੀਆਂ ਮੈਨੂੰ ਬਹੁਤ ਸਾਰਾਂ।

ਆਉਂਦੀ 'ਲੈਕਸ਼ਨ ਮੈਂ ਲੜਾਂ ਘਾਗ ਬਹੁਤਾ,
ਪੱਲੇ ਪੈਣ ਨਾ ਆਪਣੇ ਕਿਤੇ ਹਾਰਾਂ।
ਬੁੱਢੇ ਹੱਡ ਹੁਣ ਜਦ ਤੁਰਨੋਂ ਜਵਾਬ ਦੇਂਦੇ,
ਪੂਰੇ ਕਰਦਾ ਮਨ ਦੇ ਚਾਅ ਜਾਵਾਂ।
ਤੇਰੇ ਵਿਰੋਧੀ ਵੀ ਨੁੱਕਰੇ ਲਾ ਜਾਵਾਂ,
ਮੁੱਖ ਮੰਤਰੀ ਤੈਨੂੰ ਬਣਾ ਜਾਵਾਂ।

*-ਜਤਿੰਦਰ ਸਿੰਘ ਔਲਖ*
*ਫੋਨ:91-98155-34653*

## ਸੋ ਸਚੁ ਮੰਦਰੁ ਜਿਤੁ ਸਚੁ ਧਿਆਈਐ

ੴ ਸਤਿਗੁਰ ਪ੍ਰਸਾਦਿ॥
ਮਾਝ ਮਹਲਾ 5
ਸੋ ਸਚੁ ਮੰਦਰੁ ਜਿਤੁ ਸਚੁ ਧਿਆਈਐ
ਸੋ ਰਿਦਾ ਸੁਹੇਲਾ
ਜਿਤੁ ਹਰਿ ਗੁਣ ਗਾਈਐ॥
ਸਾ ਧਰਤਿ ਸੁਹਾਵੀ
ਜਿਤੁ ਵਸਹਿ ਹਰਿ ਜਨ
ਸਚੇ ਨਾਮ ਵਿਟਹੁ ਕੁਰਬਾਣੋ ਜੀਉ॥
ਸਚੁ ਵਡਾਈ ਕੀਮ ਨ ਪਾਈ॥
ਕੁਦਰਤਿ ਕਰਮੁ ਨ ਕਹਣਾ ਜਾਈ॥
ਧਿਆਇ ਧਿਆਇ ਜੀਵਹਿ ਜਨ ਤੇਰੇ
ਸਚੁ ਸਬਦੁ ਮਨਿ ਮਾਣੋ ਜੀਉ॥
ਸਚੁ ਸਲਾਹਣੁ ਵਡਭਾਗੀ ਪਾਈਐ॥
ਗੁਰ ਪਰਸਾਦੀ ਹਰਿ ਗੁਣ ਗਾਈਐ॥
ਰੰਗਿ ਰਤੇ ਤੇਰੈ ਤੁਧੁ ਭਾਵਹਿ
ਸਚੁ ਨਾਮੁ ਨੀਸਾਣੋ ਜੀਉ॥
ਸਚੇ ਅੰਤੁ ਨ ਜਾਣੈ ਕੋਈ॥
ਥਾਨਿ ਥਨੰਤਰਿ ਸਚਾ ਸੋਈ॥
ਨਾਨਕ ਸਚੁ ਧਿਆਈਐ ਸਦ ਹੀ
ਅੰਤਰਜਾਮੀ ਜਾਣੋ ਜੀਉ॥

ਇਸ ਸ਼ਬਦ ਵਿਚ ਪੰਚਮ ਪਾਤਸ਼ਾਹ ਫੁਰਮਾਨ ਕਰਦੇ ਹਨ, ਹੇ ਭਾਈ! ਜਿਸ ਅਸਥਾਨ 'ਤੇ ਉਸ ਸਦਾ ਹੀ ਰਹਿਣ ਵਾਲੇ ਪ੍ਰਭੂ ਦਾ ਨਾਮ ਸਿਮਰਨ ਹੁੰਦਾ ਹੈ, ਉਹ ਹੀ ਸੱਚਾ ਮੰਦਰ ਹੈ, ਤੇ ਉਹ ਹਿਰਦਾ ਭਾਵ ਦਿਲ ਭੀ ਸਦਾ ਹੀ ਸੁਖੀ ਰਹਿੰਦਾ ਹੈ ਜੋ ਹਰੀ ਪਰਮਾਤਮਾ ਦੇ ਗੁਣਾਂ ਦਾ ਗਾਇਨ ਕਰਦਾ ਹੈ ਅਤੇ ਹੇ ਭਾਈ! ਉਥੇ ਧਰਤੀ ਵੀ ਸੁਹਾਵਣੀ ਭਾਵ ਵੱਡਭਾਗੀ ਹੋ ਜਾਂਦੀ ਹੈ, ਜਿਥੇ ਪ੍ਰਭੂ ਦੇ ਪਿਆਰੇ ਭਗਤ ਜਨ ਨਿਵਾਸ ਕਰਦੇ ਹਨ ਅਤੇ ਪ੍ਰਭੂ ਦੇ ਨਾਮ ਤੋਂ ਬਲਿਹਾਰੇ ਜਾਂਦੇ ਹਨ।

ਸਚੁ ਵਡਾਈ ਕੀਮ ਨ ਪਾਈ॥
ਕੁਦਰਤਿ ਕਰਮੁ ਨ ਕਹਣਾ ਜਾਈ॥
ਧਿਆਇ ਧਿਆਇ ਜੀਵਹਿ ਜਨ ਤੇਰੇ
ਸਚੁ ਸਬਦੁ ਮਨਿ ਮਾਣੋ ਜੀਉ॥

ਹੇ ਪ੍ਰਭੂ ਜੀਉ! ਆਪ ਸਦਾ ਹੀ, ਹਮੇਸ਼ਾ ਹੀ ਰਹਿਣ ਵਾਲੇ ਹੋ ਅਤੇ ਆਪ ਦੀ ਵਡਿਆਈ ਭਾਵ ਮਹਾਨਤਾ ਦਾ ਕੋਈ ਵੀ ਜੀਵ ਕਦੀ ਵੀ ਮੁੱਲ ਨਹੀਂ ਪਾ ਸਕਦਾ। ਤੇਰੀ ਕੁਦਰਤ ਦੀ ਸਿਫ਼ਤ ਭੀ ਨਹੀਂ ਕੀਤੀ ਜਾ ਸਕਦੀ ਕਿਉਂਕਿ ਆਪ ਜੀ ਜੈਸਾ ਵੱਡਾ ਹੋਰ ਤਾਂ ਕੋਈ ਹੈ ਹੀ ਨਹੀਂ ਹੈ। ਮੇਰੇ ਪ੍ਰਭ ਜੀਉ! ਆਪ ਜੀ ਦੇ ਭਗਤ ਜਨ ਆਪ ਦਾ ਸਿਮਰਨ ਕਰ ਕਰ ਕੇ ਹੀ ਆਤਮਿਕ ਜੀਵਨ ਦਾ ਅਨੰਦ ਮਾਣਦੇ ਹਨ ਅਤੇ ਹੇ ਪ੍ਰਭੂ! ਆਪ ਦੇ ਸੇਵਕਾਂ ਨੂੰ ਤਾਂ ਨਾਮ ਦਾ ਹੀ ਸਹਾਰਾ ਹੈ।

ਸਚੁ ਸਲਾਹਣੁ ਵਡਭਾਗੀ ਪਾਈਐ॥
ਗੁਰ ਪਰਸਾਦੀ ਹਰਿ ਗੁਣ ਗਾਈਐ॥
ਰੰਗਿ ਰਤੇ ਤੇਰੈ ਤੁਧੁ ਭਾਵਹਿ
ਸਚੁ ਨਾਮੁ ਨੀਸਾਣੋ ਜੀਉ॥

ਹੇ ਪ੍ਰਭੂ ਜੀਉ! ਆਪ ਦਾ ਨਾਮ ਸੱਚਾ ਹੈ ਅਤੇ ਆਪ ਜੀ ਦੇ ਸੋਹਣੇ ਅਤੇ ਸੱਚੇ ਨਾਮ ਦੀ ਉਸਤਤ ਕਰਨੀ ਵੀ ਵੱਡੇ ਭਾਗਾਂ ਨਾਲ ਹੀ ਪ੍ਰਾਪਤ ਹੁੰਦੀ ਹੈ। ਹੇ ਮਿਹਰਬਾਨ ਪ੍ਰਭ ਜੀਉ! ਜੇ ਪੂਰੇ ਗੁਰੂ ਦੀ ਕ੍ਰਿਪਾ ਹੋਵੇ ਤਾਂ ਹੀ ਜੀਵ ਆਪ ਦੇ ਗੁਣਾਂ ਦਾ ਗਾਇਨ ਭੀ ਕਰ ਸਕਦੇ ਹਨ ਅਤੇ ਹੇ

## ਗੁਰਬਾਣੀ ਗਿਆਨ

ਪ੍ਰਮੇਸ਼ਵਰ ਸੁਆਮੀ ਜੀਉ! ਆਪ ਜੀ ਨੂੰ ਭੀ ਉਹ ਹੀ ਸੇਵਕ ਭਾਵ ਭਗਤ ਜਨ ਪਿਆਰੇ ਲਗਦੇ ਹਨ, ਭਾਵ ਭਾਉਂਦੇ ਹਨ ਜਿਹੜੇ ਆਪ ਜੀ ਦੇ ਪ੍ਰੇਮ ਰੰਗ ਵਿਚ ਰੰਗੇ ਹੋਏ ਹਨ ਅਤੇ ਉਹ ਆਪ ਦੇ ਭਗਤ ਜਨਾਂ ਦੇ ਕੋਲ ਜੀਵਨ ਦਾ ਸਫ਼ਰ ਪੂਰਾ ਕਰਨ ਲਈ ਤੇਰੇ ਨਾਮ ਦਾ ਨਿਸ਼ਾਨ, ਭਾਵ ਰਾਹਦਾਰੀ ਭੀ ਹੈ।

ਸਚੁ ਨਾਮੁ ਨੀਸਾਣੋ ਜੀਉ॥
ਸਚੇ ਅੰਤੁ ਨ ਜਾਣੈ ਕੋਈ॥
ਥਾਨਿ ਥਨੰਤਰਿ ਸਚਾ ਸੋਈ॥
ਨਾਨਕ ਸਚੁ ਧਿਆਈਐ ਸਦ ਹੀ
ਅੰਤਰਜਾਮੀ ਜਾਣੋ ਜੀਉ॥

ਹੁਣ ਗੁਰਦੇਵ ਸ਼ਬਦ ਦੇ ਅੰਤ ਵਿਚ ਉਪਦੇਸ਼ ਕਰਦੇ ਹਨ ਕਿ ਹੇ ਭਾਈ! ਉਸ ਸੱਚੇ ਅਤੇ ਸਦਾ ਹੀ ਅਟੱਲ ਰਹਿਣ ਵਾਲੇ ਅਕਾਲ ਪੁਰਖ ਜੀ ਦੀਆਂ ਰਹਿਮਤਾਂ ਦਾ ਤਾਂ ਕੋਈ ਵੀ ਜੀਵ ਅੰਤ ਨਹੀਂ ਪਾ ਸਕਦਾ ਅਤੇ ਉਹ ਸਦਾ ਹੀ ਅਟੱਲ ਰਹਿਣ ਵਾਲੇ ਪ੍ਰਭੂ ਜੀ ਤਾਂ ਥਾਨਿ ਥਨੰਤਰਿ, ਭਾਵ ਹਰ ਇਕ ਥਾਂ ਅੰਦਰ ਹੀ ਵੱਸ ਰਹੇ ਹਨ ਅਤੇ ਹੇ ਨਾਨਕ! ਉਸ ਸਦਾ ਹੀ ਅਟੱਲ ਰਹਿਣ ਵਾਲੇ ਪ੍ਰਮੇਸ਼ਵਰ ਪ੍ਰਭੂ ਨੂੰ ਤਾਂ ਸਦਾ ਹੀ ਭਾਵ ਹਰ ਵੇਲੇ ਹੀ ਯਾਦ ਕਰਨਾ ਅਤੇ ਉਸ ਦਾ ਨਾਮ ਸਿਮਰਨ ਕਰਨਾ ਚਾਹੀਦਾ ਹੈ। ਉਹ ਅੰਤਰਜਾਮੀ ਪ੍ਰਭੂ ਤਾਂ ਸਭ ਦੇ ਦਿਲਾਂ ਦੀਆਂ ਜਾਣਨ ਵਾਲੇ ਹਨ।

ਆਓ! ਸ਼ਬਦ ਗੁਰੂ ਨਾਲ ਜੁੜੀਏ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ:916-687-3536*

# ਐਬਟਸਫੋਰਡ 'ਚ ਗੁਰਦਾਸ ਮਾਨ ਦੇ ਸ਼ੋਅ 'ਚ ਸਰੋਤਿਆਂ ਦਾ ਰਿਕਾਰਡਤੋੜ ਇਕੱਠ

## ਖੂਬ ਨਚਾਇਆ 'ਆਪਣਾ ਪੰਜਾਬ' ਗੀਤ ਨੇ ਮੰਤਰੀ ਡੀ ਜੌਂਗ ਅਤੇ ਮੇਅਰ ਪੈਰੀ ਨੂੰ





**ਐਬਟਸਫੋਰਡ, ਕੈਨੇਡਾ (ਬਿਊਰੋ):** "ਆਪਣਾ ਪੰਜਾਬ ਹੋਵੇ, ਘਰ ਦੀ ਸ਼ਰਾਬ ਹੋਵੇ..." ਪਰਦੇਸੀਂ ਵਸਦਾ ਕਿਹੜਾ ਪੰਜਾਬੀ ਹੈ ਜਿਹੜਾ ਗੁਰਦਾਸ ਮਾਨ ਦੇ ਗਾਏ ਇਸ ਗੀਤ ਉਤੇ ਝੂਮਣ ਨਹੀਂ ਲੱਗ ਜਾਂਦਾ। ਘਰ ਦੀ ਸ਼ਰਾਬ, ਮੂਲੀ ਨਾਲ ਗੰਢਾ ਅਤੇ ਮੰਜੇ 'ਤੇ ਬੈਠਾ ਨਵਾਬ ਬਣਿਆ ਜੱਟ ਭਾਵੇਂ ਨਾ ਵੀ ਇਥੇ ਮਿਲਣ ਪਰ ਨਿਸ਼ਚਿਤ ਤੌਰ 'ਤੇ ਪਰਦੇਸੀਂ ਵਸਦੇ ਪੰਜਾਬੀਆਂ ਨੂੰ ਆਪਣੇ ਉਸ ਪੁਰਾਣੇ ਪੰਜਾਬ ਦੀ ਯਾਦ ਜ਼ਰੂਰ ਆ ਜਾਂਦੀ ਹੈ। ਬਿਲਕੁਲ ਅਜਿਹਾ ਹੀ ਹੋਇਆ ਜਦੋਂ ਇਥੇ ਪਿਛਲੇ ਦਿਨੀਂ ਗੁਰਦਾਸ ਮਾਨ ਦੇ ਕਰਵਾਏ ਗਏ ਸ਼ੋਅ ਦੌਰਾਨ ਬ੍ਰਿਟਿਸ਼ ਕੋਲੰਬੀਆ ਦੇ ਸਿਹਤ ਮੰਤਰੀ ਮਾਈਕ ਡੀ ਜੌਂਗ ਨੇ ਸਟੇਜ ਉਤੇ ਪਿੰਡ ਫੱਲੇਵਾਲ, ਚੰਨਣਵਾਲ ਅਤੇ ਆਲਮਗੀਰ ਦਾ ਜ਼ਿਕਰ ਕਰਦਿਆਂ "ਆਪਣਾ ਪੰਜਾਬ ਹੋਵੇ" ਗੀਤ ਗਾਉਣਾ ਸ਼ੁਰੂ ਕਰ ਦਿੱਤਾ। ਝੱਟ ਹੀ ਗੁਰਦਾਸ ਮਾਨ ਨੇ ਇਸ ਗੀਤ ਨੂੰ ਆਪਣੀ ਆਵਾਜ਼ ਵਿਚ ਸਰੋਤਿਆਂ ਦੀ ਨਜ਼ਰ ਕੀਤਾ ਤਾਂ ਹਜ਼ਾਰਾਂ ਦੀ ਗਿਣਤੀ ਵਿਚ ਹਾਜ਼ਰ ਸਰੋਤੇ ਬਸ ਝੂਮ ਹੀ ਉਠੇ। ਇਹ ਗੱਲ ਹੈ ਪੰਜਾਬੀ ਗਾਇਕੀ ਦੇ ਬੇਤਾਜ ਬਾਦਸ਼ਾਹ ਕਰਕੇ ਜਾਣੇ ਜਾਂਦੇ ਲੋਕ ਗਾਇਕ ਗੁਰਦਾਸ ਮਾਨ ਦੇ ਬ੍ਰਿਟਿਸ਼ ਕੋਲੰਬੀਆਂ ਦੇ ਪੰਜਵੇਂ ਵੱਡੇ ਸ਼ਹਿਰ ਐਬਟਸਫੋਰਡ ਵਿਚ 27 ਸਾਲਾਂ ਬਾਅਦ ਹੋਏ ਸ਼ੋਅ ਦੀ। ਇਥੇ ਇਸ ਤੋਂ ਪਹਿਲਾਂ ਗੁਰਦਾਸ ਮਾਨ ਦਾ ਸ਼ੋਅ 1985 ਵਿਚ ਹੋਇਆ ਸੀ।

ਮੋਗਾ ਜ਼ਿਲੇ ਦੇ ਪਿੰਡ ਲੋਪੋ ਦੇ ਜੰਮਪਲ ਅਤੇ ਅੰਤਰਰਾਸ਼ਟਰੀ ਪ੍ਰੋਮੋਟਰ ਨਿਰਮਲ ਸਿੰਘ ਧਾਲੀਵਾਲ ਦੀ ਸਾਈਂ ਪ੍ਰੋਡਕਸ਼ਨ ਵਲੋਂ ਆਪਣੇ ਮਿੱਤਰ ਦੇਵਰਾਜ ਸੰਧੂ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਸ਼ੋਅ ਦੌਰਾਨ ਜਿਥੇ ਪੰਜ ਸਾਲ ਦੀ ਉਮਰ ਦੇ ਬੱਚੇ ਹਾਜ਼ਰ ਸਨ, ਨਵੀਂ ਪੀੜ੍ਹੀ ਦੇ ਨੌਜਵਾਨ ਮੁੰਡੇ-ਕੁੜੀਆਂ ਤੋਂ ਇਲਾਵਾ ਅੱਸੀ ਸਾਲ ਦੀ ਉਮਰ ਦੇ ਬਜ਼ੁਰਗ ਵੀ ਵੱਡੀ ਗਿਣਤੀ ਵਿਚ ਮੌਜੂਦ ਸਨ। ਇਸ ਸ਼ੋਅ ਦੀਆਂ ਟਿਕਟਾਂ 75 ਡਾਲਰ ਤੋਂ ਲੈ ਕੇ 500 ਡਾਲਰ ਤੱਕ ਵਿਕੀਆਂ। ਐਬਟਸਫੋਰਡ ਦੀ ਕਿੰਗ ਰੋਡ 'ਤੇ ਇਸ ਸ਼ੋਅ ਵਿਚ ਜਾਣ ਵਾਲਿਆਂ ਦੀ ਇੰਨੀ ਵੱਡੀ ਭੀੜ ਸੀ ਕਿ ਪੁਲਿਸ ਨੂੰ ਟਰੈਫਿਕ ਕੰਟਰੋਲ ਕਰਨਾ ਔਖਾ ਹੋਇਆ ਪਿਆ ਸੀ। ਪੁਲਿਸ ਵਲੋਂ ਹਾਲ ਦੇ ਅੰਦਰ ਅਤੇ ਬਾਹਰ ਬਹੁਤ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਸਰੋਤਿਆਂ ਦੀ ਗਿਣਤੀ ਦੇ ਪੱਖੋਂ ਇਹ ਸ਼ੋਅ ਇਕ ਨਵਾਂ ਹੀ ਰਿਕਾਰਡ ਕਾਇਮ ਕਰ ਗਿਆ।

ਸ਼ੋਅ ਦੀ ਸ਼ੁਰੂਆਤ ਗੁਰਦਾਸ ਮਾਨ ਨੇ ਰਵਾਇਤੀ ਤੌਰ 'ਤੇ ਧਾਰਮਿਕ ਗੀਤ "ਮੋਰੀ ਰਖਿਓ ਲਾਜ ਗੁਰਦੇਵ" ਨਾਲ ਕੀਤੀ ਅਤੇ ਫਿਰ ਕੋਈ ਚਾਰ ਘੰਟੇ ਉਸ ਨੇ ਇਕ ਪਿਛੋਂ ਇਕ ਆਪਣੇ ਅਤੇ ਸਰੋਤਿਆਂ ਦੇ ਮਨਪਸੰਦ ਗੀਤਾਂ ਦੀ ਝੜੀ ਲਾਈ ਰੱਖੀ ਜਿਨ੍ਹਾਂ ਵਿਚ 'ਆਪਣਾ ਪੰਜਾਬ ਹੋਵੇ' ਤਾਂ ਸ਼ਾਮਲ ਹੀ ਸੀ, ਨਾਲ ਹੀ ਉਸ ਨੇ ਬਾਬੇ ਭੰਗੜਾ ਪਾਉਂਦੇ ਨੇ, ਮਾਮਲਾ ਗੜਬੜ ਹੈ, ਛੱਲਾ, ਮੁੜ ਮੁੜ ਯਾਦ ਸਤਾਵੇ ਪਿੰਡ ਦੀਆਂ ਗਲੀਆਂ ਦੀ, ਕੀ ਖੱਟਿਆ ਮੈਂ ਤੇਰੀ ਹੀਰ ਬਣਕੇ, ਜੋਗੀਆ ਵੇ ਜੋਗੀਆ, ਕੁੜੀਏ ਕਿਸਮਤ ਪੁੜੀਏ, ਲੱਖ ਪਰਦੇਸੀ ਹੋਈਏ ਆਪਣਾ ਦੇਸ਼ ਨ੍ਹੀਂ ਭੰਡੀਦਾ ਅਤੇ ਹੋਰ ਅਨੇਕਾਂ ਗੀਤ ਸਰੋਤਿਆਂ ਦੀ ਨਜ਼ਰ ਕਰਕੇ ਨਾ ਸਿਰਫ ਉਨ੍ਹਾਂ ਨੂੰ ਝੂਮਣ ਹੀ ਲਾਇਆ ਸਗੋਂ ਨੱਚਣ ਵੀ ਲਾਇਆ। ਉਸ ਜੁਗਨੀ ਵੀ ਸੁਣਾਈ ਪਰ 'ਮੁੜ ਮੁੜ ਯਾਦ ਸਤਾਵੇ ਪਿੰਡ ਦੀਆਂ ਗਲੀਆਂ ਦੀ' ਗੀਤ ਐਬਟਸਫੋਰਡ ਦੇ ਇਸ ਸਭਿਆਚਾਰਕ ਸ਼ੋਅ ਦੀ ਸਿਖਰ ਸੀ। ਜਦੋਂ ਉਸ 'ਆਪਣਾ ਪੰਜਾਬ ਹੋਵੇ' ਗੀਤ ਗਾਇਆ ਤਾਂ ਮੰਤਰੀ ਮਾਈਕ ਡੀ ਜੌਂਗ ਦੇ ਨਾਲ ਸ਼ਹਿਰ ਦੇ ਮੇਅਰ ਜਾਰਜ ਪੈਰੀ ਅਤੇ ਡਿਪਟੀ ਮੇਅਰ ਮੋਅ ਗਿੱਲ ਵੀ ਸਟੇਜ ਉਤੇ ਉਸ ਦੇ ਨਾਲ ਹੀ ਨੱਚਣ ਲੱਗੇ।

ਇਸ ਮੌਕੇ 'ਤੇ ਮੰਤਰੀ, ਮੇਅਰ ਅਤੇ ਡਿਪਟੀ ਮੇਅਰ ਵਲੋਂ ਗੁਰਦਾਸ ਮਾਨ ਦਾ ਉਚੇਚਾ ਮਾਣ-ਸਨਮਾਨ ਕੀਤਾ ਗਿਆ। ਗੁਰਦਾਸ ਮਾਨ ਨੇ ਜਿੱਥੇ ਸੌ ਸਾਲ ਪਹਿਲਾਂ ਗਦਰੀ ਬਾਬਿਆਂ ਦੀ ਧਰਤੀ ਐਬਟਸਫੋਰਡ ਵਿਚ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਦੀ ਵਿਰਾਸਤੀ ਇਮਾਰਤ ਉਸਾਰਨ ਵਾਲੇ ਬਜ਼ੁਰਗਾਂ ਨੂੰ ਸਿਜ਼ਦਾ ਕੀਤਾ, ਉਥੇ ਨੁਸਰਤ ਫਤਿਹ ਅਲੀ ਖਾਨ, ਗਿਆਨੀ ਸੰਤ ਸਿੰਘ ਮਸਕੀਨ ਅਤੇ ਆਪਣੇ ਵਿਛੜ ਚੁਕੇ ਸਮਕਾਲੀ ਡਰਾਮਾ ਕਲਾਕਾਰ ਰਾਮ ਸਿੰਘ ਥਿੰਦ ਨੂੰ ਵੀ ਚੇਤੇ ਕੀਤਾ। ਇਸ ਸ਼ੋਅ ਵਿਚ ਹਾਜ਼ਰੀ ਲਵਾਉਣ ਵਾਲੀਆਂ ਮੁਖ ਸ਼ਖਸੀਅਤਾਂ ਵਿਚ ਨਿਊ ਡੈਮੋਕ੍ਰੈਟਿਕ ਪਾਰਟੀ ਦੀ ਧੜੱਲੇਦਾਰ ਪਾਰਲੀਮੈਂਟ ਮੈਂਬਰ ਬੀਬੀ ਜਿੰਨੀ ਸਿਮਜ਼, ਵਿਧਾਇਕ ਹੈਰੀ ਬੈਂਸ, ਭਾਰਤ ਤੋਂ ਆਏ ਉਘੇ ਕਾਮੇਡੀਅਨ ਬੀਨੂ ਢਿੱਲੋਂ, ਬੀ ਐਨ ਸ਼ਰਮਾ ਤੇ ਪੱਤਰਕਾਰ ਹੁਕਮ ਚੰਦ ਸ਼ਰਮਾ ਅਤੇ ਕੈਨੇਡਾ ਦੇ ਸੀਨੀਅਰ ਅਕਾਲੀ ਆਗੂ ਸ. ਅਜੀਤ ਸਿੰਘ ਬਾਧ ਸ਼ਾਮਲ ਸਨ।





*ਗੁਰਦਾਸ ਮਾਨ ਦਾ ਸਨਮਾਨ ਕਰਦੇ ਹੋਏ ਸਿਹਤ ਮੰਤਰੀ ਡੀ ਜੌਂਗ, ਮੇਅਰ ਜਾਰਜ ਮੈਰੀ, ਡਿਪਟੀ ਮੇਅਰ ਮੋਅ ਗਿੱਲ, ਨਿਰਮਲ ਧਾਲੀਵਾਲ, ਦੇਵ ਸੰਧੂ ਤੇ ਅਜੀਤ ਸਿੰਘ*



*Sponsored Page*

# ਕੈਪਟਨ ਅਮਰਿੰਦਰ ਸਿੰਘ ਪੰਜਾਬ ਦਾ ਸਭ ਤੋਂ ਅਮੀਰ ਵਿਧਾਇਕ

## ■ ਮਨਪ੍ਰੀਤ ਅੱਠਵੇਂ ਤੇ ਮੁੱਖ ਮੰਤਰੀ ਬਾਦਲ ਨੌਵੇਂ ਸਥਾਨ 'ਤੇ ■ ਪੰਜਾਬ ਦੇ 117 ਵਿਧਾਇਕਾਂ 'ਚੋਂ 78 ਕਰੋੜਪਤੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੀਆਂ ਦੋ ਸਿਆਸੀ ਪਾਰਟੀਆਂ 'ਚ ਸਿਆਸੀ ਸ਼ਰੀਕੇਬਾਜ਼ੀ ਦੇ ਮੁਕਾਬਲੇ ਦੇ ਨਾਲ-ਨਾਲ ਅਮੀਰੀ ਦੇ ਮਾਮਲੇ 'ਚ ਵੀ ਬਰਾਬਰ ਦਾ ਜੋੜ ਹੈ। ਪੰਜਾਬ ਵਿਧਾਨ ਸਭਾ ਦੇ ਮੌਜੂਦਾ ਵਿਧਾਇਕਾਂ 'ਚੋਂ ਚੋਟੀ ਦੇ ਅਮੀਰ 10 ਵਿਧਾਇਕਾਂ 'ਚੋਂ 5 ਸ਼੍ਰੋਮਣੀ ਅਕਾਲੀ ਦਲ ਦੇ ਤੇ 5 ਕਾਂਗਰਸ ਦੇ ਹਨ।





ਵਿਧਾਨ ਸਭਾ ਦੇ ਕੁੱਲ 117 ਵਿਧਾਇਕਾਂ 'ਚੋਂ ਸਭ ਤੋਂ ਅਮੀਰ ਪਟਿਆਲਾ ਤੋਂ ਵਿਧਾਇਕ ਕੈਪਟਨ ਅਮਰਿੰਦਰ ਸਿੰਘ ਹਨ ਜਿਨ੍ਹਾਂ ਕੋਲ ਸਾਢੇ 38 ਕਰੋੜ ਰੁਪਏ ਦੀ ਜਾਇਦਾਦ ਹੈ। ਦੂਜਾ ਨੰਬਰ ਕਾਂਗਰਸੀ ਨੇਤਾ ਤੇ ਉਦਯੋਗਪਤੀ ਰਾਣਾ ਗੁਰਜੀਤ ਸਿੰਘ ਦੀ ਨਜ਼ਦੀਕੀ ਰਿਸ਼ਤੇਦਾਰ ਤੇ ਕਪੂਰਥਲਾ ਤੋਂ ਕਾਂਗਰਸੀ ਵਿਧਾਇਕ ਰਾਣਾ ਰਾਜਬੰਸ ਕੌਰ ਦਾ ਹੈ ਜਿਨ੍ਹਾਂ ਕੋਲ 33 ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ ਹੈ। ਤੀਜੇ ਨੰਬਰ 'ਤੇ ਲੁਧਿਆਣਾ ਦੇ ਕਿਲਾ ਰਾਏਪੁਰ ਹਲਕੇ ਤੋਂ ਕਾਂਗਰਸੀ ਵਿਧਾਇਕ ਜਸਬੀਰ ਸਿੰਘ ਜੱਸੀ ਖੰਗੂੜਾ ਹਨ।ਜਿਨ੍ਹਾਂ ਕੋਲ 26 ਕਰੋੜ ਰੁਪਏ ਦੇ ਕਰੀਬ ਜਾਇਦਾਦ ਹੈ। ਚੋਟੀ ਦੇ ਤਿੰਨ ਅਮੀਰ ਵਿਧਾਇਕ ਭਾਵੇਂ ਕਾਂਗਰਸੀ ਹਨ ਪਰ ਚੌਥਾ ਨੰਬਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਦਾਮਾਦ ਤੇ ਸਾਂਝੇ ਮੁੱਖ ਮੰਤਰੀ ਰਹੇ ਪ੍ਰਤਾਪ ਸਿੰਘ ਕੈਰੋਂ ਦੇ ਪੋਤਰੇ ਆਦੇਸ਼ ਪ੍ਰਤਾਪ ਸਿੰਘ ਕੈਰੋਂ ਦਾ ਹੈ।ਜੋ ਤਰਨ ਤਾਰਨ ਦੇ ਪੱਟੀ ਹਲਕੇ ਦੇ ਅਕਾਲੀ ਵਿਧਾਇਕ ਹਨ। ਉਨ੍ਹਾਂ ਕੋਲ 21 ਕਰੋੜ ਰੁਪਏ ਦੇ ਕਰੀਬ ਜਾਇਦਾਦ ਹੈ। ਪੰਜਵਾਂ ਨੰਬਰ ਜਲੰਧਰ ਦੇ ਨਕੋਦਰ ਹਲਕੇ ਤੋਂ ਕਾਂਗਰਸੀ ਵਿਧਾਇਕ ਅਮਰਜੀਤ ਸਿੰਘ ਸਮਰਾ ਦਾ ਹੈ ਜੋ ਵੱਡੇ ਵਪਾਰੀ ਵੀ ਹਨ। ਉਨ੍ਹਾਂ ਕੋਲ ਸਾਢੇ 17 ਕਰੋੜ ਰੁਪਏ ਦੇ ਕਰੀਬ ਜਾਇਦਾਦ ਹੈ। ਛੇਵੇਂ ਨੰਬਰ 'ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਹਰਚਰਨ ਸਿੰਘ ਬਰਾੜ ਦੇ ਪੁੱਤਰ ਤੇ ਮੁਕਤਸਰ ਹਲਕੇ ਤੋਂ ਕਾਂਗਰਸੀ ਵਿਧਾਇਕ ਕੰਵਰਜੀਤ ਸਿੰਘ ਹਨ ਜਿਨ੍ਹਾਂ ਕੋਲ ਪੌਣੇ 17 ਕਰੋੜ ਰੁਪਏ ਦੇ ਕਰੀਬ ਜਾਇਦਾਦ ਹੈ।

ਸਤਵੇਂ ਨੰਬਰ 'ਤੇ ਪਹਿਲੀ ਵਾਰ ਵਿਧਾਇਕ ਬਣੇ ਭੱਠਿਆਂ ਦੇ ਕਾਰੋਬਾਰੀ ਜਲੰਧਰ ਜ਼ਿਲ੍ਹੇ ਦੇ ਆਦਮਪੁਰ ਹਲਕੇ ਦੇ ਅਕਾਲੀ ਵਿਧਾਇਕ ਸਰਬਜੀਤ ਸਿੰਘ ਮੱਕੜ ਹਨ ਜਿਨ੍ਹਾਂ ਕੋਲ ਸਾਢੇ 14 ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ ਹੈ। ਅੱਠਵਾਂ ਨੰਬਰ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਪੀਪਲਜ਼ ਪਾਰਟੀ ਆਫ਼ ਪੰਜਾਬ ਬਣਾਉਣ ਵਾਲੇ ਗਿੱਦੜਬਾਹਾ ਦੇ ਵਿਧਾਇਕ ਮਨਪ੍ਰੀਤ ਸਿੰਘ ਬਾਦਲ ਦਾ ਹੈ।ਜਿਨ੍ਹਾਂ ਕੋਲ ਕੇ ਸਾਢੇ 9 ਕਰੋੜ ਰੁਪਏ ਦੇ ਕਰੀਬ ਜਾਇਦਾਦ ਹੈ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਉਪਰੋਕਤ ਅੱਠ ਵਿਧਾਇਕਾਂ ਤੋਂ ਥੱਲੇ ਹਨ। ਉਨ੍ਹਾਂ ਕੋਲ ਸਵਾ 9 ਕਰੋੜ ਰੁਪਏ ਦੇ ਲਗਭਗ ਜਾਇਦਾਦ ਹੈ ਜਿਸ ਨਾਲ ਕਿ ਉਹ ਨੌਵੇਂ ਨੰਬਰ 'ਤੇ ਹਨ। ਦਸਵੇਂ ਨੰਬਰ 'ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਨਜ਼ਦੀਕੀ ਰਿਸ਼ਤੇਦਾਰ ਮਜੀਠਾ ਹਲਕੇ ਦੇ ਅਕਾਲੀ ਵਿਧਾਇਕ ਬਿਕਰਮ ਸਿੰਘ ਮਜੀਠੀਆ ਹਨ ਜਿਨ੍ਹਾਂ ਕੋਲ 9 ਕਰੋੜ ਰੁਪਏ ਤੋਂ ਕੁਝ ਵੱਧ ਦੀ ਜਾਇਦਾਦ ਹੈ।

ਇਸ ਤੋਂ ਇਲਾਵਾ ਬਾਕੀ ਅਮੀਰ ਵਿਧਾਇਕਾਂ 'ਚ ਕਾਹਨੂੰਵਾਨ ਤੋਂ ਕਾਂਗਰਸੀ ਵਿਧਾਇਕ ਪ੍ਰਤਾਪ ਸਿੰਘ ਬਾਜਵਾ ਕੋਲ ਸਵਾ 8 ਕਰੋੜ ਰੁਪਏ। ਫ਼ਿਰੋਜ਼ਪੁਰ ਤੋਂ ਭਾਜਪਾ ਵਿਧਾਇਕ ਸੁਖਪਾਲ ਸਿੰਘ ਨਨੂੰ ਕੋਲ ਪੌਣੇ 8 ਕਰੋੜ ਰੁਪਏ, ਬਿਆਸ ਹਲਕੇ ਤੋਂ ਅਕਾਲੀ ਵਿਧਾਇਕ ਮਨਜਿੰਦਰ ਸਿੰਘ ਕੰਗ ਕੋਲ 7 ਕਰੋੜ ਰੁਪਏ, ਬਰਨਾਲਾ ਤੋਂ ਕਾਂਗਰਸੀ ਵਿਧਾਇਕ ਤੇ ਵਪਾਰੀ ਕੇਵਲ ਸਿੰਘ ਢਿੱਲੋਂ ਕੋਲ ਪੌਣੇ 7 ਕਰੋੜ ਰੁਪਏ, ਧੂਰੀ ਤੋਂ ਆਜ਼ਾਦ ਵਿਧਾਇਕ ਇਕਬਾਲ ਸਿੰਘ ਝੂੰਦਾ ਕੋਲ 6 ਕਰੋੜ ਰੁਪਏ, ਦਸੂਹਾ ਤੋਂ ਭਾਜਪਾ ਵਿਧਾਇਕ ਅਮਰਜੀਤ ਸਿੰਘ ਸ਼ਾਹੀ ਕੋਲ ਸਾਢੇ 5 ਕਰੋੜ ਰੁਪਏ, ਅੰਮ੍ਰਿਤਸਰ ਤੋਂ ਅਕਾਲੀ ਵਿਧਾਇਕ ਰਮਿੰਦਰ ਸਿੰਘ ਬੁਲਾਰੀਆ ਕੋਲ ਵੀ ਸਾਢੇ 5 ਕਰੋੜ ਰੁਪਏ, ਨਾਭਾ ਤੋਂ ਕਾਂਗਰਸੀ ਵਿਧਾਇਕ ਕਾਕਾ ਰਣਦੀਪ ਸਿੰਘ ਕੋਲ ਸਵਾ 5 ਕਰੋੜ ਰੁਪਏ, ਤਲਵੰਡੀ ਸਾਬੋ ਬਠਿੰਡਾ ਤੋਂ ਕਾਂਗਰਸੀ ਵਿਧਾਇਕ ਜੀਤਮਹਿੰਦਰ ਸਿੰਘ ਸਿੱਧੂ ਕੋਲ ਪੌਣੇ 5 ਕਰੋੜ ਰੁਪਏ ਤੇ ਸਰਹਿੰਦ ਹਲਕੇ ਤੋਂ ਅਕਾਲੀ ਵਿਧਾਇਕ ਦੀਦਾਰ ਸਿੰਘ ਭੱਟੀ ਕੋਲ ਸਾਢੇ 4 ਕਰੋੜ ਰੁਪਏ ਤੋਂ ਕੁਝ ਵੱਧ ਦੀ ਜਾਇਦਾਦ ਹੈ।

ਜਾਇਦਾਦ ਦੇ ਇਹ ਵੇਰਵੇ ਪੰਜਾਬ ਇਲੈਕਸ਼ਨ ਵਾਚ ਨਾਂਅ ਦੀ ਸੰਸਥਾ ਵੱਲੋਂ ਇਨ੍ਹਾਂ ਵਿਧਾਇਕਾਂ ਵੱਲੋਂ ਆਪਣੇ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਦੇ ਨਾਲ ਜਮ੍ਹਾਂ ਕਰਵਾਏ ਗਏ ਹਲਫ਼ਨਾਮਿਆਂ ਤੇ ਹੋਰ ਕਾਗਜ਼ਾਤਾਂ ਦੀ ਛਾਣਬੀਣ ਉਪਰੰਤ ਕੱਢੇ ਗਏ ਹਨ ਜਿਸ ਅਨੁਸਾਰ ਸਾਰੇ 117 ਵਿਧਾਇਕਾਂ 'ਚੋਂ 78 ਵਿਧਾਇਕ ਕਰੋੜਪਤੀ ਹਨ। ਜਿੱਥੇ ਕਾਂਗਰਸੀ ਵਿਧਾਇਕਾਂ ਕੋਲ ਔਸਤਨ ਪੌਣੇ ਪੰਜ ਕਰੋੜ ਰੁਪਏ ਦੀ ਜਾਇਦਾਦ ਹੈ ਉਥੇ ਅਕਾਲੀ ਵਿਧਾਇਕਾਂ ਕੋਲ ਔਸਤਨ ਪੌਣੇ ਤਿੰਨ ਕਰੋੜ ਰੁਪਏ ਦੀ ਜਾਇਦਾਦ ਹੈ।

# ਸੰਤ ਸਮਾਜ ਵੱਲੋਂ ਵਿਧਾਨ ਸਭਾ ਚੋਣਾਂ ਵਿਚ ਨਿੱਤਰਨ ਦੀ ਤਿਆਰੀ

**ਆਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ 'ਚ ਅਕਾਲੀ ਦਲ (ਬ) ਨਾਲ ਮਿਲ ਕੇ ਜਿੱਤ ਦਾ ਸਵਾਦ ਚੱਖਣ ਤੋਂ ਬਾਅਦ ਹੁਣ ਸੰਤ ਸਮਾਜ ਪੰਜਾਬ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਨਿੱਤਰਣ ਦਾ ਫੈਸਲਾ ਕੀਤਾ ਹੈ। ਦਮਦਮੀ ਟਕਸਾਲ ਮੁਖੀ ਤੇ ਸੰਤ ਸਮਾਜ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ ਜਿਸ ਢੰਗ ਨਾਲ ਸੰਤ ਸਮਾਜ ਦੇ ਆਗੂਆਂ ਨੇ ਆਪਣੀ ਪੂਰੀ ਤਨਦੇਹੀ ਨਾਲ ਸ਼੍ਰੋਮਣੀ ਅਕਾਲੀ ਦਲ ਤੇ ਸੰਤ ਸਮਾਜ ਦੇ ਸਾਂਝੇ ਉਮੀਦਵਾਰਾਂ ਨੂੰ ਭਾਰੀ ਫਰਕ ਨਾਲ ਜਿਤਾ ਕੇ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਇਤਿਹਾਸ ਸਿਰਜਿਆ ਹੈ, ਉਸੇ ਤਰ੍ਹਾਂ ਹੁਣ ਅਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਵੀ ਸੰਤ ਸਮਾਜ ਸ਼੍ਰੋਮਣੀ ਅਕਾਲੀ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇਗਾ ਤੇ ਪਾਰਟੀ ਦੇ ਉਮੀਦਵਾਰਾਂ ਨੂੰ ਜਿਤਾਉਣ ਵਿਚ ਕੋਈ ਕਸਰ ਨਹੀਂ ਛੱਡੇਗਾ।



ਖਾਲਸਾ ਨੇ ਸੰਤ ਸਮਾਜ ਤੇ ਸ਼੍ਰੋਮਣੀ ਅਕਾਲੀ ਦਲ ਦਰਮਿਆਨ ਹੋਏ ਸਮਝੌਤੇ ਨੂੰ ਪੰਥਕ ਹਿੱਤਾਂ ਲਈ ਇਤਿਹਾਸਕ ਦੱਸਦੇ ਹੋਏ ਕਿਹਾ ਕਿ ਪੰਥ ਵਿਰੋਧੀ ਤਾਕਤਾਂ ਨੂੰ ਨਾਕਾਰਨ ਲਈ ਤੇ ਉਨ੍ਹਾਂ ਨੂੰ ਮੂੰਹ ਤੋੜਵੀਂ ਹਾਰ ਦੇਣ ਲਈ ਜ਼ਰੂਰੀ ਸੀ ਕਿ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਜਿੱਤ ਦਰਜ ਕਰਕੇ ਸਮੂਹ ਗੁਰਦੁਆਰਿਆਂ ਦੇ ਪ੍ਰਬੰਧਾਂ ਦੀ ਸਾਂਭ-ਸੰਭਾਲ ਲਈ ਪੰਥ ਦੀ ਯੋਗ ਅਗਵਾਈ ਕਰਨ ਵਾਲੀ ਧਿਰ ਦੇ ਹੀ ਉਮੀਦਵਾਰ ਚੁਣ ਕੇ ਸ਼੍ਰੋਮਣੀ ਕਮੇਟੀ ਵਿਚ ਜਾਣ। ਇਸ ਲਈ ਇਹ ਸਮਝੌਤਾ ਬੁਹਤ ਜ਼ਰੂਰੀ ਸੀ। ਹੁਣ ਅਸੀਂ ਵਿਧਾਨ ਸਭਾ ਚੋਣਾਂ ਵਿਚ ਵੀ ਸ਼੍ਰੋਮਣੀ ਅਕਾਲੀ ਦਲ ਦੀ ਡਟ ਕੇ ਹਮਾਇਤ ਕਰਾਂਗੇ।

ਸ਼੍ਰੋਮਣੀ ਕਮੇਟੀ ਚੋਣਾਂ ਦੀ ਤਰਜ਼ 'ਤੇ ਹੀ ਵਿਧਾਨ ਸਭਾ ਚੋਣਾਂ ਬਾਰੇ ਹੋਣ ਵਾਲੇ ਸਮਝੌਤੇ ਵਿਚ ਵਿਧਾਨ ਸਭਾ ਸੀਟਾਂ ਦੀ ਮੰਗ ਬਾਰੇ ਖਾਲਸਾ ਨੇ ਕਿਹਾ ਕਿ ਇਸ ਬਾਰੇ ਸਾਡੀ ਕਿਸੇ ਪ੍ਰਕਾਰ ਦੀ ਗੱਲਬਾਤ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਨਹੀਂ ਹੋਈ ਪਰ ਸਮਾਂ ਆਉਣ 'ਤੇ ਵਿਚਾਰ ਕਰ ਲਈ ਜਾਵੇਗੀ। ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਦੀ ਚੋਣ ਵਿਚ ਸੰਤ ਸਮਾਜ ਵੱਲੋਂ ਜਿੱਤੇ ਉਮੀਦਵਾਰਾਂ ਨੂੰ ਨੁਮਾਇੰਦਗੀ ਦੇਣ ਬਾਰੇ ਸ ਖਾਲਸਾ ਨੇ ਕਿਹਾ ਕਿ ਜਦੋਂ ਕਾਰਜਕਾਰਨੀ ਜਾਂ ਅੰਤ੍ਰਿੰਗ ਕਮੇਟੀ ਦੀ ਚੋਣ ਹੋਵੇਗੀ ਤਾਂ ਸੰਤ ਸਮਾਜ ਲਈ ਬਣਦਾ ਹੱਕ ਜ਼ਰੂਰ ਲਵਾਂਗੇ।

# ਪੰਜਾਬ ਬਣਿਆ ਵਾਹਨਾਂ ਦੀ ਆਨਲਾਈਨ ਰਜਿਸਟਰੇਸ਼ਨ ਵਾਲਾ ਪਹਿਲਾ ਸੂਬਾ

**ਚੰਡੀਗੜ੍ਹ:** ਪੰਜਾਬ ਵਾਹਨਾਂ ਦੀ ਆਨਲਾਈਨ ਰਜਿਸਟਰੇਸ਼ਨ ਵਾਲਾ ਪਹਿਲਾ ਸੂਬਾ ਬਣ ਗਿਆ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਟਰਾਂਸਪੋਰਟ ਵਿਭਾਗ ਦੇ ਈ-ਗਵਰਨੈਂਸ ਪ੍ਰਾਜੈਕਟ ਦਾ ਰਸਮੀ ਉਦਘਾਟਨ ਦੋ ਕਾਰ ਖਰੀਦਦਾਰਾਂ ਨੂੰ ਉਨ੍ਹਾਂ ਦੀਆਂ ਰਜਿਸਟ੍ਰੇਸ਼ਨ ਕਾਪੀਆਂ ਦੇ ਕੇ ਕੀਤਾ।

ਸ. ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਦੇਸ਼ ਦਾ ਪਹਿਲਾ ਅਜਿਹਾ ਸੂਬਾ ਹੈ ਜਿਥੇ ਈ-ਗਵਰਨੈਂਸ ਪ੍ਰਾਜੈਕਟ ਸ਼ੁਰੂ ਕੀਤਾ ਗਿਆ ਹੈ ਜਿਸ ਦੇ ਸ਼ੁਰੂ ਹੋਣ ਨਾਲ ਆਮ ਜਨਤਾ ਨੂੰ ਵੱਡੀ ਸਹੂਲਤ ਮਿਲੇਗੀ ਤੇ ਲੋਕਾਂ ਨੂੰ ਸਰਕਾਰੀ ਦਫ਼ਤਰਾਂ ਦੇ ਚੱਕਰ ਨਹੀਂ ਕੱਟਣੇ ਪੈਣਗੇ। ਇਸ ਪ੍ਰਾਜੈਕਟ ਤਹਿਤ ਕੋਈ ਵੀ ਵਿਅਕਤੀ ਗੱਡੀ ਖ਼ਰੀਦਦੇ ਸਮੇਂ ਹੀ ਆਰਸੀ ਲਈ ਆਨਲਾਈਨ ਅਪਲਾਈ ਕਰ ਸਕੇਗਾ ਜਿਸ ਤੋਂ 3 ਤੋਂ 4 ਦਿਨਾਂ ਦੇ ਅੰਦਰ ਸਮਾਰਟ ਕਾਰਡ ਰਜਿਸਟ੍ਰੇਸ਼ਨ ਸਰਟੀਫਿਕੇਟ ਕੋਰੀਅਰ ਰਾਹੀਂ ਖਰੀਦਦਾਰ ਦੇ ਘਰ ਪਹੁੰਚ ਜਾਵੇਗੀ। ਇਸ ਤੋਂ ਇਲਾਵਾ ਗੱਡੀ ਖ਼ਰੀਦਦੇ ਸਮੇਂ ਮੋਟਰ ਗੱਡੀ ਡੀਲਰ ਕੋਲ ਆਨਲਾਈਨ ਟੈਕਸਾਂ ਦੀ ਅਦਾਇਗੀ ਕੀਤੀ ਜਾ ਸਕੇਗੀ ਜਿਸ ਵਿਚ ਕਮਰਸ਼ੀਅਲ ਗੱਡੀਆਂ ਦੇ ਮਾਲਕ ਆਪਣੀਆਂ ਗੱਡੀਆਂ ਦਾ ਟੈਕਸ ਆਨ ਲਾਈਨ ਜਮਾਂ ਕਰਵਾ ਸਕਣਗੇ ਤੇ 50 ਰਜਿਸਟ੍ਰੇਸ਼ਨ ਨੰਬਰਾਂ ਵਿਚੋਂ ਆਪਣੀ ਪਸੰਦ ਦਾ ਰਜਿਸਟ੍ਰੇਸ਼ਨ ਨੰਬਰ ਹਾਸਲ ਕੀਤਾ ਜਾ ਸਕੇਗਾ।

ਇਸ ਦੇ ਨਾਲ ਹੁਣ ਟਰਾਂਸਪੋਰਟ ਵਿਭਾਗ ਨੇ ਕਾਲਜਾਂ ਦੇ ਪ੍ਰਿੰਸੀਪਲਾਂ ਨੂੰ ਹੀ ਟਰੈਫਿਕ ਨਿਯਮਾਂ ਬਾਰੇ ਲਾਜ਼ਮੀ ਟੈਸਟ ਲੈਣ ਉਪਰੰਤ ਸਿਖਾਂਦਰੂ ਡਰਾਈਵਿੰਗ ਲਾਇਸੈਂਸ ਜਾਰੀ ਕਰਨ ਲਈ ਅਧਿਕਾਰਤ ਕਰ ਦਿੱਤਾ ਹੈ।

# ਅਕਾਲੀ ਦਲ (ਬ) ਹੁਣ ਹਿੰਦੂ ਵੋਟਰਾਂ ਨੂੰ ਭਰਮਾਉਣ ਦੇ ਚੱਕਰ 'ਚ

## ਜੱਟ-ਬਾਣੀਆ-ਦਲਿਤ ਗਠਜੋੜ ਬਣਾਉਣ ਦਾ ਫੈਸਲਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਕਮੇਟੀ ਚੋਣਾਂ 'ਚ 'ਪੰਥਕ ਵੋਟਾਂ' ਆਪਣੇ ਹੱਥ 'ਚ ਕਰਨ ਮਗਰੋਂ ਸ਼੍ਰੋਮਣੀ ਅਕਾਲੀ ਦਲ (ਬ) ਹੁਣ ਆ ਰਹੀਆਂ ਵਿਧਾਨ ਸਭਾਈ ਚੋਣਾਂ 'ਚ ਜੱਟ-ਬਾਣੀਆ-ਦਲਿਤ ਅਧਾਰ ਨੂੰ ਪੱਕਾ ਕਰਨ ਦੀ ਦਿਸ਼ਾ 'ਚ ਕੰਮ ਕਰ ਰਿਹਾ ਹੈ। ਅਕਾਲੀ ਦਲ ਹੁਣ ਸ਼ਹਿਰੀ ਖੇਤਰਾਂ 'ਚ ਆਪਣੇ ਪੈਰ ਪੱਕੇ ਕਰਨੇ ਚਾਹ ਰਿਹਾ ਹੈ ਕਿਉਂਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਇਸ ਨੂੰ ਵਧੇਰੇ ਵੱਡਾ ਅਧਾਰ ਪ੍ਰਦਾਨ ਕਰਨਾ ਚਾਹੁੰਦੇ ਹਨ। ਪਾਰਟੀ ਦਾ ਮੰਨਣਾ ਹੈ ਕਿ ਖਾਸ ਕਰ ਅਰਧ ਸ਼ਹਿਰੀ ਖੇਤਰਾਂ 'ਚ ਵਧੇਰੇ ਟਿਕਟਾਂ ਹਿੰਦੂ ਭਾਈਚਾਰੇ ਦੇ ਉਮੀਦਵਾਰਾਂ ਨੂੰ ਦੇਣੀਆਂ ਜ਼ਰੂਰੀ ਹਨ। ਸੂਤਰਾਂ ਅਨੁਸਾਰ ਰਾਜ 'ਚ ਕੁੱਲ 1300 ਮਿਊਂਸਪਲ ਕੌਂਸਲਰਾਂ 'ਚੋਂ 800 ਕੌਂਸਲਰ ਅਕਾਲੀ ਦਲ ਦੇ, 300 ਕਾਂਗਰਸ ਦੇ ਤੇ 190 ਭਾਜਪਾ ਦੇ ਹਨ। ਅਕਾਲੀ ਦਲ ਮੁਹਾਲੀ, ਪਟਿਆਲਾ ਤੇ ਬਠਿੰਡਾ ਕਾਰਪੋਰੇਸ਼ਨ ਵਿਚ ਮੋਹਰੀ ਚੱਲ ਰਿਹਾ ਹੈ। ਪਾਰਟੀ ਦੇ ਬੁਲਾਰੇ ਪ੍ਰੇਮ ਸਿੰਘ ਚੰਦੂਮਾਜਰਾ ਦਾ ਦਾਅਵਾ ਹੈ ਕਿ ਇਹ ਅੰਕੜੇ ਸ਼ਹਿਰੀ ਖੇਤਰਾਂ 'ਚ ਦਲ ਦੀ ਮਜ਼ਬੂਤੀ ਸਿੱਧ ਕਰਦੇ ਹਨ। ਪਾਰਟੀ ਵਿਚਲੇ ਸੂਤਰਾਂ ਅਨੁਸਾਰ ਹੀ ਵੱਡੀ ਗਿਣਤੀ ਅਹੁਦੇਦਾਰੀਆਂ ਵੀ ਹਿੰਦੂਆਂ ਨੂੰ ਦਿੱਤੀਆਂ ਜਾ ਰਹੀਆਂ ਹਨ।



ਪਾਰਟੀ ਕਿਉਂਕਿ ਵਿਧਾਨ ਸਭਾ ਚੋਣਾਂ ਲਈ ਤਿਆਰੀਆਂ ਵਿੱਢ ਰਹੀ ਹੈ ਸੋ ਅਕਾਲੀ ਦਲ ਦੀ ਹਰੇਕ ਜ਼ਿਲ੍ਹਾ ਇਕਾਈ 'ਚ ਵਾਈਸ ਪ੍ਰਧਾਨ ਬਾਣੀਆ ਭਾਈਚਾਰੇ 'ਚੋਂ ਲਾਇਆ ਗਿਆ ਹੈ। ਸਿਆਸੀ ਮਾਹਰਾਂ ਦਾ ਦਾਅਵਾ ਹੈ ਕਿ ਅਕਾਲੀ ਦਲ ਨੂੰ ਇਹ ਸਮਝ ਆ ਗਈ ਹੈ ਕਿ ਭਾਜਪਾ ਆਪਣਾ ਅਧਾਰ ਗੁਆ ਚੁੱਕੀ ਹੈ ਤੇ ਇਹ ਪਿਛਲੀ ਵਾਰ ਵਾਂਗ 19 ਸੀਟਾਂ ਜਿੱਤਣ ਦੀ ਹਾਲਤ 'ਚ ਨਹੀਂ ਹੈ। ਉਂਜ ਦਲ, ਭਾਜਪਾ ਦਾ 23 ਸੀਟਾਂ ਦਾ ਕੋਟਾ ਘਟਾਉਣ ਦੀ ਹਾਲਤ 'ਚ ਵੀ ਨਹੀਂ ਹੈ।

ਪਾਰਟੀ ਅਨੁਸਾਰ ਇਸ ਨਾਲ ਇਸ ਦੇ 'ਹਿੰਦੂ-ਵਿਰੋਧੀ' ਹੋਣ ਦਾ ਸੁਨੇਹਾ ਜਾਏਗਾ ਤੇ ਸ਼ਹਿਰੀ ਖੇਤਰ 'ਚ ਦਲ ਦੇ ਆਧਾਰ ਨੂੰ ਉਵੇਂ ਹੀ ਖੋਰਾ ਲੱਗ ਜਾਏਗਾ ਜਿਵੇਂ ਪਿਛਲੀਆਂ ਵਿਧਾਨ ਸਭਾ ਚੋਣਾਂ 'ਚ ਹਿੰਦੂ ਉਮੀਦਵਾਰਾਂ ਨੂੰ ਟਿਕਟਾਂ ਦੇਣ ਤੋਂ ਨਾਂਹ ਕਰਨ 'ਤੇ ਕਾਂਗਰਸ ਨੂੰ ਸੇਕ ਲੱਗਿਆ ਸੀ। ਸੋ ਅਕਾਲੀ ਦਲ ਦੇ ਹਿੰਦੂ ਭਾਈਚਾਰੇ 'ਚ ਪੈਰ ਜਮਾਉਣ ਲਈ ਇਹ ਵਿਚਲਾ ਰਾਹੀਂ ਅਪਣਾਇਆ ਜਾ ਰਿਹਾ ਹੈ ਜੋ ਭਾਜਪਾ ਨੂੰ ਵੀ ਲਾਂਭੇ ਕਰੇਗਾ।

ਵਿਸ਼ਲੇਸ਼ਕਾਂ ਦਾਅਵਾ ਕਰ ਰਹੇ ਹਨ ਕਿ ਇਸ ਗੱਲ ਨੂੰ ਹੀ ਧਿਆਨ 'ਚ ਰੱਖਦਿਆਂ ਅਕਾਲੀ ਦਲ ਨੇ ਜੱਟ-ਬਾਣੀਆ-ਦਲਿਤ ਗਠਜੋੜ ਕਾਇਮ ਕਰਨ ਦਾ ਫੈਸਲਾ ਕੀਤਾ ਹੈ ਤਾਂ ਕਿ ਪੇਂਡੂ ਛੋਟੀ ਕਿਸਾਨੀ, ਵਪਾਰੀ ਜਮਾਤ ਤੇ ਹਿੰਦੂਆਂ ਤੇ ਦਲਿਤਾਂ ਦੇ ਵੋਟ ਬੈਂਕ ਨੂੰ ਆਪਣੇ ਹੱਥ 'ਚ ਕੀਤਾ ਜਾ ਸਕੇ। ਜੱਟ ਤੇ ਦਲਿਤ ਉਮੀਦਵਾਰ ਦਲ ਕੋਲ ਪਹਿਲਾਂ ਹੀ ਹਨ। ਹੁਣ ਇਹ ਖਾਸ ਤੌਰ 'ਤੇ ਅਰਧ-ਸ਼ਹਿਰੀ ਖੇਤਰਾਂ 'ਚੋਂ ਬਾਣੀਏ ਉਮੀਦਵਾਰਾਂ ਦੀ ਭਾਲ 'ਚ ਹੈ ਜੋ ਹਿੰਦੂ ਵੋਟਾਂ ਦੇ ਨਾਲ-ਨਾਲ ਆੜ੍ਹਤੀਏ ਦੀ ਹੈਸੀਅਤ 'ਚ ਕਿਸਾਨਾਂ ਨੂੰ ਵੀ ਅਪਣੇ ਨਾਲ ਲਾ ਸਕਣ।

ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਕਹਿਣਾ ਹੈ ਕਿ ਪਾਰਟੀ ਨੇ ਸਾਰੇ ਭਾਈਚਾਰਿਆਂ ਨੂੰ ਨੁਮਾਇੰਦਗੀ ਦੇ ਕੇ ਆਪਣਾ ਅਧਾਰ ਵਧਾਇਆ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਪਾਰਟੀ ਕੰਮ ਕਰ ਰਹੀ ਹੈ, ਉਨ੍ਹਾਂ ਨੂੰ ਭਰੋਸਾ ਹੈ ਕਿ ਉਹ ਹਰੇਕ ਨੂੰ ਨਾਲ ਲੈ ਕੇ ਚੱਲ ਸਕਣਗੇ। ਸੁਖਬੀਰ ਨੇ ਕਿਹਾ ਕਿ ਅਗਲੇ ਦੋ-ਤਿੰਨ ਮਹੀਨਿਆਂ 'ਚ ਪਾਰਟੀ ਸ਼ਹਿਰੀ ਲੋਕਾਂ ਤਕ ਪਹੁੰਚ ਕਰਕੇ ਅਕਾਲੀ-ਭਾਜਪਾ ਗਠਜੋੜ ਵੱਲੋਂ ਕੀਤੇ ਵਿਕਾਸ ਕਾਰਜਾਂ ਬਾਰੇ ਦੱਸੇਗੀ ਤੇ ਇਸੇ ਅਧਾਰ 'ਤੇ ਵੋਟਾਂ ਮੰਗੇਗੀ।

# ਸ਼੍ਰੋਮਣੀ ਕਮੇਟੀ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਅ ਰਹੀ: ਕੈਪਟਨ ਅਮਰਿੰਦਰ ਸਿੰਘ

**ਲੁਧਿਆਣਾ:** ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਵੱਲੋਂ ਪਹਿਲੇ ਸਿੱਖ ਲੋਕ ਰਾਜ ਕਾਇਮ ਕਰਨ ਵਾਲੇ ਬਹਾਦਰ ਯੋਧੇ ਬਾਬਾ ਬੰਦਾ ਸਿੰਘ ਬਹਾਦਰ ਦਾ 341ਵਾਂ ਜਨਮ ਉਤਸਵ ਪਿੰਡ ਰਕਬਾ ਵਿਖੇ ਸਮੁੱਚੇ ਬੈਰਾਗੀ ਭਾਈਚਾਰੇ ਦੇ ਸਹਿਯੋਗ ਸਦਕਾ ਮਨਾਇਆ ਗਿਆ। ਇਸ ਮੌਕੇ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਆਦਮ ਕੱਦ ਬੁੱਤ ਤੋਂ ਪਰਦਾ ਉਠਾਉਣ ਤੇ ਇਤਿਹਾਸਕ ਮਿਊਜ਼ੀਅਮ ਦਾ ਨੀਂਹ ਪੱਥਰ ਰੱਖਿਆ।



ਉਨ੍ਹਾਂ ਅੰਤਰਰਾਸ਼ਟਰੀ ਫਾਊਂਡੇਸ਼ਨ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ ਤੇ ਉਨ੍ਹਾਂ ਦੀ ਟੀਮ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ ਉਤਸਵ ਮਨਾਉਣ ਤੇ ਯਾਦਗਾਰ ਕਾਇਮ ਕਰਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜੋ ਕਾਰਜ ਸ਼੍ਰੋਮਣੀ ਕਮੇਟੀ ਦੇ ਕਰਨ ਦੀ ਜ਼ਿੰਮੇਵਾਰੀ ਬਣਦੀ ਹੈ, ਉਹ ਉਸ ਨੂੰ ਨਹੀਂ ਨਿਭਾਅ ਰਹੀ। ਉਨ੍ਹਾਂ ਇਹ ਵੀ ਖੁਲਾਸਾ ਕੀਤਾ ਕਿ 40 ਮੁਕਤਿਆਂ ਦੀ ਯਾਦਗਾਰ ਸ਼੍ਰੋਮਣੀ ਨੇ ਨਹੀਂ ਬਲਕਿ ਕਾਂਗਰਸ ਨੇ ਪੰਜਾਬ ਅੰਦਰ ਸੱਤਾ 'ਚ ਹੁੰਦਿਆਂ ਬਣਵਾਈ।

ਉਨ੍ਹਾਂ ਕਿਹਾ ਕਿ ਅੱਜ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਕੋਲੋਂ ਆਨੰਦਪੁਰ ਸਾਹਿਬ ਵਿਖੇ ਕਾਇਮ ਖਾਲਸਾ ਹੈਰੀਟੇਜ ਦਾ ਉਦਘਾਟਨ ਕਰਵਾਉਣਾ ਚਾਹੁੰਦੇ ਹਨ ਪਰ ਸ਼ਾਇਦ ਬਾਦਲ ਇਹ ਭੁੱਲ ਗਏ ਹਨ ਕਿ ਇਸ ਦਾ ਉਦਘਾਟਨ 101 ਸੰਤਾਂ ਮਹਾਂਪੁਰਸ਼ਾਂ ਵੱਲੋਂ ਪਹਿਲਾਂ ਹੀ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਜਬਰ ਜ਼ੁਲਮ ਖਿਲਾਫ ਲੜਾਈ ਲੜਦਿਆਂ ਆਪਣੇ ਪਰਿਵਾਰ ਸਮੇਤ ਸ਼ਹਾਦਤ ਦਿੱਤੀ ਜਦਕਿ ਮੌਜੂਦਾ ਅਕਾਲੀ ਸਰਕਾਰ ਹੱਕ ਮੰਗਦੇ ਲੋਕਾਂ ਉਪਰ ਅੱਤਿਆਚਾਰ ਢਾਹ ਕੇ ਜ਼ਾਲਮ ਹੋਣ ਦਾ ਨਵਾਂ ਇਤਿਹਾਸ ਰਚ ਰਹੀ ਹੈ।

ਉਨ੍ਹਾ ਕਿਹਾ ਕਿ ਅੱਜ ਸੂਬੇ ਅੰਦਰ ਪਾਰਦਰਸ਼ਤਾਂ ਨਾਂ ਦੀ ਕੋਈ ਚੀਜ਼ ਨਹੀਂ ਬਲਕਿ ਚਾਰ ਚੁਫੇਰੇ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਸੱਤਾਧਾਰੀ ਹਕੂਮਤ ਇਕੱਲੇ ਇਲੈਕਟ੍ਰਾਨਿਕ ਟੀ.ਵੀ. ਚੈਨਲਾਂ 'ਤੇ ਕਬਜ਼ਾ ਕਰਕੇ 100 ਕਰੋੜ ਰੁਪਇਆ ਬਟੋਰ ਰਹੀ ਹੈ। ਇਥੇ ਹੀ ਬੱਸ ਨਹੀਂ ਰੇਤਾ, ਬਜਰੀ, ਸ਼ਰਾਬ ਦੇ ਠੇਕਿਆਂ ਤੋਂ ਵੀ ਕਰੋੜਾਂ ਰੁਪਏ ਡਕਾਰੇ ਜਾ ਰਹੇ ਹਨ।

ਇਸ ਮੌਕੇ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ ਨੇ ਮੰਗ ਕੀਤੀ ਕਿ ਸ਼੍ਰੋਮਣੀ ਕਮੇਟੀ ਚੋਣਾਂ 'ਚ ਸਹਿਜਧਾਰੀਆਂ ਨੂੰ ਵੀ ਵੋਟ ਪਾਉਣ ਦਾ ਅਧਿਕਾਰ ਦਿੱਤਾ ਜਾਵੇ।

# ਭਾਰਤ 'ਚ ਦਹਿਸ਼ਤੀ ਹਮਲੇ ਕਰਨ ਲਈ ਲਸ਼ਕਰੀਆਂ ਤੇ ਬੱਬਰਾਂ ਨੇ ਹੱਥ ਮਿਲਾਇਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਾਰਤੀ ਸੁਰੱਖਿਆ ਏਜੰਸੀਆਂ ਦਾ ਦਾਅਵਾ ਹੈ ਕਿ ਦੇਸ਼ 'ਚ ਵੱਡੇ ਦਹਿਸ਼ਤੀ ਹਮਲੇ ਕਰਨ ਲਈ ਲਸ਼ਕਰ-ਏ-ਤੋਇਬਾ ਤੇ ਬੱਬਰ ਖਾਲਸਾ ਇੰਟਰਨੈਸ਼ਨਲ ਨੇ ਹੱਥ ਮਿਲਾ ਲਿਆ ਹੈ। ਅੰਬਾਲਾ 'ਚੋਂ ਮਿਲੀ ਵੱਡੀ ਮਾਤਰਾ 'ਚ ਆਰ.ਡੀ.ਐਕਸ. ਤੋਂ ਬਾਅਦ ਦਿੱਲੀ ਪੁਲਿਸ ਤੇ ਖੁਫੀਆ ਏਜੰਸੀਆਂ ਨੇ ਖੁਲਾਸਾ ਕੀਤਾ ਕਿ ਲਸ਼ਕਰ-ਏ-ਤੋਇਬਾ ਤੇ ਬੱਬਰ ਖਾਲਸਾ ਇੰਟਰਨੈਸ਼ਨਲ ਨੇ ਮਿਲ ਕੇ ਦੀਵਾਲੀ ਤੋਂ ਪਹਿਲਾਂ ਦਿੱਲੀ 'ਚ ਧਮਾਕੇ ਕਰਨ ਦੀ ਯੋਜਨਾ ਘੜੀ ਸੀ।

ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਖੁਫੀਆ ਏਜੰਸੀਆਂ ਨੇ ਚੌਕਸ ਕੀਤਾ ਸੀ ਕਿ ਲਸ਼ਕਰੇ ਤੋਇਬਾ ਵੱਲੋਂ ਦਿੱਲੀ 'ਚ ਧਮਾਕਾ ਕਰਨ ਦੀ ਯੋਜਨਾ ਘੜੀ ਗਈ ਹੈ। ਉਨ੍ਹਾਂ ਕਿਹਾ ਕਿ ਪੜਤਾਲ ਤੋਂ ਬਾਅਦ ਸਾਹਮਣੇ ਆਇਆ ਹੈ ਕਿ ਇਹ ਵਿਸਫੋਟਕ ਸਮੱਗਰੀ ਬੱਬਰ ਖਾਲਸਾ ਇੰਟਰਨੈਸ਼ਨਲ ਲਈ ਆਈ ਸੀ ਤੇ ਇਸ ਨਾਲ ਦਿੱਲੀ 'ਚ ਧਮਾਕਾ ਕੀਤਾ ਜਾਣਾ ਸੀ। ਪੁਲਿਸ ਨੇ ਇਸ ਯੋਜਨਾ ਨੂੰ ਨਾਕਾਮ ਕਰਦਿਆਂ

## ਅੰਬਾਲਾ 'ਚੋਂ ਆਰ.ਡੀ.ਐਕਸ. ਤੇ ਹਥਿਆਰਾਂ ਦੀ ਖੇਪ ਫੜੀ



ਅੰਬਾਲਾ ਛਾਉਣੀ ਦੇ ਰੇਲਵੇ ਸਟੇਸ਼ਨ ਦੇ ਬਾਹਰ ਖੜ੍ਹੀ ਕਾਰ ਵਿਚੋਂ ਪੰਜ ਕਿੱਲੋ ਧਮਾਕਾਖੇਜ਼ ਸਮੱਗਰੀ ਬਰਾਮਦ ਕੀਤੀ ਹੈ। ਸੂਤਰਾਂ ਅਨੁਸਾਰ ਇਹ ਕਾਰ ਜੰਮੂ-ਕਸ਼ਮੀਰ ਤੋਂ ਆਈ ਸੀ। ਪੁਲਿਸ ਨੇ ਅੰਬਾਲਾ ਛਾਉਣੀ ਦੇ ਰੇਲਵੇ ਸਟੇਸ਼ਨ ਦੀ ਪਾਰਕਿੰਗ ਵਿਚ ਖੜ੍ਹੀ ਨੀਲੇ ਰੰਗ ਦੀ ਲਾਵਾਰਸ ਇੰਡਕਾ ਕਾਰ ਵਿਚੋਂ ਪੰਜ ਕਿੱਲੋ ਆਰ.ਡੀ.ਐਕਸ, ਪੰਜ ਡੈਟੋਨੇਟਰ, ਦੋ ਟਾਈਮਰ ਤੇ ਇਕ ਲੂਜ਼ਰ ਬਰਾਮਦ ਕੀਤੇ ਹਨ। ਇਹ ਸਾਰੀ ਸਮੱਗਰੀ ਕਾਰ ਦੇ ਖੱਬੇ ਪਾਸੇ ਦੀ ਅਗਲੀ ਬਾਰੀ ਦੇ ਗੱਤੇ ਦੇ ਥੱਲੇ ਰੱਖੀ ਹੋਈ ਸੀ। ਖੁਫੀਆ ਏਜੰਸੀਆਂ ਨੇ 10 ਦਿਨ ਪਹਿਲਾਂ ਹੀ ਪੁਲਿਸ ਨੂੰ ਇਸ ਬਾਰੇ ਚੌਕਸ ਕਰ ਦਿੱਤਾ ਸੀ। ਮੁਢਲੀ ਜਾਂਚ ਦੌਰਾਨ ਕਾਰ ਵਿਚੋਂ ਸਿਵਾਏ ਜੰਮੂ ਦੇ ਪਤੇ ਵਾਲੇ ਮਠਿਆਈ ਦੇ ਡੱਬੇ ਦੇ ਹੋਰ ਕੁਝ ਨਾ ਮਿਲਿਆ। ਇਸ ਵਿਚ ਪਈ ਆਰ.ਸੀ ਤੇ ਮਾਲਕ ਦਾ ਨਾਂ ਰਾਹੁਲ ਟਰੇਡਿੰਗ ਕੰਪਨੀ, 1188 ਸੈਕਟਰ 7 ਪੰਚਕੂਲਾ ਲਿਖਿਆ ਹੋਇਆ ਸੀ ਜੋ ਫ਼ਰਜ਼ੀ ਸੀ। ਤਲਾਸ਼ੀ ਲੈਣ ਤੋਂ ਬਾਅਦ ਹਰਿਆਣਾ ਪੁਲਿਸ ਵਾਪਸ ਚਲੀ ਗਈ ਪਰ ਦਿੱਲੀ ਪੁਲਿਸ ਕੋਲ ਪੱਕੀ ਖ਼ਬਰ ਸੀ ਕਿ ਕਾਰ ਵਿਚ ਬੰਬ ਜਾਂ ਧਮਾਕਾਖੇਜ਼ ਸਮੱਗਰੀ ਹੈ ਕਿਉਂਕਿ ਦਿੱਲੀ ਪੁਲਿਸ ਦੀ ਟੀਮ ਜੰਮੂ ਤੋਂ ਇਸ ਕਾਰ ਦਾ ਪਿੱਛਾ ਕਰ ਰਹੀ ਸੀ।

ਇਸ ਸੂਚਨਾ ਤੋਂ ਬਾਅਦ ਅੰਬਾਲਾ ਦੇ ਡੀ.ਸੀ ਤੇ ਡੀ.ਸੀ.ਪੀ ਮੁੜ ਸਟੇਸ਼ਨ 'ਤੇ ਪਹੁੰਚ ਗਏ। ਕਰੇਨਾਂ ਦੀ ਮੱਦਦ ਨਾਲ ਪਾਰਕਿੰਗ ਖਾਲੀ ਕਰਵਾ ਲਈ ਗਈ ਤੇ ਜਿਥੇ ਕਾਰ ਖੜ੍ਹੀ ਸੀ, ਉਸ ਥਾਂ ਨੂੰ ਘੇਰੇ ਵਿਚ ਲੈ ਲਿਆ ਗਿਆ। ਆਰ.ਪੀ.ਐਫ, ਰੇਲਵੇ ਪੁਲਿਸ, ਅੰਬਾਲਾ ਪੁਲਿਸ ਤੋਂ ਬਿਨਾ ਬੰਬ ਨਸ਼ਟ ਕਰਨ ਵਾਲਾ ਦਸਤਾ ਤੇ ਫ਼ੌਜ ਦੇ ਜਵਾਨ ਵੀ ਬੁਲਾ ਲਏ ਗਏ। ਦਿੱਲੀ ਪੁਲਿਸ ਤੋਂ ਆਏ ਵਿਸ਼ੇਸ਼ ਸੈੱਲ ਦੇ ਮੈਂਬਰਾਂ ਨੇ ਕਾਰ ਪੁਰਜਾ ਪੁਰਜਾ ਕਰ ਦਿੱਤੀ।

ਅਖੀਰ ਪੁਲਿਸ ਨੂੰ ਉਸ ਸਮੇਂ ਕਾਮਯਾਬੀ ਹੱਥ ਲੱਗੀ ਜਦੋਂ ਅਗਲੇ ਪਾਸੇ ਦੇ ਖੱਬੇ ਦਰਵਾਜ਼ੇ ਨੂੰ ਖੋਲ੍ਹਣ ਤੋਂ ਬਾਅਦ ਇਸ ਦੀ ਖੁੱਡ ਵਿਚ ਰੱਖੇ ਹੋਏ 5 ਡੈਟੋਨੇਟਰ, 5 ਕਿੱਲੋ ਆਰ.ਡੀ.ਐਕਸ, 2 ਟਾਈਮਰ ਤੇ ਇਕ ਲੂਜ਼ਰ ਬਰਾਮਦ ਕਰ ਲਏ ਗਏ। ਸੂਤਰਾਂ ਅਨੁਸਾਰ ਅੰਬਾਲਾ ਵਿਚੋਂ ਬਰਾਮਦ ਨੀਲੀ ਇੰਡੀਕਾ ਕਾਰ ਵਾਲਾ ਨੰਬਰ (ਐਚ.ਆਰ.-03 ਆਰ-0054) ਫਾਜ਼ਿਲਕਾ ਦੇ ਅਸ਼ੋਕ ਕੁਮਾਰ ਯਾਦਵ ਦੀ ਇੰਡੀਕਾ ਕਾਰ ਦਾ ਵੀ ਹੈ। ਫਰਕ ਇਹ ਹੈ ਕਿ ਇਸ ਕਾਰ ਦਾ ਰੰਗ ਸਫ਼ੈਦ ਹੈ। ਯਾਦਵ ਨੇ ਇਹ ਕਾਰ ਪਿੰਜੌਰ (ਜ਼ਿਲ੍ਹਾ ਪੰਚਕੂਲਾ) ਦੇ ਓਮ ਪ੍ਰਕਾਸ਼ ਜੈਨ ਕੋਲੋਂ 24 ਮਾਰਚ 2011 ਨੂੰ ਖਰੀਦੀ ਸੀ।

# ਸੁਰੱਖਿਆ ਏਜੰਸੀਆਂ ਨੂੰ ਜਗਤਾਰ ਸਿੰਘ ਤਾਰਾ 'ਤੇ ਸ਼ੱਕ; ਪੜਤਾਲਾਂ ਦਾ ਦੌਰ ਤੇਜ਼

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਪੁਲਿਸ ਅੰਬਾਲਾ ਛਾਉਣੀ ਰੇਲਵੇ ਸਟੇਸ਼ਨ ਵਿਖੇ ਖੜ੍ਹੀ ਇੰਡੀਕਾ ਕਾਰ ਵਿਚੋਂ ਵੱਡੀ ਮਾਤਰਾ 'ਚ ਆਰ.ਡੀ.ਐਕਸ. ਸਮੱਗਰੀ ਬਰਾਮਦ ਹੋਣ ਪਿੱਛੇ ਬੁੜੈਲ ਜੇਲ੍ਹ ਤੋੜਨ ਕਾਂਡ ਦੇ ਮੁੱਖ ਮੁਲਜ਼ਮ ਤੇ ਅੱਜਕੱਲ੍ਹ ਖਾੜਕੂ ਸਫਾਂ ਵਿਚ ਸਰਗਰਮ ਜਗਤਾਰ ਸਿੰਘ ਤਾਰਾ ਦਾ ਹੱਥ ਮੰਨ ਕੇ ਪੜਤਾਲ ਕਰ ਰਹੀ ਹੈ। ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਹੱਤਿਆ ਕਾਂਡ ਦੇ ਮੁੱਖ ਮੁਲਜ਼ਮ ਤੇ ਬੱਬਰ ਖਾਲਸਾ ਇੰਟਰਨੈਸ਼ਨਲ ਵਿਚ ਲੰਮਾ ਸਮਾਂ ਸਰਗਰਮ ਰਹੇ ਤਾਰਾ ਨੇ ਪਿਛਲੇ ਸਮੇਂ ਆਪਣਾ ਇਕ ਨਵਾਂ ਸੰਗਠਨ ਬਣਾ ਕੇ ਪੰਜਾਬ ਵਿਚ ਮੁੜ ਲਾਮਬੰਦੀ ਕਰਨ ਦਾ ਐਲਾਨ ਕੀਤਾ ਸੀ।

ਪੁਲਿਸ ਤੇ ਖੁਫੀਆ ਏਜੰਸੀਆਂ ਅਨੁਸਾਰ ਅੰਬਾਲਾ ਕਾਂਡ ਤੋਂ ਸੰਕੇਤ ਮਿਲੇ ਹਨ ਕਿ ਖਾੜਕੂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਆਪਣੀ ਹੋਂਦ ਦਿਖਾਉਣ ਦੀ ਤਾਕ ਵਿਚ ਹਨ ਤੇ ਇੰਡੀਕਾ ਕਾਰ ਰਾਹੀਂ ਧਮਾਕਾਖੇਜ਼ ਸਮੱਗਰੀ ਲਿਆਉਣ ਵਾਲੇ ਵਿਅਕਤੀਆਂ ਦੇ ਸਬੰਧ ਪੰਜਾਬ ਤੇ ਹਰਿਆਣਾ ਨਾਲ ਜੁੜੇ ਹੋਣ ਦੀ ਸੰਭਾਵਨਾ ਹੈ। ਪੰਜਾਬ ਪੁਲਿਸ ਮੁੱਖ ਤੌਰ 'ਤੇ ਬੱਬਰ ਖਾਲਸਾ ਇੰਟਰਨੈਸ਼ਨਲ, ਭਿੰਡਰਾਂਵਾਲਾ ਟਾਈਗਰ ਫੋਰਸ, ਖਾਲਿਸਤਾਨ ਜ਼ਿੰਦਾਬਾਦ ਫੋਰਸ ਤੇ ਖਾਲਿਸਤਾਨ ਲਿਬਰੇਸ਼ਨ ਫੋਰਸ ਨੂੰ ਇਸ ਧਮਾਕਾਖੇਜ਼ ਨਾਲ ਜੋੜ ਕੇ ਪੜਤਾਲ ਕਰ ਰਹੀ ਹੈ ਕਿਉਂਕਿ ਅਜਿਹੇ ਸੰਕੇਤ ਵੀ ਮਿਲੇ ਹਨ ਕਿ ਇਹ ਆਰ.ਡੀ.ਐਕਸ. ਪੰਜ ਕਿਲੋ ਹੀ ਨਹੀਂ ਸੀ ਸਗੋਂ ਇਸ ਵਿਚਲਾ ਵੱਡਾ ਹਿੱਸਾ ਪੰਜਾਬ ਜਾਂ ਹਰਿਆਣੇ ਦੇ ਕਿਸੇ ਖੇਤਰ ਵਿਚ ਲੁਕਾਇਆ ਗਿਆ ਹੈ।



ਹੁਣ ਪੰਜਾਬ ਪੁਲਿਸ ਦੀ ਸਭ ਤੋਂ ਪਹਿਲੀ ਕੋਸ਼ਿਸ਼ ਇਸ ਸਮੱਗਰੀ ਨੂੰ ਬਰਾਮਦ ਕਰਨਾ ਹੈ। ਸੂਤਰਾਂ ਅਨੁਸਾਰ ਭਾਵੇਂ ਅੰਬਾਲਾ ਸਥਿਤ ਧਮਾਕਾਖੇਜ਼ ਸਮੱਗਰੀ ਵਾਲੀ ਕਾਰ ਬਰਾਮਦ ਕਰਨ ਦਾ ਅਪਰੇਸ਼ਨ ਖੁਫੀਆ ਬਿਊਰੋ (ਆਈ.ਬੀ.) ਤੇ ਦਿੱਲੀ ਪੁਲਿਸ ਦੀ ਸਪੈਸ਼ਲ ਟੀਮ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ ਹੈ ਪਰ ਹੁਣ ਇਸ ਪੜਤਾਲ ਵਿਚ ਪੰਜਾਬ ਪੁਲਿਸ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਪੰਜਾਬ ਪੁਲਿਸ ਦੇ ਖੁਫੀਆ ਵਿੰਗ ਦੇ ਵੱਡੇ ਅਧਿਕਾਰੀ ਦਿੱਲੀ ਡੇਰੇ ਲਾ ਕੇ ਕੇਂਦਰੀ ਏਜੰਸੀਆਂ ਨਾਲ ਇਸ ਮਾਮਲੇ ਦੀ ਸਾਂਝੀ ਪੜਤਾਲ ਵਿਚ ਹਿੱਸਾ ਲੈ ਰਹੇ ਹਨ। ਇਸ ਸਾਰੀ ਪੜਤਾਲ ਦੀ ਨਿਗਰਾਨੀ ਪੰਜਾਬ ਪੁਲਿਸ ਦੇ ਮੁਖੀ ਅਨਿਲ ਕੌਸ਼ਿਕ ਕਰ ਰਹੇ ਹਨ ਜਦਕਿ ਪੜਤਾਲ ਦੀ ਕਮਾਂਡ ਰਾਜ ਦੇ ਖੁਫੀਆ ਵਿੰਗ ਦੇ ਹੱਥ ਹੈ।

ਸੂਤਰਾਂ ਅਨੁਸਾਰ ਤਾਰਾ ਪਿਛਲੇ ਲੰਮੇ ਸਮੇਂ ਤੋਂ ਪਾਕਿਸਤਾਨ ਵਿਖੇ ਠਾਹਰ ਲਈ ਬੈਠਾ ਹੈ। ਪੰਜਾਬ ਪੁਲਿਸ ਜਿੱਥੇ ਅੰਬਾਲਾ ਕਾਂਡ ਨਾਲ ਤਾਰੇ ਨੂੰ ਜੋੜ ਕੇ ਦੇਖ ਰਹੀ ਹੈ, ਉਥੇ ਪੰਜਾਬ ਪੁਲਿਸ ਖਾੜਕੂ ਹਲਕਿਆਂ ਵਿਚ ਨਰੈਣ ਸਿੰਘ ਚੌੜਾ ਨੂੰ ਸੂਤਰਧਾਰ ਵਜੋਂ ਦੇਖਦੀ ਹੈ।

ਬੁੜੈਲ ਜੇਲ੍ਹ ਤੋੜਨ ਤੋਂ ਬਾਅਦ ਜਦੋਂ ਪੁਲਿਸ ਹਵਾਰੇ ਤੇ ਭਿਓਰੇ ਸਮੇਤ ਇਸ ਕਾਂਡ ਨਾਲ ਜੁੜੇ ਕੁਝ ਹੋਰ ਵਿਅਕਤੀਆਂ ਨੂੰ ਫੜਨ ਵਿਚ ਕਾਮਯਾਬ ਹੋਈ ਸੀ ਤਾਂ ਉੱਚ ਪੁਲਿਸ ਅਧਿਕਾਰੀਆਂ ਨੇ ਦਾਅਵਾ ਕੀਤਾ ਸੀ ਕਿ ਜੇਲ੍ਹ ਤੋੜ ਕਾਂਡ ਦੀ ਸਾਜ਼ਿਸ਼ ਵੀ ਮੁੱਖ ਤੌਰ 'ਤੇ ਚੌੜਾ ਨੇ ਹੀ ਘੜੀ ਸੀ। ਕੇਂਦਰੀ ਖੁਫੀਆ ਏਜੰਸੀਆਂ ਵੱਲੋਂ ਇਸ ਮਾਮਲੇ ਦੀ ਪੜਤਾਲ ਵਿਚ ਕੁਝ ਹੱਦ ਤੱਕ ਚੰਡੀਗੜ੍ਹ ਪੁਲਿਸ ਨੂੰ ਵੀ ਜੋੜਿਆ ਗਿਆ ਹੈ।

# ਹਵਾਰਾ ਤੇ ਭਿਉਰਾ ਵੱਲੋਂ ਵੀਡੀਓ ਕਾਨਫ਼ਰੰਸਿੰਗ ਸੁਣਵਾਈ ਦਾ ਵਿਰੋਧ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਨੂੰ ਮਾਰਨ ਵਾਲੇ ਭਾਈ ਜਗਤਾਰ ਸਿੰਘ ਹਵਾਰਾ ਤੇ ਭਾਈ ਪਰਮਜੀਤ ਸਿੰਘ ਭਿਉਰਾ ਨੇ ਬੁੜੈਲ ਜੇਲ੍ਹ ਤੋੜ ਮਾਮਲੇ ਦੀ ਵੀਡੀਓ ਕਾਨਫ਼ਰੰਸਿੰਗ ਰਾਹੀਂ ਸੁਣਵਾਈ ਦਾ ਸਖ਼ਤ ਵਿਰੋਧ ਕੀਤਾ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਵੀਡੀਓ ਕਾਨਫ਼ਰੰਸਿੰਗ ਰਾਹੀਂ ਉਨ੍ਹਾਂ ਵਿਰੁੱਧ ਕੋਈ ਵੀ ਕਾਰਵਾਈ ਕੀਤੀ ਜਾ ਸਕਦੀ ਹੈ ਤੇ ਇਸ ਦੌਰਾਨ ਉਨ੍ਹਾਂ ਦੇ ਵਿਰੋਧ ਦਾ ਮੌਕਾ ਵੀ ਸਰਕਾਰੀ ਤੰਤਰ ਦੇ ਹੱਥ ਵਿਚ ਚਲਾ ਜਾਵੇਗਾ।

ਪੁਲੀਸ ਨੇ ਪਹਿਲਾਂ ਵੀਡੀਓ ਕਾਨਫਰੰਸਿੰਗ ਰਾਹੀਂ ਇਨ੍ਹਾਂ ਦੋਹਾਂ ਮੁਲਾਜ਼ਮਾਂ ਨਾਲ ਗੱਲਬਾਤ ਦੀ ਕੋਸ਼ਿਸ਼ ਕੀਤੀ ਪਰ ਤਕਨੀਕੀ ਖ਼ਰਾਬੀ ਕਾਰਨ ਅਜਿਹਾ ਸੰਭਵ ਨਾ ਹੋ ਸਕਿਆ। ਇਸੇ ਦੌਰਾਨ ਬਚਾਅ ਪੱਖ ਦੇ ਵਕੀਲ ਅਰਵਿੰਦ ਠਾਕੁਰ ਨੇ ਅਦਾਲਤ ਨੂੰ ਦੱਸਿਆ ਕਿ ਹਵਾਰਾ ਤੇ ਭਿਓਰਾ ਨੂੰ ਹੱਥਕੜੀ ਲਾਈ ਹੋਈ ਸੀ ਤੇ ਉਨ੍ਹਾਂ ਦੀਆਂ ਲੱਤਾਂ 'ਤੇ ਵੀ ਚੇਨ ਬੰਨ੍ਹੀ ਹੋਈ ਸੀ ਜੋ ਸੁਪਰੀਮ ਕੋਰਟ ਦੇ ਹੁਕਮਾਂ ਦੀ ਉਲੰਘਣਾ ਹੈ। ਇਸ ਬਾਰੇ ਦਿੱਲੀ ਪੁਲਿਸ ਦੇ ਅਧਿਕਾਰੀ ਨੇ ਕਿਹਾ ਕਿ ਉਨ੍ਹਾਂ ਨੇ ਇਸ ਮਾਮਲੇ ਵਿਚ ਦਿੱਲੀ ਦੀ ਅਦਾਲਤ ਤੋਂ ਪਹਿਲਾਂ ਹੀ ਪ੍ਰਵਾਨਗੀ ਲਈ ਹੋਈ ਹੈ ਜਿਸ ਦੀ ਕਾਪੀ ਕੇਸ ਦੀ ਅਗਲੀ ਸੁਣਵਾਈ ਦੌਰਾਨ ਅਦਾਲਤ ਵਿਚ ਪੇਸ਼ ਕੀਤੀ ਜਾਵੇਗੀ।

ਉਨ੍ਹਾਂ ਦੇ ਵਕੀਲਾਂ ਨੇ ਵੀ ਵੀਡੀਓ ਕਾਨਫ਼ਰੰਸਿੰਗ ਰਾਹੀਂ ਅਦਾਲਤੀ ਸੁਣਵਾਈ ਦਾ ਇਹ ਕਹਿ ਕੇ ਵਿਰੋਧ ਕੀਤਾ ਕਿ ਕਿਸੇ ਮਾਮਲੇ ਦੀ ਸੁਣਵਾਈ ਦੌਰਾਨ ਸਬੰਧਤ ਮੁਲਜ਼ਮ ਦਾ ਅਦਾਲਤ ਵਿਚ ਪੇਸ਼ ਹੋਣਾ ਜ਼ਰੂਰੀ ਹੁੰਦਾ ਹੈ। ਉਨ੍ਹਾਂ ਦੇ ਵਕੀਲ ਅਰਵਿੰਦ ਠਾਕੁਰ ਨੇ ਕਿਹਾ ਕਿ ਕਿਸੇ ਵੀ ਕੇਸ ਦੀ ਸੁਣਵਾਈ ਲਈ ਦੋਸ਼ੀ ਦੀ ਸਹਿਮਤੀ ਵੀ ਅਹਿਮੀਅਤ ਰੱਖਦੀ ਹੈ। 14 ਅਕਤੂਬਰ ਨੂੰ ਦੋਵੇਂ ਪੱਖਾਂ ਦੀ ਜਾਂਚ ਅਧਿਕਾਰੀ ਇੰਸਪੈਕਟਰ ਦੀਵਾਨ ਸਿੰਘ 'ਤੇ ਬਹਿਸ ਹੋਣੀ ਸੀ ਪਰ ਉਹ ਅਦਾਲਤ ਵਿਚ ਪੇਸ਼ ਨਹੀਂ ਹੋਇਆ ਜਿਸ ਕਰਕੇ ਇਹ ਜਿਰ੍ਹਾ 11 ਨਵੰਬਰ ਤਕ ਲਈ ਟਾਲ ਦਿੱਤੀ ਗਈ ਜਦਕਿ ਇਸ ਮਾਮਲੇ ਨੂੰ ਦੇਖ ਰਹੇ ਸਬ ਇੰਸਪੈਕਟਰ ਸੁਰਿੰਦਰ ਕੁਮਾਰ ਦੇ ਬਿਆਨ ਦਰਜ ਹੋ ਗਏ। ਇਸ ਤੋਂ ਪਹਿਲਾਂ 14 ਸਤੰਬਰ ਨੂੰ ਸੁਰਿੰਦਰ ਸਿੰਘ ਵਿਰੁੱਧ ਜ਼ਮਾਨਤੀ ਵਾਰੰਟ ਜਾਰੀ ਕੀਤੇ ਗਏ ਸਨ ਕਿਉਂਕਿ ਉਹ ਅਦਾਲਤ ਵਿਚ ਪੇਸ਼ ਨਹੀਂ ਹੋਇਆ ਸੀ।

## ਹੱਥਕੜੀਆਂ ਲਾ ਕੇ ਅਦਾਲਤ 'ਚ ਪੇਸ਼ ਕੀਤਾ



ਜ਼ਿਕਰਯੋਗ ਹੈ ਕਿ ਭਾਈ ਹਵਾਰਾ ਤੇ ਭਾਈ ਭਿਉਰਾ ਦੀ ਪੇਸ਼ੀ ਨੂੰ ਲੈ ਕੇ ਕੀਤੇ ਜਾਣ ਵਾਲੇ ਸਖ਼ਤ ਸੁਰੱਖਿਆ ਪ੍ਰਬੰਧਾਂ ਤੇ ਪਿਛਲੀਆਂ ਪੇਸ਼ੀਆਂ ਦੌਰਾਨ ਇਸ ਮੌਕੇ ਹੋਏ ਪ੍ਰਦਰਸ਼ਨਾਂ ਕਾਰਨ ਉਨ੍ਹਾਂ ਦੀ ਪੇਸ਼ੀ ਵੀਡੀਓ ਕਾਨਫਰੰਸਿੰਗ ਰਾਹੀਂ ਕਰਵਾਉਣ ਦੀ ਯੋਜਨਾ ਤਿਆਰ ਕੀਤੀ ਗਈ ਸੀ ਕਿਉਂਕ ਉਕਤ ਦੋਵੇਂ ਖਾੜਕੂਆਂ ਨੂੰ ਹਰ ਵਾਰ ਦਿੱਲੀ ਦੀ ਤਿਹਾੜੇ ਜੇਲ੍ਹ 'ਚੋਂ ਇੱਥੇ ਲਿਆਉਣਾ ਪੈਂਦਾ ਹੈ।

ਉਧਰ ਅੰਬਾਲਾ ਵਿਖੇ ਕਾਰ 'ਚੋਂ ਆਰ.ਡੀ.ਐਕਸ ਬਰਾਮਦ ਹੋਣ ਤੇ ਦਿੱਲੀ ਤੋਂ ਖਾੜਕੂ ਤੇ ਹਥਿਆਰ ਫੜੇ ਜਾਣ ਕਾਰਨ ਹੁਣ ਦੋਵੇਂ ਖਾੜਕੂਆਂ ਦੀ ਪੇਸ਼ੀ ਬਾਰੇ ਪੁਲਿਸ ਹੋਰ ਚੌਕਸ ਹੋ ਗਈ ਹੈ।

## ਖੜ੍ਹੀ ਕਾਰ 'ਚੋਂ ਹਥਿਆਰਾਂ ਦੀ ਵੱਡੀ ਖੇਪ ਬਰਾਮਦ

**ਅੰਬਾਲਾ:** ਅੰਬਾਲਾ 'ਚ ਆਰ.ਡੀ.ਐਕਸ ਫੜੇ ਜਾਣ ਤੋਂ ਤਿੰਨ ਦਿਨ ਬਾਅਦ ਹਰਿਆਣਾ ਪੁਲਿਸ ਦੀ ਸਪੈਸ਼ਲ ਟਾਸਕ ਫੋਰਸ ਨੇ 15 ਅਕਤੂਬਰ ਨੂੰ ਦੇਰ ਰਾਤ ਅੰਬਾਲਾ-ਚੰਡੀਗੜ੍ਹ ਸੜਕ 'ਤੇ ਇਕ ਪਿੰਡ ਨੇੜੇ ਵਾਹਨ ਦੀ ਤਲਾਸ਼ੀ ਦੌਰਾਨ ਹਥਿਆਰਾਂ ਦੀ ਵੱਡੀ ਖੇਪ ਬਰਾਮਦ ਕੀਤੀ। ਪੁਲਿਸ ਅਨੁਸਾਰ ਇਸ ਮਾਮਲੇ ਵਿਚ ਪੰਜ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਜਿਨ੍ਹਾਂ ਦੀ ਪਛਾਣ ਸੂਬੇ ਦੇ ਜੀਂਦ ਤੇ ਝੱਜਰ ਜ਼ਿਲ੍ਹਿਆਂ ਦੇ ਮੁਕੇਸ਼, ਰਾਮਫਲ, ਸੁਲਤਾਨ, ਰਾਜੇਂਦਰ ਤੇ ਧਰਮਿੰਦਰ ਵਜੋਂ ਹੋਈ ਹੈ। ਪਲਿਸ ਅਨੁਸਾਰ ਕਾਰ ਵਿਚੋਂ 9 ਐਮ.ਐਮ. ਦੀ ਕਾਰਬਾਈਨ, 9 ਐਮ.ਐਮ. ਦੀਆਂ ਚਾਰ ਪਿਸਤੌਲਾਂ, 315 ਬੋਰ ਦੀਆਂ ਦੋ ਦੇਸੀ ਪਿਸਤੌਲਾਂ, ਦੋ ਮੈਗਜ਼ੀਨਾਂ, 315 ਬੋਰ ਪਿਸਤੌਲ ਦੇ 9 ਕਾਰਤੂਸ ਤੇ 9 ਐਮ.ਐਮ. ਪਿਸਤੌਲਾਂ ਦੇ 50 ਕਾਰਤੂਸ ਸ਼ਾਮਲ ਹਨ। ਪੁਲਿਸ ਨੇ ਪੰਜੇ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਐਨ.ਆਈ.ਏ. ਦੇ ਅੰਬਾਲਾ ਤੇ ਚੰਡੀਗੜ੍ਹ ਸਥਿਤ ਅਧਿਕਾਰੀਆਂ ਦਾ ਪਿਛਲੇ ਚਾਰ ਦਿਨਾਂ ਦੌਰਾਨ ਅੰਬਾਲਾ ਵਿਚ ਵਾਪਰੇ ਘਟਨਾਕ੍ਰਮ ਬਾਰੇ ਕਹਿਣਾ ਹੈ ਕਿ ਅੰਬਾਲਾ ਛਾਉਣੀ ਵੱਖ ਵੱਖ ਦਹਿਸ਼ਤੀ ਜਥੇਬੰਦੀਆਂ ਦਰਮਿਆਨ ਸਾਂਝ ਦਾ ਧੁਰਾ ਬਣਿਆ ਜਾਪਦਾ ਹੈ।

## ਮੱਧ ਪ੍ਰਦੇਸ਼ 'ਚੋਂ ਧਮਾਕਾਖੇਜ਼ ਸਮੱਗਰੀ ਮਿਲੀ

**ਪਰੇਵਾ (ਮੱਧ ਪ੍ਰਦੇਸ਼):** ਪੁਲਿਸ ਨੇ 16 ਅਕਤੂਬਰ ਨੂੰ ਇਕ ਘਰ ਤੇ ਕਾਰ 'ਚੋਂ 5000 ਡੈਟੋਨੇਟਰ, ਬਾਰੂਦੀ ਛੜਾਂ ਦੇ 10 ਬਕਸੇ ਸਣੇ ਹੋਰ ਸਾਜ਼ੋ-ਸਾਮਾਨ ਬਰਾਮਦ ਕਰਕੇ ਵੱਡੀ ਦਹਿਸ਼ਤੀ ਸਾਜ਼ਿਸ਼ ਦਾ ਪਰਦਾਫਾਸ਼ ਕੀਤਾ ਹੈ। ਪੁਲਿਸ ਨੇ ਇਸ ਬਾਰੇ ਇਕ ਵਿਅਕਤੀ ਨੂੰ ਹਿਰਾਸਤ ਵਿਚ ਲੈ ਲਿਆ ਹੈ। ਪੁਲਿਸ ਨੂੰ ਸੂਹ ਲੱਗੀ ਸੀ ਕਿ ਸ਼ਹਿਰ ਦੀ ਨਿਊ ਗੰਗੋਤਰੀ ਕਲੋਨੀ ਵਿਚਲੇ ਘਰ ਵਿਚੋਂ ਇਕ ਕਾਰ ਵਿਚ 'ਸ਼ੱਕੀ ਸਾਜ਼ੋ-ਸਾਮਾਨ' ਰੱਖਿਆ ਜਾ ਰਿਹਾ ਹੈ। ਪੁਲਿਸ ਨੇ ਤੁਰੰਤ ਕਾਰਵਾਈ ਕੀਤੀ ਪਰ ਕਾਰ ਉੱਥੋਂ ਜਾ ਚੁੱਕੀ ਸੀ। ਇਸ ਤੋਂ ਬਾਅਦ ਸਾਰੇ ਥਾਣਿਆਂ ਨੂੰ ਚੌਕਸ ਕਰ ਦਿੱਤਾ ਗਿਆ। ਕੁਝ ਸਮੇਂ ਮਗਰੋਂ ਕਾਰ ਨੂੰ 15 ਕਿਲੋਮੀਟਰ ਦੂਰ ਰਾਏਪੁਰ ਕਲਚੂੜੀਆਂ ਵਿਖੇ ਕਾਬੂ ਕਰ ਲਿਆ ਗਿਆ। ਕਾਰ ਵਿਚੋਂ ਪੁਲਿਸ ਨੇ ਵੱਡੀ ਮਾਤਰਾ ਵਿਚ ਧਮਾਕਾਖੇਜ਼ ਸਮੱਗਰੀ ਬਰਾਮਦ ਕਰਕੇ ਚਾਲਕ ਮਨੋਜ ਕੌਲ ਨੂੰ ਗ੍ਰਿਫਤਾਰ ਕਰ ਲਿਆ। ਇਸ ਤੋਂ ਬਾਅਦ ਪੁਲਿਸ ਨੇ ਘਰ ਦਾ ਦਰਵਾਜ਼ਾ ਤੋੜ ਕੇ ਉਥੋਂ ਵੀ ਵੱਡੀ ਮਾਤਰਾ ਵਿਚ ਧਮਾਕਾਖੇਜ਼ ਸਮੱਗਰੀ ਬਰਾਮਦ ਕੀਤੀ। ਪੁਲਿਸ ਅਨੁਸਾਰ ਇਹ ਕਾਰ ਉੱਤਰ ਪ੍ਰਦੇਸ਼ ਦੇ ਰਾਜੇਸ਼ ਪਟੇਲ ਨਾਮੀਂ ਵਿਅਕਤੀ ਦੀ ਹੈ। ਉਸ ਨੇ ਇਹ ਘਰ ਕੁਝ ਦਿਨ ਪਹਿਲਾਂ ਹੀ ਕਿਰਾਏ 'ਤੇ ਲਿਆ ਸੀ। ਪੁਲਿਸ ਨੂੰ ਸ਼ੱਕ ਹੈ ਕਿ ਪਟੇਲ ਵੀ ਕਾਰ ਵਿਚ ਸੀ ਪਰ ਉਹ ਪੁਲਿਸ ਨੂੰ ਦੇਖ ਕੇ ਫਰਾਰ ਹੋ ਗਿਆ।

## ਭਿਉਰਾ ਤੇ ਤਾਰੀ ਨੂੰ ਪਨਾਹ ਦੇਣ ਦੇ ਮਾਮਲੇ 'ਚ ਛੇ ਬਰੀ

**ਜਲੰਧਰ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਦੋਸ਼ੀ ਜਗਤਾਰ ਸਿੰਘ ਤਾਰੀ ਤੇ ਪਰਮਜੀਤ ਸਿੰਘ ਭਿਉਰਾ ਨੂੰ ਪਨਾਹ ਦੇਣ ਵਾਲੇ ਛੇ ਵਿਅਕਤੀਆਂ ਨੂੰ ਇਥੇ ਸਥਾਨਕ ਅਦਾਲਤ ਨੇ ਗਵਾਹਾਂ ਤੇ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਹੈ। ਬਰੀ ਹੋਣ ਵਾਲੇ ਵਿਅਕਤੀਆਂ ਵਿਚ ਭੁਪਿੰਦਰ ਸਿੰਘ ਉਰਫ਼ ਭਿੰਡਰ ਵਾਸੀ ਨਿਊ ਸੰਤੋਖਪੁਰਾ ਜਲੰਧਰ, ਹਰਦੀਪ ਸਿੰਘ ਵਾਸੀ ਬਾਬਾ ਦੀਪ ਸਿੰਘ ਨਗਰ ਮਕਸੂਦਾਂ, ਅਮਰਜੀਤ ਕੌਰ, ਮਹਿੰਦਰ ਸਿੰਘ ਦੋਵੇਂ ਨਿਵਾਸੀ ਉਪਕਾਰ ਨਗਰ ਜਲੰਧਰ, ਸਤਵੰਤ ਸਿੰਘ, ਪ੍ਰਭਜੋਤ ਸਿੰਘ ਬਾਜਵਾ ਦੋਵੇਂ ਨਿਵਾਸੀ ਸਰਾਭਾ ਨਗਰ ਨੂਰਪੁਰ ਮਕਸੂਦਾਂ ਸ਼ਾਮਲ ਹਨ। ਉਕਤ ਮੁਲਜ਼ਮਾਂ ਨੂੰ ਜੇ.ਐਮ.ਆਈ.ਸੀ. ਤ੍ਰਿਪਤ ਕੌਰ ਦੀ ਅਦਾਲਤ ਨੇ ਗਵਾਹਾਂ ਤੇ ਸਬੂਤਾਂ ਦੀ ਘਾਟ ਹੋਣ ਕਾਰਨ ਬਰੀ ਕਰ ਦਿੱਤਾ ਹੈ।

# ਸੁਖਬੀਰ ਹੁਣ 'ਵਰਸਿਟੀ ਕਾਲਜ ਦੀ ਜ਼ਮੀਨ ਛੱਡਣ ਦੇ ਮਾਮਲੇ 'ਚ ਘਿਰਿਆ

**ਜਲੰਧਰ:** ਆਪਣੇ ਪਿਤਾ ਪ੍ਰਕਾਸ਼ ਸਿੰਘ ਬਾਦਲ ਤੋਂ ਬਾਅਦ ਪੰਜਾਬ ਦਾ ਮੁੱਖ ਮੰਤਰੀ ਬਣਨ ਦੇ ਸੁਪਨੇ ਵੇਖ ਰਹੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀਆਂ ਮੁਸੀਬਤਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਰੇਤਾ-ਬਜਰੀ ਮਾਫੀਆ ਦੀ ਪੁਸ਼ਤਪਨਾਹੀ ਕਰਨ, ਨਿੱਜੀ ਲਾਹੇ ਲਈ ਟਰਾਂਸਪੋਰਟ ਨੀਤੀ ਬਦਲਣ ਤੇ ਖਾਲਸਾ ਕਾਲਜ ਨੂੰ ਨਿੱਜੀ ਯੂਨੀਵਰਸਿਟੀ 'ਚ ਤਬਦੀਲ ਕਰਨ ਦੀਆਂ ਕੋਸ਼ਿਸ਼ਾਂ ਦੇ ਵਿਵਾਦਾਂ ਤੋਂ ਬਾਅਦ ਹੁਣ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਦੀ ਜ਼ਮੀਨ ਛੱਡਣ ਲਈ ਦਬਾਅ ਪਾਉਣ ਦੇ ਮਾਮਲਾ 'ਚ ਘਿਰ ਗਏ ਹਨ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦੋਸ਼ ਲਾਇਆ ਹੈ ਕਿ ਸੁਖਬੀਰ ਬਾਦਲ ਨੇ ਮੋਟੀ ਰਕਮ ਲੈ ਕੇ ਯੂਨੀਵਰਸਿਟੀ ਦੀ ਇਹ ਬਹੁਕਰੋੜੀ ਜ਼ਮੀਨ ਮੁਫਤ 'ਚ ਛੱਡ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਜਲੰਧਰ ਵਿਖੇ ਬਸਤੀ ਨੌਂ ਸਥਿਤ ਯੂਨੀਵਰਸਿਟੀ ਕਾਲਜ ਦੀ ਜ਼ਮੀਨ ਛੱਡਣ ਦਾ ਮਾਮਲਾ ਪੂਰੀ ਤਰ੍ਹਾਂ ਭਖ ਗਿਆ ਹੈ ਤੇ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਦੀ ਮੰਗ ਜ਼ੋਰ ਫੜਨ ਲੱਗੀ ਹੈ। ਯੂਨੀਵਰਸਿਟੀ ਦੇ ਸਾਬਕਾ ਉਪ ਕੁਲਪਤੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਵੀ ਇਹ ਮਾਮਲਾ ਅਦਾਲਤ ਦੇ ਬਾਹਰ ਹੱਲ ਕਰਨ ਦੀ ਪੇਸ਼ਕਸ਼ ਹੋਈ ਸੀ ਪਰ ਉਨ੍ਹਾਂ ਯੂਨੀਵਰਸਿਟੀ ਦੇ ਹਿੱਤਾਂ ਨੂੰ ਧਿਆਨ ਵਿਚ ਰੱਖਦਿਆਂ ਕਾਨੂੰਨ ਦੇ ਦਾਇਰੇ ਹੇਠ ਰਹਿ ਕੇ ਕਾਰਵਾਈ ਕੀਤੀ। ਦੂਜੇ ਪਾਸੇ ਯੂਨੀਵਰਸਿਟੀ ਦੇ ਮੌਜੂਦਾ ਉਪ ਕੁਲਪਤੀ ਡਾ. ਏ.ਐਸ. ਬਰਾੜ ਦਾ ਦਾਅਵਾ ਹੈ ਕਿ ਕਿ ਉਨ੍ਹਾਂ ਵੀ ਵਿਦਿਆਰਥੀਆਂ ਦੀ ਭਲਾਈ ਨੂੰ ਧਿਆਨ ਵਿਚ ਰੱਖਦਿਆਂ ਤੇ ਨੈਤਿਕਤਾ ਦੇ ਆਧਾਰ 'ਤੇ ਕਿਰਾਏ ਦੀ ਇਮਾਰਤ 'ਚ ਚੱਲ ਰਿਹਾ ਇਹ ਕਾਲਜ ਖਾਲੀ ਕਰਨ ਦਾ ਫੈਸਲਾ ਲਿਆ ਹੈ।

ਜਲੰਧਰ ਸਥਿਤ ਬਸਤੀ ਨੌਂ 'ਚ ਚੱਲ ਰਿਹਾ ਇਹ ਕਾਲਜ ਤਕਰੀਬਨ ਚਾਰ ਏਕੜ ਰਕਬੇ 'ਚ ਫੈਲਿਆ ਹੋਇਆ ਹੈ ਜਿਸ ਦੀ ਇਕ ਵੱਡੀ ਦੋ ਮੰਜ਼ਲਾ ਇਮਾਰਤ ਹੈ। ਇਹ ਕਾਲਜ ਦੇਸ਼ ਦੀ ਵੰਡ ਤੋਂ ਬਾਅਦ ਹੋਂਦ 'ਚ ਆਇਆ ਜਦੋਂਕਿ ਇਸ ਦੀ ਇਮਾਰਤ ਦੇਸ਼ ਵੰਡ ਤੋਂ ਪਹਿਲਾਂ ਦੀ ਹੈ। ਇਹ ਇਮਾਰਤ ਉਘੇ ਪਾਕਿਸਤਾਨੀ ਕ੍ਰਿਕਟ ਖਿਡਾਰੀ ਇਮਰਾਨ ਖਾਨ ਦੇ ਨਾਣਕਿਆਂ ਨਾਲ ਸਬੰਧਤ ਦੱਸੀ ਗਈ ਹੈ। ਦੇਸ਼ ਦੀ ਵੰਡ ਤੋਂ ਬਾਅਦ ਇਥੇ ਪੰਜਾਬ ਯੂਨੀਵਰਸਿਟੀ ਦਾ ਲਾਅ ਕਾਲਜ ਬਣਾਇਆ ਗਿਆ ਸੀ ਜੋ ਪਹਿਲਾਂ ਲਾਹੌਰ ਵਿਖੇ ਚਲਦਾ ਸੀ। ਇਹ ਲਾਅ ਕਾਲਜ ਬਾਅਦ ਵਿਚ ਚੰਡੀਗੜ੍ਹ ਵਿਖੇ ਤਬਦੀਲ ਹੋ ਗਿਆ ਤਾਂ ਇਸ ਨੂੰ ਇਵਨਿੰਗ ਕਾਲਜ ਬਣਾ ਦਿੱਤਾ ਗਿਆ ਜੋ 1969 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਹੋਂਦ 'ਚ ਆਉਣ 'ਤੇ ਯੂਨੀਵਰਸਿਟੀ ਕਾਲਜ ਬਣ ਗਿਆ।

ਇਸ ਕਾਲਜ ਦੀ ਇਮਾਰਤ ਕਿਰਾਏ 'ਤੇ ਲਈ ਹੋਈ ਸੀ ਤੇ ਇਸ ਦੇ ਮਾਲਕ ਪਰਵਾਸੀ ਭਾਰਤੀ ਹਨ। ਇਹ ਕਾਲਜ ਜਲੰਧਰ ਦੇ ਇਕ ਮੁੱਖ ਵਪਾਰਕ ਖੇਤਰ ਵਿਚ ਹੈ। ਜ਼ਮੀਨ ਤੇ ਇਮਾਰਤ ਦਾ ਮੁੱਲ 200 ਕਰੋੜ ਤੋਂ ਵੱਧ ਦੱਸਿਆ ਜਾ ਰਿਹਾ ਹੈ। ਇਸ ਵੇਲੇ ਕਾਲਜ ਵਿਚ 500 ਵਿਦਿਆਰਥੀ ਪੜ੍ਹਦੇ ਹਨ। ਕਾਲਜ ਦੀ ਜ਼ਮੀਨ ਤੇ ਇਮਾਰਤ ਵਾਪਸ ਲੈਣ ਲਈ ਮਾਲਕਾਂ ਵੱਲੋਂ ਜਲੰਧਰ ਵਿਖੇ ਹੇਠਲੀ ਅਦਾਲਤ ਵਿਚ ਕੇਸ ਵੀ ਕੀਤਾ ਗਿਆ ਸੀ ਜੋ ਉਹ ਹਾਰ ਗਏ ਤੇ ਮੁੜ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਚਲੇ ਗਏ ਜਿਥੇ ਕੁਝ ਸਮਾਂ ਇਹ ਕੇਸ ਵਿਚਾਰ ਅਧੀਨ ਰਿਹਾ ਤੇ ਜਨਵਰੀ 2010 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਇਹ ਕਾਲਜ ਦੀ ਇਮਾਰਤ ਖਾਲੀ ਕਰਨ ਦਾ ਫੈਸਲਾ ਲੈ ਲਿਆ। ਅਦਾਲਤ ਵਿਚ ਹਲਫਨਾਮਾ ਦਾਇਰ ਕਰਨ ਤੋਂ ਬਾਅਦ ਯੂਨੀਵਰਸਿਟੀ ਵੱਲੋਂ ਇਕ ਸਾਲ ਦਾ ਸਮਾਂ ਮੰਗਿਆ ਗਿਆ ਤੇ ਕਾਲਜ ਨੂੰ ਕਿਸੇ ਹੋਰ ਥਾਂ ਤਬਦੀਲ ਕਰ ਦਿੱਤਾ ਗਿਆ।

ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੱਤਰਕਾਰ ਸੰਮੇਲਨ ਦੌਰਾਨ ਦੋਸ਼ ਲਾਇਆ ਕਿ ਕਾਲਜ ਦੀ ਇਹ ਬਹੁਕੀਮਤੀ ਜ਼ਮੀਨ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਇਸ਼ਾਰੇ 'ਤੇ ਛੱਡੀ ਗਈ ਹੈ। ਉਨ੍ਹਾਂ ਇਸ ਨੂੰ ਬਹੁਕਰੋੜੀ ਘਪਲਾ ਕਰਾਰ ਦਿੱਤਾ ਤੇ ਇਸ ਦੀ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ। ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ ਜੇਕਰ ਜਾਂਚ ਨਾ ਹੋਈ ਤਾਂ ਕਾਂਗਰਸ ਸਰਕਾਰ ਆਉਣ 'ਤੇ ਇਸ ਮਾਮਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਜਾਵੇਗੀ। ਇਸ ਬਾਰੇ ਸਾਬਕਾ ਉਪ ਕੁਲਪਤੀ ਡਾ. ਹਰਭਜਨ ਸਿੰਘ ਸੋਚ ਜੋ 1996 ਤੋਂ ਲੈ ਕੇ 2001 ਤੱਕ ਯੂਨੀਵਰਸਿਟੀ ਦੇ ਉਪ ਕੁਲਪਤੀ ਰਹੇ, ਦਾ ਕਹਿਣਾ ਹੈ ਕਿ ਉਨ੍ਹਾਂ ਦੇ ਕਾਰਜਕਾਲ ਸਮੇਂ ਹੀ ਜ਼ਮੀਨ ਦੇ ਮਾਲਕਾਂ ਵੱਲੋਂ ਅਦਾਲਤ ਵਿਚ ਕੇਸ ਦਾਇਰ ਕੀਤਾ ਗਿਆ ਸੀ। ਉਨ੍ਹਾਂ ਨੂੰ ਜ਼ਮੀਨ ਦੇ ਮਾਲਕਾਂ ਵੱਲੋਂ ਜ਼ਮੀਨ ਛੱਡਣ ਲਈ ਪੇਸ਼ਕਸ਼ ਵੀ ਕੀਤੀ ਗਈ ਸੀ ਪਰ ਉਨ੍ਹਾਂ ਯੂਨੀਵਰਸਿਟੀ ਤੇ ਵਿਦਿਆਰਥੀਆਂ ਦੇ ਹਿੱਤਾਂ ਨੂੰ ਧਿਆਨ ਵਿਚ ਰੱਖਦਿਆਂ ਇਸ ਪੇਸ਼ਕਸ਼ ਨੂੰ ਠੁਕਰਾ ਦਿੱਤਾ। ਉਨ੍ਹਾਂ ਤੋਂ ਬਾਅਦ ਯੂਨੀਵਰਸਿਟੀ ਦੇ ਉਪ ਕੁਲਪਤੀ ਬਣੇ ਡਾ. ਐਸ.ਪੀ. ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਕਾਰਜਕਾਲ ਸਮੇਂ ਵੀ ਕਾਲਜ ਦੀ ਇਮਾਰਤ ਖਾਲੀ ਕਰਾਉਣ ਦਾ ਨੋਟਿਸ ਆਇਆ ਸੀ ਪਰ ਉਨ੍ਹਾਂ ਇਸ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ।

ਉਸ ਵੇਲੇ ਯੂਨੀਵਰਸਿਟੀ ਜਲੰਧਰ ਸਬ ਜੱਜ ਦੀ ਅਦਾਲਤ ਵਿਚ ਕੇਸ ਹਾਰ ਗਈ ਸੀ ਪਰ ਉਨ੍ਹਾਂ ਮੁੜ ਉਪਰਲੀ ਅਦਾਲਤ ਵਿਚ ਕੇਸ ਦਾਇਰ ਕੀਤਾ ਤੇ ਯੂਨੀਵਰਸਿਟੀ ਕੇਸ ਜਿੱਤ ਗਈ ਜਿਸ ਖਿਲਾਫ ਮਾਲਕਾਂ ਵੱਲੋਂ ਮੁੜ ਹਾਈ ਕੋਰਟ ਵਿਖੇ ਅਪੀਲ ਦਾਇਰ ਕਰ ਦਿੱਤੀ ਗਈ। ਉਨ੍ਹਾਂ ਉੱਚ ਅਦਾਲਤ ਵਿਚ ਪੱਖ ਰੱਖਿਆ ਸੀ ਕਿ ਪਰਵਾਸੀ ਭਾਰਤੀ ਔਰਤ ਜੋ ਐਨ.ਆਰ.ਆਈ. ਐਕਟ ਤਹਿਤ ਇਹ ਜ਼ਮੀਨ ਤੇ ਇਮਾਰਤ ਖਾਲੀ ਕਰਨ ਦੀ ਮੰਗ ਕਰ ਰਹੀ ਹੈ, ਉਸ ਕੋਲ ਆਪਣੇ ਰਹਿਣ ਲਈ ਕਈ ਹੋਰ ਇਮਾਰਤਾਂ ਹਨ। ਉਨ੍ਹਾਂ ਦੱਸਿਆ ਕਿ ਜ਼ਮੀਨ ਦੀ ਕੀਮਤ ਵੱਧ ਹੋਣ ਕਾਰਨ ਉਸ ਵੇਲੇ ਇਸ ਦੇ ਕਈ ਹੋਰ ਮਾਲਕ ਵੀ ਬਣ ਗਏ ਸਨ। ਉਨ੍ਹਾਂ ਤੋਂ ਬਾਅਦ ਬਣੇ ਉਪ ਕੁਲਪਤੀ ਡਾ. ਜੈ ਰੂਪ ਸਿੰਘ ਨੇ ਵੀ ਦੱਸਿਆ ਕਿ ਉਨ੍ਹਾਂ ਦੇ ਕਾਰਜਕਾਲ ਸਮੇਂ ਵੀ ਇਹ ਜ਼ਮੀਨ ਦਾ ਮਾਮਲਾ ਅਦਾਲਤ ਦੇ ਬਾਹਰ ਨਿਬੇੜਨ ਦੀ ਪੇਸ਼ਕਸ਼ ਆਈ ਸੀ ਪਰ ਉਨ੍ਹਾਂ ਰੱਦ ਕਰ ਦਿੱਤੀ।

ਯੂਨੀਵਰਸਿਟੀ ਕਾਲਜ ਦੇ 14 ਸਾਲ ਪ੍ਰਿੰਸੀਪਲ ਰਹੇ ਡਾ. ਸਵਰਨ ਸਿੰਘ ਨੇ ਦੱਸਿਆ ਕਿ ਇਹ ਕਾਲਜ ਲਸ਼ਮਣ ਦਾਸ ਤੇ ਫੁੰਮਣ ਰਾਮ ਦੀ ਮਲਕੀਅਤ ਸੀ ਜਿਨ੍ਹਾਂ ਵੱਲੋਂ ਉਸ ਵੇਲੇ ਨਿਯੁਕਤ ਕੀਤੇ ਗਏ ਹਰਭਗਵਾਨ ਨਾਂ ਦੇ ਵਿਅਕਤੀ ਨੂੰ ਕਿਰਾਇਆ ਜਮਾਂ ਕਰਾਇਆ ਜਾਂਦਾ ਸੀ। ਉਨ੍ਹਾਂ ਨੇ ਉਪ ਕੁਲਪਤੀ ਦੇ ਬਿਨਾਹ 'ਤੇ ਮਾਲਕਾਂ ਨੂੰ ਪੇਸ਼ਕਸ਼ ਕੀਤੀ ਸੀ ਕਿ ਜੇਕਰ ਉਹ ਕਾਲਜ ਦੀ ਜ਼ਮੀਨ ਵੇਚਣਾ ਚਾਹੁੰਦੇ ਹਨ ਤਾਂ ਯੂਨੀਵਰਸਿਟੀ ਜ਼ਮੀਨ ਖਰੀਦਣ ਨੂੰ ਤਿਆਰ ਹੈ।

ਇਸ ਕਾਲਜ ਨੂੰ ਉਨ੍ਹਾਂ ਦੇ ਬਜ਼ੁਰਗਾਂ ਦੇ ਨਾਂ 'ਤੇ ਕਰ ਦਿੱਤਾ ਜਾਵੇਗਾ ਪਰ ਇਹ ਵਿਅਕਤੀ ਹਾਈ ਕੋਰਟ ਚਲੇ ਗਏ ਤੇ ਹੁਣ ਅਚਨਚੇਤੀ ਪਤਾ ਲੱਗਾ ਹੈ ਕਿ ਯੂਨੀਵਰਸਿਟੀ ਨੇ ਜ਼ਮੀਨ ਤੇ ਇਮਾਰਤ ਦਾ ਕਬਜਾ ਛੱਡ ਦਿੱਤਾ ਹੈ।



## ਕਾਲਜ ਦੀ ਇਮਾਰਤ ਦਾ ਕਬਜ਼ਾ ਛੱਡਣਾ ਜਾਇਜ਼: ਮਜੀਠੀਆ

ਅੰਮ੍ਰਿਤਸਰ: ਯੂਥ ਅਕਾਲੀ ਦਲ ਦੇ ਪ੍ਰਧਾਨ ਤੇ ਵਿਧਾਇਕ ਬਿਕਰਮ ਸਿੰਘ ਮਜੀਠੀਆ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਏ.ਐਸ. ਬਰਾੜ ਵੱਲੋਂ ਜਲੰਧਰ ਸਥਿਤ ਬਸਤੀ ਨੌਂ ਦੇ ਯੂਨੀਵਰਸਿਟੀ ਕਾਲਜ ਦੀ ਕਿਰਾਏ ਦੀ ਇਮਾਰਤ ਦਾ ਕਬਜ਼ਾ ਛੱਡਣ ਦੀ ਕਾਰਵਾਈ ਨੂੰ ਜਾਇਜ਼ ਠਹਿਰਾਇਆ। ਸ. ਮਜੀਠੀਆ ਨੇ ਕਿਹਾ ਕਿ ਕਿਸੇ ਵੀ ਜਗ੍ਹਾ 'ਤੇ ਜਬਰੀ ਕਬਜ਼ਾ ਕਰਨਾ ਠੀਕ ਨਹੀਂ ਹੈ। ਉਨ੍ਹਾਂ ਕਿਹਾ ਕਿ ਕਿਸੇ ਕੋਲੋਂ ਕਿਰਾਏ 'ਤੇ ਲਈ ਜ਼ਮੀਨ ਜਾਂ ਇਮਾਰਤ ਦਾ ਕਬਜ਼ਾ ਨਾ ਛੱਡਣਾ ਕਿਵੇਂ ਠੀਕ ਹੋ ਸਕਦਾ ਹੈ। ਜਦੋਂ ਕਿਰਾਏ 'ਤੇ ਲਈ ਜ਼ਮੀਨ ਜਾਂ ਇਮਾਰਤ ਦੀ ਲੀਜ਼ ਜਾਂ ਪਟਾ ਖ਼ਤਮ ਹੋ ਚੁੱਕਾ ਹੈ ਤੇ ਉਸ ਦਾ ਮਾਲਕ ਵਾਰ-ਵਾਰ ਜਗ੍ਹਾ ਖਾਲੀ ਕਰਨ ਲਈ ਆਖ ਰਿਹਾ ਹੈ ਤਾਂ ਅਜਿਹੇ ਹਾਲਾਤ ਵਿਚ ਉਸ ਥਾਂ 'ਤੇ ਕਬਜ਼ਾ ਬਣਾਈ ਰੱਖਣਾ ਉਚਿਤ ਨਹੀਂ ਹੈ।

# ਵਿਦੇਸ਼ਾਂ 'ਚ ਸਿੱਖਾਂ ਦੀ ਅਬਾਦੀ 29 ਲੱਖ ਤੋਂ ਟੱਪੀ

ਚੰਡੀਗੜ੍ਹ: ਭਾਰਤ ਤੋਂ ਬਾਹਰ ਵਸਦੇ ਸਿੱਖਾਂ ਦੀ ਅਬਾਦੀ 29 ਲੱਖ ਤੋਂ ਟੱਪ ਗਈ ਹੈ। ਇਸ ਬਾਰੇ ਭਾਵੇਂ ਪੁਖਤਾ ਅੰਕੜੇ ਹਾਸਲ ਨਹੀਂ ਹੋ ਸਕੇ ਪਰ ਜੇਕਰ ਵੱਖ ਵੱਖ ਦੇਸ਼ਾਂ ਦੀ ਅਬਾਦੀ ਨਾਲ ਸੰਬੰਧਿਤ 'ਸਾਈਬਰ ਦਸਤਾਵੇਜ਼ਾਂ' 'ਤੇ ਨਜ਼ਰ ਮਾਰੀਏ ਤਾਂ ਸਾਹਮਣੇ ਆਉਂਦਾ ਹੈ ਕਿ ਭਾਰਤ ਤੋਂ ਬਾਹਰ ਵਸਦੇ ਸਿੱਖਾਂ ਦੀ ਗਿਣਤੀ 29 ਲੱਖ ਨੂੰ ਪਾਰ ਕਰ ਗਈ ਹੈ।

ਇਨ੍ਹਾਂ ਦਸਤਾਵੇਜ਼ਾਂ ਵਿਚ ਸਿੱਖਾਂ ਦੀ ਗਿਣਤੀ ਬਾਰੇ ਮੌਜੂਦ ਅੰਕੜੇ ਵੱਖ ਵੱਖ ਦੇਸ਼ਾਂ ਵਿਚ ਹੋਈ ਮਰਦਮਸ਼ੁਮਾਰੀ, ਸਰਕਾਰੀ ਅਨੁਮਾਨਾਂ ਤੇ ਗੈਰ ਸਰਕਾਰੀ ਸੰਸਥਾਵਾਂ ਦੀ ਰਿਪੋਰਟਾਂ ਦੇ ਆਧਾਰ 'ਤੇ ਦਰਜ ਕੀਤੇ ਗਏ ਹਨ। ਇਨ੍ਹਾਂ ਅਨੁਸਾਰ ਜੇ ਸਭ ਤੋਂ ਪਹਿਲਾਂ ਕੈਨੇਡਾ ਦੀ ਗੱਲ ਕਰੀਏ ਤਾਂ ਇਸ ਦੇਸ਼ ਵਿਚ ਸਾਲ 2004 ਵਿਚ ਸਿੱਖਾਂ ਦੀ ਕੁੱਲ ਆਬਾਦੀ 4 ਲੱਖ ਸੀ ਜਦਕਿ ਹੁਣ ਕੈਨੇਡਾ ਸਰਕਾਰ ਦੇ ਅਨੁਮਾਨ ਮੁਤਾਬਕ ਉੱਥੇ ਸਿੱਖਾਂ ਦੀ ਗਿਣਤੀ 8 ਲੱਖ ਹੋ ਚੁੱਕੀ ਹੈ। ਇਨ੍ਹਾਂ ਵੈੱਬ ਦਸਤਾਵੇਜ਼ਾਂ ਅਨੁਸਾਰ ਜੇ ਯੂ.ਕੇ. ਦੀ ਗੱਲ ਕਰੀਏ ਤਾਂ ਉੱਥੇ ਸਾਲ 2001 ਵਿਚ ਹੋਈ ਮਰਦਮਸ਼ੁਮਾਰੀ ਅਨੁਸਾਰ ਸਿੱਖਾਂ ਦੀ ਗਿਣਤੀ 3 ਲੱਖ 36 ਹਜ਼ਾਰ 179 ਦਰਜ ਕੀਤੀ ਗਈ ਸੀ ਜਦਕਿ ਹੁਣ ਯੂ.ਕੇ. ਵਿਚ ਸਿੱਖਾਂ ਦੀ ਗਿਣਤੀ ਸਾਢੇ 7 ਲੱਖ ਦੇ ਕਰੀਬ ਹੋਣ ਦਾ ਅਨੁਮਾਨ ਹੈ। ਆਸਟ੍ਰੇਲੀਆ ਦੀ ਗੱਲ ਕਰੀਏ ਤਾਂ ਉੱਥੋਂ ਦੀ ਸਿੱਖ ਕੌਂਸਲ ਨਾਮ ਦੀ ਸੰਸਥਾ ਪੁਖਤਾ ਸਬੂਤਾਂ ਦੇ ਆਧਾਰ 'ਤੇ ਦਾਅਵਾ ਕਰ ਰਹੀ ਹੈ ਕਿ ਸਿੱਖਾਂ ਦੀ ਗਿਣਤੀ 1 ਲੱਖ ਤੋਂ ਜ਼ਿਆਦਾ ਹੈ ਤੇ ਪੰਜਾਬੀ ਬੋਲਦੇ ਲੋਕਾਂ ਦੀ ਗਿਣਤੀ ਤਾਂ ਇਸ ਤੋਂ ਕਿਤੇ ਵਧੇਰੇ ਹੈ।



ਦਸਤਾਵੇਜ਼ਾਂ ਅਨੁਸਾਰ ਅਮਰੀਕਾ ਵਿਚ ਸਿੱਖਾਂ ਦੀ ਗਿਣਤੀ 7 ਲੱਖ ਤੋਂ ਵਧੇਰੇ ਹੈ। ਇਥੋਂ ਦੇ ਇਕੱਲੇ ਦੱਖਣੀ ਕੈਲੀਫੋਰਨੀਆ ਸੂਬੇ ਵਿਚ ਹੀ 1 ਲੱਖ 20 ਹਜ਼ਾਰ ਤੋਂ ਵਧੇਰੇ ਸਿੱਖ ਵਸਦੇ ਹਨ। ਇਟਲੀ ਵਿਚ ਸਿੱਖਾਂ ਦੀ ਸੰਖਿਆ 70 ਤੋਂ 90 ਹਜ਼ਾਰ ਦਰਮਿਆਨ ਹੈ ਤੇ ਨਾਲ ਇਹ ਵੀ ਦੱਸਿਆ ਗਿਆ ਹੈ ਕਿ ਦੇਸ਼ 'ਚ 22 ਗੁਰਦੁਆਰਾ ਸਾਹਿਬ ਮੌਜੂਦ ਹਨ। ਮਲੇਸ਼ੀਆ ਵਿਚ ਸਿੱਖਾਂ ਦੀ ਗਿਣਤੀ 1 ਲੱਖ 30 ਹਜ਼ਾਰ ਤੇ ਥਾਈਲੈਂਡ ਵਿਚ 72 ਹਜ਼ਾਰ ਸਿੱਖ ਵਸਦੇ ਹਨ। ਪਾਕਿਸਤਾਨ ਵਿਚ ਸਿੱਖਾਂ ਦੀ ਗਿਣਤੀ ਨੂੰ ਲੈ ਕੇ ਕੁਝ ਵਿਵਾਦ ਹਨ। ਕੁਝ ਦਸਤਾਵੇਜ਼ ਉੱਥੇ ਸਿੱਖਾਂ ਦੀ ਗਿਣਤੀ 50 ਹਜ਼ਾਰ ਦੱਸਦੇ ਹਨ ਜਦਕਿ ਕੁਝ 20 ਹਜ਼ਾਰ ਦਾ ਅਨੁਮਾਨ ਲਾ ਰਹੇ ਹਨ।

ਇਹ ਦਸਤਾਵੇਜ਼ ਦੱਸਦੇ ਹਨ ਕਿ ਪਾਕਿਸਤਾਨ ਦੇ ਪੇਸ਼ਾਵਰ ਵਿਚ ਕਾਫੀ ਸਿੱਖ ਵਸਦੇ ਹਨ ਤੇ ਲਾਹੌਰ ਤੇ ਨਨਕਾਣਾ ਸਾਹਿਬ ਵਿਖੇ ਵੀ ਕੁਝ ਸਿੱਖ ਪਰਿਵਾਰ ਰਹਿੰਦੇ ਹਨ। ਮਨੀਲਾ ਵਿਚ ਸਿੱਖਾਂ ਦੀ ਅਨੁਮਾਨਤ ਗਿਣਤੀ 30 ਹਜ਼ਾਰ ਤੋਂ ਕੁਝ ਵਧੇਰੇ ਹੈ ਤੇ ਉਥੇ 17-18 ਦੇ ਕਰੀਬ ਗੁਰਦੁਆਰਾ ਸਾਹਿਬ ਹਨ। ਕੁਵੈਤ ਵਿਚ ਸਿੱਖ ਉਥੋਂ ਦੇ ਪੱਕੇ ਨਾਗਰਿਕ ਨਹੀਂ ਬਣ ਸਕਦੇ। ਇਸ ਲਈ ਉਥੋਂ ਦੀ ਗਿਣਤੀ ਵਧਦੀ-ਘਟਦੀ ਰਹਿੰਦੀ ਹੈ। ਉਥੇ 20 ਹਜ਼ਾਰ ਦੇ ਕਰੀਬ ਸਿੱਖਾਂ ਦੀ ਮੌਜੂਦਗੀ ਦੱਸੀ ਗਈ ਹੈ।

ਦਸਤਾਰ 'ਤੇ ਪਾਬੰਦੀ ਲਾਉਣ ਵਾਲੇ ਦੇਸ਼ ਫਰਾਂਸ ਵਿਚ ਸਿੱਖਾਂ ਦੀ ਗਿਣਤੀ 15000 ਤੋਂ ਵਧੇਰੇ ਦੱਸੀ ਗਈ ਹੈ। ਇਸੇ ਤਰ੍ਹਾਂ ਇੰਡੋਨੇਸ਼ੀਆ ਵਿਚ 15 ਹਜ਼ਾਰ ਤੋਂ ਵਧੇਰੇ, ਨੇਪਾਲ ਵਿਚ 5900 ਤੋਂ ਜ਼ਿਆਦਾ, ਨੀਦਰਲੈਂਡ ਵਿਚ 12 ਹਜ਼ਾਰ ਦੇ ਕਰੀਬ ਸਿੱਖ ਵਸਦੇ ਹਨ। ਨੀਦਰਲੈਂਡ ਵਿਚ ਵਧੇਰੇ ਸਿੱਖ ਐਮਸਟਰਡੈਮ ਵਿਚ ਜਾਂ ਇਸਦੇ ਆਲੇ ਦੁਆਲੇ ਰਹਿ ਰਹੇ ਹਨ। ਇਸ ਦੇਸ ਵਿਚ 5 ਵੱਡੇ ਗੁਰਦੁਆਰੇ ਹਨ। ਸਿੰਗਾਪੁਰ ਵਿਚ ਸਿੱਖਾਂ ਦੀ ਆਬਾਦੀ 15 ਹਜ਼ਾਰ, ਚੀਨ ਵਿਚ 8 ਹਜ਼ਾਰ ਦੱਸੀ ਗਈ ਹੈ।

ਜਰਮਨੀ ਵਿਚ ਵੀ ਸਿੱਖਾਂ ਦੀ ਗਿਣਤੀ ਨੂੰ ਲੈ ਕੇ ਵਿਵਾਦ ਹਨ। ਇਕ ਰਿਪੋਰਟ ਉਥੇ 50 ਹਜ਼ਾਰ ਸਿੱਖਾਂ, ਇਕ 15 ਹਜ਼ਾਰ ਤੇ ਇਕ ਹੋਰ ਰਿਪੋਰਟ 12 ਹਜ਼ਾਰ ਸਿੱਖ ਹੋਣ ਦੀ ਗੱਲ ਕਰਦੀ ਹੈ। ਫਿਜੀ ਵਿਚ 800 ਤੋਂ ਕੁਝ ਵਧੇਰੇ ਸਿੱਖ ਦੱਸੇ ਗਏ ਹਨ। ਨਾਰਵੇ ਵਿਚ ਬਹੁਤੇ ਸਿੱਖ ਓਸਲੋ ਵਿਚ ਰਹਿੰਦੇ ਹਨ। ਇਸ ਦੇਸ਼ ਵਿਚ ਸਿੱਖਾਂ ਦੀ ਗਿਣਤੀ 5 ਹਜ਼ਾਰ ਤੋਂ ਵਧੇਰੇ ਦੱਸੀ ਗਈ ਹੈ। ਪੰਜਾਬ ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ 'ਤੇ ਹੋਏ ਹਮਲੇ ਤੇ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਮਗਰੋਂ ਕਾਫੀ ਸਿੱਖ ਨਾਰਵੇ ਚਲੇ ਗਏ ਸਨ। ਅਫਗਾਨਿਸਤਾਨ ਵਿਚ ਸਿੱਖਾਂ ਦੀ ਗਿਣਤੀ 5 ਹਜ਼ਾਰ ਤੱਕ ਦੱਸੀ ਗਈ ਹੈ।

ਕੀਨੀਆ, ਯੁਗਾਂਡਾ ਤੇ ਤਨਜਾਨੀਆ ਵਿਚ 1 ਲੱਖ ਤੱਕ, ਇਰਾਨ ਵਿਚ 6 ਹਜ਼ਾਰ, ਆਈਸਲੈਂਡ ਵਿਚ 100, ਗਰੀਸ ਵਿਚ 1 ਹਜ਼ਾਰ, ਡੈਨਮਾਰਕ ਵਿਚ 700 ਤੋਂ ਵਧੇਰੇ, ਬਰਮਾ ਵਿਚ 70 ਹਜ਼ਾਰ, ਬੈਲਜੀਅਮ ਵਿਚ 1 ਹਜ਼ਾਰ, ਜਾਪਾਨ ਵਿਚ 2 ਹਜ਼ਾਰ ਤੋਂ ਜ਼ਿਆਦਾ, ਕਜਾਕਿਸਤਾਨ ਵਿਚ 800, ਲਿਬਨਾਨ ਵਿਚ 3 ਹਜ਼ਾਰ, ਮੋਰੀਸ਼ਸ ਵਿਚ 37,700, ਪੁਰਤਗਾਲ ਵਿਚ 9 ਹਜ਼ਾਰ, ਰੂਸ ਵਿਚ 5 ਹਜ਼ਾਰ, ਦੱਖਣੀ ਅਫਰੀਕਾ ਵਿਚ 4 ਹਜ਼ਾਰ, ਦੱਖਣੀ ਕੋਰੀਆ ਵਿਚ 2 ਹਜ਼ਾਰ, ਸਪੇਨ ਵਿਚ 9 ਹਜ਼ਾਰ, ਦੁਬਈ ਵਿਚ 50 ਹਜ਼ਾਰ ਤੋਂ ਕੁਝ ਵੱਧ, ਸਵੀਡਨ ਵਿਚ 1500 ਤੱਕ, ਜਾਂਬੀਆ ਵਿਚ 3 ਹਜ਼ਾਰ, ਆਸਟ੍ਰੀਆ ਵਿਚ 3 ਹਜ਼ਾਰ ਤੇ ਆਇਰਲੈਂਡ ਵਿਚ ਸਿੱਖਾਂ ਦੀ ਸੰਖਿਆ 1200 ਦੱਸੀ ਗਈ ਹੈ।

# ਪੰਜਾਬ ਅਤੇ ਇੰਗਲੈਂਡ ਵਿਚਕਾਰ ਹਵਾਈ ਸੰਪਰਕ ਮੁੜ ਕਾਇਮ



**ਅੰਮ੍ਰਿਤਸਰ:** ਬ੍ਰਿਟਿਸ਼ ਮਿਡਲੈਂਡ ਇੰਟਰਨੈਸ਼ਨਲ (ਬੀ.ਐਮ.ਆਈ.) ਦੀ ਲੰਡਨ-ਅਲਮਾਟੀ-ਅੰਮ੍ਰਿਤਸਰ ਵਿਚਾਲੇ ਸਿੱਧੀ ਹਵਾਈ ਸੇਵਾ ਆਰੰਭ ਹੋਣ ਨਾਲ ਇਕ ਵਾਰ ਮੁੜ ਪੰਜਾਬ ਤੇ ਬਰਤਾਨੀਆ ਵਿਚਾਲੇ ਸਿੱਧਾ ਹਵਾਈ ਸੰਪਰਕ ਜੁੜ ਗਿਆ ਹੈ। ਨਵੀਂ ਹਵਾਈ ਉਡਾਣ ਹਫ਼ਤੇ ਵਿਚ ਤਿੰਨ ਵਾਰ ਚੱਲੇਗੀ। ਲੰਡਨ ਦੇ ਸਭ ਤੋਂ ਵੱਡੇ ਹਵਾਈ ਅੱਡੇ ਹੀਥਰੋ ਤੋਂ ਸੋਮਵਾਰ, ਵੀਰਵਾਰ ਤੇ ਸ਼ਨਿੱਚਰਵਾਰ ਸਵੇਰੇ ਉਥੋਂ ਦੇ ਸਮੇਂ ਮੁਤਾਬਕ ਦਸ ਵਜੇ ਰਵਾਨਾ ਹੋਵੇਗੀ ਤੇ ਅੰਮ੍ਰਿਤਸਰ ਤੜਕੇ ਸਵੇਰੇ ਤਿੰਨ ਵਜੇ ਪੁੱਜੇਗੀ।

ਇਕ ਘੰਟੇ ਦੇ ਵਕਫੇ ਮਗਰੋਂ ਚਾਰ ਵਜੇ ਅੰਮ੍ਰਿਤਸਰ ਤੋਂ ਮੁੜ ਲੰਡਨ ਲਈ ਰਵਾਨਾ ਹੋ ਜਾਵੇਗੀ। ਅੰਮ੍ਰਿਤਸਰ ਤੋਂ ਇਹ ਉਡਾਣ ਹਰ ਮੰਗਲਵਾਰ, ਸ਼ੁੱਕਰਵਾਰ ਤੇ ਐਤਵਾਰ ਜਾਵੇਗੀ। ਲੰਡਨ ਤੋਂ ਅੰਮ੍ਰਿਤਸਰ ਆਉਂਦੇ ਤੇ ਜਾਂਦੇ ਸਮੇਂ ਇਹ ਕਜ਼ਾਖਿਸਤਾਨ ਦੇ ਸ਼ਹਿਰ ਅਲਮਾਟੀ ਵਿਖੇ 45 ਮਿੰਟ ਲਈ ਰੁਕੇਗੀ। ਇਸ ਦੌਰਾਨ ਯਾਤਰੂਆਂ ਨੂੰ ਜਹਾਜ਼ ਬਦਲਣ ਦੀ ਲੋੜ ਨਹੀਂ ਪਵੇਗੀ। ਲੰਡਨ ਤੋਂ ਇਹ ਉਡਾਣ ਅੰਮ੍ਰਿਤਸਰ ਵਿਖੇ 11 ਘੰਟੇ 35 ਮਿੰਟ 'ਚ ਪੁੱਜੇਗੀ ਜਦੋਂਕਿ ਅੰਮ੍ਰਿਤਸਰ ਤੋਂ ਲੰਡਨ ਵਿਖੇ 12 ਘੰਟਿਆਂ ਵਿਚ ਪੁੱਜੇਗੀ। ਇਸੇ ਪਲੇਠੀ ਉਡਾਣ ਰਾਹੀਂ ਇਥੇ ਪੁੱਜੇ ਬੀ.ਐਮ.ਆਈ. ਦੇ ਸੀ.ਈ.ਓ. ਵੁਲਫਗੇਂਗ ਪ੍ਰੋਕ ਸ਼ਾਔਰ ਨੇ ਦੱਸਿਆ ਕਿ ਇਸ ਪਹਿਲੀ ਉਡਾਣ ਰਾਹੀਂ ਲੰਡਨ ਤੋਂ ਡੇਢ ਸੌ ਯਾਤਰੂ ਗੁਰੂ ਨਗਰੀ ਉਤਰੇ ਹਨ।

ਇਸ ਤੋਂ ਪਹਿਲਾਂ ਪੰਜਾਬ ਤੇ ਇੰਗਲੈਂਡ ਦਰਮਿਆਨ ਕੋਈ ਵੀ ਹਵਾਈ ਕੰਪਨੀ ਸਿੱਧੀ ਸੇਵਾ ਨਹੀਂ ਦੇ ਰਹੀ। ਉਨ੍ਹਾਂ ਦੱਸਿਆ ਕਿ ਇਸ ਉਡਾਣ ਲਈ 232 ਯਾਤਰੂਆਂ ਦੀ ਸਮਰੱਥਾ ਵਾਲਾ 330-200 ਹਵਾਈ ਜਹਾਜ਼ ਵਰਤਿਆ ਜਾ ਰਿਹਾ ਹੈ ਜਿਸ ਵਿਚ 36 ਸੀਟਾਂ ਬਿਜ਼ਨਸ ਸ਼੍ਰੇਣੀ ਲਈ ਤੇ 196 ਸੀਟਾਂ ਆਮ ਸ਼੍ਰੇਣੀ ਲਈ ਹਨ। ਆਮ ਸ਼੍ਰੇਣੀ ਰਾਹੀਂ ਆਉਣ-ਜਾਣ ਦਾ ਕਿਰਾਇਆ 38 ਹਜ਼ਾਰ 848 ਰੁਪਏ ਹੈ। ਇਥੇ ਜ਼ਿਕਰਯੋਗ ਹੈ ਕਿ ਏਅਰ ਇੰਡੀਆ ਵੱਲੋਂ ਪਿਛਲੇ ਵਰ੍ਹੇ ਅਕਤੂਬਰ ਵਿਚ ਅੰਮ੍ਰਿਤਸਰ-ਲੰਡਨ-ਟੋਰਾਂਟੋ ਉਡਾਣ ਬੰਦ ਕਰ ਦਿੱਤੀ ਗਈ ਸੀ।

# ਡੱਲੇ ਵਾਲਿਆਂ ਦਾ ਗਜ਼ਲ ਗਾਇਕ ਜਗਜੀਤ ਸਿੰਘ

**ਸ਼ਰਧਾਂਜਲੀ**

ਜ਼ਿਲ੍ਹਾ ਰੂਪਨਗਰ ਵਿਚ ਚਮਕੌਰ ਸਾਹਿਬ ਨੇੜੇ ਪਿੰਡ ਡੱਲੇ ਦੇ ਇਕ ਘਰ ਵਿਚ ਪਹਿਲੀ ਪਲਕ ਪੁੱਟਣ ਵਾਲਾ ਅਤੇ ਗਜ਼ਲ ਗਾਇਕੀ ਦੀ ਦੁਨੀਆਂ ਦਾ ਸਿਤਾਰਾ ਜਗਜੀਤ ਸਿੰਘ ਪਿੰਡ ਡੱਲੇ ਨਾਲ ਸਾਰੀ ਉਮਰ ਦਾ ਰੁੱਸਿਆ ਉਦੋਂ ਮੰਨਿਆ ਜਦੋਂ ਉਹਦੀ ਜ਼ਿੰਦਗੀ ਉਸ ਨਾਲ ਰੁੱਸ ਜਾਣ ਲੱਗੀ ਜਾਂ ਮੌਤ ਦੇ ਬਨੇਰੇ ਬਹਿਣ ਲੱਗੀ। ਪਿੰਡ ਡੱਲੇ ਦੇ



**ਨਿੰਮਾ ਡੱਲੇਵਾਲਾ**
ਫੋਨ:513-432-9754

ਤਰਖਾਣ ਪਰਿਵਾਰ ਦਾ ਇਹ ਚਿਰਾਗ ਸਾਰੀ ਦੁਨੀਆਂ ਵਿਚ ਸੂਰਜ ਬਣ ਚਮਕਦਾ ਰਿਹਾ ਪਰ ਉਸ ਦੇ ਆਪਣੇ ਪਿੰਡ ਦੇ ਹਿੱਸੇ ਉਸ ਦੀ ਲੋਅ ਉਦੋਂ ਪਹੁੰਚੀ ਜਦੋਂ ਇਹ ਸੂਰਜ ਗੋਡੀ ਮਾਰ ਗਿਆ। ਆਪਣੀ ਚਮਕਦੀ ਰੌਸ਼ਨੀ ਤੋਂ ਸਾਰੀ ਉਮਰ ਵਾਂਝੇ ਰਹਿਣ ਵਾਲੇ ਡੱਲੇ ਪਿੰਡ ਨੂੰ ਆਪਣੇ ਸਿਵੇ ਦੀਆਂ ਲਾਟਾਂ ਨਾਲ ਰੁਸ਼ਨਾ, ਸਾਰੇ ਜੱਗ ਨੂੰ ਗਾਇਕੀ ਨਾਲ ਜਿੱਤਣ ਵਾਲਾ ਜਗਜੀਤ ਆਪਣੇ ਪਿੰਡ ਨੂੰ ਇਕ ਪਲ ਜਿਤਾ ਕੇ ਦੂਜੇ ਹੀ ਪਲ ਵੀ ਹਰਾ ਗਿਆ। ਪੂਰੇ ਪਿੰਡ ਨੂੰ ਜ਼ੋਰਦਾਰ ਝਟਕਾ ਦੇਣ ਵਾਲਾ ਜਗਜੀਤ ਅੱਜ ਤੋਂ 70 ਸਾਲ ਪਹਿਲਾਂ ਪਿਤਾ ਅਮਰ ਸਿੰਘ ਦੇ ਘਰ ਮਾਤਾ ਬਚਨ ਕੌਰ ਦੀ ਕੁੱਖੋਂ ਜਨਮਿਆਂ ਸੀ। ਉਹ ਚਾਰ ਭੈਣ-ਭਰਾ ਸਨ। ਜਗਜੀਤ ਦੀ ਪਤਨੀ ਚਿਤਰਾ ਸਿੰਘ ਵੀ ਗਜ਼ਲ ਗਾਇਕ ਹਨ।

ਪਿੰਡ ਡੱਲੇ ਦੇ ਬਜ਼ੁਰਗਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਜਗਜੀਤ ਪ੍ਰਾਇਮਰੀ ਸਕੂਲ ਡੱਲੇ ਹੀ ਪੜ੍ਹਿਆ ਹੈ। ਉਸ ਦੇ ਤਿੰਨ ਚਾਚਿਆਂ-ਕਰਮਾ, ਬਨਾਰਸੀ ਤੇ ਹਜ਼ਾਰਾ ਨੂੰ ਮੈਂ ਵੀ ਚੰਗੀ ਤਰ੍ਹਾਂ ਦੇਖਿਆ ਹੋਇਆ ਹੈ। ਜਗਜੀਤ ਦਾ ਪਿਤਾ ਸਭ ਤੋਂ ਵੱਡਾ ਸੀ। ਇਹ ਵੀ ਜਾਣਕਾਰੀ ਮਿਲੀ ਕਿ ਜਗਜੀਤ ਦੇ ਪਿਤਾ ਪੋਸਟ ਆਫਿਸ ਵਿਚ ਕਰਮਚਾਰੀ ਸਨ ਤੇ ਉਨ੍ਹਾਂ ਦੀ ਬਦਲੀ ਗੰਗਾਨਗਰ ਦੀ ਹੋ ਗਈ ਤੇ ਉਹ ਆਪਣੇ ਪਰਿਵਾਰ ਨੂੰ ਲੈ ਕੇ ਉਥੇ ਚਲੇ ਗਏ। ਉਨ੍ਹਾਂ ਦੇ ਗੰਗਾਨਗਰ ਜਾਣ ਬਾਰੇ ਜਾਣਨ ਵਾਲੇ ਪਿੰਡ ਦੇ ਇਕ ਦੋ ਬਜ਼ੁਰਗ ਹੀ ਜਿਉਂਦੇ ਹਨ। ਉਹ ਦੱਸਦੇ ਹਨ ਕਿ ਜਗਜੀਤ ਦਾ ਛੋਟਾ ਨਾਂ ਜੀਤਾ ਸੀ। ਪਿਤਾ ਅਮਰ ਸਿੰਘ ਦੀ ਉਂਗਲੀ ਫੜ ਕੇ ਡੱਲੇ ਪਿੰਡੋਂ ਤੁਰਿਆ ਜੀਤਾ ਉਨ੍ਹਾਂ ਨੂੰ ਵੀ ਨਹੀਂ ਪਤਾ ਕਿ ਅੱਜ ਦਾ ਜਗਜੀਤ ਉਹੀ ਜੀਤਾ ਹੈ। ਪਿੰਡੋਂ ਗਿਆ ਸਾਧਾਰਨ ਬੱਚਾ ਜਵਾਨੀ ਵੇਲੇ ਕਿਨ੍ਹਾਂ ਸਿਖ਼ਰਾਂ 'ਤੇ ਪੁੱਜ ਗਿਆ। ਇਹ ਤਾਂ ਤਾਹੀਂ ਪਤਾ ਲੱਗਣਾ ਸੀ ਜੇ ਜਗਜੀਤ ਕਦੇ ਮੁੜ ਡੱਲੇ ਪਿੰਡ ਆਉਂਦਾ। ਅਮਰ ਸਿੰਘ ਦੀ ਕਿਹੜੀ ਐਸੀ ਨਾਰਾਜ਼ਗੀ ਜਾਂ ਮਜਬੂਰੀ ਸੀ ਜਿਸ ਨੇ ਜਗਜੀਤ ਨੂੰ ਵੀ ਮੁੜ ਪਿੰਡ ਵੱਲ ਮੂੰਹ ਨਹੀਂ ਕਰਨ ਦਿੱਤਾ। ਕਿਹੜਾ ਗੁੱਸਾ ਅਤੇ ਖਿਆਲ ਮਨ ਵਿਚ ਲੈ ਕੇ ਪੈਰ ਪੁੱਟਿਆ ਕਿ ਦੁਬਾਰਾ ਕਦੇ ਪਿੰਡ ਦਾ ਖਿਆਲ ਵੀ ਨਹੀਂ ਆਇਆ? ਜਗਜੀਤ ਦੇ ਤੁਰ ਜਾਣ ਮਗਰੋਂ ਜੋ ਮਾਣ ਪਿੰਡ ਨੂੰ ਮਿਲਿਆ, ਜੇ ਉਸ ਦੇ ਹੁੰਦਿਆਂ ਮਿਲ ਜਾਂਦਾ ਤਾਂ ਅੱਜ ਪਿੰਡ ਡੱਲਾ ਵੀ ਧਰਮਿੰਦਰ ਦੇ ਪਿੰਡ ਸਾਹਨੇਵਾਲ ਵਾਂਗ ਪੂਰੇ ਜਗਤ ਵਿਚ ਜਾਣਿਆ ਜਾਣਾ ਸੀ।

ਪਿੰਡ ਵਾਸੀਆਂ ਦੇ ਮਨ ਵਿਚ ਉਠਣ ਵਾਲੇ ਸਵਾਲਾਂ ਦੇ ਜਵਾਬ ਕੌਣ ਦੇਵੇ ਜੋ ਜਗਜੀਤ ਆਪਣੇ ਨਾਲ ਹੀ ਲੈ ਗਿਆ ਹੈ? ਪਿੰਡ ਵਾਸੀ ਦੁੱਖ ਅਤੇ ਸੋਚਾਂ ਵਿਚ ਡੁੱਬੇ ਸੋਚਦੇ ਹਨ ਕਿ ਦੁਨੀਆਂ ਭਰ ਦੇ ਦਿਲਾਂ 'ਤੇ ਰਾਜ ਕਰਨ ਵਾਲਾ ਮਹਾਨ ਕਲਾਕਾਰ ਕਦੇ ਆਪਣੀ ਜਨਮ ਭੋਇੰ ਦੀ ਰਾਜ਼ੀ-ਖ਼ੁਸ਼ੀ ਕਿਉਂ ਨਹੀਂ ਪੁੱਛ ਸਕਿਆ? ਪੂਰੇ ਪਿੰਡ ਨੂੰ ਇਕੋ ਸਮੇਂ ਦੋ ਸਦਮੇ ਅਤੇ ਇਕ ਖ਼ੁਸ਼ੀ ਦੇਣ ਵਾਲਾ ਗੁੰਮਿਆ ਕੋਹੇਨੂਰ ਦਾ ਇਹ ਹੀਰਾ ਪਿੰਡ ਵਾਸੀ ਹੁਣ ਕਿੱਥੋਂ ਲੱਭਣ? ਇਕ ਸਦਮਾ ਤਾਂ ਇਹ ਕਿ ਉਹ ਡੱਲੇ ਪਿੰਡ ਨਾਲੋਂ ਟੁੱਟਿਆ ਰਿਹਾ ਅਤੇ ਦੂਜਾ ਇਹ ਕਿ ਜਦੋਂ ਪਿੰਡ ਨਾਲ ਜੁੜਿਆ ਤਾਂ ਸਭ ਨਾਲੋਂ ਹੀ ਨਾਤਾ ਤੋੜ ਗਿਆ। ਖ਼ੁਸ਼ੀ ਇਹ ਕਿ ਜਾਣ ਲੱਗਾ ਆਪਣੇ ਫਰਜ਼ ਪਛਾਣਦਾ ਹੋਇਆ ਮਾਣ ਭਰੇ ਮੋਤੀ ਜੜਿਆ ਤਾਜ ਪਿੰਡ ਡੱਲੇ ਦੇ ਸਿਰ ਰੱਖ ਗਿਆ ਜਿਸ ਨਾਲ ਪਿੰਡ ਦੇ ਲੋਕਾਂ ਦੇ ਸਭ ਗਿਲੇ-ਸ਼ਿਕਵੇ ਦੂਰ ਹੋ ਗਏ ਕਿ ਕੱਲ੍ਹ ਨਹੀਂ ਤਾਂ ਅੱਜ, ਪੂਰੇ ਭਾਰਤ ਦਾ ਬੱਚਾ-ਬੱਚਾ ਜਾਣ ਗਿਆ ਕਿ ਉਸ ਦਾ ਜੱਦੀ ਪਿੰਡ ਡੱਲਾ ਸੀ।

ਚੰਡੀਗੜ੍ਹ ਵਿਚ ਪੱਤਰਕਾਰਾਂ ਨਾਲ ਇਕ ਮੁਲਾਕਾਤ ਵਿਚ ਜਗਜੀਤ ਨੂੰ ਪੁੱਛਿਆ ਕਿ ਤੁਸੀਂ ਪੰਜਾਬੀ ਗਜ਼ਲ ਵੀ ਗਾਉਂਦੇ ਹੋ? ਤਾਂ ਜਵਾਬ ਸੀ, ਕਿਉਂ ਨਹੀਂ? ਮੈਂ ਪੰਜਾਬੀ ਹਾਂ। ਪੱਤਰਕਾਰਾਂ ਨੇ ਉਸ ਦੇ ਪੰਜਾਬ ਵਿਚਲੇ ਪਿੰਡ ਬਾਰੇ ਪੁੱਛਿਆ ਤਾਂ ਉਸ ਨੇ ਪਿੰਡ ਡੱਲਾ ਦੱਸਿਆ ਸੀ ਪਰ ਡੱਲੇ ਪਿੰਡ ਨੂੰ ਤਾਂ ਇਸ ਗੱਲ ਦਾ ਖੁਲਾਸਾ ਉਦੋਂ ਹੋਇਆ ਜਦੋਂ ਉਸ ਦੇ ਅਖੀਰੀ ਬਿਆਨ ਸੁਣ ਕੇ ਟੀ.ਵੀ. ਚੈਨਲ ਅਤੇ ਅਖ਼ਬਾਰਾਂ ਵਾਲੇ ਡੱਲੇ ਪਿੰਡ ਉਸ ਦੇ ਪੁਰਾਣੇ ਘਰ ਦੀਆਂ ਤਸਵੀਰਾਂ ਲੈਣ ਆਏ। ਮੇਰੇ ਲਈ ਖ਼ੁਸ਼ੀ ਦੀ ਗੱਲ ਇਹ ਵੀ ਹੈ ਕਿ ਉਸੇ ਘਰ ਵਿਚ ਮੇਰੇ ਪਰਿਵਾਰ ਦੇ ਮੈਂਬਰ ਰਹਿ ਰਹੇ ਹਨ ਜੋ ਉਸ ਦੇ ਚਾਚੇ ਮੇਰੇ ਤਾਏ ਨੂੰ ਵੇਚ ਗਏ ਸਨ। ਪਿੰਡ ਵਾਲਿਆਂ ਦੀਆਂ ਅੱਖਾਂ ਉਦੋਂ ਨਮ ਹੋਈਆਂ ਜਦੋਂ ਚੈਨਲ ਵਾਲਿਆਂ ਨੇ ਦੱਸਿਆ ਕਿ ਇਸ ਘਰ ਵਿਚ ਜੰਮਣ ਵਾਲਾ ਜਗਜੀਤ 23 ਸਤੰਬਰ ਤੋਂ ਬਰੇਨ ਹੈਮਰੇਜ ਕਾਰਨ ਬੰਬਈ ਦੇ ਲੀਲ੍ਹਾਵਤੀ ਹਸਪਤਾਲ ਵਿਚ ਦਾਖ਼ਲ ਸੀ। ਕੋਮਾ ਵਿਚ ਜਾਣ ਤੋਂ ਪਹਿਲਾਂ ਉਹ ਡੱਲੇ ਪਿੰਡ ਦਾ ਜ਼ਿਕਰ ਕਰ ਚੁੱਕਾ ਸੀ ਪਰ ਅਫ਼ਸੋਸ! ਡਾਕਟਰਾਂ ਦੀਆਂ ਲੱਖਾਂ ਕੋਸ਼ਿਸ਼ਾਂ ਵੀ ਉਸ ਨੂੰ ਬਚਾ ਨਾ ਸਕੀਆਂ। ਉਨ੍ਹਾਂ ਦੱਸਿਆ ਕਿ ਜਗਜੀਤ ਸਿੰਘ ਨੇ ਇਕ ਹੋਰ ਵੀ ਸੁਨੇਹਾ



ਦਿੱਤਾ ਸੀ ਕਿ ਜੇ ਕਿਸੇ ਨੇ ਗਜ਼ਲ ਗਾਇਕ ਬਣਨਾ ਹੈ ਤਾਂ ਘੱਟੋ-ਘੱਟ 15 ਸਾਲ ਮਿਹਨਤ ਕਰਨੀ ਪਏਗੀ। ਇਸ ਸੋਹਣੇ ਸੰਸਾਰ ਨੂੰ ਅਲਵਿਦਾ ਕਹਿਣ ਤੋਂ ਪਹਿਲਾਂ ਉਸ ਦੀ ਅੱਧੀ ਮੌਤ ਤਾਂ 1990 ਵਿਚ ਉਸ ਦੇ ਇਕਲੌਤੇ 21 ਸਾਲਾ ਬੇਟੇ ਦੀ ਕਾਰ ਐਕਸੀਡੈਂਟ ਵਿਚ ਮੌਤ ਹੋਣ ਨਾਲ ਹੀ ਹੋ ਗਈ ਸੀ। ਉਸ ਦੀ ਪਤਨੀ ਚਿੱਤਰਾ ਜੋ ਉਸ ਨਾਲ ਗਾਇਆ ਕਰਦੀ ਸੀ, ਨੇ ਇਸ ਸਦਮੇ ਤੋਂ ਬਾਅਦ ਗਾਇਕੀ ਨੂੰ ਅਲਵਿਦਾ ਆਖ ਦਿੱਤੀ।

ਮਰਹੂਮ ਜਗਜੀਤ ਸਿੰਘ ਦੇ ਤਿੰਨਾਂ ਚਾਚਿਆਂ ਦੇ ਚਿਹਰੇ ਮੈਨੂੰ ਅੱਜ ਵੀ ਯਾਦ ਹਨ ਜਿਹੜੇ ਮੇਰੀ ਸੁਰਤ ਵੇਲੇ ਉਥੇ ਸਨ ਜਿਨ੍ਹਾਂ ਕੋਲੋਂ ਬਚਪਨ ਵਿਚ ਮੈਂ ਗੁੱਲੀ-ਡੰਡਾ ਬਣਵਾਇਆ ਕਰਦਾ ਸੀ। ਮੈਨੂੰ ਬਚਪਨ ਦੀ ਇਕ ਗੱਲ ਯਾਦ ਹੈ ਕਿ ਇਕ ਵਾਰ ਮੈਂ ਘਰੋਂ ਚਾਂਦੀ ਦੇ ਤਿੰਨ ਰੁਪਈਏ ਅਤੇ ਲੱਕੜ ਦਾ ਗੁਟਕਾ ਲੈ ਕੇ ਜਗਜੀਤ ਦੇ ਚਾਚੇ ਹਜ਼ਾਰੇ ਕੋਲੋਂ ਲੱਕੜ ਦਾ ਟਰੈਕਟਰ ਬਣਵਾਇਆ ਸੀ ਅਤੇ ਉਸ ਨੂੰ ਰੱਸੀ ਬੰਨ੍ਹ ਮੈਂ ਉਨ੍ਹਾਂ ਹੀ ਗਲੀਆਂ ਵਿਚ ਚਲਾਇਆ ਕਰਦਾ ਸੀ ਜਿਨ੍ਹਾਂ ਗਲੀਆਂ ਵਿਚ ਕਿਸੇ ਦਿਨ ਉਸ ਵੇਲੇ ਦਾ ਜੀਤਾ ਤੇ ਅੱਜ ਦਾ ਜਗਜੀਤ ਖੇਡਿਆ ਕਰਦਾ ਸੀ। ਜਗਜੀਤ ਸਿੰਘ ਦੇ ਇਕ ਚਾਚੇ ਬਨਾਰਸੀ ਦੀ ਮੌਤ ਮੇਰੀ ਸੁਰਤ ਵਿਚ ਹੋਈ। ਉਸ ਦਾ ਦੂਜਾ ਚਾਚਾ ਹਜ਼ਾਰਾ ਸੀ ਤੇ ਉਸ ਦੇ ਵੀ ਇਕ ਮੁੰਡੇ ਦਾ ਨਾਂ ਜੀਤਾ ਸੀ। ਉਸ ਦੇ ਦੋ ਹੋਰ ਮੁੰਡੇ ਸਨ: ਕਿੱਛੀ ਤੇ ਮੋਹਣੀ। ਮੋਹਣੀ ਨੂੰ ਲੈ ਕੇ ਉਹ ਵੀ ਗੰਗਾਨਗਰ ਚਲਾ ਗਿਆ ਸੀ, ਉਸ ਨੇ ਵੀ ਕਦੇ ਪਰਤ ਕੇ ਨਹੀਂ ਦੇਖਿਆ। ਜਗਜੀਤ ਸਿੰਘ ਦਾ ਤੀਜਾ ਚਾਚਾ ਕਰਮਾ ਛੜਾ ਸੀ। ਉਹ ਡੱਲੇ ਲਾਗਲੇ ਪਿੰਡ ਟੱਪਰੀਆਂ ਜਾ ਕੇ ਰਹਿਣ ਲੱਗਾ। ਜਗਜੀਤ ਸਿੰਘ ਬਾਰੇ ਹੋਣ ਜਾਣਕਾਰੀ ਲੈਣ ਵਾਸਤੇ ਫੋਨ ਕਰਕੇ ਮੈਂ ਆਪਣੇ ਭਰਾ ਨੂੰ ਜਦੋਂ ਟੱਪਰੀਆਂ ਘੱਲਿਆ ਤਾਂ ਪਤਾ ਲੱਗਿਆ ਕਿ ਪਿਛਲੇ ਸਾਲ ਉਹ ਵੀ ਅਕਾਲ ਚਲਾਣਾ ਕਰ ਗਏ ਸਨ।

ਮੈਂ ਫੋਨ ਰਾਹੀਂ ਆਪਣੇ ਪਰਿਵਾਰ, ਪਿੰਡ ਦੇ ਸਰਪੰਚ ਤੇ ਕੁਝ ਹੋਰ ਪਤਵੰਤਿਆਂ ਨਾਲ ਜਗਜੀਤ ਸਿੰਘ ਦੇ ਵਿਛੋੜੇ ਦਾ ਦੁੱਖ ਪ੍ਰਗਟਾਇਆ। ਮੈਂ ਕਿਹਾ ਕਿ ਇਹ ਸਾਡੇ ਪਿੰਡ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਦੁਨੀਆਂ ਦਾ ਮਹਾਨ ਗਜ਼ਲ ਗਾਇਕ ਸਾਡੇ ਪਿੰਡ ਦਾ ਸਪੂਤ ਸੀ। ਨਾਲ ਹੀ ਇਹ ਸਹਿਯੋਗ ਮੰਗਿਆ ਕਿ ਉਸ ਨੂੰ ਹਮੇਸ਼ਾ ਜਿਉਂਦਾ ਰੱਖਣ ਵਾਸਤੇ ਪਿੰਡ ਦੇ ਸਹਿਯੋਗ ਨਾਲ ਉਸ ਦਾ ਪਿੰਡ ਵਿਚ ਬੁੱਤ ਬਣਾਇਆ ਜਾਏ ਅਤੇ ਉਸ ਦੇ ਨਾਂ 'ਤੇ ਹਰ ਸਾਲ ਸੱਭਿਆਚਾਰਕ ਮੇਲਾ ਕਰਵਾਇਆ ਜਾਏ। ਹੋ ਸਕੇ ਤਾਂ ਲਾਈਬਰੇਰੀ ਵੀ ਬਣਾਈ ਜਾਵੇ ਜਿਸ ਵਿਚ ਉਸ ਦੀ ਪਹਿਲੀ ਗਜ਼ਲ ਤੋਂ ਲੈ ਕੇ ਆਖਰੀ ਗਜ਼ਲ ਤੱਕ ਦਾ ਸਫ਼ਰ ਤੇ ਵੀਡੀਓ ਸੀਡੀਆਂ ਤੇ ਉਸ ਨਾਲ ਜੁੜੀਆਂ ਚੀਜ਼ਾਂ ਜੋ ਵੀ ਮਿਲਦੀਆਂ ਹਨ, ਸਭ ਸਾਂਭ ਕੇ ਰੱਖੀਆਂ ਜਾਣ। ਸ. ਅਮਰ ਸਿੰਘ ਦੇ ਇਸ ਲਾਡਲੇ ਨੂੰ ਉਸ ਦੀਆਂ ਗਾਈਆਂ ਗਜ਼ਲਾਂ ਤਾਂ ਹਮੇਸ਼ਾ ਅਮਰ ਰੱਖਣਗੀਆਂ ਹੀ, ਪਰ ਪਿੰਡ ਦੇ ਪਤਵੰਤੇ ਪੂਰੇ ਪਿੰਡ ਦੇ ਸਹਿਯੋਗ ਨਾਲ ਆਪਣਾ ਸੁਭਾਗ ਸਮਝਦੇ ਹੋਏ ਇਹ ਉਪਰਾਲੇ ਵੀ ਜ਼ਰੂਰ ਕਰਨਗੇ ਜਿਸ ਨਾਲ ਦੁਨੀਆਂ ਨੂੰ ਅਲਵਿਦਾ ਕਹਿਣ ਵਾਲਾ ਜਗਜੀਤ ਹਮੇਸ਼ਾ ਸਾਡੇ ਦਿਲਾਂ ਦੇ ਕਰੀਬ ਰਹੇਗਾ। ਅੱਜ ਤੋਂ ਬਾਅਦ ਉਸ ਦਾ ਜ਼ਿਕਰ ਜਗਜੀਤ ਡੱਲਾ ਕਰਕੇ ਕੀਤਾ ਜਾਏਗਾ।

ਜਗਜੀਤ ਗੁਆਚ ਗਿਆ
ਮੌਤ ਦੇ ਘੁੱਪ ਹਨੇਰਿਆਂ ਵਿਚ,
ਮਨਾਂ ਦਾ ਮੀਤ ਗੁਆਚ ਗਿਆ।
ਸਿਵੇ ਦੀ ਅੱਗ ਦੀਆਂ ਲਾਟਾਂ ਵਿਚ,
ਹੋ ਕੇ ਸੀਤ ਗੁਆਚ ਗਿਆ।
ਹਰ ਦਿਲ ਦੇ ਕੋਰੇ ਕਾਗਜ਼ 'ਤੇ,
ਲਿਖਿਆ ਗੀਤ ਗੁਆਚ ਗਿਆ।
ਜੱਗ ਗਜ਼ਲਾਂ ਨਾਲ ਜਿੱਤਣ ਵਾਲਾ,
ਜਗਜੀਤ ਗੁਆਚ ਗਿਆ।

ਵੋ ਬਾਰਿਸ਼ ਕਾ ਪਾਣੀ,
ਵੋ ਕਾਗ਼ਜ਼ ਕੀ ਕਸ਼ਤੀ,
ਯੇ ਤੋ ਥੀ ਉਸ ਕੇ
ਬਚਪਨ ਕੀ ਮਸਤੀ।
ਆਜ ਭੀ ਉਸ ਕੋ ਯਾਦ ਕਰੇ
ਡੱਲੇ ਪਿੰਡ ਦੀ ਬਸਤੀ,
ਫਿਰ ਕਬ ਲੌਟ ਕੇ ਆਏਗੀ
ਮਹਾਨ ਯਹ ਹਸਤੀ।

## ਪਾਠਕਜਨਾਂ ਦਾ ਬਹੁਤ ਬਹੁਤ ਧੰਨਵਾਦ

ਮੈਂ ਪੰਜਾਬ ਟਾਈਮਜ਼ ਦੇ ਸੰਪਾਦਕ ਅਤੇ ਇਸ ਦੇ ਪਾਠਕਾਂ ਦੀ ਬਹੁਤ ਬਹੁਤ ਰਿਣੀ ਹਾਂ। ਪਾਠਕਾਂ ਨੇ ਮੇਰੀਆਂ ਲਿਖਤਾਂ ਪੜ੍ਹ ਕੇ ਮੈਨੂੰ ਬਹੁਤ ਉਤਸ਼ਾਹ ਦਿੱਤਾ ਹੈ। ਮੇਰੇ ਪਾਸ ਅਲਫਾਜ਼ ਨਹੀਂ ਹਨ ਜਿਨ੍ਹਾਂ ਨਾਲ ਮੈਂ ਪਾਠਕਾਂ ਦਾ ਧੰਨਵਾਦ ਕਰ ਸਕਾਂ ਜਿਨ੍ਹਾਂ ਨੇ ਮੇਰੇ ਗੁਰਬਾਣੀ ਵਿਆਖਿਆ ਤੇ ਸਮਾਜਕ ਵਿਸ਼ਿਆਂ ਬਾਰੇ ਲੇਖ ਅਤੇ ਮੇਰੀਆਂ ਨਜ਼ਮਾਂ ਪੜ੍ਹ ਕੇ ਮੈਨੂੰ ਫੋਨ ਕਰਕੇ ਮੇਰੀ ਹੌਸਲਾ ਅਫਜ਼ਾਈ ਕੀਤੀ। ਅਮਰੀਕਾ ਦੇ ਕੋਨੇ ਕੋਨੇ ਤੋਂ ਮੈਨੂੰ ਵਧਾਈ ਦੇ ਫੋਨ ਆਉਂਦੇ ਰਹਿੰਦੇ ਹਨ।

ਕਈ ਬਹੁਤ ਹੀ ਸਤਿਕਾਰਯੋਗ ਵੀਰਾਂ ਅਤੇ ਬਜ਼ੁਰਗਾਂ ਦੀਆਂ ਅਸੀਸਾਂ ਮਿਲਦੀਆਂ ਹਨ ਅਤੇ ਉਦੋਂ ਮੇਰਾ ਮਨ ਬਹੁਤ ਜਜ਼ਬਾਤੀ ਹੋ ਜਾਂਦਾ ਹੈ ਜਦੋਂ ਉਹ ਕਹਿੰਦੇ ਹਨ ਕਿ ਅਸੀਂ ਤੁਹਾਡੇ ਲਈ ਅਰਦਾਸਾਂ ਵੀ ਕਰਦੇ ਹਾਂ ਕਿ ਗੁਰੂ ਤੁਹਾਨੂੰ ਸੱਚ ਲਿਖਣ ਲਈ ਹੋਰ ਤਾਕਤ ਦੇਵੇ ਤੇ ਤੁਹਾਡੀ ਕਲਮ ਹਮੇਸ਼ਾ ਸੱਚ ਲਿਖਦੀ ਰਹੇ। ਕਈ ਬਜ਼ੁਰਗ ਮੇਰੇ ਨਾਲ ਘੰਟਾ ਘੰਟਾ ਫੋਨ 'ਤੇ ਗੱਲ ਕਰਦੇ ਰਹਿੰਦੇ ਹਨ ਅਤੇ ਮੇਰੇ ਗਿਆਨ ਵਿਚ ਹੋਰ ਵਾਧਾ ਕਰਦੇ ਹਨ। ਇਥੋਂ ਤੱਕ ਕਿ ਕਈ ਵਾਰ ਪਾਠਕ ਆਪਣੇ ਪਰਿਵਾਰ ਦੀਆਂ ਨਿੱਜੀ ਗੱਲਾਂ ਵੀ ਮੇਰੇ ਨਾਲ ਸਾਂਝੀਆਂ ਕਰਦੇ ਹਨ। ਮੈਂ ਉਨ੍ਹਾਂ ਸਭ ਦੀ ਰਿਣੀ ਹਾਂ ਜੋ ਮੈਨੂੰ ਆਪਣਾ ਦੁੱਖ-ਸੁੱਖ ਸਾਂਝਾ ਕਰਨ ਦੇ ਲਾਇਕ ਸਮਝਦੇ ਹਨ। ਮੇਰੀਆਂ ਭੈਣਾਂ ਅਤੇ ਮੇਰੀਆਂ ਮਾਤਾਵਾਂ ਵੀ ਰੱਜ ਕੇ ਮੇਰੀ ਹੌਸਲਾ ਅਫਜ਼ਾਈ ਕਰਦੀਆਂ ਹਨ ਅਤੇ ਮੇਰੀ ਝੋਲੀ ਅਸੀਸਾਂ ਨਾਲ ਭਰਦੀਆਂ ਹਨ।

ਮੈਂ ਪੰਜਾਬ ਟਾਈਮਜ਼ ਦੇ ਸਭ ਪਾਠਕਾਂ ਲਈ ਸਤਿਗੁਰੂ ਕੋਲ ਅਰਦਾਸ ਕਰਦੀ ਹਾਂ ਕਿ ਉਹ ਸਭਨਾਂ ਨੂੰ ਸੁਖੀ ਰੱਖੇ ਅਤੇ ਪੰਜਾਬ ਟਾਈਮਜ਼ ਦੇ ਪਾਠਕਾਂ ਦਾ ਪਰਿਵਾਰ ਹੋਰ ਵਧਦਾ ਰਹੇ। ਮੈਨੂੰ ਵੀ ਵਾਹਿਗੁਰੂ ਸੱਚ ਦੇ ਮਾਰਗ 'ਤੇ ਤੁਰਨ ਦੀ ਸਮਰਥਾ ਬਖਸ਼ੇ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***
***ਫੋਨ: 916-687-3536***

# ਡੈਟ ਕਨਸਾਲੀਡੇਸ਼ਨ ਦੇ ਫਾਇਦੇ

**ਆਰਥਕ ਮਸਲੇ**

ਡੈਟ ਕਨਸਾਲੀਡੇਸ਼ਨ ਇੱਕ ਅਜਿਹਾ ਤਰੀਕਾ ਹੈ ਜਿਸ ਰਾਹੀਂ ਤੁਸੀਂ ਕਿਸੇ ਡੈਟ ਰਿਲੀਫ ਕੰਪਨੀ ਦੀ ਮਦਦ ਲੈ ਕੇ ਆਪਣੇ ਕ੍ਰੈਡਿਟਰਾਂ ਜਾਂ ਕਲੈਕਸ਼ਨ ਏਜੰਸੀ ਨਾਲ ਕਰਜੇ ਦੀਆਂ ਵਿਆਜ ਦਰਾਂ ਘਟਾਉਣ ਬਾਰੇ ਗੱਲਬਾਤ ਕਰ ਸਕਦੇ ਹੋ। ਇਸ ਦੇ ਨਾਲ ਹੀ, ਨੈਗੋਸ਼ਿਏਸ਼ਨ ਯਾਨਿ ਸੌਦੇਬਾਜ਼ੀ ਤੁਹਾਨੂੰ ਲੇਟ ਫੀਸ ਜਾਂ ਤੁਹਾਡੇ ਖਾਤਿਆਂ ਉਤੇ ਪੈਂਦਾ ਵਿਆਜ ਘਟਾਉਣ ਜਾਂ ਬਿਲਕੁਲ ਖਤਮ ਕਰਨ ਵਿਚ ਵੀ ਮਦਦ ਕਰ ਸਕਦੀ ਹੈ।

ਇਸ ਤਰ੍ਹਾਂ, ਜਦੋਂ ਵਿਆਜ ਦਰ ਘਟ ਜਾਏਗੀ, ਤੁਹਾਡੇ ਲਈ ਆਪਣੀ ਮਾਸਿਕ ਦੇਣਦਾਰੀ ਦੀ ਸੰਭਾਲ ਕਰਨਾ ਵੀ ਅਸਾਨ ਹੋ ਜਾਵੇਗਾ। ਨਾਲ ਹੀ, ਤੁਹਾਨੂੰ ਕਈ ਸਾਰੇ ਬਿਲਾਂ (ਕ੍ਰੈਡਿਟ ਕਾਰਡ, ਮੈਡੀਕਲ ਬਿਲ ਆਦਿ) ਨੂੰ ਇੱਕ ਥਾਂ ਇਕੱਠੇ ਕਰਨ ਯਾਨਿ ਕਨਸਾਲੀਡੇਟ ਕਰਨ ਦਾ ਮੌਕਾ ਵੀ ਮਿਲ ਜਾਵੇਗਾ, ਜਿਨ੍ਹਾਂ ਦਾ ਪ੍ਰਬੰਧ ਕਰਨਾ ਕਿਤੇ ਜ਼ਿਆਦਾ ਸੌਖਾ ਹੈ। ਹੇਠਾਂ ਅਸੀਂ ਕਨਸਾਲੀਡੇਸ਼ਨ ਬਾਰੇ ਆਮ ਪੁੱਛੇ ਜਾਂਦੇ ਸਵਾਲਾਂ ਦਾ ਜਾਵਬ ਦੇਣ ਦੀ ਕੋਸ਼ਿਸ਼ ਕਰਾਂਗੇ

**ਡੈਟ ਕਨਸਾਲੀਡੇਸ਼ਨ ਕੀ ਹੈ?**

ਡੈਟ ਕਨਸਾਲੀਡੇਸ਼ਨ ਇੱਕ ਅਜਿਹਾ ਤਰੀਕਾ ਹੈ ਜਿਸ ਨਾਲ ਤੁਸੀਂ ਆਪਣੇ ਅਸੁਰੱਖਿਅਤ ਕਰਜ਼ਿਆਂ ਨੂੰ ਅਸਾਨੀ ਨਾਲ ਚੁਕਤਾ ਕਰ ਸਕਦੇ ਹੋ। ਇਸ ਦਾ ਮਕਸਦ ਤੁਹਾਡੇ ਲੈਣੇਦਾਰਾਂ ਨਾਲ ਸੌਦੇਬਾਜ਼ੀ ਕਰਕੇ ਵਿਆਜ ਦਰਾਂ ਘਟਾਉਣਾ ਜਾਂ ਲੇਟ ਫੀਸ ਮੁਆਫ ਕਰਵਾਉਣਾ ਹੈ।

ਕਰਜੇ 'ਚ ਡੁੱਬੇ ਹੋਣ ਦੇ ਕੀ ਚਿਤਾਵਨੀ ਚਿੰਨ੍ਹ ਹਨ? ਹੇਠ ਲਿਖੇ ਸੰਕੇਤਾਂ ਤੋਂ ਪਤਾ ਚਲਦਾ ਹੈ ਕਿ ਤੁਸੀਂ ਬਹੁਤ ਜ਼ਿਆਦਾ ਕਰਜੇ ਵਿਚ ਡੁੱਬੇ ਹੋਏ ਹੋ:

- ਤੁਸੀਂ ਆਪਣੇ ਕਰਜੇ ਉਤੇ ਘੱਟ ਤੋਂ ਘੱਟ ਰਕਮ ਦਾ ਭੁਗਤਾਨ ਵੀ ਨਹੀਂ ਕਰ ਸਕਦੇ।
- ਤੁਹਾਡੇ ਖਰਚੇ ਤੁਹਾਡੀ ਆਮਦਨ ਤੋਂ ਵੱਧ ਗਏ ਹਨ।
- ਤੁਸੀਂ ਆਪਣੇ ਮਾਸਿਕ ਭੁਗਤਾਨ ਕਰਨ ਵਿਚ ਪਿੱਛੇ ਰਹਿ ਗਏ ਹੋ।
- ਤੁਸੀਂ ਆਪਣੀ ਕ੍ਰੈਡਿਟ ਲਿਮਿਟ ਤੋਂ ਅੱਗੇ ਲੰਘ ਗਏ ਹੋ।
- ਤੁਸੀਂ ਆਪਣੇ ਮਾਸਿਕ ਭੁਗਤਾਨਾਂ ਦਾ ਹਿਸਾਬ ਰੱਖਣਾ ਭੁੱਲ ਗਏ ਹੋ।
- ਤੁਸੀਂ ਬੈਂਕਰਪਸੀ ਫਾਈਲ ਕਰਨ ਬਾਰੇ ਸੋਚ ਰਹੇ ਹੋ।

ਅਸੀਂ ਤੁਹਾਨੂੰ ਸਲਾਹ ਮੁਫਤ ਦੇ ਸਕਦੇ ਹਾਂ ਪਰ ਇਸ ਵਾਸਤੇ ਤੁਹਾਨੂੰ ਕਾਊਂਸਲਿੰਗ ਫਾਰਮ ਭਰਨਾ ਪਵੇਗਾ। ਮੁਫਤ ਕਾਊਂਸਲਿੰਗ ਦਾ ਫਾਰਮ ਭਰਨ ਤੋਂ ਬਾਦ ਤੁਹਾਨੂੰ ਕਈ ਕਿਸਮ ਦੀਆਂ ਸੇਵਾਵਾਂ ਮਿਲ ਸਕਦੀਆਂ ਹਨ ਜਿਵੇਂ ਡੈਟ ਕੰਸਲਟੈਂਟ ਤੁਹਾਨੂੰ ਫ੍ਰੀ ਕਾਊਂਸਲਿੰਗ ਸੈਸ਼ਨ ਲਈ ਫੋਨ ਕਰੇਗਾ। ਫਾਰਮ ਭਰਨ ਦੇ 16 ਘੰਟਿਆਂ ਦੇ ਅੰਦਰ ਤੁਹਾਡੇ ਨਾਲ ਫੋਨ ਜਾਂ ਈ-ਮੇਲ ਰਾਹੀਂ ਸੰਪਰਕ ਕੀਤਾ ਜਾਵੇਗਾ।

**ਕਿਹੜੇ ਕਿਹੜੇ ਕਰਜੇ:** ਡੈਟ ਕਨਸਾਲੀਡੇਸ਼ਨ ਪ੍ਰੋਗਰਾਮ ਵਿਚ ਸਾਰੇ ਅਸੁਰੱਖਿਅਤ ਕਰਜੇ, ਜਿਵੇਂ ਕਿ ਨਾ ਭੁਗਤਾਏ ਗਏ ਮੈਡੀਕਲ ਬਿੱਲ, ਕ੍ਰੈਡਿਟ ਕਾਰਡ ਕਰਜੇ, ਸਟੋਰ ਕਾਰਡ, ਯੂਟੀਲਿਟੀ ਬਿੱਲ, ਗੈਸ ਕਾਰਡ ਅਤੇ ਪਰਸਨਲ ਲੋਨ ਸ਼ਾਮਲ ਹਨ। ਇਹ ਸੁਰੱਖਿਅਤ ਕਰਜਿਆਂ ਉਤੇ ਲਾਗੂ ਨਹੀਂ ਹੁੰਦਾ।

**ਅਕਾਊਂਟ ਦੇ ਕਲੈਕਸ਼ਨ ਵਿਚ ਹੋਣ ਬਾਰੇ ਕਿਵੇਂ ਪਤਾ ਲੱਗੇਗਾ:** ਤੁਹਾਡੀ ਕ੍ਰੈਡਿਟ ਕਾਰਡ ਰਿਪੋਰਟ ਤੁਹਾਨੂੰ ਦੱਸ ਸਕਦੀ ਹੈ ਕਿ ਤੁਹਾਡਾ ਅਕਾਊਂਟ ਕ੍ਰੈਡਿਟਰ ਕੋਲ ਹੈ ਜਾਂ ਕਲੈਕਸ਼ਨ ਵਿਚ ਭੇਜ ਦਿਤਾ ਗਿਆ ਹੈ। ਤੁਸੀਂ ਆਪਣੀ ਕ੍ਰੈਡਿਟ ਰਿਪੋਰਟ ਹੇਠ ਲਿਖੇ ਕਿਸੇ ਵੀ ਕ੍ਰੈਡਿਟ ਬਿਊਰੋ ਤੋਂ ਲੈ ਸਕਦੇ ਹੋ:

www.experian.com
www.transunion.com
www.equifax.com

ਲੇਟ ਅਦਾਇਗੀ 'ਤੇ ਵੀ ਮਦਦ ਮਿਲ ਸਕਦੀ ਹੈ! ਹਾਂ, ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ ਜੇਕਰ ਤੁਹਾਡੇ ਭੁਗਤਾਨ ਲੇਟ ਹਨ ਜਾਂ ਤੁਸੀਂ ਕੋਈ ਭੁਗਤਾਨ ਨਹੀਂ ਵੀ ਕੀਤਾ। ਇੱਕ ਵਾਰ ਤੁਸੀਂ ਡੈਟ ਕਨਸਾਲੀਡੇਸ਼ਨ ਪ੍ਰੋਗਰਾਮ ਵਿਚ ਆ ਜਾਂਦੇ ਹੋ, ਤਾਂ ਤੁਸੀਂ ਆਪਣਾ ਬਕਾਇਆ ਵੀ ਚੁਕਾ ਸਕਦੇ ਹੋ ਅਤੇ ਸਮੇਂ ਨਾਲ ਭੁਗਤਾਨ ਵੀ ਕਰ ਸਕਦੇ ਹੋ।

**ਕੀ ਮੇਰੀ ਵਿਅਕਤੀਗਤ ਜਾਣਕਾਰੀ ਸੁਰੱਖਿਅਤ ਹੈ?**

ਅਸੀਂ ਤੁਹਾਡੀ ਪ੍ਰਾਈਵੇਸੀ ਨੂੰ ਮਹੱਤਵ ਦਿੰਦੇ ਹਾਂ ਅਤੇ ਤੁਹਾਨੂੰ ਭਰੋਸਾ ਦਵਾਉਂਦੇ ਹਾਂ ਕਿ ਤੁਹਾਡੀ ਵਿਅਕਤੀਗਤ ਜਾਣਕਾਰੀ ਕਿਸੇ ਵੀ ਅਣਜਾਣ ਸ਼ਖਸ ਨੂੰ ਨਹੀਂ ਦੱਸੀ ਜਾਵੇਗੀ।

**ਕੀ ਡੈਟ ਕਨਸਾਲੀਡੇਸ਼ਨ ਨਾਲ ਕ੍ਰੈਡਿਟ ਸਕੋਰ ਉਤੇ ਕੋਈ ਪ੍ਰਭਾਵ ਪੈਂਦਾ ਹੈ?**

ਡੈਟ ਕਨਸਾਲੀਡੇਸ਼ਨ ਦਾ ਕ੍ਰੈਡਿਟ ਸਕੋਰ ਉਤੇ ਇੱਕ ਚੰਗਾ ਪ੍ਰਭਾਵ ਪੈਂਦਾ ਹੈ ਕਿਉਂਕਿ ਇਸ ਨਾਲ ਤੁਹਾਨੂੰ ਆਪਣੇ ਕਰਜੇ ਦੇ ਨਿਯਮਿਤ ਭੁਗਤਾਨਾਂ ਵਿਚ ਮਦਦ ਮਿਲਦੀ ਹੈ।

**ਕੀ ਡੈਟ ਕਨਸਾਲੀਡੇਸ਼ਨ ਮੇਰੇ ਲਈ ਚੰਗਾ ਹੈ?** ਕਨਸਾਲੀਡੇਸ਼ਨ ਤੁਹਾਨੂੰ ਕਈ ਫਾਇਦੇ ਦਿੰਦਾ ਹੈ ਜਿਵੇਂ ਕਿ ਘੱਟ ਵਿਆਜ ਦਰਾਂ ਮਾਸਿਕ ਭੁਗਤਾਨ ਜਾਂ ਲੇਟ ਫੀਸ ਦਾ ਖਾਤਮਾ। ਇਸ ਤਰ੍ਹਾਂ ਇਹ ਉਨ੍ਹਾਂ ਲਈ ਇੱਕ ਚੰਗੀ ਚੋਣ ਹੈ ਜਿਹੜੇ ਕਰਜਾ ਲੈਣਾ ਚਾਹੁੰਦੇ ਹਨ।

**ਡੈਟ ਕਨਸਾਲੀਡੇਸ਼ਨ ਲੋਨ ਕੀ ਹੈ?**

ਇਹ ਇੱਕ ਤਰ੍ਹਾਂ ਦਾ ਵਿਅਕਤੀਗਤ ਕਰਜਾ ਹੈ ਜੋ ਤੁਹਾਨੂੰ ਇੱਕੋ ਹੀ ਭੁਗਤਾਨ ਰਾਹੀਂ ਕਰਜਾ ਚੁਕਾਉਣ ਵਿਚ ਮਦਦ ਕਰਦਾ ਹੈ। ਆਪਣੇ ਕਰਜੇ ਚੁਕਾਉਣ ਤੋਂ ਬਾਦ ਤੁਹਾਡੇ ਉਤੇ ਸਿਰਫ ਡੈਟ ਕਨਸਾਲੀਡੇਸ਼ਨ ਲੋਨ ਰਹਿੰਦਾ ਹੈ ਜਿਹੜਾ ਤੁਸੀਂ ਇੱਕਲੇ ਮਾਸਿਕ ਭੁਗਤਾਨ ਨਾਲ ਚੁਕਾ ਸਕਦੇ ਹੋ।

**ਕਿੰਨੀ ਛੇਤੀ ਕਰਜਾ ਮੁਕਤ ਹੋਇਆ ਜਾ ਸਕਦਾ ਹੈ?**

ਇਹ ਇਸ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਘੱਟੋ ਘੱਟ ਕਿੰਨਾ ਮਾਸਿਕ ਭੁਗਤਾਨ ਕਰ ਸਕਦੇ ਹੋ। ਜਿੰਨਾ ਜ਼ਿਆਦਾ ਤੁਹਾਡਾ ਮਾਸਿਕ ਭੁਗਤਾਨ ਹੋਵੇਗਾ, ਉਨੀ ਹੀ ਛੇਤੀ ਤੁਸੀਂ ਕਰਜਾ ਮੁਕਤ ਹੋ ਜਾਓਗੇ।

**ਡੈਟ ਕਨਸਾਲੀਡੇਸ਼ਨ ਦੇ 8 ਫਾਇਦੇ:**

ਕੀ ਤੁਸੀਂ ਆਪਣੇ ਕਰਜੇ ਦੇ ਭੁਗਤਾਨ ਘਟਾਉਣੇ ਅਤੇ ਵਿਆਜ ਦਰਾਂ ਵਿਚ ਬਚਤ ਕਰਨਾ ਚਾਹੁੰਦੇ ਹੋ? ਡੈਟ ਕਨਸਾਲੀਡੇਸ਼ਨ ਪ੍ਰੋਗਰਾਮ ਤੁਹਾਡੀਆਂ ਵਿਆਜ ਦਰਾਂ ਨੂੰ ਘਟਾਉਣ ਅਤੇ ਮਾਸਿਕ ਭੁਗਤਾਨਾਂ ਵਿਚ ਕਟੌਤੀ ਕਰਨ ਵਿਚ ਤੁਹਾਡੀ ਮਦਦ ਕਰੇਗਾ। ਡੈਟ ਕਨਸਾਲੀਡੇਸ਼ਨ ਤੁਹਾਨੂੰ ਹੇਠਾਂ ਦਿੱਤੇ ਫਾਇਦੇ ਦੇ ਸਕਦਾ ਹੈ:

- ਵਿਆਜ ਦਰਾਂ ਨੂੰ ਘਟਾਉਣਾ
- ਡੈਟ ਰੀਪੇਮੈਂਟ ਪਲੈਨ
- ਇਕੱਲਾ ਮਾਸਿਕ ਭੁਗਤਾਨ
- ਲੇਟ ਫੀਸ ਵਿਚ ਕਟੌਤੀ ਜਾਂ ਖਾਤਮਾ
- ਜਲਦੀ ਕਰਜਾ ਮੁਕਤੀ
- ਕਲੈਕਸ਼ਨ ਕਾਲਾਂ ਤੋਂ ਮੁਕਤੀ
- ਕ੍ਰੈਡਿਟ ਵਿਚ ਸੁਧਾਰ
- ਮੁਫਤ ਡੈਟ ਕਾਊਂਸਲਿੰਗ

***-ਸੁਰਿੰਦਰ ਸਿੰਘ, ਡੈਟ ਸਪੈਸ਼ਲਿਸਟ***

*ਡੈਟ ਕਨਸਾਲੀਡੇਸ਼ਨ ਬਾਰੇ ਹੋਰ ਜਾਣਕਾਰੀ ਲਈ ਸਾਡੇ ਨਾਲ ਫੋਨ 1-818-639-2717 'ਤੇ ਸੰਪਰਕ ਕੀਤਾ ਜਾ ਸਕਦਾ ਹੈ।*

# ਸਮਸਤ ਸਿਧਿ ਬ੍ਰਿਧਿ ਦਾ ਸਦੀਵ ਸਰਬ ਸਾਥ ਹੈ

ਡਾ. ਗੁਰਨਾਮ ਕੌਰ

ਜਿਵੇਂ ਕਿ ਪਿੱਛੇ 'ਜਾਪੁ ਸਾਹਿਬ' ਵਿਚ ਦੱਸਿਆ ਗਿਆ ਹੈ, "ਤਵ ਸਰਬ ਨਾਮ ਕਥੈ ਕਵਨ ਕਰਮ-ਨਾਮ ਬਰਣਤ ਸੁਮਤਿ", 'ਅਕਾਲ ਉਸਤਤਿ' ਵਿਚ ਵੀ ਕੀਤੇ ਕੰਮਾਂ ਕਰਕੇ ਉਸ ਅਕਾਲ ਪੁਰਖ ਦੇ ਸਰੂਪ ਦੀ ਉਸਤਤਿ ਕੀਤੀ ਗਈ ਹੈ। ਹਰ ਨਵੇਂ ਛੰਦ ਦੇ ਰੂਪ ਵਿਚ ਉਸ ਪਰਮ ਸਤਿ ਦੇ ਵਿਲੱਖਣ ਸਰੂਪ ਦੇ ਇੱਕ ਨਵੇਂ ਅੰਦਾਜ਼



ਡਾ. ਗੁਰਨਾਮ ਕੌਰ

ਵਿਚ ਦਰਸ਼ਨ ਹੁੰਦੇ ਹਨ। ਇੱਕ ਸੌ ਇਕਾਹਟ ਨੰਬਰ ਤੋਂ ਇੱਕ ਸੌ ਅੱਸੀ ਤੱਕ 'ਨਰਾਜ ਛੰਦ' ਹੈ। ਇਨ੍ਹਾਂ ਵੀਹ ਛੰਦਾਂ ਵਿਚ ਉਸ ਅਕਾਲ ਪੁਰਖ ਦੇ ਸੰਸਾਰ ਦਾ ਕਰਤਾ, ਧਰਤਾ ਅਤੇ ਹਰਤਾ ਹੋਣ ਦੀ ਗੱਲ ਕੀਤੀ ਗਈ ਹੈ। ਉਸ ਨੂੰ ਇਸ ਸੰਸਾਰ ਦਾ ਰਖਿਅਕ ਦੱਸਿਆ ਗਿਆ ਹੈ। ਉਸ ਦੇ ਅੰਗ-ਸੰਗ ਵੱਸਣ ਤੋਂ ਲੈ ਕੇ ਉਸ ਦਾ ਅਨੇਕ ਪੱਖੀ ਚਿਤਰਣ ਕੀਤਾ ਗਿਆ ਹੈ। ਆਉ ਇਸ ਵਿਚ ਸੁਰਤ ਜੋੜਨ ਦੀ ਕੋਸ਼ਿਸ਼ ਕਰੀਏ ਕਿ ਆਪਣੀ ਰਚੀ ਸ੍ਰਿਸ਼ਟੀ ਦੀ "ਤੂ ਕਾਹੇ ਡੋਲਹਿ ਪ੍ਰਾਣੀਆ ਤੁਧ ਰਾਖੈਗਾ ਸਿਰਜਣਹਾਰੁ' ਗੁਰਬਾਣੀ ਦੇ ਕਥਨ ਅਨੁਸਾਰ ਸੰਭਾਲ ਕਰਦਾ ਹੈ।

ਇਸ ਛੰਦ ਦੇ ਪਹਿਲੇ ਹੀ ਬੰਦ ਵਿਚ ਜ਼ਿਕਰ ਕੀਤਾ ਹੈ ਕਿ ਉਹ ਆਦਿ ਪੁਰਖ ਅਰਥਾਤ ਸਭ ਤੋਂ ਪਹਿਲੀ ਅਮਰ ਹਸਤੀ ਹੈ ਜੋ ਉਨ੍ਹਾਂ ਪ੍ਰਾਣੀਆਂ ਦਾ ਵੀ ਸੰਘਾਰ ਕਰਤਾ ਹੈ ਜਿਨ੍ਹਾਂ ਨੂੰ ਅਮਰ ਸਮਝਿਆ ਜਾਂਦਾ ਹੈ। ਇਥੇ ਕਹਿਣ ਤੋਂ ਭਾਵ ਦੇਵਤਿਆਂ ਆਦਿ ਤੋਂ ਹੈ ਕਿਉਂਕਿ ਗੁਰਮਤਿ ਦਰਸ਼ਨ ਅਨੁਸਾਰ ਉਸ ਕਰਤਾ ਪੁਰਖ ਤੋਂ ਬਿਨਾਂ ਬਾਕੀ ਸਾਰਾ ਬ੍ਰਹਿਮੰਡ ਅਤੇ ਇਸ ਵਿਚ ਰਹਿਣ ਵਾਲੇ ਹਰ ਤਰ੍ਹਾਂ ਦੇ ਜੀਵ, ਪ੍ਰਾਣੀ ਉਸ ਦੁਆਰਾ ਰਚੇ ਹੋਏ ਹਨ। ਉਹ ਇਕੱਲਾ ਹੀ ਸੈਭੰ ਹੈ। ਇਸ ਲਈ ਉਸ ਕਰਤਾ ਪੁਰਖ ਤੋਂ ਬਿਨਾਂ ਰਚੇ ਜਾਣ ਅਤੇ ਵਿਨਾਸ਼ ਹੋ ਜਾਣ ਦਾ ਸਿਧਾਂਤ ਸੰਸਾਰ ਦੀ ਹਰ ਵਸਤੂ ਅਤੇ ਹਰ ਇੱਕ ਜੀਵ 'ਤੇ ਲਾਗੂ ਹੁੰਦਾ ਹੈ। ਉਹ ਅਚਰਜ ਤੱਤ ਵਸਤੂ (ਸੂਖਮ ਹੋਂਦ) ਅਜਿੱਤਿਆਂ ਨੂੰ ਵੀ ਜਿੱਤਣ ਵਾਲੀ ਹੈ। ਉਹ ਦੈਂਤਾਂ, ਜਿਨ੍ਹਾਂ ਦੀ ਕੋਈ ਪੂਜਾ ਨਹੀਂ ਕਰਦਾ, ਉਨ੍ਹਾਂ ਰਾਹੀਂ ਵੀ ਪੂਜੀ ਜਾਣ ਵਾਲੀ ਹਸਤੀ ਹੈ। ਉਹ ਗੁਪਤ ਅਤੇ ਪ੍ਰਗਟ ਸਭ ਦਾ ਮਾਲਕ ਅਤੇ ਸਾਰੀਆਂ ਸਿੱਧੀਆਂ ਅਤੇ ਰਿਧੀਆਂ (ਸਫ਼ਲਤਾਵਾਂ ਅਤੇ ਤਰੱਕੀਆਂ) ਦੇਣ ਵਾਲਾ, ਸਦਾ ਹੀ ਸਭ ਦੇ ਅੰਗ-ਸੰਗ ਰਹਿੰਦਾ ਹੈ। ਉਹ ਅਨਾਥਾਂ (ਯਤੀਮਾਂ) ਅਤੇ ਨਾਥਾਂ (ਮਾਲਕਾਂ) ਸਭ ਦਾ ਨਾਥ ਹੈ, ਜੋ ਦੈਵੀ ਹਸਤੀਆਂ ਦਾ ਵੀ ਸੰਘਾਰ ਕਰਤਾ ਹੈ। ਉਹ ਗ਼ਰੀਬਾਂ ਦੇ ਖ਼ਜ਼ਾਨੇ ਭਰਪੂਰ ਕਰਨ ਵਾਲਾ ਹੈ ਅਤੇ ਹਰ ਤਰ੍ਹਾਂ ਦੀਆਂ ਰਿਧੀਆਂ, ਬ੍ਰਿਧੀਆਂ ਦਾ ਮਾਲਕ ਹੈ। ਉਹ ਅਚਰਜ ਰੂਪ ਅਤੇ ਰੂਪ ਦਾ ਵੀ ਰੂਪ ਹੈ ਅਰਥਾਤ ਇਹ ਪ੍ਰਗਟ ਸੰਸਾਰ ਉਸੇ ਦਾ ਰੂਪ ਹੈ। ਉਹ ਨਾ-ਮਿਟਣ ਵਾਲਾ ਪ੍ਰਕਾਸ਼ ਹੈ ਅਤੇ ਸਦਾ ਹੀ ਸਫ਼ਲ ਸੁਰਤਿ-ਬੁਧਿ ਦੇਣਹਾਰ ਹੈ। ਉਸ ਨੂੰ ਪ੍ਰਤਾਪ (ਇਕਬਾਲ) ਦਾ ਪਰਵਾਨਾ ਜਾਣਨਾ ਚਾਹੀਦਾ ਹੈ:

ਅਨੂਪ ਰੂਪ ਸਰੂਪ ਹੈ
ਅਛਿੱਜ ਤੇਜ ਮਾਨੀਐ॥
ਸਦੀਵ ਸਿਧਿ ਸੁਧਿ ਦਾ
ਪ੍ਰਤਾਪ-ਪੱਤ੍ਰ ਜਾਨੀਐ॥162॥

ਉਹ ਮੋਹ-ਮਮਤਾ, ਰੰਗ-ਵਰਣ, ਰੂਪ-ਰੇਖ ਤੋਂ ਨਿਆਰੀ, ਦੋਖ ਅਤੇ ਦਾਗ ਤੋਂ ਰਹਿਤ ਨਿਰੰਜਣ ਹਸਤੀ ਹੈ। ਉਹ ਡਾਢਾ ਤੇਜ਼ ਚਮਕਣ ਵਾਲਾ ਹੈ ਅਰਥਾਤ ਬੇਅੰਤ ਤੇਜ਼-ਪ੍ਰਤਾਪ ਦਾ ਮਾਲਕ ਹੈ। ਉਹ ਸਰੀਰ ਰਹਿਤ, ਭਰਮ-ਰਹਿਤ ਅਤੇ ਭੇਖ-ਰਹਿਤ ਹਸਤੀ ਹੈ। ਉਸ ਦੀ ਕੋਈ ਮਾਤਾ, ਪਿਤਾ, ਜਾਤ ਜਾਂ ਸ਼੍ਰੇਣੀ ਨਹੀਂ ਹੈ ਅਰਥਾਤ ਉਹ ਜਨਮਦਾ ਜਾਂ ਮਰਦਾ ਨਹੀਂ। ਇਸ ਲਈ ਉਸ ਦਾ ਕੋਈ ਵਰਣ, ਜਾਤ, ਗੋਤ, ਚਿਹਨ-ਚੱਕਰ ਆਦਿ ਨਹੀਂ ਹੈ (ਉਹ ਅਜੋਨੀ ਅਤੇ ਅਰੂਪ ਹੈ। ਉਹ ਅਦਿੱਖ, ਅਨੰਤ ਅਤੇ ਭੇਖ-ਰਹਿਤ ਹੈ ਅਤੇ ਸਦਾ ਹੀ ਸੰਸਾਰ ਦੇ ਭੰਡਾਰ ਭਰਨ ਵਾਲਾ ਹੈ। ਉਹ ਵਿਸ਼ਵ ਦਾ ਕਰਤਾ, ਵਿਸ਼ਵ ਦਾ ਸੁਆਮੀ, ਸ੍ਰਿਸ਼ਟੀ ਦਾ ਪਾਲਣਹਾਰ ਹੈ। ਉਹ ਜ਼ਮੀਨ ਅਤੇ ਅਸਮਾਨ ਅਰਥਾਤ ਕੁੱਲ ਬ੍ਰਹਿਮੰਡ ਵਿਚ ਸਕ੍ਰਿਅ ਹੈ। ਉਹ ਈਰਖਾ-ਰਹਿਤ, ਭੇਖ-ਰਹਿਤ, ਅਜਿਹਾ ਸੁਆਮੀ ਹੈ ਜਿਸ ਦਾ ਲੇਖਾ ਨਹੀਂ ਕੀਤਾ ਜਾ ਸਕਦਾ। ਉਹ ਹਰ ਸਥਾਨ ਉਤੇ ਵਿਸ਼ੇਸ਼ ਤੌਰ 'ਤੇ ਵਿਆਪਕ ਹੈ ਅਰਥਾਤ ਬ੍ਰਹਿਮੰਡ ਦਾ ਕੋਈ ਵੀ ਹਿੱਸਾ ਉਸ ਦੀ ਹੋਂਦ ਤੋਂ ਸੱਖਣਾ ਨਹੀਂ ਹੈ:

ਬਿਸੰਵਭਰ ਬਿਸੁਨਾਥ ਹੈ
ਬਿਸੇਖ ਬਿਸਵ ਭਰਨ ਹੈ॥
ਜ਼ਿਮੀ ਜ਼ਮਾਨ ਕੈ ਬਿਖੈ
ਸਦੀਵ ਕਰਮ ਭਰਮ ਹੈ॥
ਅਦਵੈਖ ਹੈ ਅਭੇਖ ਹੈ
ਅਲੇਖ ਨਾਥ ਜਾਨੀਐ॥
ਸਦੀਵ ਸਰਬ ਠਉਰ ਮੇ
ਬਿਸੇਖ ਆਨ ਮਾਨੀਐ॥164॥

ਉਹ ਜੰਤਰਾਂ, ਤੰਤਰਾਂ ਵਿਚ ਨਹੀਂ ਆਉਂਦਾ ਅਤੇ ਉਸ ਨੂੰ ਮੰਤਰਾਂ ਰਾਹੀਂ ਵੱਸ ਵਿਚ ਨਹੀਂ ਕੀਤਾ ਜਾ ਸਕਦਾ। ਪੁਰਾਣ ਅਤੇ ਕੁਰਾਨ ਆਦਿ ਧਰਮ ਗ੍ਰੰਥ ਉਸ ਦਾ ਬਿਆਨ 'ਨੇਤਿ ਨੇਤਿ' ਕਹਿ ਕੇ ਕਰਦੇ ਹਨ। ਉਸ ਨੂੰ ਕਿਸੇ ਵੀ ਕਿਸਮ ਦੇ ਕਰਮਾਂ, ਧਰਮਾਂ ਅਤੇ ਭਰਮਾਂ ਰਾਹੀਂ ਦੱਸਿਆ ਨਹੀਂ ਜਾ ਸਕਦਾ। ਉਹ ਆਦਿ ਅਤੇ ਪਰਮ ਹਸਤੀ ਅਬਿਨਾਸ਼ੀ ਹੈ, ਦੱਸੋ ਉਸ ਦਾ ਅਨੁਭਵ ਕਿਵੇਂ ਕੀਤਾ ਜਾ ਸਕਦਾ ਹੈ? ਸਾਰੀ ਜ਼ਮੀਨ ਅਤੇ ਅਸਮਾਨ ਵਿਚ ਉਹ ਸਦੀਵੀ ਇੱਕ ਹੀ ਜੋਤਿ ਹੈ ਅਰਥਾਤ ਸਾਰੇ ਬ੍ਰਹਿਮੰਡ ਵਿਚ ਉਸ ਇੱਕ ਜੋਤਿ ਦਾ ਹੀ ਪ੍ਰਕਾਸ਼ ਹੈ, ਸਭ ਉਸੇ ਦੀ ਜੋਤਿ ਨਾਲ ਪ੍ਰਕਾਸ਼ਤ ਹਨ। ਉਸ ਦੀ ਜੋਤਿ ਨਾ ਘਟਦੀ ਹੈ, ਨਾ ਵਧਦੀ ਹੈ। ਨਾ ਹੀ ਉਸ ਵਿਚ ਕੋਈ ਨੁਕਸਾਨ ਹੁੰਦਾ ਹੈ, ਨਾ ਘਾਟਾ ਪੈਂਦਾ ਹੈ। ਉਸ ਦਾ ਸਰੂਪ ਹਮੇਸ਼ਾ ਇੱਕ ਸਮਾਨ ਰਹਿੰਦਾ ਹੈ। ਹਰ ਥਾਂ 'ਤੇ, ਹਰ ਘਰ ਵਿਚ ਇਸ ਦੇ ਬੇਮਿਸਾਲ ਤੇਜ਼-ਪ੍ਰਕਾਸ਼ ਨੂੰ ਜਾਣਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਇਸੇ ਅਦੁੱਤੀ ਜੋਤਿ ਦਾ ਜ਼ਿਕਰ ਕਰਦਿਆਂ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ ਕਿ ਸਾਰਾ ਸੰਸਾਰ ਉਸੇ ਇੱਕ ਦੀ ਜੋਤਿ ਨਾਲ ਪ੍ਰਕਾਸ਼ਮਾਨ ਹੈ ਅਤੇ ਇਸ ਜੋਤਿ ਦਾ ਅਨੁਭਵ ਗੁਰੂ ਦੀ ਸਿੱਖਿਆ 'ਤੇ ਚੱਲਿਆਂ ਹੋ ਸਕਦਾ ਹੈ:

ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥
ਗੁਰ ਸਾਖੀ ਜੋਤਿ ਪਰਗਟੁ ਹੋਇ॥ (ਪੰਨਾ 13)

ਉਸ ਪ੍ਰਕਾਸ਼ਮਈ ਹੋਂਦ ਦਾ ਨਾ ਕੋਈ ਸਰੀਰ ਹੈ ਅਤੇ ਨਾ ਹੀ ਕੋਈ ਘਰ ਹੈ। ਨਾ ਕੋਈ ਜਾਤ ਹੈ, ਨਾ ਕੋਈ ਗੋਤ। ਨਾ ਉਸ ਦਾ ਕੋਈ ਵਜ਼ੀਰ ਜਾਂ ਸਲਾਹਕਾਰ ਹੈ ਅਤੇ ਨਾ ਹੀ ਕੋਈ ਦੋਸਤ, ਨਾ ਹੀ ਪਿਤਾ ਜਾਂ ਮਾਤਾ ਹੈ। ਉਸ ਦੇ ਕੋਈ ਅੰਗ ਨਹੀਂ ਹਨ, ਕੋਈ ਰੰਗ ਜਾਂ ਵਰਣ ਵੀ ਨਹੀਂ ਹੈ। ਉਸ ਦਾ ਕੋਈ ਸੰਗੀ-ਸਾਥੀ ਨਹੀਂ ਜਿਸ ਨਾਲ ਉਸ ਨੂੰ ਮੋਹ ਹੋਵੇ। ਉਸ ਦੀ ਪਵਿੱਤਰਤਾ 'ਤੇ ਕੋਈ ਧੱਬਾ ਜਾਂ ਦਾਗ ਨਹੀਂ ਹੈ। ਉਸ ਸਰੀਰਰਹਿਤ ਹਸਤੀ ਨੂੰ ਕਿਸੇ ਨਾਲ ਕੋਈ ਈਰਖਾ ਨਹੀਂ ਹੈ। ਇਥੇ ਅਸੀਂ ਇਹ ਗੱਲ ਬਹੁਤ ਹੀ ਅਸਾਨੀ ਨਾਲ ਕਹਿ ਸਕਦੇ ਹਾਂ ਕਿ ਗੁਰੂ ਸਾਹਿਬ ਨੇ ਉਸ ਪਰਮ ਹਸਤੀ ਦਾ ਵਰਣਨ ਕਰਦੇ ਸਮੇਂ ਕੋਈ ਵੀ ਪੱਖ ਅਣਕਹਿਆ ਜਾਂ ਅਣਗੌਲਿਆ ਨਹੀਂ ਰਹਿਣ ਦਿੱਤਾ। ਅੱਗੇ ਦੱਸਿਆ ਹੈ ਕਿ ਨਾ ਹੀ ਉਹ ਕੋਈ ਬੱਬਰ ਸ਼ੇਰ ਹੈ ਅਤੇ ਨਾ ਹੀ ਗਿੱਦੜ ਹੈ। ਉਹ ਕੋਈ ਰਾਜਾ ਵੀ ਨਹੀਂ ਹੈ ਅਤੇ ਨਾ ਹੀ ਗ਼ਰੀਬ ਪਰਜਾ ਹੈ। ਉਹ ਅਭਿਮਾਨ, ਮੌਤ, ਸਾਕ-ਸਕੀਰੀ ਅਤੇ ਭਰਮ ਤੋਂ ਰਹਿਤ ਹੈ। ਉਹ ਨਾ ਯਕਸ਼ ਹੈ ਅਤੇ ਨਾ ਹੀ ਗੰਧਰਵ ਹੈ। ਉਹ ਨਾ ਇਸਤਰੀ ਹੈ ਅਤੇ ਨਾ ਹੀ ਪੁਰਸ਼ ਹੈ। ਉਹ ਨਾ ਹੀ ਚੋਰ ਹੈ, ਨਾ ਹੀ ਸ਼ਾਹੂਕਾਰ ਜਾਂ ਸ਼ਾਹੂਕਾਰ ਦਾ ਪੁੱਤਰ ਹੈ:

ਨ ਸਿੰਘ ਹੈ ਨ ਸਯਾਰ ਹੈ॥
ਨ ਰਾਉ ਹੈ ਨ ਰੰਕ ਹੈ॥
ਨ ਮਾਨ ਹੈ ਨ ਮੌਤ ਹੈ॥
ਨ ਸਾਕ ਹੈ ਨ ਸੰਕ ਹੈ॥
ਨ ਜੱਛ ਹੈ ਨ ਗੰਧ੍ਰਬ ਹੈ॥
ਨ ਨਰੁ ਹੈ ਨ ਨਾਰਿ ਹੈ॥
ਨ ਚੋਰ ਹੈ ਨਾ ਸ਼ਾਹ ਹੈ॥
ਨ ਸ਼ਾਹ ਕੋ ਕੁਮਾਰ ਹੈ॥168॥

ਉਸ ਨੂੰ ਕਿਸੇ ਨਾਲ ਮੋਹ ਨਹੀਂ ਹੈ ਅਤੇ ਨਾ ਹੀ ਉਸ ਦਾ ਕੋਈ ਘਰ ਹੈ। ਉਸ ਦੇ ਸਰੀਰ ਦੀ ਕੋਈ ਬਣਤਰ ਨਹੀਂ ਹੈ ਅਤੇ ਨਾ ਹੀ ਉਸ ਵਿਚ ਕੋਈ ਛਲ ਹੈ, ਐਬ ਜਾਂ ਨੁਕਸ ਹੈ ਅਤੇ ਨਾ ਹੀ ਕਿਸੇ ਛਲ ਦੀ ਕੋਈ ਮਿਲਾਵਟ ਹੈ। ਉਹ ਕੋਈ ਜੰਤਰ ਜਾਂ ਮੰਤਰ ਨਹੀਂ ਹੈ ਅਤੇ ਨਾ ਹੀ ਕਿਸੇ

## ਗੁਰਮਤਿ ਚਿੰਤਨ

ਜੰਤਰ ਦਾ ਸਰੂਪ ਜਾਂ ਜੰਤਰ ਦੀ ਬਣਾਵਟ ਹੈ। ਉਹ ਮੋਹ ਰਹਿਤ, ਰੰਗ ਰਹਿਤ, ਗੋਤ ਰਹਿਤ ਹੈ ਅਤੇ ਸਰੂਪ ਰਹਿਤ ਹੈ। ਉਹ ਕਰਮ ਰਹਿਤ, ਜਨਮ ਰਹਿਤ ਅਤੇ ਭੇਖ ਰਹਿਤ ਹੈ। ਉਹ ਜਿਸ ਦਾ ਮਾਤਾ ਨਹੀਂ ਹੈ, ਪਿਤਾ ਨਹੀਂ ਹੈ, ਅਮਰਤਾ ਦਾ ਭੰਡਾਰ ਹੈ (ਖ਼ਿਆਲਾਂ ਤੋਂ ਪਰ੍ਹੇ ਅਤੇ ਅਦਿੱਖ ਹੋਂਦ ਹੈ)। ਉਸ ਨੂੰ ਛੇਦਿਆ ਨਹੀਂ ਜਾ ਸਕਦਾ ਅਤੇ ਉਸ ਦਾ ਕੋਈ ਭੇਦ ਨਹੀਂ ਹੈ। ਉਹ ਸਭ ਤੋਂ ਆਦਿ, ਅਪਰੰਪਰ ਅਤੇ ਪਵਿੱਤਰ ਹੋਂਦ ਹੈ। ਉਹ ਅਬਿਨਾਸ਼ੀ, ਅਜਿੱਤ, ਦਇਆਵਾਨ ਅਤੇ ਕੁਰਾਨ ਦੀ ਤਰ੍ਹਾਂ ਪਵਿੱਤਰ ਹੈ। ਉਹ ਸਮੇਂ ਤੋਂ ਪਾਰ ਹਸਤੀ ਹੈ ਜਿਸ ਨੂੰ ਕੋਈ ਪਾਲਣ ਵਾਲਾ ਨਹੀਂ ਹੈ। ਉਹ ਇੱਕ ਸੰਕਲਪ ਹੈ, ਅਦ੍ਰਿਸ਼ ਹਸਤੀ ਹੈ। ਉਸ ਦਾ ਕੋਈ ਭੇਦ ਨਹੀਂ ਹੈ ਅਤੇ ਨਾ ਹੀ ਕੋਈ ਭੰਡੀ ਕਰਨ ਵਾਲਾ ਹੈ। ਉਸ ਨੂੰ ਕੋਈ ਰੋਗ ਅਤੇ ਸੋਗ ਨਹੀਂ ਹੈ। ਉਹ ਬਿਨਾਂ ਕਿਸੇ ਭੇਦ ਅਤੇ ਬਿਨਾ ਕਿਸੇ ਨਿੰਦਿਆ ਦੇ ਹੈ। ਨਾ ਉਸ ਦਾ ਕੋਈ ਅੰਗ ਹੈ, ਨਾ ਰੰਗ ਹੈ, ਨਾ ਕੋਈ ਸੰਗੀ ਹੈ ਨਾ ਸਾਥੀ ਹੈ (ਇਹ ਸਭ ਸੀਮਾਵਾਂ ਹਨ ਜੋ ਉਸ ਅਸੀਮ ਹਸਤੀ ਤੇ ਲਾਗੂ ਨਹੀਂ ਹੁੰਦੀਆਂ। ਉਹ ਇਨ੍ਹਾਂ ਤੋਂ ਪਾਰ ਹੈ)। ਉਹ ਸਭ ਦਾ ਪਿਆਰਾ ਹੈ, ਪਵਿੱਤਰ-ਪੁਨੀਤ ਅਤੇ ਸੂਖਮ ਸਤਿ ਹੈ ਜਿਸ ਦੀ ਹੋਂਦ ਪ੍ਰਗਟ ਸੰਸਾਰ ਤੋਂ ਵੀ ਪਹਿਲਾਂ ਤੋਂ ਹੈ:

ਅਕਾਲ ਹੈ ਅਪਾਲ ਹੈ॥
ਖਿਆਲ ਹੈ ਅਖੰਡ ਹੈ॥
ਨ ਰੋਗ ਹੈ ਨ ਸੋਗ ਹੈ॥
ਨ ਭੇਦ ਹੈ ਨ ਭੰਡ ਹੈ॥
ਨ ਅੰਗ ਹੈ ਨ ਰੰਗ ਹੈ॥
ਨ ਸੰਗ ਹੈ ਨ ਸਾਥ ਹੈ॥
ਪ੍ਰਿਯਾ ਹੈ ਪਵਿਤ੍ਰ ਹੈ॥
ਪੁਨੀਤ ਹੈ ਪ੍ਰਮਾਥ ਹੈ॥172॥

ਨਾ ਉਹ ਠੰਢ ਅਰਥਾਤ ਸੀਤ ਜਾਂ ਪਾਲਾ ਹੈ ਅਤੇ ਨਾ ਹੀ ਵਿਚਾਰ ਜਾਂ ਫੁਰਨਾ ਹੈ (ਅਰਥਾਤ ਉਹ ਮਹਿਜ ਕਲਪਨਾ ਨਹੀਂ ਹੈ)। ਨਾ ਉਹ ਛਾਂ ਹੈ ਅਤੇ ਨਾ ਉਹ ਧੁੱਪ ਹੈ। ਨਾ ਉਸ ਨੂੰ ਮੋਹ ਅਤੇ ਲਾਲਚ ਹੈ। ਨਾ ਹੀ ਉਸ ਵਿਚ ਕ੍ਰੋਧ, ਇੱਛਾ ਜਾਂ ਕਾਮ ਹੈ (ਇਹ ਵਿਕਾਰ ਵੀ ਮਨੁੱਖ ਨਾਲ ਸਬੰਧਤ ਹਨ, ਪਰਮ ਹਸਤੀ ਨਾਲ ਨਹੀਂ)। ਨਾ ਹੀ ਉਹ ਦੇਵਤਾ ਹੈ, ਨਾ ਹੀ ਦੈਂਤ ਹੈ ਅਤੇ ਨਾ ਹੀ ਮਨੁੱਖੀ ਸਰੂਪ ਹੈ। ਨਾ ਉਹ ਕੋਈ ਧੋਖਾ ਹੈ, ਨਾ ਕੋਈ ਧੱਬਾ ਹੈ ਅਤੇ ਨਾ ਹੀ ਧੱਬੇ ਵਾਲਾ ਪਦਾਰਥ ਹੈ (ਇਨ੍ਹਾਂ ਮਾਇਆਵੀ ਗੁਣਾਂ-ਔਗੁਣਾਂ ਤੋਂ ਉਹ ਨਿਰਲੇਪ ਹਸਤੀ ਹੈ)। ਉਹ ਕਾਮ ਰਹਿਤ, ਕ੍ਰੋਧ ਰਹਿਤ, ਲੋਭ ਰਹਿਤ, ਅਤੇ ਮਮਤਾ ਰਹਿਤ ਹੋਂਦ ਹੈ। ਉਸ ਦੇ ਅੰਦਰ ਕੋਈ ਦਵੈਖ ਨਹੀਂ ਹੈ, ਧੋਖਾ ਨਹੀਂ ਹੈ। ਉਹ ਮੌਤ ਤੋਂ ਰਹਿਤ ਅਤੇ ਬਚਪਨ ਤੋਂ ਰਹਿਤ ਸਦਾ ਦਿਆਲੂ ਹਸਤੀ ਹੈ (ਜੋ ਚੀਜ਼ਾਂ ਪੈਦਾ ਹੁੰਦੀਆਂ ਹਨ ਉਨ੍ਹਾਂ ਦਾ ਬਚਪਨ, ਜੁਆਨੀ, ਬੁਢਾਪਾ ਅਤੇ ਮੌਤ ਹੁੰਦੀ ਹੈ। ਜੋ ਹਸਤੀ ਜਨਮ ਵਿਚ ਨਹੀਂ ਆਉਂਦੀ ਉਹ ਸਮੇਂ ਦੇ ਇਨ੍ਹਾਂ ਬੰਧਨਾਂ-ਬਚਪਨ, ਜੁਆਨੀ ਅਤੇ ਮੌਤ ਤੋਂ ਉਪਰ ਹੈ)। ਉਹ ਅਬਿਨਾਸ਼ੀ, ਅਜਿੱਤ, ਭਰਮ ਰਹਿਤ ਅਤੇ ਅਭੌਤਿਕ ਹਸਤੀ (ਸੂਖਮ ਤੱਤ) ਹੈ। ਉਹ ਅਜਿਹੀ ਹਸਤੀ ਹੈ ਜੋ ਅਜਿੱਤ ਨੂੰ ਵੀ ਜਿੱਤ ਲੈਂਦੀ ਹੈ, ਨਾ ਨਾਸ ਹੋਣ ਵਾਲਿਆਂ ਨੂੰ ਨਾਸ ਕਰ ਦਿੰਦੀ ਹੈ। ਉਸ ਦਾ ਸੂਖਮ ਭੇਖ ਬੇਹੱਦ ਤਾਕਤਵਰ ਹੈ। ਉਹ ਆਵਾਜ਼ ਅਤੇ ਰੰਗ ਦਾ ਆਦਿ ਰੂਪ ਹੈ। ਉਹ ਈਰਖਾ, ਭੇਖ, ਕਾਮ (ਇੱਛਾ) ਅਤੇ ਕਰਮ ਆਦਿ ਤੋਂ ਉਤੇ ਹੈ। ਨਾ ਉਸ ਦੀ ਕੋਈ ਜਾਤ ਹੈ, ਨਾ ਪਿਤਾ ਹੈ, ਨਾ ਉਸ ਦੀ ਕੋਈ ਤਸਵੀਰ, ਨਿਸ਼ਾਨ ਜਾਂ ਰੰਗ (ਵਰਣ) ਹੈ:

ਅਛੇਦ ਛੇਦ ਹੈ ਸਦਾ॥
ਅਗੰਜ ਗੰਜ ਗੰਜ ਹੈ॥
ਅਭੂਤ ਭੇਖ ਹੈ ਬਲੀ॥
ਅਰੂਪ ਰਾਗ ਰੰਗ ਹੈ॥
ਨ ਦਵੈਖ ਹੈ ਨ ਭੇਖ ਹੈ॥
ਨ ਕਾਮ ਕ੍ਰੋਧ ਕਰਮ ਹੈ॥
ਨ ਜਾਤਿ ਹੈ ਨ ਪਾਤਿ ਹੈ॥
ਨ ਚਿਤ੍ਰ ਚਿਹਨ ਬਰਨ ਹੈ॥175॥

ਗੁਰੂ ਸਾਹਿਬ ਨੇ ਉਸ ਅਕਾਲ ਪੁਰਖ ਦੇ ਨਾਮ ਨੂੰ ਸਿਮਰਨ ਦਾ, ਉਸ ਦੀ ਉਸਤਤਿ ਰਾਹੀਂ ਉਸ ਦੇ ਨਾਮ ਦਾ ਜਾਪ ਕਰਨ ਦਾ ਇਹ ਅੰਦਾਜ਼ ਦਿੱਤਾ ਹੈ। ਵਾਰ ਵਾਰ ਉਨ੍ਹਾਂ ਹੀ ਵਿਸ਼ੇਸ ਗੁਣਾਂ ਦਾ ਜ਼ਿਕਰ ਕਰਨ ਨਾਲ ਉਹ ਗੁਣ ਮਨੁੱਖ ਦੇ ਜਹਿਨ ਵਿਚ ਬੈਠ ਜਾਂਦੇ ਹਨ। ਇਸੇ ਲਈ ਵਾਰ ਵਾਰ ਉਸ ਦੇ ਗੁਣਾਂ ਦਾ ਉਚਾਰਨ ਕੀਤਾ ਹੈ। ਸੁਖਮਨੀ ਸਾਹਿਬ ਵਿਚ ਗੁਰੂ ਅਰਜਨ ਦੇਵ ਉਪਦੇਸ਼ ਦਿੰਦੇ ਹਨ, "ਬਾਰੰ ਬਾਰ ਬਾਰ ਪ੍ਰਭੁ ਜਪੀਐ॥ ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ॥" ਉਹ ਬੇਅੰਤ, ਸੀਮਾ ਰਹਿਤ, ਅਨੰਤ ਤੇਜ ਦਾ ਮਾਲਕ ਹੈ। ਉਹ ਭੂਮੀ ਰਹਿਤ, ਅਭਿੱਜ (ਬੇਲਾਗ), ਅਜਿੱਤ ਤੇਜ ਵਾਲਾ ਹੈ। ਉਹ ਆਧ ਬਿਆਧ ਅਰਥਾਤ ਸਰੀਰਕ ਅਤੇ ਮਾਨਸਿਕ ਰੋਗਾਂ ਤੋਂ ਰਹਿਤ ਅਤੇ ਅਥਾਹ ਰੂਪ ਦਾ ਮਾਲਕ ਹੈ। ਉਹ ਦੋਸ਼ ਰਹਿਤ, ਦਾਗ਼ ਰਹਿਤ ਅਤੇ ਨਾਸ ਤੋਂ ਰਹਿਤ ਪ੍ਰਤਾਪ ਦਾ ਮਾਲਕ ਕਰਕੇ ਜਾਣਿਆ ਜਾਂਦਾ ਹੈ। ਉਹ ਕਰਮ ਅਤੇ ਭਰਮ ਦੇ ਅਸਰ ਤੋਂ ਉਤੇ ਅਤੇ ਧਰਮ ਦੇ ਪ੍ਰਭਾਵ ਤੋਂ ਉਤੇ ਹੈ। ਉਹ ਨਾ ਕੋਈ ਜੰਤਰ ਹੈ, ਨਾ ਤੰਤਰ ਹੈ ਅਤੇ ਨਾ ਹੀ ਕਿਸੇ ਮੰਤਰ ਦਾ ਰਲਾ ਜਾਂ ਮਿਸ਼ਰਣ ਹੈ। ਨਾ ਉਹ ਧੋਖਾ ਹੈ, ਨਾ ਮੈਲਾ ਹੈ ਅਤੇ ਨਾ ਹੀ ਭੰਡੀ ਦਾ ਰੂਪ ਹੈ ਅਰਥਾਤ ਉਹ ਨਿਰਮਲ ਅਤੇ ਪਵਿੱਤਰ ਹਸਤੀ ਹੈ ਜੋ ਇਸ ਸਭ ਕੁੱਝ ਤੋਂ ਨਿਰਲੇਪ ਅਤੇ ਉਤੇ ਹੈ। ਉਸ ਨੂੰ ਵੰਡਿਆ ਨਹੀਂ ਜਾ ਸਕਦਾ, ਉਸ ਦਾ ਕੋਈ ਅੰਗ ਨਹੀਂ ਹੈ। ਉਹ ਆਭੂਸ਼ਣਾਂ ਦਾ ਬੇਅੰਤ ਖਜ਼ਾਨਾ ਹੈ, ਭੰਡਾਰ ਹੈ। ਉਹ ਕਾਮ, ਕ੍ਰੋਧ, ਲੋਭ, ਮੋਹ ਆਦਿ ਦੇ ਕਾਰਜਾਂ ਤੋਂ ਰਹਿਤ ਹੈ। ਉਹ ਅਜਿੱਤ ਮਾਲਕ ਹੈ ਜੋ ਸਰੀਰਕ ਅਤੇ ਮਾਨਸਿਕ ਅਲਾਮਤਾਂ ਦੇ ਸੰਕਲਪ ਮਾਤਰ ਤੋਂ ਰਹਿਤ ਹੈ। ਉਹ ਸੁੰਦਰਤਾ ਅਤੇ ਰੇਖਾਵਾਂ ਦੇ ਝਗੜੇ ਤੋਂ ਰਹਿਤ ਹੈ। ਉਹ ਨਾਜ-ਨਖਰੇ, ਹਾਸ-ਬਿਲਾਸ ਤੋਂ ਅਤੇ ਦਾਉ-ਪੇਚ ਦੇ ਢੰਗ-ਤਰੀਕਿਆਂ ਤੋਂ ਰਹਿਤ ਹੈ:

ਨ ਕਾਮ ਹੈ ਨ ਕ੍ਰੋਧ ਹੈ॥
ਨ ਲੋਭ ਮੋਹਕਾਰ ਹੈ॥
ਨ ਆਧਿ ਹੈ ਨ ਬਿਆਧ ਹੈ॥
ਅਗਾਧ ਕੋ ਬਿਚਾਰ ਹੈ॥
ਨ ਰਾਗ ਰੰਗ ਰੂਪ ਹੈ॥
ਨ ਰੂਪ ਰੇਖ ਰਾਗ ਹੈ॥
ਨ ਹਾਉ ਹੈ ਨ ਭਾਉ ਹੈ॥
ਨ ਦਾਉ ਕੋ ਪ੍ਰਕਾਰ ਹੈ॥178॥

ਅਗਲੇ ਛੰਦ ਵਿਚ ਉਸ ਪਰਵਦਗਾਰ ਦੀ ਵਡਿਆਈ ਕਰਦਿਆਂ ਕਿਹਾ ਗਿਆ ਹੈ ਕਿ ਇੰਦਰ ਅਤੇ ਕੁਬੇਰ ਵਰਗੇ ਦੇਵਤੇ ਕਹੇ ਜਾਣ ਵਾਲੇ ਵੀ ਹਮੇਸ਼ਾ ਤੇਰੀ ਸੇਵਾ ਵਿਚ ਲੱਗੇ ਰਹਿੰਦੇ ਹਨ ਅਰਥਾਤ ਉਹ ਅਕਾਲ ਪੁਰਖ ਸਰਬ-ਉਚ ਹਸਤੀ ਹੈ। ਚੰਦਰਮਾ, ਸੂਰਜ ਅਤੇ ਵਰੁਣ ਵਰਗੇ ਹਮੇਸ਼ਾ ਤੇਰੇ ਨਾਮ ਦਾ ਸਿਮਰਨ ਕਰਦੇ ਹਨ (ਹਿੰਦੂ ਧਰਮ ਵਿਚ ਇਨ੍ਹਾਂ ਸਾਰਿਆਂ ਨੂੰ ਉਚ-ਹਸਤੀਆਂ ਮੰਨ ਕੇ ਪੂਜਿਆ ਜਾਂਦਾ ਹੈ)। ਅਗਸਤ ਰਿਸ਼ੀ ਵਰਗੇ ਮਹਾਨ ਕਹੇ ਜਾਣ ਵਾਲੇ, ਬਨਸਪਤੀ ਦੇ ਦੇਵਤਾ, ਤਪੱਸਵੀ ਉਸ ਬੇਅੰਤ, ਅਸੀਮ ਪਰਮਾਤਮਾ ਦੇ ਗੁਣ ਗਾਉਂਦੇ ਹਨ। ਉਸ ਗੰਭੀਰ, ਆਦਿ-ਦੇਵ ਦੇ ਪ੍ਰਵਚਨ ਦਾ ਕੋਈ ਮੁੱਢ ਨਹੀਂ ਹੈ। ਅੱਗੇ ਅਰਦਾਸ ਕੀਤੀ ਹੈ ਕਿ ਉਹ, ਜਿਸ ਦੀ ਕੋਈ ਜਾਤ, ਗੋਤ, ਸਲਾਹਕਾਰ, ਦੋਸਤ, ਦੁਸ਼ਮਣ ਅਤੇ ਮਾਤਾ ਨਹੀਂ ਹੈ, ਮੇਰੀ ਸੁਰਤ ਉਸ ਸਾਰੇ ਸੰਸਾਰ ਦੇ ਦਿਆਲੂ ਮਾਲਿਕ ਵਿਚ ਸਦਾ ਲੱਗੀ ਰਹੇ। ਉਹ ਪਰਮਾਤਮਾ ਸਰੀਰ ਦੀਆਂ ਸਾਰੀਆਂ ਅਲਾਮਤਾਂ ਨੂੰ ਅਨੰਤ ਤਰ੍ਹਾਂ ਨਾਲ ਦੂਰ ਕਰ ਦੇਂਦਾ ਹੈ:

ਅਗਾਧ ਆਦਿ ਦੇਵ ਕੀ
ਅਨਾਦਿ ਬਾਤ ਮਾਨੀਐ॥
ਨਾ ਜਾਤਿ ਪਾਤਿ ਮੰਤ੍ਰਿ
ਮਿਤ੍ਰ ਸਤ੍ਰ ਨੇਹ ਜਾਨੀਐ॥
ਸਦੀਵ ਸਰਬ ਲੋਕ ਕੋ
ਕ੍ਰਿਪਾਲ ਖਿਆਲ ਮੈ ਰਹੈ॥
ਤੁਰੰਤ ਦ੍ਰੋਹ ਦੇਹ ਕੇ
ਅਨੰਤ ਭਾਂਤ ਸੋ ਦਹੈ॥180॥

**ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਇਸੇ ਅਦੁੱਤੀ ਜੋਤਿ ਦਾ ਜ਼ਿਕਰ ਕਰਦਿਆਂ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ ਕਿ ਸਾਰਾ ਸੰਸਾਰ ਉਸੇ ਇੱਕ ਦੀ ਜੋਤਿ ਨਾਲ ਪ੍ਰਕਾਸ਼ਮਾਨ ਹੈ ਅਤੇ ਇਸ ਜੋਤਿ ਦਾ ਅਨੁਭਵ ਗੁਰੂ ਦੀ ਸਿੱਖਿਆ 'ਤੇ ਚੱਲਿਆਂ ਹੋ ਸਕਦਾ ਹੈ।**

## ਸਿਆਣਿਆਂ ਦਾ ਕਿਹਾ

(1) ਵੋਟ ਦਾ ਮਾਲਕ, ਲੋਕ ਰਾਜ ਦਾ ਖਾਲਕ, ਅਜੇ ਅਗਿਆਨ ਦੇ ਨੇਰ੍ਹੇ 'ਚ ਰਾਹੋਂ ਤਿਲਕ ਜਾਂਦੈ, ਭੁੱਖ ਤੇ ਧੱਕੇ ਤੋਂ ਡਰਦੈ, ਰੋਟੀ ਲਈ ਵਿਕ ਜਾਂਦੈ।

(2) ਮਰਦਾਂ ਦੇ ਜਨਾਜੇ ਨਾਲ ਜਾਣ ਦਾ ਸਾਨੂੰ ਵਿਹਲ ਮਿਲਿਆ ਹੀ ਨਹੀਂ ਤੇ ਮੂਜ਼ੀਆਂ ਦੀ ਜਨੇਤ ਵਿਚ ਮੁਫਤ ਦੀ ਸ਼ਰਾਬ ਪੀ ਕੇ ਅਬਦੁਲੇ ਦੀਵਾਨੇ ਬਣ ਕੇ ਨੱਚਦੇ ਪਏ ਆਂ।

(3) ਯੂੰ ਤੋ ਹਮਾਰੀ ਕੋਈ ਕੀਮਤ ਨਹੀਂ, ਚਾਹਨੇ ਵਾਲਾ ਹੋ ਤੋ ਮੁਫਤ ਮੇਂ ਹੀ ਬਿਕ ਜਾਤੇ ਹੈਂ।

(4) ਸਰਕਾਰ ਆਪਣੇ ਦਰਬਾਰ ਵਿਚ ਬੁਕਦੀ ਹੈ, ਮਹਿੰਗਾਈ ਬਾਜ਼ਾਰ ਵਿਚ ਬੁਕਦੀ ਹੈ ਤੇ ਸਰਕਾਰ ਦੇ ਮੋਢਿਆਂ ਉਪਰ ਦੀ ਬੁਕਦੀ ਹੈ।

(5) ਜਦ ਤੱਕ ਮਹਿੰਗਾਈ ਦੇ ਚੂਹੇ ਦੀ ਇੱਕ ਖੁੱਡ ਸਰਕਾਰ ਬੰਦ ਕਰਦੀ ਹੈ ਤਦ ਤੱਕ ਉਹ ਦਸ ਖੁੱਡਾਂ ਹੋਰ ਕੱਢ ਲੈਂਦੀ ਹੈ।

(6) ਮਹਿੰਗਾਈ ਦਾ ਸੱਚ ਐਨਾ ਬਲਵਾਨ ਹੋ ਗਿਐ ਕਿ ਉਹ ਜਿਹਨੂੰ ਚਾਹੇ ਖਰੀਦ ਸਕਦਾ ਹੈ।

(7) ਵੋਟ ਵਿਕ ਰਹੇ ਹਨ, ਐਮ ਸੀ ਤੋਂ ਸੀ ਐਮ ਤੱਕ ਅਤੇ ਐਮ ਪੀ ਤੋਂ ਪੀ ਐਮ ਤੱਕ ਮੰਡੀ ਦਾ ਮਾਲ ਬਣੀ ਬੈਠੇ ਹਨ।

(8) ਨੋਟ ਵਾਲਾ ਗਾਂਧੀ ਲਾਠੀ ਮਾਰਨ ਜੋਗਾ ਵੀ ਨਹੀਂ ਹੈ ਤੇ ਬਗਾਵਤ ਕਰਨ ਜੋਗਾ ਵੀ ਨਹੀਂ।

(9) ਗੱਲ ਸਸਤੇਪਣ ਦੀ ਲਈਏ ਤਾਂ ਹਰ ਬੀਤਿਆ ਦਿਨ ਸਸਤਾ ਹੈ।

(10) ਭਾਰਤ ਵਿਚ ਤਕੜੇ ਤੇ ਤੱਕੜੀ ਦੀ ਇਕਜੁੱਟਤਾ ਹੈ। ਦਰਬਾਨ ਦਰਵਾਜ਼ਾ ਛੱਡ ਚੁੱਕਾ ਹੈ, ਵਾੜ ਖੇਤ ਨੂੰ ਡਰਾ ਧਮਕਾ ਰਹੀ ਹੈ।

(11) ਭਾਰਤੀ ਨੇਤਾ ਸ਼ਹੀਦਾਂ ਦੇ ਕਫਨ 'ਚੋਂ ਕਮਿਸ਼ਨ ਖਾ ਰਿਹਾ ਹੈ।

(12) ਸੁਭਾਵਿਕ ਹੀ ਜ਼ਿੰਦਗੀ ਵਿਚ ਕਈ ਵਾਰ ਅਜਿਹਾ ਵਾਪਰਦਾ ਹੈ ਕਿ ਅਸੀਂ ਪਹੁੰਚਣਾ ਕਿਸੇ ਹੋਰ ਮੰਜ਼ਿਲ ਤੇ ਚਾਹੁੰਦੇ ਹਾਂ ਪਰ ਨਿਸ਼ਾਨਾ ਕੋਈ ਹੋਰ ਮਿਲ ਜਾਂਦਾ ਹੈ।

(13) ਜਿਸ ਖੇਤਰ ਵਿਚ ਸਾਨੂੰ ਕਾਮਯਾਬੀ ਮਿਲਣੀ ਹੁੰਦੀ ਹੈ, ਕੁਦਰਤ ਸਾਨੂੰ ਉਸੇ ਪਾਸੇ ਮੋੜ ਲਿਆਉਂਦੀ ਹੈ।

(14) ਅਸੀਂ ਆਪਣੀਆਂ ਅੱਖਾਂ ਦੇ ਸਾਹਮਣੇ ਜੋ ਵਾਪਰਦਾ ਦੇਖ ਰਹੇ ਹੁੰਦੇ ਹਾਂ, ਉਹ ਸੱਚ ਦਾ ਸੰਕਲਪ ਹੁੰਦਾ ਹੈ।

(15) ਦੁਨੀਆਂ ਦੇ ਰੰਗ ਦੁਨੀਆਂ ਦੇ ਵਿਚ ਵਿਚਰ ਕੇ ਹੀ ਦੇਖੇ ਜਾ ਸਕਦੇ ਹਨ।

(16) ਕਾਦਰ ਦੀ ਕੁਦਰਤ ਵਿਚ ਬੜਾ ਕੁਝ ਹੈਰਾਨਕੁਨ ਤੇ ਦਿਲਚਸਪ ਵਾਪਰ ਰਿਹਾ ਹੈ।

(17) ਇਸ ਨੂੰ ਕਲਯੁੱਗ ਕਹਿੰਦੇ ਨੇ, ਜਦੋਂ ਦੇਸ਼ ਦਾ ਪ੍ਰਧਾਨ ਮੰਤਰੀ ਭ੍ਰਿਸ਼ਟਾਚਾਰ ਦੇ ਕੇਸਾਂ ਵਿਚ ਉਲਝ ਸਕਦੈ, ਜਦ ਪਿਓ ਧੀ ਨਾਲ ਬਲਾਤਕਾਰ ਕਰ ਸਕਦੈ, ਜਦ ਭਰਾ ਭੈਣ ਨੂੰ ਗਰਭਵਤੀ ਕਰ ਸਕਦੈ, ਜਦ ਪੁੱਤ ਜਾਇਦਾਦ ਦੇ ਲਾਲਚ ਵਿਚ ਮਾਂ ਦੀ ਧੌਣ ਵੱਢ ਸਕਦੈ, ਪੁਲਿਸ ਮੁਲਾਜ਼ਮ ਕੋਕੀਨ ਸਮੇਤ ਫੜਿਆ ਜਾ ਸਕਦੈ, ਭਗਵੇਂ ਕਪੜੇ ਪਾ ਕੇ ਸਾਧ ਚੇਲੀਆਂ ਨਾਲ ਰੰਗਰਲੀਆਂ ਮਨਾ ਸਕਦੈ, ਮਰਦ ਆਪਣੀ ਬੀਵੀ ਦੋਸਤਾਂ ਨੂੰ ਖੁਸ਼ ਕਰਨ ਲਈ ਪੇਸ਼ ਕਰ ਸਕਦੈ, ਆਪਣੀ ਕੁੱਖ ਸੁਲੱਖਣੀ ਕਰਨ ਲਈ ਕਿਸੇ ਹੋਰ ਦੀ ਕੁੱਖ ਦਾ ਕਤਲ ਹੋ ਸਕਦੈ, ਔਰਤ ਨਾਲ ਔਰਤ ਤੇ ਮਰਦ ਨਾਲ ਮਰਦ ਵਿਆਹ ਕਰਾ ਸਕਦੈ, ਦਸ ਸਾਲ ਦੀ ਬੱਚੀ ਦੇ ਬੱਚਾ ਹੋ ਸਕਦੈ, 80 ਸਾਲਾਂ ਦਾ ਬੁੱਢਾ ਪੰਜਾਹਵਾਂ ਵਿਆਹ ਕਰਵਾ ਸਕਦੈ ਤਾਂ ਸੱਚ ਮੰਨੋ ਇਸ ਨੂੰ ਕਲਯੁੱਗ ਕਿਹਾ ਜਾ ਸਕਦੈ।

(18) ਵਗਦੇ ਪਾਣੀ ਮਨੁੱਖ ਨੂੰ ਸੁਨੇਹਾ ਦਿੰਦੇ ਹਨ ਕਿ ਜ਼ਿੰਦਗੀ ਮੰਜ਼ਿਲ ਵੱਲ ਚਲਦੇ ਰਹਿਣ ਦਾ ਨਾਂ ਹੀ ਹੈ।

(19) ਕ੍ਰਿਆਸ਼ੀਲ ਰਹਿਣਾ ਹੀ ਜ਼ਿੰਦਗੀ ਹੈ। ਸਦਾ ਸਰਗਰਮ ਰਹਿਣਾ ਹੀ ਖੁਸ਼ੀ ਹੈ। ਸਭ ਤੋਂ ਖੁਸ਼ ਬੰਦੇ ਉਹ ਹਨ ਜੋ ਕਦੇ ਵਿਹਲੇ ਨਹੀਂ ਬੈਠਦੇ।

(20) ਉਹ ਆਦਮੀ ਖੁਸ਼ ਨਹੀਂ ਹੋ ਸਕਦਾ ਜਿਸ ਨੂੰ ਇਹ ਪਤਾ ਨਹੀਂ ਕਿ ਉਸ ਨੇ ਅਗਲੀ ਸਵੇਰ ਨੂੰ ਕੀ ਕਰਨਾ ਹੈ?

(21) ਜੋ ਇਨਸਾਨ ਕੰਮ ਨਾਲ ਪ੍ਰੇਮ ਕਰਦਾ ਹੈ ਤੇ ਆਪਣੀ ਮੰਜ਼ਿਲ ਵੱਲ ਵਧਦਾ ਰਹਿੰਦਾ ਹੈ ਉਸ ਦਾ ਜੀਵਨ ਸੁਖਦਾਈ ਹੋ ਜਾਂਦਾ ਹੈ।

(22) ਬੇਲੋੜੀ ਭੱਜ ਦੌੜ ਨੂੰ ਕਾਰਜਸ਼ੀਲ ਰਹਿਣ ਦਾ ਨਾਂ ਨਹੀਂ ਦਿੱਤਾ ਜਾ ਸਕਦਾ।

(23) ਹਰ ਸਾਲ ਇਨਸਾਨ ਦਾ ਆਪਣੀ ਜ਼ਿੰਦਗੀ ਵਿਚ ਕੋਈ ਨਿਸ਼ਾਨਾ ਹੁੰਦਾ ਹੈ।

(24) ਬਿਨਾਂ ਮੰਜ਼ਿਲ ਤੋਂ ਜਿਹੜੇ ਨੇ ਤੁਰ ਪੈਂਦੇ, ਅੱਧਵਾਟੋਂ ਹੀ ਮੁੜ ਉਦਾਸ ਆਉਂਦੇ।

**ਪੇਸ਼ਕਾਰ-ਪਰਮਜੀਤ ਸਿੰਘ ਦਾਖਾ**

ISBN # 978-0-9781624-9-8

## ਨੈਣ-ਨਕਸ਼



ਐਸ. ਅਸ਼ੋਕ ਭੌਰਾ

# ਚਲੋ ਐਤਕੀਂ ਇੱਦਾਂ ਹੀ ਸਹੀ...

*ਝੂਠ ਨੂੰ ਜਦੋਂ ਮਸਾਲਾ ਲਾਇਆ ਜਾਵੇ ਤਾਂ ਉਹ ਗੱਪ ਬਣ ਜਾਂਦੀ ਹੈ, ਤੇ ਗੱਪ ਦਾ ਜਦੋਂ ਹਾਰ-ਸ਼ਿੰਗਾਰ ਹੋ ਜਾਵੇ ਤਾਂ ਉਹ ਫ਼ੜ੍ਹ ਅਖਵਾਉਂਦੀ ਹੈ। ਕਮਾਲ ਇਹ ਹੈ ਕਿ ਇਹ ਕੰਮ ਕਰਨ ਵਾਲੇ ਤੁਹਾਡੇ ਸੱਜੇ ਖੱਬੇ ਹੀ ਵਿਚਰ ਰਹੇ ਨੇ। ਇਨ੍ਹਾਂ ਦਾ ਆਪਣਾ ਹੱਥ ਭਾਵੇਂ ਗੰਦਾ ਹੋਵੇ, ਦੂਜੇ ਦੇ ਹੱਥ ਦੀ ਸਫ਼ਾਈ ਕਰਨ 'ਚ ਮਾਹਿਰ ਬੜੇ ਹੁੰਦੇ ਨੇ। ਇਨ੍ਹਾਂ ਨੇ ਪ੍ਰਣ ਕੀਤਾ ਹੋਇਐ ਕਿ ਸਾਰਾ ਜੱਗ ਝੂਠਾ ਹੋ ਸਕਦੈ ਪਰ ਅਸੀਂ ਮਰ ਤਾਂ ਜਾਵਾਂਗੇ, ਬਾਬੇ ਵਾਰਿਸ ਨੂੰ ਝੂਠਾ ਨਹੀਂ ਹੋਣ ਦਿਆਂਗੇ। ਕੋਈ ਬੰਦਾ ਸੜਕ 'ਤੇ ਤੁਰਿਆ ਜਾ ਰਿਹਾ ਸੀ, ਮਾੜੀ ਮੋਟੀ ਜਾਣ-ਪਛਾਣ ਵਾਲੇ ਦੂਜੇ ਜਣੇ ਨੇ ਪੁੱਛ ਲਿਆ, "ਕੀ ਹਾਲ ਏ, ਕਿਧਰੋਂ ਆਇਐ?" "ਲਵੇਰਾ ਲੈਣ ਗਿਆ ਸੀ। ਇਕ ਦੋ ਮੱਝਾਂ ਦੇਖੀਆਂ, ਗੱਲ ਬਣੀ ਨ੍ਹੀਂ।" ਕਹਿਣ ਲੱਗਾ, "ਗੱਲ ਕਿਹੜੀ ਐ, ਧਨੌਲੇ ਤੋਂ ਸਾਰੀਆਂ ਮੱਝਾਂ ਅਸੀਂ ਖਰੀਦਦੇ ਆਂ। ਬਾਰਾਂ ਲਿਆਂਦੀਆਂ ਐਤਕਾਂ। ਇਕੋ ਬਚਦੀ ਐ ਕੁੰਢੇ ਸਿੰਗ, ਲੰਬੀ ਪੂਛ ਵਾਲੀ ਪੰਜ ਕਲਿਆਣੀ। ਦੋ ਬਾਲਟੀਆਂ 'ਚ ਚੋਣੀ ਪੈਂਦੀ ਐ, ਬਾਈ ਕਿਲੋ ਦੁੱਧ ਐ। ਕੱਲ੍ਹ ਸ਼ਾਮੀਂ ਕਿਸੇ ਨੇ ਦੇਖਣ ਆਉਣੈ, ਜੇ ਤੂੰ ਕਹੇਂ ਤਾਂ ਸੋਚ ਲੈਨੇ ਆਂ।" ਜੇਬ 'ਚੋਂ ਪੰਜ ਹਜ਼ਾਰ ਸਾਈ ਫੜਾਉਂਦਿਆਂ ਭਲਾਮਾਣਸ ਬੋਲਿਆ, "ਲੈ ਮੇਰੀ ਹੋ ਗਈ, ਸਵੇਰੇ ਦਿਨ ਚੜ੍ਹਦੇ ਢੁੱਕੂੰ।" ਸਵੇਰੇ ਸਾਈਕਲ ਚੁੱਕ ਕੇ ਜਾ ਪਹੁੰਚਿਆ ਉਹਦੇ ਪਿੰਡ। ਕਿਸੇ ਸਿਆਣੇ ਨੂੰ ਗਿਰਧਾਰੀ ਲਾਲ ਦਾ ਘਰ ਪੁੱਛਿਆ ਤਾਂ ਉਹ ਹੱਸ ਪਿਆ, "ਠੱਗਿਆ ਗਿਐਂ?" ਉੱਤਰ ਗਿਆ ਚਿਹਰਾ, "ਬਾਬਿਓ, ਮੱਝ ਲੈਣ ਆਇਆਂ ਉਹਦੇ ਤੋਂ ਧਨੌਲੇ ਵਾਲੀ?" ਉਹ ਫਿਰ ਹੱਸ ਪਿਆ। "ਉਨ੍ਹਾਂ ਦੇ ਘਰ ਤਾਂ ਅਵਾਰਾ ਕੁੱਤੀ ਨ੍ਹੀਂ ਜਾਂਦੀ, ਤੂੰ ਮੱਝ ਦੀ ਗੱਲ ਕਰਦੈਂ?" ਹੱਥ ਦੀ ਸਫ਼ਾਈ ਤਾਂ ਉਹ ਸਮਝ ਗਿਆ ਸੀ, ਪਰ ਫਿਰ ਪੁੱਛ ਬੈਠਾ। "ਮਿਲੂ ਕਿੱਥੇ?" ਬਜ਼ੁਰਗ ਨੇ ਬੜੇ ਠਰ੍ਹੰਮੇ ਨਾਲ ਉੱਤਰ ਦਿੱਤਾ। "ਜਿੱਦਾਂ ਤੈਨੂੰ ਮਿਲਿਆ ਸੀ।" ਸਿਆਣੇ ਕਹਿੰਦੇ ਤਾਂ ਆਏ ਨੇ ਕਿ ਮਾੜੀ ਸੰਗਤ 'ਚੋਂ ਕਦੇ ਸੋਭਾ ਨ੍ਹੀਂ ਮਿਲੀ ਪਰ ਦਾਖਲਾ ਫਿਰ ਵੀ ਕਈ ਵਾਰ ਸਿਆਣੇ ਬੰਦਿਆਂ ਨੂੰ ਬਿਨਾਂ ਫੀਸ ਤੋਂ ਮਿਲ ਜਾਂਦਾ ਹੈ। ਵਿਰੋਧੀਆਂ ਦੇ ਮਖੌਲ 'ਤੇ ਚੁੱਪ ਰਹੋ ਤੇ ਉਨ੍ਹਾਂ ਦੀ ਚੁੱਪ ਦਾ ਮਖੌਲ ਉਡਾਓ ਤਾਂ ਜਿੱਤ ਜਾਉਗੇ। ਕੰਜੂਸ ਨੂੰ ਕੰਜੂਸ ਟੱਕਰੇ ਤਾਂ ਦੋਵੇਂ ਭੁੱਖੇ ਮਰਦੇ ਨੇ। ਐਤਕਾਂ ਕੁਝ ਅਹੁੜ ਨਹੀਂ ਰਿਹਾ ਸੀ, ਸੋਚਿਆ...*

ਕੋਈ ਪੜ੍ਹਿਆ-ਲਿਖਿਆ ਬੰਦਾ ਸਾਈਕਲ 'ਤੇ ਕਿਧਰੇ ਜਾ ਰਿਹਾ ਸੀ। ਇਕ ਪਿੰਡ ਦੇ ਚੁਰਸਤੇ 'ਚ ਜਾ ਕੇ ਭੁੱਲ ਗਿਆ ਕਿ ਹੁਣ ਕਿਹੜੇ ਪਾਸੇ ਜਾਣਾ ਹੈ? ਮੋੜ 'ਤੇ ਇਕ ਨੁਕਰੇ ਇਕ ਬਜ਼ੁਰਗ ਖੇਸ ਦੀ ਬੁੱਕਲ ਮਾਰੀ ਗਾਂਧੀ ਮਾਅਰਕਾ ਐਨਕਾਂ ਲਾ ਕੇ ਪੈਰਾਂ ਭਾਰ ਬੈਠਾ ਸੀ, ਤੇ ਹੱਥ 'ਚ ਫੜੀ ਚਾਰ-ਪੰਜ ਫੁੱਟੀ ਡਾਂਗ ਸਿੱਧੀ ਬਿਜਲੀ ਆਲਿਆਂ ਦੇ ਖੰਭੇ ਵਾਂਗ ਖੜ੍ਹੀ ਸੀ। ਉਹਨੇ ਸੋਚਿਆ, ਚਲੋ ਬਜ਼ੁਰਗ ਨੂੰ ਰਾਹ ਪੁੱਛਦੇ ਆਂ। ਸਾਈਕਲ ਪਾਸੇ ਖੜ੍ਹਾ ਕਰਕੇ ਜਦੋਂ ਉਹ ਬਜ਼ੁਰਗ ਵੱਲ ਤੁਰਿਆ ਤਾਂ ਦੂਜੇ ਰਸਤਿਓਂ ਇਕ ਹੋਰ ਬੰਦਾ ਉਹਨੂੰ ਪੁੱਛਣ ਲੱਗਾ, "ਭਲਾ ਭਾਈਆ ਟੈਮ-ਟੂਮ ਕਿੰਨਾ ਕੁ ਹੋਇਆ ਹੋਊ?"

ਬਜ਼ੁਰਗ ਨੇ ਡਾਂਗ ਦੋ ਤਿੰਨ ਵਾਰ ਹਿਲਾਈ। ਆਂਹਦਾ, "ਲੌਢਾ ਵੇਲਾ ਟੱਪਣ ਲੱਗੈ। ਊਂ ਚਾਰ ਤੋਂ ਪੰਜ ਦੇ ਵਿਚਾਲੇ ਕੁ ਟੈਮ ਹੋਊ।"

ਪੜ੍ਹੇ ਲਿਖੇ ਬੰਦੇ ਨੇ ਘੜੀ ਵੱਲ ਦੇਖਿਆ ਤਾਂ ਸੂਈਆਂ ਪੌਣੇ ਕੁ ਪੰਜ 'ਤੇ ਸਨ। ਬਜ਼ੁਰਗ ਦੀ ਸਿਆਣਪ 'ਤੇ ਉਹ ਬਾਗੋ-ਬਾਗ ਹੋ ਗਿਆ ਕਿ ਬਿਨਾਂ ਘੜੀ ਤੋਂ ਏਨੀ ਕਮਾਲ।

'ਗਾਂਹ ਹੋ ਕੇ ਉਹਨੇ ਪੁੱਛਿਆ, "ਭਾਈਆ ਜੀ, ਇਹ ਸੜਕ ਭਲਾ ਕਿੱਥੇ ਨੂੰ ਜਾਂਦੀ ਹੈ?"

ਐਨਕਾਂ ਹੇਠਾਂ ਨੂੰ ਕਰਕੇ ਉਹ ਕਹਿਣ ਲੱਗਾ, "ਜੁਆਨਾ ਕਿਤੇ ਨੂੰ ਨਹੀਂ।"

ਉਹ ਜੁਆਬ ਸੁਣ ਕੇ ਹੈਰਾਨ ਹੋ ਗਿਆ ਕਿ ਏਨੇ ਸਿਆਣੇ ਬੰਦੇ ਨੂੰ ਇਹ ਵੀ ਨ੍ਹੀਂ ਪਤਾ ਕਿ ਸੜਕ ਕਿੱਥੇ ਜਾਂਦੀ ਐ? ਉਹਨੇ ਗੱਲ ਅਗਾਂਹ ਤੋਰਦਿਆਂ ਕਿਹਾ, "ਬਜ਼ੁਰਗੋ ਤੁਸੀਂ ਬਿਨਾਂ ਘੜੀ ਤੋਂ ਟੈਮ ਸਹੀ ਕਿਵੇਂ ਦੱਸ'ਤਾ?"

"ਘੜੀਆਂ ਸਾਲੀਆਂ ਹੁਣ ਬਣੀਆਂ। ਆਹ ਡਾਂਗ ਕਾਹਦੇ ਵਾਸਤੇ ਐ? ਉਮਰ ਗਾਲ'ਤੀ ਸਾਰੀ। ਮੈਂ ਤਾਂ ਛਾਇਆ ਦੇਖ ਕੇ ਦੱਸ ਦੇਨੈਂ ਕਿ ਵੱਜੇ ਕਿੰਨੇ ਐ?"

"ਫਿਰ ਐਂ ਤਾਂ ਦੱਸੋ ਇਹ ਸੜਕ ਕਿੱਥੇ ਨੂੰ ਜਾਂਦੀ ਐ?"

"ਜੁਆਨਾ ਸੜਕ ਕੋਈ ਵੀ ਕਿਤੇ ਨੂੰ ਨਹੀਂ ਜਾਂਦੀ। ਤੂੰ ਭਲਾ ਕਿਥੇ ਜਾਣੈ?"

"ਚਾਹਲਪੁਰ ਜਾਣੈ ਗੜ੍ਹਸ਼ੰਕਰ ਲੰਘ ਕੇ।"

ਬਜ਼ੁਰਗ ਉਚੀ ਦੇਣੀ ਹੱਸ ਪਿਆ। ਆਂਹਦਾ, "ਗੱਭਰੂਆ! ਜਦੋਂ ਦੇ ਜੰਮੇ ਆਂ, ਇਹ ਸੜਕ ਇੱਥੇ ਖੜ੍ਹੀ ਐ। ਜਿਹੜਾ ਏਹਦੇ 'ਤੇ ਤੁਰਦਾ, ਉਹ ਹੀ ਕਿਤੇ ਜਾਂਦੈ। ਬੱਸ ਨੱਕ ਦੀ ਸੇਧ ਨੂੰ ਤੁਰਿਆ ਜਾਹ, ਪੰਜ ਕੋਹ 'ਤੇ ਆ ਜੂ ਚਾਹਲਪੁਰ।"

ਪੜ੍ਹਿਆ-ਲਿਖਿਆ ਬੰਦਾ ਬਜ਼ੁਰਗ ਦੀ ਗੱਲ ਸੁਣ ਕੇ ਸ਼ਰਮਿੰਦਾ ਹੋਇਆ ਸੋਚਦਾ ਸੀ-ਜਮਾਤਾਂ ਪੜ੍ਹ ਕੇ ਅਕਲ ਦੇ ਸਾਰੇ ਦੁਆਰ ਨ੍ਹੀਂ ਖੁੱਲ੍ਹ ਸਕਦੇ।...ਪਰ ਜਦੋਂ ਲਾੜੇ ਕੁੜੀਆਂ ਵਿਆਹ ਕੇ ਵਿਦੇਸ਼ਾਂ 'ਚ ਲੈ ਕੇ ਜਾਣ ਲੱਗੇ ਨੇ, ਚੰਗਿਆਂ ਭਲਿਆਂ ਦੇ ਦਿਮਾਗ ਵੀ ਡਾਲਰਾਂ, ਪੌਂਡਾਂ ਨਾਲ ਘਸੁੰਨ ਮੁੱਕੀ ਹੋਣ ਲੱਗ ਪਏ ਨੇ।...

ਜਗਤ ਰਾਮ ਨਾ ਪਿੰਡ ਦਾ ਸਰਪੰਚ, ਨਾ ਪੰਚ ਪਰ ਏਨਾ ਦਿਮਾਗੀ ਕਿ ਕੋਈ ਬੰਦਾ ਕੋਈ ਗੱਲ ਉਹਦੇ ਪੁੱਛੇ ਬਿਨਾ ਕਰਦਾ ਈ ਨਹੀਂ ਸੀ। ਜੁਆਨ ਧੀ ਲਈ ਕਿਸੇ ਨੇ ਦੱਸ ਪਾ'ਤੀ, ਪਈ ਮੁੰਡਾ ਅਮਰੀਕਾ ਤੋਂ ਆਇਐ। ਬੱਸ, ਢਿੱਲੇ ਪੈ ਗਏ ਅਕਲ ਦੇ ਪੇਚ ਅਮਰੀਕਾ ਦਾ ਨਾਂ ਸੁਣ ਕੇ। ਭੱਜ ਕੇ ਘਰ ਆਲੀ ਕੋਲ ਗਿਆ, "ਦਰਸ਼ਣੋ! ਆ ਗਿਆ ਰੱਬ ਨੇੜੇ, ਖੁੱਲ੍ਹ ਗਏ ਰੇਸ਼ਮਾ ਦੇ ਭਾਗ, ਪਾ ਲਈਂ ਮਹਿਲ, ਰੱਖ ਲ੍ਹੀਂ ਗੱਡੀਆਂ।"

ਦਰਸ਼ਣੋ ਨੇ ਉਪਰੋਂ ਤਾਂ ਖੁਸ਼ੀ ਜ਼ਾਹਿਰ ਕਰਦਿਆਂ ਆਖ'ਤਾ, "ਵਧਾਈਆਂ ਹੋਣ ਜੀ" ਪਰ ਅੰਦਰੋਂ ਉਹ ਦਿਨ ਵੀ ਅੱਧਾ ਅੱਗੇ ਘੁੰਮਣ ਲੱਗ ਪਿਆ ਜਦੋਂ ਬਾਪੂ ਉਹਦਾ ਵੀ ਕਦੇ ਅਮਰੀਕਾ 'ਚ ਹੀ ਰਿਸ਼ਤਾ ਕਰਨ ਲੱਗਾ ਸੀ।

ਗੱਲ ਤੁਰਦੀ ਤੁਰਦੀ ਸਿਰੇ ਲੱਗਣ ਤੀਕ ਪਹੁੰਚ ਗਈ। ਵਿਚੋਲਾ ਕੁੜੀ-ਮੁੰਡੇ ਆਲਿਆਂ ਨਾਲੋਂ ਵੀ ਉਤੋਂ ਦੀ ਹੋ ਕੇ ਲੁੱਡੀਆਂ ਪਾਵੇ। ਦਿਨ ਮੁਕੱਰਰ ਹੋ ਗਿਆ ਕਿ ਮੁੰਡੇ ਆਲੇ ਕੁੜੀ ਦੇਖਣ ਆਉਣਗੇ। ਜਗਤ ਰਾਮ ਦੇ ਘਰ ਕੁੜਮਾਈ ਜਿੰਨਾ 'ਕੱਠ। ਕਈ ਪੜ੍ਹੇ-ਲਿਖੇ ਮੱਤਾਂ ਦਈ ਜਾਣ-ਰੇਸ਼ਮੋ ਬੀ.ਏ. ਪਾਸ ਏ। ਸੰਗੀਂ ਨਾ, ਬੋਲ ਦੀਂ 4 ਅੱਖਰ 'ਗਰੇਜ਼ੀ ਦੇ ਤੂੰ ਵੀ। ਭੱਠੀਆਂ ਤਪ ਗਈਆਂ ਸਵੇਰੇ ਈ। ਗੋਭੀ, ਪਾਲਕ, ਪਨੀਰ ਤੇ ਆਲੂਆਂ ਦੀ ਭੱਜ ਭੱਜ ਵੱਢ ਟੁੱਕ ਹੋਵੇ।

ਦਰਸ਼ਣੋ ਨੇ ਥਾਲ 'ਚ ਲੱਡੂਆਂ ਦੀ ਬੂੰਦੀ, ਅੱਧੇ ਲੀਟਰ ਦੇਸੀ ਤੇਲ ਦੀ ਬੋਤਲ ਰੱਖੀ। ਖੜਕ ਗਿਆ ਗੇਟ ਗਿਆਰਾਂ ਕੁ ਵਜੇ। ਵੱਜ ਗਈ ਘੰਟੀ। ਦਰਸ਼ਣੋ ਨੇ ਵਗਾਹ ਕੇ ਮਾਰੀਆਂ ਕੈਂਚੀ ਚੱਪਲਾਂ ਤੇ ਭੱਜ ਪਈ। ਬੂੰਦੀ, ਤੇਲ ਚੁੱਕ ਦੂਹਰੀ ਹੋ ਕੇ। ਗੇਟ ਖੁੱਲ੍ਹਣ ਦੀ ਚੀਂ-ਚੀਂ ਹੋਣ ਤੋਂ ਪਹਿਲਾਂ ਹੀ ਦਰਸ਼ਣੋ ਡਿੱਗ ਪਈ ਦੰਦ ਛਿੱਕੜ ਪੈ ਕੇ। ਦੇਸੀ ਤੇਲ ਬਰੂਹਾਂ 'ਤੇ ਚੋਣ ਤੋਂ ਪਹਿਲਾਂ ਹੀ ਦਰਸ਼ਣੋ ਦੇ ਪਿੰਡੇ 'ਤੇ ਡੁੱਲ੍ਹ ਗਿਆ, ਤੇ ਖਿਲਰ ਗਈ ਵਿਹੜੇ 'ਚ ਬੂੰਦੀ।

ਕੋਈ ਨੱਕ ਘੁੱਟੇ, ਕੋਈ ਮੂੰਹ 'ਚ ਚਮਚਾ ਪਾਵੇ। ਟੱਬਰ, ਰਿਸ਼ਤੇਦਾਰ ਘਾਬਰੇ ਫਿਰਨ। ਬੜੇ ਔਖੇ, ਪੰਜ ਸੱਤ ਮਿੰਟ ਬਾਅਦ ਜਾ ਕੇ ਦੰਦ ਖੁੱਲ੍ਹੇ। ਪਾ'ਤੀ ਦਰਸ਼ਣੋ ਵਿਚਾਰੀ ਮੰਜੇ 'ਤੇ।

ਅੱਧੇ ਕੁ ਘੰਟੇ ਬਾਅਦ ਹੋਸ਼ ਆਈ ਤਾਂ ਇਕ ਗੁਆਂਢਣ ਕਹਿਣ ਲੱਗੀ, "ਹੈਂ ਕੁੜੇ ਦਰਸ਼ਣੋ, ਤੇਰਾ ਤਾਂ ਕਦੇ ਵਾਲ ਨਾ ਵਿੰਗਾ ਹੋਇਆ। ਸੁਣਿਆ ਨ੍ਹੀਂ ਸਿਰ ਵੀ ਕਿਤੇ ਦੁਖਿਆ ਹੋਊ।"

ਸਮਝ ਕਿਸੇ ਨੂੰ ਨਾ ਪਵੇ। ਪਾਣੀ ਦੇ ਛਿੱਟੇ ਮੂੰਹ 'ਤੇ ਮਾਰਦੀ ਤੇ ਕਦੇ ਤਲੀਆਂ ਝੱਸਦੀ ਚੌਕੀਦਾਰਾਂ ਦੀ ਨੂੰਹ ਬੋਲੀ, "ਦਰਸ਼ਣੋ, ਤੈਨੂੰ ਤਾਂ ਚਾਅ ਹੋਣਾ ਚਾਹੀਦੈ, ਅਮਰੀਕਾ ਵਾਲੇ ਜਵਾਈ ਦੀ ਸੱਸ ਬਣਨ ਲੱਗੀ ਸੀ।"

ਦਰਸ਼ਣੋ ਨੇ ਗੁੱਸੇ 'ਚ ਉੱਲਰ ਕੇ ਮਾਰੀਆਂ ਧਾਹਾਂ। ਨਿਕਲ ਗਈ ਕਲਾਵੇ 'ਚੋਂ। "ਵੇ ਰੇਸ਼ਮੋ ਦੇ ਭਾਪਾ, ਕੱਢ ਦੇ ਇਸ ਅਮਰੀਕਾ ਵਾਲੇ ਨੂੰ ਘਰੋਂ ਬਾਹਰ, ਨਹੀਂ ਤਾਂ ਇੱਟ ਮਾਰ ਕੇ ਇਹਦੇ ਦੋ ਸਿਰ ਕਰ ਦੇਣੇ ਆਂ ਮੈਂ।"

ਰਿਸ਼ਤਾ ਵਿਗੜਦਾ ਦੇਖ ਕੇ ਜਗਤ ਰਾਮ ਉਹਦੇ ਮੂੰਹ ਮੂਹਰੇ ਹੱਥ ਦੇਵੇ, "ਗੱਲ ਤਾਂ ਦੱਸ ਹੋਇਆ ਕੀ ਐ?"

"ਉਹ ਸੁਣੋ ਲੋਕੋ! ਇਹ ਕੋਈ ਲਾੜੈ? ਇਹ ਕੰਜਰ ਪੱਚੀ ਸਾਲ ਪਹਿਲਾਂ ਮੈਨੂੰ ਦੇਖਣ ਆਇਆ ਸੀ ਤੇ ਅੱਜ ਮੇਰੀ ਧੀ...।" ਤੇ ਨਾਲ ਈ ਪੈ ਗਈ ਫਿਰ ਦੰਦ ਛਿੱਕੜ।

ਅਮਰੀਕਾ ਆਲੇ ਤਾਂ ਖਿੱਲਰਨ ਤੋਂ ਪਹਿਲਾਂ ਈ ਖਿੱਲਰ ਗਏ ਫਿਰ।

ਜਗਤ ਰਾਮ ਤੇ ਸਿਆਣੇ ਬੰਦੇ ਸਮਝ ਗਏ ਸਨ ਕਿ ਰੱਬ ਆਸਰੇ ਹੀ ਸਿਆਣਪ ਦੇ ਹੂਰੇ ਪੈਣੋ ਬਚ ਗਏ ਨੇ। ਬੰਦੇ ਨੂੰ ਐਵੇਂ ਭਰਮ ਹੀ ਹੁੰਦੈ ਕਿ ਉਹ ਸਿਆਣੈ। ਅਸਲ ਵਿਚ ਉਹ ਕਈ ਵਾਰ ਅਕਲ ਨੂੰ ਕੱਛਾਂ 'ਚ ਦੇ ਕੇ ਭੱਜਿਆ ਹੁੰਦੈ।

ਗੱਲ 1991 ਦੀ ਐ ਜਦੋਂ ਪੰਜਾਬ 'ਚ ਸਵੇਰ ਨੂੰ ਅਖ਼ਬਾਰਾਂ ਹੀ ਦੱਸਦੀਆਂ ਸਨ ਕਿ ਰਾਤ ਦੀਆਂ ਲੋਥਾਂ ਕਿੱਥੇ ਕਿੱਥੇ ਪਈਆਂ ਨੇ! ਕਿਤੇ ਮੁਕਾਬਲੇ ਤੇ ਕਿਤੇ...? ਮਾੜੀ ਕਿਸਮਤ ਨੂੰ ਇਕ ਵਾਰ ਅਕਲ ਮੇਰੇ ਵੀ ਹੱਥੋਂ ਨਿਕਲ ਗਈ। ਉਨ੍ਹਾਂ ਦਿਨਾਂ 'ਚ ਮੈਂ ਬੰਗਿਆਂ ਤੋਂ "ਅਜੀਤ" ਦਾ ਰਿਪੋਰਟਰ ਹੁੰਦਾ ਸੀ ਤੇ ਮੇਰਾ ਮਿੱਤਰ ਇਕ ਲਾਲਾ ਮੇਰੇ ਨਾਲ ਫੋਟੋਗ੍ਰਾਫ਼ਰ ਹੁੰਦਾ ਸੀ। ਦੀਵਾਲੀ ਦਾ ਦੂਜਾ ਦਿਨ। ਦਿਨ ਦਿਹਾੜੇ ਖਾੜਕੂਆਂ ਹੱਥੋਂ ਮਾਰੀ ਗਈ ਸ਼ੱਕੀ ਔਰਤ ਦੀਆਂ ਤਸਵੀਰਾਂ ਲਾਲੇ ਦੀ ਦੁਕਾਨ 'ਤੇ ਕੰਮ ਕਰਨ ਵਾਲਾ ਨਵਾਂ ਜਿਹਾ ਇੱਕੀ ਵਰ੍ਹਿਆਂ ਦਾ ਮੁੰਡਾ ਪਵਨ ਖਿੱਚ ਰਿਹਾ ਸੀ। ਆਥਣੇ ਮੇਰਾ ਨਕੋਦਰ ਲਾਗਲੇ ਪਿੰਡਾਂ ਦੇ ਇਕ ਗਾਇਕ ਜੀਹਨੇ ਕਸੂਰ ਘੱਟ ਤੇ ਕੁੱਟ ਪੁਲਿਸ ਤੋਂ ਨਜਾਇਜ਼ ਖਾਧੀ ਸੀ, ਕੋਲ ਜਾਣ ਦਾ ਪ੍ਰੋਗਰਾਮ ਸੀ।

ਨ੍ਹੇਰਾ ਜਿਹਾ ਹੋਣ ਕਰਕੇ ਮੈਂ ਉਹਨੂੰ ਵੀ ਮਨਾ ਲਿਆ ਕਿ ਚੱਲ, ਦੋਵੇਂ ਚੱਲਦੇ ਆਂ। ਸਵੇਰੇ ਸੁਵਖ਼ਤੇ ਮੁੜ ਆਵਾਂਗੇ। ਮੰਨ ਗਿਆ ਵਿਚਾਰਾ। ਤੇ ਅਸੀਂ ਨ੍ਹੇਰਾ ਹੋਏ ਬੰਗਿਆਂ ਤੋਂ ਸਕੂਟਰ 'ਤੇ ਨਿਕਲ ਪਏ। ਸੁਣਿਆ ਸੀ ਪਰ ਕਮਲੀ ਸਿਵਿਆਂ ਦੇ ਰਾਹ ਪਹਿਲੀ ਵਾਰ ਪੈਂਦੀ ਦੇਖੀ ਸੀ। ਵੀਹ ਕੁ ਥਾਂ ਤਾਂ ਪੁਲਿਸ ਨੇ ਬਹਿਰਾਮ, ਫਗਵਾੜਾ, ਹਦੀਆਬਾਦ ਤੇ ਜੰਡਿਆਲੇ ਤੱਕ ਤਲਾਸ਼ੀ ਲੈ ਕੇ ਕੱਪੜੇ ਅੱਧੇ ਕੁ ਮੈਲੇ ਕਰ'ਤੇ ਸੀ। ਜੰਡਿਆਲੇ ਮੈਂ ਇਕ ਜਾਣ-ਪਛਾਣ ਵਾਲੇ ਪੁਲਿਸ ਵਾਲੇ ਨੂੰ ਪੁੱਛਿਆ ਕਿ ਅੱਜ ਗੱਲ ਕੀ ਐ?

ਤੇ ਜਿਹੜੀ ਗੱਲ ਸੀ, ਉਹ ਸੁਣ ਕੇ ਪਵਨ ਤਾਂ ਪੈ ਗਿਆ ਪੀਲਾ। ਪੁਲਿਸ ਵਾਲਾ ਕਹਿਣ ਲੱਗਾ, "ਦੋ ਖਾੜਕੂ...ਏਸ ਹਲਕੇ 'ਚ ਨੇ, ਤੇ ਪਤਾ ਨ੍ਹੀਂ ਸਵੇਰ ਤੱਕ ਕੀ ਹੋਊ!"

ਇਨ੍ਹਾਂ ਨਾਵਾਂ ਤੋਂ ਤਾਂ ਪੁਲਿਸ ਤ੍ਰਭਕਦੀ ਸੀ। ਨੌਂ ਕੁ ਵਜੇ ਗਾਇਕ ਦੇ ਪਿੰਡ ਪਹੁੰਚੇ। ਪੂਰਾ ਪਿੰਡ ਇਉਂ ਲੱਗਦਾ ਸੀ ਜਿਵੇਂ ਜਲੰਧਰ ਵਾਲੀ ਛਾਉਣੀ ਦਾ ਨਾਂ ਬਦਲ ਗਿਆ ਹੋਵੇ। ਮਸ਼ੀਨਗੰਨਾਂ ਨਾਲ ਚੱਪਾ ਚੱਪਾ ਘੇਰਿਆ ਪਿਆ ਸੀ।

ਐਂ ਲੱਗਦਾ ਸੀ ਕਿ ਗਾਇਕ ਦੇ ਘਰ ਤਾਂ ਪਹੁੰਚ ਗਏ ਹਾਂ ਪਰ ਜਾਨ ਬਾਹਰ ਰਹਿ ਗਈ ਹੈ। ਉਹਨੇ ਘਰ ਦੀ ਕੱਢੀ ਮੂਹਰੇ ਰੱਖ'ਤੀ। ਤੇ ਜਿਹੜੇ ਪਵਨ ਨੇ ਠੇਕਾ ਵੀ ਨਹੀਂ ਦੇਖਿਆ ਸੀ, ਕਹਿਣ ਲੱਗਾ, "ਦੋ ਪੈੱਗ ਪਾ ਦੇ 'ਕੱਠੇ।...'ਤੇ ਚਾੜ੍ਹ ਲਏ ਸਰਬਤ ਵਾਂਗ।"

ਗਾਇਕ ਦੀ ਬਹਾਦਰੀ ਸੁਣ ਕੇ ਮਾਰ'ਤੀ ਲੇਰ ਪਵਨ ਨੇ ਜਦੋਂ ਆਂਹਦਾ, "ਫਿਕਰ ਨਾ ਕਰੋ, ਦੋ ਜਣਿਆਂ ... ਤੇ ... ਨੇ ਆਉਣਾ, ਬੀਬੀ ਵਾਲੇ ਕਮਰੇ 'ਚ ਸੌਣਗੇ।"

ਤੇ ਇਹ ਉਹੀ ਦੋਵੇਂ ਸਨ ਜਿਨ੍ਹਾਂ ਨੂੰ ਪੁਲਿਸ ਲੱਭਦੀ ਸੀ। ਕਰ ਲਿਆ ਹੋਣੀ ਨੇ ਕਬਜ਼ਾ ਘਰ 'ਤੇ। ਪਵਨ ਉੱਚੀ ਉੱਚੀ ਰੋਂਦਾ ਕਹੇ, "ਭਾ ਜੀ, ਮੈਂ ਤਿੰਨ ਸਾਲ ਥੋਡੇ ਨਾਲ ਫੋਟੋਆਂ ਖਿੱਚੀਆਂ, ਤੇ ਤੁਸੀਂ ਆਹ ਬੇਈਮਾਨੀ ਕੀਤੀ ਮੇਰੇ ਨਾਲ। ਘਰਦਿਆਂ ਦਾ 'ਕੱਲਾ ਪੁੱਤ ਆਏਂ ਭੁਲੇਖੇ 'ਚ ਮਰਾਉਣਾ ਸੀ?"

ਮੈਂ ਬਥੇਰਾ ਕਹਾਂ ਕਿ ਮੈਨੂੰ ਵੀ ਪਤਾ ਨ੍ਹੀਂ ਸੀ, ਭੁਲੇਖੇ 'ਚ ਆ ਗਿਆ ਮੈਂ।

ਤੇ ਅਗਲਾ ਪਲ ਹੋਰ ਵੀ ਪਹਾੜ ਜਿੱਡਾ। ਮਾੜੀ ਕਿਸਮਤ ਗਾਇਕ ਦੇ ਛੜੇ ਤਾਏ ਨੇ ਦੀਵਾਲੀ ਦੀ ਬਚਦੀ ਆਤਿਸ਼ਬਾਜ਼ੀ ਚੁੱਲ੍ਹੇ 'ਚ ਰੱਖ ਕੇ ਚਲਾ'ਤੀ। ਥਾਏਂ ਘੁੰਮ ਕੇ ਉਹਦਾ ਪਟਾਕਾ ਵੱਜ ਗਿਆ।

ਬਾਹਰੋਂ ਖੋਲ੍ਹ'ਤੇ ਅਸਾਲਟਾਂ ਦੇ ਮੂੰਹ। ਬੱਤੀਆਂ ਬੰਦ। ਗਲੀ ਨਾਲ ਲਗਦੇ ਕਮਰੇ 'ਚ ਮੈਂ ਤੇ ਪਵਨ ਬੰਦ। ਪਵਨ ਮਿੰਟ ਕੁ ਬਾਅਦ ਕਹਿ ਦਿਆ ਕਰੇ, "ਚੱਲ ਗੁਆਂਢੀਆਂ ਦਾ ਦਰਵਾਜਾ ਖੜਕਾ ਕੇ ਉਨ੍ਹਾਂ ਦੇ ਰਾਤ ਕੱਟ ਲਈਏ।"

ਉਹ ਉੱਠ ਉੱਠ ਕੇ ਰੋਵੇ, "ਹਾਏ ਭਾਪਾ, ਹੁਣ ਨ੍ਹੀਂ ਤੂੰ ਦੇਖਣਾ ਪਵਨ ਦਾ ਮੂੰਹ।"

ਤੜਕੇ ਤੱਕ ਬਾਹਰ ਗੋਲੀ ਚੱਲਦੀ ਰਹੀ। ਇਹ ਵੀ ਜ਼ਿੰਦਗੀ 'ਚ ਪਹਿਲੀ ਵਾਰ ਦੇਖਿਆ ਸੀ ਕਿ ਬੱਚੇ ਤਾਂ ਬਿਸਤਰਾ ਗਿੱਲਾ ਕਰ ਦਿੰਦੇ ਨੇ, ਪਰ ਪਵਨ ਵਰਗੇ ਗੱਭਰੂ ਵੀ...?

ਸਾਰੀ ਰਾਤ ਉਹਨੇ ਮੈਨੂੰ ਬਦ-ਦੁਆਵਾਂ ਦਿੱਤੀਆਂ। ਕਦੇ ਕਹੇ, ਬਚ ਗਿਆ ਤਾਂ ਕੈਮਰਾ ਵੀ ਸਵੇਰੇ ਤੋੜੂੰ ਤੇ ਥੋਡੀ ਸ਼ਕਲ ਵੀ ਮੁੜ ਨਹੀਂ ਦੇਖਣੀ।

ਸੱਤ ਵਜੇ ਬਿਨਾ ਮੂੰਹ ਧੋਤੇ ਤੋਂ ਸਕੂਟਰ 'ਤੇ ਤੁਰ ਪਏ ਤਾਂ ਅੱਡੇ 'ਚ ਪੁਲਿਸ ਨੇ ਲਾ ਲਏ ਲਾਈਨ 'ਚ। ਅਖ਼ਬਾਰੀ ਕਾਰਡ ਉੱਦਣ ਸੱਚੀਂ ਕੰਮ ਆ ਗਿਆ ਸੀ ਪਰ ਟਰਾਲੀ 'ਚ ਤਿੰਨ ਲਾਸ਼ਾਂ ਪਈਆਂ ਸਨ। ਪਵਨ ਨੇ ਜੰਡਿਆਲੇ ਤੀਕਰ ਨੇਰ੍ਹੀ ਵਾਂਗ ਸਕੂਟਰ ਚਲਾਇਆ ਤੇ ਅੱਡੇ 'ਤੇ ਰੋਕ ਕੇ ਭੱਜ ਕੇ ਬੱਸ ਚੜ੍ਹਨ ਲੱਗਾ ਕਹਿ ਗਿਆ, "ਆਪੇ ਮਰ ਚਲਾ ਸਕੂਟਰ, ਸਾਡੀ ਦੁਕਾਨ 'ਤੇ ਨਾ ਆਈਂ।"

ਅਗਲੇ ਦਿਨ ਅਖ਼ਬਾਰਾਂ 'ਚੋਂ ਹੀ ਪਤਾ ਲੱਗਾ ਸੀ ਮਰਨ ਵਾਲਿਆਂ 'ਚ ਉਹ ਦੋ ਨਾਂ ਨਹੀਂ ਸਨ ਜਿਹੜੇ ਸਾਨੂੰ ਪੁਲਿਸ ਆਲੇ ਨੇ ਦੱਸੇ ਸਨ। ਇਸ ਤੋਂ ਬਾਦ ਮੈਂ ਸਿਆਣੇ ਹੋਣ ਦਾ ਭਰਮ ਛੱਡ ਦਿੱਤਾ ਸੀ।

**ਅੰਤਿਕਾ:**

ਪੱਥਰਾਂ ਉਤੇ ਤੁਰਨਾ ਸਿੱਖਿਆ
ਕੰਡਿਆਂ 'ਤੇ ਵੀ ਦੌੜ ਰਹੇ ਹਾਂ।
ਪੰਛੀਆਂ ਤੋਂ ਵੀ ਲੈ ਕੇ ਸਿੱਖਿਆ
ਤੀਲਾ ਤੀਲਾ ਜੋੜ ਰਹੇ ਹਾਂ।
ਉਲਟੇ ਰਾਸਤੇ ਜਾਂਦੇ ਮਨ ਨੂੰ
ਤਰਲੇ ਕਰਕੇ ਮੋੜ ਰਹੇ ਹਾਂ।
ਸ਼ਬਦਾਂ ਦੀ ਹੱਥ ਚਾਬੀ ਲੈ ਕੇ
ਚੁੱਪ ਦੇ ਜਿੰਦਰੇ ਤੋੜ ਰਹੇ ਹਾਂ।

*(ਨੀਲਮ ਸੈਣੀ ਦੀ "ਹਰਫਾਂ ਦੀ ਡੋਰ" 'ਚੋਂ)*

## ਗੱਲ ਬਣੀ ਕਿ ਨਹੀਂ

*ਐਸ. ਅਸ਼ੋਕ ਭੌਰਾ*

### ਆਉਣ ਵਾਲੇ ਸਾਲ

ਸੱਚੀਆਂ ਨੇ ਸੋਲਾਂ ਆਨੇ, ਜਿਹੜੀਆਂ ਸੁਣਾਉਣ ਲੱਗਾਂ
ਇਨ੍ਹਾਂ ਗੱਲਾਂ ਦਾ ਵੀ ਥੋੜ੍ਹਾ ਕਰਿਓ ਖਿਆਲ ਜੀ।
ਕੱਛ ਵਿਚ ਪੱਗ ਲੈ ਕੇ ਖੂੰਜੇ ਬੈਠਾ ਝੂਰੇ ਬਾਪੂ
ਘੂਰਦੇ ਨੇ ਏਥੇ ਜਿਹਨੂੰ ਪਾਲੇ ਹੱਥੀਂ ਲਾਲ ਜੀ।
ਧੀਆਂ ਦੇ ਪਿਆਰ ਦੀਆਂ ਪੁੱਠੀਆਂ ਕਹਾਣੀਆਂ ਨੇ
ਮਾਂ ਨੂੰ ਕਰਾਉਣ ਚੁੱਪ ਸ਼ੱਟ ਅੱਪ ਨਾਲ ਜੀ।
ਬੜਿਆਂ ਖ਼ਬੰਦਾਂ ਹੱਟ ਖੋਲ੍ਹੀ ਬਦਕਾਰੀਆਂ ਦੀ
ਪਿਆਰ ਵਾਲੇ ਬੀਬੀਆਂ ਵਿਛਾਏ ਬੜੇ ਜਾਲ ਜੀ।
ਪਰਸਾਂ 'ਚ ਨਸ਼ੇ ਦੀਆਂ ਗੋਲੀਆਂ ਪੜ੍ਹਾਕਣਾਂ ਦੇ
ਜਵਾਨੀ ਹੱਥੋਂ ਹੋ ਗਿਆ ਸਮਾਜ ਤਾਂ ਕੰਗਾਲ ਜੀ।
ਭਰੇ ਨੂੰ ਭਰੀ ਜਾਣ ਢਿੱਡ ਦੇਖੋ ਕਿੱਡਾ ਵੱਡਾ
ਚੱਲੀ ਏ ਹਕੂਮਤਾਂ ਨੇ ਕੈਸੀ ਵੇਖੋ ਚਾਲ ਜੀ।
ਕੰਧਾਂ ਵਿਚ ਮਾਰਦੇ ਸਿਆਣੇ ਬੰਦੇ ਸਿਰ ਵੇਖੋ
ਖੌਰੇ ਕਿਹੋ ਜਿਹੇ ਆਉਣੇ, ਆਉਣ ਵਾਲੇ ਸਾਲ ਜੀ

## ਕਾਸਦਾ ਸ਼ੁਕੀਨ ਨੱਕ ਵੱਟੇ ਮੇਲੇ ਤੋਂ

### ਧੁੱਪੇ ਬੈਠੀਆਂ ਯਾਦਾਂ

ਬੱਚਾ ਜੰਮਣ 'ਤੇ ਲੋਕ ਵਧਾਈਆਂ ਹੀ ਦੇਣ ਜਾਂਦੇ ਨੇ, ਪਿਓ ਬਾਹਰ ਬੈਠਾ ਦਾਈਆਂ ਤੋਂ ਖ਼ਬਰ ਸੁਣਨ ਦੀ ਉਡੀਕ 'ਚ ਹੁੰਦੈ ਕਿ ਲੋਹੜੀ ਵੰਡਾਂਗੇ, ਕਿ ਡੋਲੀ ਤੋਰਨੀ ਪਵੇਗੀ ਪਰ ਸਿਰਫ ਮਾਂ ਨੂੰ ਹੀ ਪਤਾ ਹੁੰਦੈ ਕਿ ਨੌਂ ਮਹੀਨੇ ਕੱਟੇ ਕਿਵੇਂ ਐ?...ਤੇ ਜਣੇਪਾ ਪੀੜਾ ਸੋਹਣੀ ਦੇ ਕੱਚੇ ਘੜੇ 'ਤੇ ਝਨਾਂ ਟੱਪਣ ਤੋਂ ਵੀ ਔਖੀ ਸੀ। ਬਹੁਤ ਸਾਰੇ ਗਾਇਕਾਂ ਨੂੰ ਸਿਰਫ਼ ਤੁਸੀਂ ਸਟਾਰ ਬਣਿਆ ਦੇਖਿਆ ਹੈ ਪਰ ਮੈਂ ਤੇ ਹੈ। ਫਿਰੋਜ਼ਪੁਰ 'ਚ ਕੰਧ ਵਾਲਾ ਸ਼ੇਖ ਦੇ ਮੇਲੇ ਤੋਂ ਪਰਤਦਿਆਂ ਨ੍ਹੇਰਾ ਹੋ ਗਿਆ। ਮੈਂ 'ਕੱਲਾ ਸੀ, ਜੱਸੋਵਾਲ ਕਹਿੰਦਾ-ਤੈਨੂੰ ਇਕ ਮੁੰਡਾ ਦੇਨਾਂ, ਇਹਨੂੰ ਲੈ ਜਾ, ਗੱਡੀ-ਗੁੱਡੀ ਖਰਾਬ ਹੋ ਜਾਂਦੀ ਹੈ।...ਉਹੀ ਗੱਲ ਹੋਈ, ਮੱਖੂ ਲਾਗੇ ਟਾਇਰ ਪੰਚਰ ਹੋ ਗਿਆ। ਮੁੰਡਾ ਮੈਨੂੰ ਆਂਹਦਾ-ਅੰਕਲ ਟਾਇਰ ਮੈਂ ਬਦਲਾਂਗਾ। ਅੱਧੀ ਰਾਤ ਨੂੰ ਠੁਰ ਠੁਰ ਕਰਦੀ ਠੰਢ 'ਚ ਬੰਗੇ ਪਹੁੰਚੇ। ਇਕ ਖੋਖੇ ਆਲੇ ਢਾਬੇ



ਜੱਸੋਵਾਲ ਨੇ ਬਹੁਤ ਸਾਰੇ ਅਣ-ਦਾੜ੍ਹੀਏ ਫੜੇ ਤੇ ਮੁਕੰਮਲ ਕਲਾਕਾਰ ਬਣਾ ਕੇ ਨੋਟਾਂ ਆਲੀ ਗੱਡੀ 'ਚ ਚੜ੍ਹਾਏ। ਦੂਰਦਰਸ਼ਨ ਦੇ ਕਈ ਪ੍ਰੋਡਿਊਸਰਾਂ ਦੀਆਂ ਮਿੰਨਤਾਂ ਇਨ੍ਹਾਂ ਨਾਲੋਂ ਵੱਧ ਅਸੀਂ ਕੀਤੀਆਂ ਹੋਣੀਆਂ ਨੇ। ਮੇਲੇ ਲੱਗੀ ਤਾਂ ਜਾਂਦੇ ਨੇ, ਲਾਈ ਵੀ ਜਾਂਦੇ ਨੇ ਪਰ ਕਿਲਾ ਰਾਏਪੁਰ ਦੀਆਂ ਖੇਡਾਂ, ਪ੍ਰੋ. ਮੋਹਨ ਸਿੰਘ ਮੇਲਾ ਅਤੇ ਸ਼ੌਂਕੀ ਮੇਲੇ ਵਰਗਾ ਕੰਮ ਕਰਨਾ ਔਖਾ ਬਹੁਤ ਹੈ।

ਫੋਟੋ ਨੂੰ ਧਿਆਨ ਨਾਲ ਦੇਖਿਓ। ਇਹ ਸੰਗੀਤ ਕਲਾ ਦੇ ਇਤਿਹਾਸ ਦੀ ਕੋਈ ਵੰਨਗੀ 'ਤੇ ਮਾਂਹਾਂ ਦੀ ਦਾਲ ਨਾਲ ਰੋਟੀ ਖੁਆਈ। ਸਵੇਰੇ ਨੌਰੇ ਤੋਂ ਬੱਸ ਚੜ੍ਹਾਇਆ। ਧਿਆਨ ਨਾਲ ਦੇਖਿਓ, ਇਹ ਵਿਚਾਲੇ ਪੱਗ ਵਾਲਾ ਅਣ-ਦਾੜ੍ਹੀਆ ਮੁੰਡਾ ਕੌਣ ਐ? ਜੀਹਦਾ ਗੁਰਜਤਿੰਦਰ ਰੰਧਾਵਾ ਸੌ ਰੁਪਏ ਦੇ ਨਾਲ ਗਿਫਟ ਦੇ ਕੇ ਸਨਮਾਨ ਕਰਵਾ ਰਿਹੈ। ਇਹ ਉਹੀ ਮੁੰਡੈ ਜਿਹਦੀ ਮੈਂ ਮੇਲੇ ਤੋਂ ਨਾਲ ਆਉਣ ਦੀ ਗੱਲ ਕਰਦੈਂ; ਯਾਨਿ ਰਵਿੰਦਰ ਗਰੇਵਾਲ। ਪੀਂਘ ਪਾਉਣੀ ਹੀ ਔਖੀ ਐ, ਝੂਟੇ ਜਿਹੜਾ ਮਰਜ਼ੀ ਲੈ ਜਾਵੇ।

*-ਐਸ. ਅਸ਼ੋਕ ਭੌਰਾ*

# ਕੰਵਲ ਦੀ ਇਤਿਹਾਸ ਬਾਰੇ ਗੁਮਰਾਹਕੁਨ ਇਕਹਿਰੀ ਸਮਝ

*ਨਾਵਲਕਾਰ ਜਸਵੰਤ ਸਿੰਘ ਕੰਵਲ ਬਾਰੇ ਲੇਖ ਦੇ ਇਸ ਤੀਜੇ ਭਾਗ ਵਿਚ ਗੁਰਦਿਆਲ ਸਿੰਘ ਬਲ ਨੇ ਸਮਕਾਲੀ ਇਤਿਹਾਸ ਬਾਰੇ ਕੰਵਲ ਦੀ ਇਕਹਿਰੀ ਪਹੁੰਚ ਵਾਲੀ ਸਮਝ ਦੀ ਨਿਸ਼ਾਨਦੇਹੀ ਕੀਤੀ ਹੈ ਅਤੇ ਇਸ ਨੂੰ ਪੰਜਾਬੀਅਤ ਦੇ ਸੰਕਲਪ ਨੂੰ ਗੁੰਮਰਾਹ ਕਰਨ ਵਾਲੀ ਗਰਦਾਨਿਆ ਹੈ। ਕੰਵਲ ਦੀਆਂ ਲਿਖਤਾਂ ਵਿਚ ਇਕਹਿਰੀ ਪਰਤ ਵਾਲੇ ਇਹ ਵੇਰਵੇ ਸਿੱਖਾਂ, ਪੰਜਾਬ ਅਤੇ ਕਮਿਊਨਿਸਟਾਂ ਬਾਰੇ ਹਨ। ਉਹ ਆਵਾਮ ਲਈ ਕੌਮੀ ਸੰਘਰਸ਼ਾਂ ਦੀ ਗੱਲ ਕਰਦਾ ਕਰਦਾ ਕਦੋਂ ਆਵਾਮ ਅਤੇ ਫਿਰ ਸਿੱਖੀ ਸਿਧਾਂਤਾਂ ਦੇ ਹੀ ਖਿਲਾਫ ਭੁਗਤ ਜਾਂਦਾ ਹੈ, ਪਤਾ ਹੀ ਨਹੀਂ ਲਗਦਾ ਹੈ। ਇਸੇ ਕਰਕੇ ਹੀ ਉਹ ਯੂ.ਪੀ-ਬਿਹਾਰ ਤੋਂ ਆਉਣ ਵਾਲੇ ਕਾਮਿਆਂ ਨੂੰ ਨਫਰਤ ਕਰਦਾ ਹੈ ਅਤੇ ਪੰਜਾਬ ਤੋਂ ਪਰਦੇਸਾਂ ਵਿਚ ਜਾ ਵਸੇ ਪੰਜਾਬੀਆਂ ਨੂੰ ਮਿਹਣੇ ਮਾਰਦਾ ਹੈ। ਹੌਲੀ ਹੌਲੀ ਉਹਦੀ ਲਿਖਤ ਵਿਚੋਂ ਰਹਿੰਦਾ-ਖੂੰਹਦਾ ਤਰਕ ਵੀ ਕਾਫੂਰ ਹੋ ਜਾਂਦਾ ਹੈ ਅਤੇ ਬਾਕੀ ਨਿਰੀ ਮਾਅਰਕੇਬਾਜ਼ੀ ਅਤੇ ਫਤਵੇਬਾਜ਼ੀ ਹੀ ਬਚਦੀ ਹੈ। ਕੰਵਲ ਮੌਜੂਦਾ ਗੁੰਝਲਦਾਰ ਮਸਲੇ ਨੂੰ ਹੱਦੋਂ ਵੱਧ ਸਰਲ ਬਣਾ ਦਿੰਦਾ ਹੈ। ਸੱਤਾ ਧਿਰ ਦੀ ਅਕਸਰ ਇਹੀ ਇੱਛਾ ਹੁੰਦੀ ਹੈ ਕਿ ਵੇਲੇ-ਕੁਵੇਲੇ ਕੋਈ ਜਣਾ ਆਵਾਮ ਨੂੰ ਇਉਂ ਹੀ ਭਾਵੁਕਤਾ ਦੀ ਭੱਠੀ ਵਿਚ ਤਪਾਈ ਰੱਖੇ। ਸੱਤਾਧਾਰੀਆਂ ਲਈ ਇਹ ਸ਼ੁਭ ਕਾਰਜ ਬਾਈ ਕੰਵਲ ਪਿਛਲੇ ਸਮੇਂ ਦੌਰਾਨ ਬੜੇ ਧੜੱਲੇ ਨਾਲ ਕਰ ਰਿਹਾ ਹੈ। ਬਲ ਨੇ ਇਸ ਭਾਵੁਕਤਾ ਦੀ ਸ਼ਨਾਖਤ ਬਹੁਤ ਖੂਬਸੂਰਤੀ ਨਾਲ ਕੀਤੀ ਹੈ। -ਸੰਪਾਦਕ*

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਜਸਵੰਤ ਸਿੰਘ ਕੰਵਲ 'ਸੱਚ ਦੀ ਬੇਲਾ' ਨਾਂ ਦੀ ਇਲਹਾਮੀ ਸੁਰ ਵਾਲੀ ਆਪਣੀ ਪੁਸਤਕ ਦੇ ਸ਼ੁਰੂਆਤੀ ਸਫਿਆਂ ਵਿਚ ਦਸਦੇ ਹਨ, "ਜਦੋਂ ਦੀ ਹੋਸ਼ ਸੰਭਾਲੀ ਐ, ਮੈਂ ਸਿੱਖ ਸਿਧਾਂਤ ਤੇ ਸਾਇੰਸੀ ਵਿਚਾਰਾਧਾਰਾ ਨੂੰ ਸੱਜੇ ਖੱਬੇ ਰੱਖ ਕੇ ਤੁਰਿਆ ਰਿਹਾ ਹਾਂ...ਸਿੱਖ ਜਜ਼ਬੇ ਅਤੇ ਸਾਇੰਸੀ ਸੂਝ ਦੇ ਸਾਂਝੇ ਪੈਂਤੜੇ ਨਾਲ ਪੰਜਾਬ ਹੀ ਨਹੀਂ ਦੁਨੀਆਂ ਭਰ

**ਗੁਰਦਿਆਲ ਸਿੰਘ ਬੱਲ**

ਦੇ ਕਿਰਤੀ ਲੋਕਾਂ ਦਾ ਕਲਿਆਣ ਹੋ ਸਕਦਾ ਹੈ। ਨਾ ਇਹ ਸੱਚ ਸੂਝ ਸਿੱਖਾਂ ਪਕੜੀ ਤੇ ਨਾ ਹੀ ਕਮਿਊਨਿਸਟ ਭਾਈਚਾਰੇ ਦੇ ਸਿਰ ਵੜੀ। ਦੋਵੇਂ ਆਪਣੀ ਆਪਣੀ ਥਾਂ ਫੋਕੀਆਂ ਡੀਂਗਾਂ ਮਾਰਦੇ ਰਹੇ।"

ਫਿਰ ਅਗਲੇ ਹੀ ਪਹਿਰੇ ਵਿਚ ਉਹ ਬੜੇ ਹੀ ਮਾਸੂਮ ਅੰਦਾਜ਼ ਵਿਚ ਫਰਮਾਉਂਦੇ ਹਨ, "ਪੰਜਾਬੀ ਕਾਂਗਰਸੀਆਂ ਕੋਲ ਨਾ ਅਕਲ ਹੈ ਨਾ ਜ਼ਮੀਰ...(ਅਤੇ) ਅਕਲ ਤੋਂ ਖਾਲੀ, ਸੋ ਅਕਾਲੀ ਭਾਈ ਜਾਣੀਏ।"

ਇਸੇ ਪੁਸਤਕ ਦੇ ਦੂਸਰੇ ਕਾਂਡ ਵਿਚ ਸਿਧਰੇਪਣ ਦੀਆਂ ਸਿਖਰਾਂ ਛੂੰਹਦਿਆਂ ਕੰਵਲ ਸਾਹਿਬ ਦੀ ਮੱਤ ਹੈ, "ਪਾਕਿਸਤਾਨ ਬਣਾਉਣਾ ਤਾਂ ਮੁਸਲਮਾਨਾਂ ਨੇ ਸੋਚਿਆ ਹੀ ਨਹੀਂ ਸੀ। ਇਸ ਦਾ ਬਾਨਣੂੰ ਤਾਂ ਸਵਾਮੀ ਦਇਆ ਨੰਦ ਨੇ ਬੰਨ੍ਹਿਆ।" ਇਸੇ ਕਾਂਡ ਵਿਚ ਅੱਗੇ ਜਾ ਕੇ ਉਹ ਗਾਂਧੀ-ਜਿਨਾਹ ਵਾਰਤਾ ਵਿਚ ਗਾਂਧੀ ਵਰਗੇ ਚਲਾਕ ਬਾਣੀਏ ਨੂੰ ਜਿਨਾਹ ਦੇ 'ਜੇਤੂ ਤਰਕ' ਅਗੇ ਲਾਜਵਾਬ ਹੋਇਆ ਸਿੱਧ ਕਰ ਮਾਰਦੇ ਹਨ।

ਪੁਸਤਕ ਦੇ ਤੀਸਰੇ ਕਾਂਡ ਵਿਚ ਵੇਦਾਂਤ ਵਰਗੇ ਸੂਖਮ ਦਾਰਸ਼ਨਿਕ ਸਿਧਾਂਤ ਦੀ ਬਹੁਤ ਹੀ ਜ਼ਾਹਰਾਨਾ ਜਟਕੇ ਅੰਦਾਜ਼ ਵਿਚ ਅਜਿਹੀ ਅਹੀ ਤਹੀ ਫੇਰੀ ਗਈ ਹੈ ਕਿ ਮੂੰਹ ਵਿਚੋਂ ਆਪ ਮੁਹਾਰੇ ਹੀ "ਕੰਵਲ ਸਾਹਿਬ-ਧੰਨ ਹੋ!, ਧੰਨ ਹੋ !!" ਦੇ ਬੋਲ ਨਿਕਲ ਉਠਦੇ ਹਨ। ਇਸੇ ਕਾਂਡ ਵਿਚ ਵਿਦਵਾਨ ਲੇਖਕ ਇੰਗਲੈਂਡ ਵਿਚ ਹੋਈ ਗੋਲਮੇਜ ਕਾਨਫਰੰਸ ਦਾ ਖੁਲਾਸਾ ਇਨ੍ਹਾਂ ਸ਼ਬਦਾਂ ਵਿਚ ਕਰਦੇ ਹਨ, "ਸੋ ਅੰਗਰੇਜ਼ ਨੇ ਕਾਂਗਰਸ, ਲੀਗ ਅਤੇ ਅਕਾਲੀ ਦਲ ਦੇ ਤਰਜਮਾਨਾਂ ਨੂੰ ਰਾਜਭਾਗ ਦੇਣ ਲਈ ਵਲੈਤ ਸੱਦ ਲਿਆ। ਕਾਂਗਰਸ ਦਾ ਨਹਿਰੂ, ਮੁਸਲਿਮ ਲੀਗ ਦਾ ਮਿਸਟਰ ਜਿਨਾਹ ਤੇ ਅਕਾਲੀਆਂ ਦਾ ਬਲਦੇਵ ਸਿੰਘ ਜਹਾਜ਼ ਚੜ੍ਹ ਗਏ। ਸਾਡੇ ਬਲਦੇਵ ਸਿੰਘ ਦੀ ਕੋਈ ਡਿਗਰੀ ਨਹੀਂ। ਉਹ ਮਹਿਜ਼ ਮਾਸਟਰ ਤਾਰਾ ਸਿੰਘ ਨੂੰ ਫੰਡ ਦੇ ਕੇ ਲੀਡਰ ਬਣਿਆ ਸੀ। ਲਿਆਕਤ ਵਜੋਂ ਲੋਹਾ ਕੁੱਟ ਸਿਫਰ ਹੀ ਸੀ। ਨਹਿਰੂ ਤੇ ਜਿਨਾਹ ਰਾਜਨੀਤੀ ਦੇ ਸ਼ਾਤਰ...ਅਤੇ ਵਿਚਾਰਾ ਬਲਦੇਵ ਸਿੰਘ ਹਾਂ ਹੂੰ ਵੀ ਨਾ...ਸ਼ਾਤਰ ਕੌਰਵਾਂ ਵਿਚ ਕਿੱਥੇ ਪੈਰ ਲੱਗਣੇ ਸਨ ਵਿਚਾਰੇ ਬਲਦੇਵ ਸਿੰਘ ਸਿਰ ਖਾਲੀ ਦੇ।"

'ਸੱਚ ਦੀ ਬੇਲਾ' ਦਾ ਚੌਥਾ ਕਾਂਡ ਹੋਰ ਵੀ ਦਿਲਚਸਪ ਹੈ। ਇਸ ਕਾਂਡ ਵਿਚ ਬਟਵਾਰੇ ਤੋਂ ਕਈ ਵਰ੍ਹੇ ਪਿੱਛੋਂ ਕੰਵਲ ਬਾਈ ਜੀ ਗੁਰੂ ਗੁਰਦੁਆਰਾ ਡੇਰਾ ਸਾਹਿਬ ਲਾਹੌਰ ਵਿਖੇ ਸ. ਹਰੀ ਸਿੰਘ ਨਾਂ ਦੇ ਕਿਸੇ ਸੱਜਣ ਨਾਲ ਹੋਈ ਵਾਰਤਾਲਾਪ ਹੂ-ਬ-ਹੂ ਸੁਣਾਉਣ ਦਾ ਦਾਅਵਾ ਕਰਦੇ ਸਨ। ਇਸ ਵਾਰਤਾਲਾਪ ਅਨੁਸਾਰ ਹੋਣੀਆਂ ਭਰਪੂਰ ਉਸ ਇਤਿਹਾਸਕ ਮੋੜ 'ਤੇ ਸਿੱਖ ਮੁਸਲਿਮ ਆਗੂ ਮੁਹੰਮਦ ਅਲੀ ਜਿਨਾਹ ਤੋਂ ਬੜਾ ਕੁਝ ਲੈ ਸਕਦੇ ਸਨ 'ਪ੍ਰੰਤੂ ਮਾਸਟਰ ਤਾਰਾ ਸਿੰਘ ਦੀ ਰਾਜਨੀਤਕ ਬੇਸਮਝੀ ਨੇ ਕੌਮ ਦਾ ਬੇੜਾ ਡੋਬ ਦਿੱਤਾ।'

ਇਸੇ ਕਾਂਡ ਵਿਚ ਸਫਾ 43 ਉਪਰ ਮਿਸਟਰ ਜਿਨਾਹ ਹਰੀ ਸਿੰਘ ਨੂੰ ਕਹਿ ਰਹੇ ਹਨ, "ਜੇ ਤੁਸੀਂ ਸਿੱਖ ਸਾਡੇ ਨਾਲ ਆ ਜਾਓ, ਪਾਕਿਸਤਾਨ ਦੀ ਹੱਦ ਅੰਮ੍ਰਿਤਸਰ ਅਤੇ ਲਾਹੌਰ ਵਿਚਕਾਰੋਂ ਹਟ ਕੇ ਮਾਰਕੰਡਾ ਦਰਿਆ ਤੱਕ ਪਹੁੰਚ ਸਕਦੀ ਹੈ। ਧਿਆਨ ਨਾਲ ਸੁਣ, ਫਿਰ ਤੁਹਾਡਾ ਪੰਜਾਬੀ ਸੂਬਾ ਝਨਾਂ ਤੋਂ ਤੁਰ ਕੇ ਮਾਰਕੰਡਾ ਦਰਿਆ ਤਕ ਪੁੱਜ ਜਾਵੇਗਾ। ਮਾਰਕੰਡਾ ਦਰਿਆ ਤੋਂ ਝਨਾਂ ਤੱਕ ਆਬਾਦੀ ਦੀ ਗਿਣਤੀ 40 ਫੀਸਦੀ ਹਿੰਦੂ, 40 ਫੀਸਦੀ ਮੁਸਲਮਾਨ ਅਤੇ 20 ਫੀਸਦੀ ਸਿੱਖਾਂ ਦੀ ਬਣਦੀ ਹੈ। ਮੈਂ ਪੱਕੇ ਦਾਅਵੇ ਨਾਲ ਆਖਦਾ ਹਾਂ, ਚਾਲੀ ਫੀਸਦੀ ਹਿੰਦੂ ਸਿੱਖ ਬਣ ਜਾਣਗੇ। ਤੇ ਇਉਂ ਤੁਹਾਡੀ ਭਾਰੂ ਸਿੱਖ ਹੋਂਦ ਵਾਲੇ ਅਜਿਹੇ ਸੂਬੇ ਵਿਚ ਸਰਕਾਰ ਬਣੀ ਰਹੇਗੀ।" (ਅਖੇ) 'ਏਨੀ ਆਖ ਕੇ ਜਿਨਾਹ ਨੇ ਖੁੱਲ੍ਹੇ ਦਿਲ ਨਾਲ ਬਾਹਾਂ ਚੁੱਕ ਦਿੱਤੀਆਂ।'

ਕੰਵਲ ਬਾਈ ਜੀ ਦੀ ਅਜਿਹੀ ਇਕਹਿਰੀ ਸਮਝ ਦੀ ਸਿਖਰ ਚੌਥੇ ਕਾਂਡ ਦੀ ਇਸ ਅੰਤਿਮ ਸਤਰ ਨਾਲ ਹੁੰਦੀ ਹੈ, "ਸਿੱਖ ਕੌਮ ਦੀ ਸੁਰੱਖਿਆ ਲਈ ਐਨੀਆਂ ਵੱਡੀਆਂ ਸਹੂਲਤਾਂ ਵਾਲੀਆਂ ਸ਼ਰਤਾਂ ਲੈ ਕੇ ਉਹ ਸ੍ਰੀ ਅੰਮ੍ਰਿਤਸਰ ਦੇ ਰਾਹ ਪੈ ਗਿਆ।"

ਪੁਸਤਕ ਦੇ ਪੰਜਵੇਂ ਅਤੇ ਛੇਵੇਂ ਕਾਂਡਾਂ ਵਿਚ ਇਸੇ ਕਿਸਮ ਦਾ ਅੰਟ-ਸ਼ੰਟ ਹੋਰ ਵੀ ਵਿਸਥਾਰ ਰੂਪ ਵਿਚ ਸਾਹਮਣੇ ਆਉਂਦਾ ਹੈ। ਇਸੇ ਪੁਸਤਕ ਦੇ ਸਫਾ 77 ਉਪਰ ਲੇਖਕ ਨਵੀਆਂ ਚਿਤਾਵਨੀਆਂ ਦੇਣੀਆਂ ਸ਼ੁਰੂ ਕਰ ਦਿੰਦਾ ਹੈ, "ਜਦੋਂ ਯੂ.ਪੀ. ਬਿਹਾਰ ਦੀ ਬਹੁਗਿਣਤੀ ਨੇ ਪੰਜਾਬ ਦੱਬ ਲਿਆ, ਤੁਹਾਡਾ ਤਾਂ ਦੇਸ ਰਿਹਾ ਹੀ ਕੋਈ ਨਾ। ਅਸੀਂ ਮਾਰੀਦੇ ਕੁੱਟੀਦੇ ਆਪਣੇ ਪੈਰ ਗੁਲਾਮੀ ਹੰਢਾਵਾਂਗੇ।"

ਪੁਸਤਕ ਦੇ ਦਸਵੇਂ ਕਾਂਡ ਵਿਚ ਉਹ ਵਿਦੇਸ਼ਾਂ ਵਿਚ ਮੌਜਾਂ ਲੁੱਟ ਰਹੇ ਸਿੱਖ ਭਰਾਵਾਂ ਦੇ ਨਾਂ ਅਪੀਲ ਜਾਰੀ ਕਰਦਾ ਹੈ, "ਪ੍ਰਦੇਸੀ ਭਰਾਵੋ! ਮੈਂ ਪੰਜਾਬ ਦੀ ਕੁਰਲਾਉਂਦੀ ਆਤਮਾ ਦਾ ਰੋਣਾ ਤੁਹਾਡੇ ਨਾਲ ਸਾਂਝਾ ਰਿਹਾ ਹਾਂ।...ਪੰਜਾਬ ਦੀ ਸਾਰੀ ਕਾਂਗਰਸ ਪੰਜਾਬ ਦੇ ਕੁੱਲ ਹਿੱਤਾਂ ਤੋਂ ਮੁੱਖ ਮੋੜ ਕੇ ਕੇਂਦਰੀ ਬ੍ਰਾਹਮਣਵਾਦ ਦੀ ਅੰਗੂਠਾ ਛਾਪ ਪਿਛਲੱਗ ਬਣ ਚੁੱਕੀ ਹੈ।...ਖੁਦਗਰਜ਼ ਅਕਾਲੀ ਵੀ ਹਨ। ਕਮਿਊਨਿਸਟਾਂ ਨੇ ਕਦੇ ਸਹੁੰ ਖਾਣ ਨੂੰ ਵੀ ਪੰਜਾਬ ਦੇ ਹਿੱਤਾਂ ਦੀ ਸਾਰ ਨਹੀਂ ਲਈ।"

ਕਿਤਾਬ ਦੇ 11ਵੇਂ ਕਾਂਡ ਅਤੇ ਸਫਾ 87 ਤੇ ਬਜ਼ੁਰਗ ਲੇਖਕ ਪਾਠਕਾਂ ਨੂੰ ਦੱਸਦਾ ਹੈ, "ਯਹੂਦੀ ਅਣਖ ਵਾਲੇ ਨਿਕਲੇ। ਇੰਗਲੈਂਡ, ਅਮਰੀਕਾ ਦੀ ਮੱਦਦ ਨਾਲ ਮੂਸਾ ਦੀ ਜਨਮਭੂਮੀ ਫਲਸਤੀਨ ਵਿਚ ਆਪਣਾ ਰਾਜ ਕਾਇਮ ਕਰਕੇ ਸੁਰਖਰੂ ਹੋ ਗਏ।"

ਅਫਸੋਸ ਹੁੰਦਾ ਹੈ ਕਿ ਕੰਵਲ ਮਾਰਕਾ ਸਿੱਖ ਬੁੱਧੀਜੀਵੀ ਵਾਰ-ਵਾਰ ਯਹੂਦੀਆਂ ਦੀ ਮਿਸਾਲ ਵੱਲ ਕਿਉਂ ਨੱਠ-ਨੱਠ ਜਾਂਦੇ ਹਨ। ਆਖਰ ਇਸਰਾਈਲ ਕਿਨ੍ਹਾਂ ਹਾਲਾਤ ਵਿਚ, ਕਿਸ ਭਾਅ ਬਣਿਆ ਸੀ ਤੇ ਸਾਡੇ ਯਹੂਦੀ ਭਰਾ ਭਲਾ ਅੱਜ ਉਥੇ ਕਿਤਨੇ ਕੁ ਸੁਰਖਰੂ ਹਨ-ਮੱਧ ਪੂਰਬ ਹੀ ਕੀ, ਸਮੁੱਚੇ ਮੁਸਲਿਮ ਜਗਤ ਵਿਚ 'ਸੇਹ ਦਾ ਤਕਲਾ' ਗੱਡਿਆ ਹੋਇਆ ਹੈ। ਇਤਿਹਾਸ ਦੇ ਕਿਸੇ ਅੰਤਿਮ ਤਰਕ ਦੇ ਤੌਰ ਤੇ ਇਹ ਤਾਂ ਰੱਬ ਹੀ ਜਾਣੇ ਕਿ ਅਜਿਹਾ ਚੰਦਰਾ ਹੋਮਲੈਂਡ ਕਿਹੜੀ ਧਿਰ ਨੂੰ ਕਿਸ ਭਾਅ 'ਤੇ ਪੈਣਾ ਹੈ।

ਇਸੇ ਕਾਂਡ ਵਿਚ ਕੰਵਲ ਸਾਹਿਬ ਫੁਰਮਾਉਂਦੇ ਹਨ, "ਮੈਂ ਦੋਵੇਂ ਹੱਥ ਖੜ੍ਹੇ ਕਰਕੇ ਆਖਦਾ ਆਂ, ਕਾਂਗਰਸੀਆਂ ਦੀਆਂ ਗੱਦਾਰੀਆਂ ਤੇ ਖੁਦਗਰਜ਼ੀਆਂ ਮਾਫ ਕਰਨ ਵਾਲੀਆਂ ਨਹੀਂ। ਬੁੱਢੀ ਬੋਤੀ ਤੇ ਸਾਵੀ ਸੰਢ ਵਿਚਾਲੇ ਫਰਕ ਕੋਈ ਨਹੀਂ। ਦੋਵੇਂ ਡੰਗ ਮਾਰੂ ਭੂੰਡ। 1939 ਤੋਂ ਇਨ੍ਹਾਂ ਦੇ ਚਾਲੇ ਪਰਖਦਾ ਆ ਰਿਹਾਂ। ਚੰਗਾ ਹੋਵੇ ਇਨ੍ਹਾਂ ਨੂੰ ਜਗਰਾਉਂ ਦੀ ਮੰਡੀ ਲੈ ਜਾਵੋ। ਜੇ ਧੇਲੇ ਵੱਟੇ ਦਾ ਗਾਹਕ ਵੀ ਨਾ ਮਿਲੇ ਉਥੇ ਹੀ ਰੱਸੇ ਲਾਹ ਆਇਓ। ਪਰ ਇਹ ਢੀਠ, ਤੁਹਾਡੇ ਘਰ ਪਹੁੰਚਣ ਤੋਂ ਪਹਿਲਾਂ ਹੀ ਖੁਰਲੀ ਤੇ ਖੜ੍ਹੇ ਬੜ੍ਹਕਾਂ ਮਾਰਦੇ ਹੋਣਗੇ।"

ਹੈਰਤ ਹੁੰਦੀ ਹੈ ਕਿ ਕੰਵਲ ਬਾਈ ਜੀ ਨੂੰ ਇਸ ਕਿਸਮ ਦੀ ਫਜ਼ੂਲ ਫਤਵੇਬਾਜ਼ੀ ਕਰੀ ਜਾਣ ਦਾ ਸਾਹਸ ਕਿਸ ਆਤਮਿਕ ਬਲ ਦੇ ਆਸਰੇ ਹੁੰਦਾ ਹੈ? ਜਾਂ ਫਿਰ ਉਨ੍ਹਾਂ ਦੀ ਭੋਲੀ ਸੋਝੀ ਹੀ ਅਜਿਹੇ ਗੁਲ ਖਿੜਾਈ ਜਾ ਰਹੀ ਹੈ!

ਸਫਾ 127 'ਤੇ ਲੇਖਕ ਇਕ ਵਾਰ ਮੁੜ ਵਿਦੇਸ਼ ਬੈਠੇ ਸਿੱਖਾਂ ਨੂੰ ਇਨ੍ਹਾਂ ਸਤਰਾਂ ਨਾਲ ਵੰਗਾਰਦਾ ਜਾਂ ਫਿਟਕਾਰਦਾ ਹੈ, "ਹੁਣ ਮਾਸਟਰ



*ਬਾਈ ਜਸਵੰਤ ਸਿੰਘ ਕੰਵਲ*

ਤਾਰਾ ਸਿੰਘ ਦੀ ਜਾਨ ਨੂੰ ਰੋਈਏ ਕਿ ਬਲਦੇਵ ਦੀ ਨੂੰ। ਜਿਸ ਕੌਮ ਨੂੰ ਕੁੱਟ ਖਾ ਕੇ ਵੀ ਅਕਲ ਨਾ ਆਵੇ, ਉਹਦਾ ਕੀ ਇਲਾਜ ਕਰੀਏ? ਮੂਰਖ ਲਾਲਚੀ ਤੇ ਖੁਦਗਰਜ਼ ਹਾਲੇ ਵੀ ਕਾਂਗਰਸ ਤੇ ਭਾਜਪਾ ਦੀਆਂ ਜੱਫੀਆਂ ਨਹੀਂ ਛੱਡਦੇ। ਇਸ ਸੱਚ ਤੋਂ ਕੌਣ ਇਨਕਾਰ ਕਰੇਗਾ? ਇਨ੍ਹਾਂ ਦੇ ਖਾਲੀ ਝੋਲੇ ਪੌਂਡਾਂ, ਡਾਲਰਾਂ ਨਾਲ ਭਰਨ ਵਾਲੇ ਤੁਸੀਂ ਹੋ।"

ਕੰਵਲ ਸਾਹਿਬ ਦੀ "ਸਿੱਖ ਜਦੋਜਹਿਦ" ਸਿਰਲੇਖ ਹੇਠ ਸਾਲ 2009 'ਚ ਸੰਗਮ ਪਬਲੀਕੇਸ਼ਨਜ਼, ਸਮਾਣਾ ਵਲੋਂ ਛਾਪੀ ਗਈ ਪੁਸਤਕ ਦਾ "ਅਕਾਲੀ ਭਰਾਵਾਂ ਨਾਲ ਕੁਝ ਗੱਲਾਂ" ਸਿਰਲੇਖ ਹੇਠਲਾ ਪਹਿਲਾ ਹੀ ਲੇਖ ਸਿਰੇ ਦਾ ਨਾਕਸ ਹੈ। ਇਹ ਲੇਖ ਅੱਜ ਤੋਂ 30 ਵਰ੍ਹੇ ਪਹਿਲਾਂ ਸਾਲ 1981 'ਚ 'ਦੇਸ ਪ੍ਰਦੇਸ' ਦੇ ਕ੍ਰਿਸਮਸ ਵਿਸ਼ੇਸ ਅੰਕ ਵਿਚ ਪ੍ਰਕਾਸ਼ਤ ਹੋਇਆ ਸੀ। ਲੇਖਕ ਆਪਣੇ ਉਸ ਪੁਰਾਣੇ ਲੇਖ ਵਿਚ ਦੱਸਦਾ ਹੈ, "ਮਿਸਟਰ ਜਿਨਾਹ ਵੰਡ ਸਮੇਂ ਤੁਹਾਨੂੰ ਪਾਕਿਸਤਾਨ ਵਿਚ ਖੁਦਮੁਖਤਾਰ ਹੋਂਦ ਦਿੰਦਾ ਸੀ ਜਿਸ ਵਿਚ ਲਾਹੌਰ, ਨਨਕਾਣਾ ਸਾਹਿਬ ਤੇ ਲਾਇਲਪੁਰ ਆਦਿ ਪੈਂਦੇ ਸਨ। ਇਸ ਔਫਰ ਨੂੰ ਸਾਰਾ ਜੱਗ ਜਾਣਦਾ ਹੈ...ਪਰ ਸ. ਬਲਦੇਵ ਸਿੰਘ ਨੇ ਪੰਡਿਤ ਨਹਿਰੂ ਦੇ ਟੇਟੇ ਚੜ੍ਹ ਕੇ ਪੰਥ ਦੀਆਂ ਬੇੜੀਆਂ ਰੋੜ੍ਹ ਸੁੱਟੀਆਂ...ਕਿਉਂਕਿ ਬਲਦੇਵ ਸਿੰਘ ਦੀ ਟਾਟਾ ਨਗਰ ਵਿਚ ਕਾਰਖਾਨੀ ਲੱਗੀ ਹੋਈ ਸੀ। ਉਨ ਆਪਣੀ ਕਾਰਖਾਨੀ ਤੋਂ ਸਿੱਖਾਂ ਦੀ ਆਜ਼ਾਦ ਹਸਤੀ ਵਾਰ ਦਿੱਤੀ।"

ਇਸੇ ਪੁਸਤਕ ਦੇ ਸਫਾ 82 ਉਪਰ ਲੇਖਕ ਵਲੋਂ ਰੋਜ਼ਾਨਾ 'ਅਜੀਤ' ਰਾਹੀਂ 27 ਨਵੰਬਰ, 1985 ਨੂੰ "ਚੌਕਸੀ ਨਾਲ ਪਹਿਰਾ ਦਿਓ" ਦੀ ਸੁਰਖੀ ਹੇਠ ਪੰਜਾਬ ਦੇ ਉਸ ਸਮੇਂ ਦੇ ਮੁੱਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੂੰ ਲਿਖਿਆ ਖੁੱਲ੍ਹਾ ਖਤ ਵੀ ਦਰਜ ਹੈ। ਇਸ ਖਤ ਦੀਆਂ ਕੁਝ ਸਤਰਾਂ ਪਾਠਕਾਂ ਨਾਲ ਸਾਂਝੀਆਂ ਕੀਤੀਆਂ ਜਾਣੀਆਂ ਬਣਦੀਆਂ ਹਨ:

"ਅਤਿ ਦੇ ਸ਼ਰੀਫ ਬਰਨਾਲਾ ਜੀ! ਤੁਸੀਂ ਸਿਆਸੀ ਠੱਗਾਂ ਦੇ ਅੜਿੱਕੇ ਆ ਗਏ ਓ। ਠੱਗ ਬਹੁਤੇ, ਭੋਲੂ ਇਕੱਲਾ। ਉਨ੍ਹਾਂ ਤੁਹਾਡਾ ਪਾਲਿਆ ਬਕਰਾ ਹੱਥਿਆ ਲੈਣਾ ਹੈ। ਦੇਖ ਲੈਣਾ ਹੋਰ ਥੋੜ੍ਹੇ ਸਮੇਂ ਤਕ ਇਹ ਸੱਚ ਦੁਨੀਆਂ ਮੂਹਰੇ ਉਘੜ ਕੇ ਆ ਜਾਣਾ ਹੈ...(ਤੁਹਾਡੇ) ਅੱਗੇ ਦੋ ਹੀ ਰਾਹ ਹਨ-ਪੰਥ ਅਤੇ ਸੈਂਟਰ ਵਿਚੋਂ ਕਿਸੇ ਇਕ ਦੀ ਚੋਣ। ਮੈਨੂੰ ਯਕੀਨ ਐ ਤੁਸੀਂ ਛਾਲ ਮਾਰ ਕੇ ਪੰਥ ਤੇ ਪੰਜਾਬ ਨਾਲ ਖਲੋਵੋਗੇ।...ਬਾਦਲ ਗਰੁੱਪ ਨੂੰ ਵਜ਼ਾਰਤ ਵਿਚ ਸਾਥੀ ਬਣਾਓ। ਸਿੱਧੀ ਗੱਲ ਕਰੋ। ਵਿਚੋਲਿਆਂ ਤੇ ਉਨ੍ਹਾਂ ਦੇ ਸਭ ਭਾਨੀਮਾਰਾਂ ਨੂੰ ਪਾਸੇ ਕਰ ਦੇਵੋ।"

ਸੁਰਜੀਤ ਸਿੰਘ ਬਰਨਾਲਾ ਨੂੰ ਲਿਖਿਆ ਇਹ ਬਹੁਤ ਹੀ ਭਾਵਕ ਅਤੇ ਸਤਹੀ ਕਿਸਮ ਦਾ ਪੱਤਰ ਸੀ ਪਰ ਇਹ ਪਾਠਕਾਂ ਨਾਲ ਇਸ ਕਰਕੇ ਵੀ ਸਾਂਝਾ ਕਰਨਾ ਜ਼ਰੂਰੀ ਸੀ ਕਿ 25 ਵਰ੍ਹੇ ਲੰਘ ਜਾਣ ਅਤੇ ਅਜਿਹੇ ਖੁਦਗਰਜ਼ ਰਾਜਨੀਤਕ ਨੇਤਾਵਾਂ ਦੀਆਂ ਸ਼ਤਰੰਜੀ ਚਾਲਾਂ ਦੇ ਸਿੱਧੇ, ਅਸਿੱਧੇ ਨਤੀਜਿਆਂ ਵਜੋਂ ਪੰਜਾਬ ਦੀ ਧਰਤੀ ਉਪਰ ਖੂਨ ਦੇ ਦਰਿਆ ਵਹਿ ਜਾਣ ਤੋਂ ਵੀ ਬਾਅਦ ਵੀ ਕੰਵਲ ਬਾਈ ਜੀ ਦੀ ਇਨ੍ਹਾਂ ਦੇ ਕਿਰਦਾਰ ਪ੍ਰਤੀ ਸਮਝ ਤੇ ਆਸਥਾ ਪੰਕਚਰ ਨਹੀਂ ਹੋਈ। ਇਸ ਦੀ ਤਾਜਾ ਮਿਸਾਲ ਉਨ੍ਹਾਂ ਵਲੋਂ ਪੰਜਾਬ ਦੇ ਹਾਲੀਆ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦੇ ਨਾਂ ਲਿਖਿਆ ਉਹ ਚਰਚਿਤ ਖੁੱਲ੍ਹਾ ਖਤ ਹੈ ਜੋ ਹੁਣੇ ਜਿਹੇ ਹੀ 'ਪੰਜਾਬ ਟਾਈਮਜ਼' ਵਿਚ ਪ੍ਰਕਾਸ਼ਤ ਕੀਤਾ ਗਿਆ ਹੈ ਤੇ ਜਿਸ ਉਪਰ ਜਤਿੰਦਰ ਪੰਨੂ ਦੀ ਟਿੱਪਣੀ ਵੀ ਨਾਲੇ ਹੀ ਛਾਪੀ ਜਾ ਚੁਕੀ ਹੈ।

ਇਸ ਸਾਰੇ ਕਾਸੇ ਤੋਂ ਬਾਅਦ ਕੰਵਲ ਹੋਰਾਂ ਦੇ ਕਥਿਤ ਦਸਤਾਵੇਜ਼ੀ ਨਾਵਲ 'ਖੂਨ ਕੇ ਸੋਹਿਲੇ ਗਾਵੀਅਹਿ ਨਾਨਕ' ਬਾਰੇ ਵੀ ਵਿਸਥਾਰਤ ਚਰਚਾ ਪਾਠਕਾਂ ਨਾਲ ਕੀਤੀ ਜਾਣੀ ਚਾਹੀਦੀ ਹੈ। ਬਿਹਤਰ ਹੁੰਦਾ ਜੇ ਇਸ ਨਾਵਲ ਦਾ ਨਾਂ '20ਵੀਂ ਸਦੀ ਦੇ ਸਿੱਖ ਸੰਘਰਸ਼ਾਂ ਬਾਰੇ ਖੁਲ੍ਹੀ ਖੁੰਢ ਚਰਚਾ' ਰੱਖਿਆ ਹੁੰਦਾ। ਮਹਿਜ਼ ਇਤਨਾ ਕੁ ਲਿਖ ਦਿਤੇ ਜਾਣ ਨਾਲ ਕਿਸੇ ਖਾਸ ਨੁਕਤੇ ਤੋਂ ਇਸ ਦਾ ਮੁੱਲ ਕਈ ਗੁਣਾਂ ਵੱਧ ਜਾਣਾ ਸੀ। ਬਾਕੀ "ਪੰਜਾਬੀ ਦੀ ਪੱਗ: ਜਸਵੰਤ ਸਿੰਘ ਕੰਵਲ" ਵਿਚ ਇਸ ਬਾਰੇ ਕਾਫੀ ਠੀਕ ਚਰਚਾ ਰਾਜਿੰਦਰ ਸਿੰਘ ਰਾਹੀ ਨੇ ਖੁਦ ਹੀ ਕਰ ਦਿੱਤੀ ਹੋਈ ਹੈ। ਸੋ ਉਸ ਨੂੰ ਦੁਹਰਾਉਣ ਦੀ ਜ਼ਰੂਰਤ ਨਹੀਂ ਹੈ।

ਜਸਵੰਤ ਸਿੰਘ ਕੰਵਲ ਦੀ ਪੰਜਾਬ ਦੀਆਂ ਕਮਿਊਨਿਸਟ ਪਾਰਟੀਆਂ ਨਾਲ ਜ਼ਿਦਬਾਜ਼ੀ ਸ਼ਾਇਦ ਉਨ੍ਹਾਂ ਵਲੋਂ 'ਪੁੰਨਿਆ ਦਾ ਚਾਨਣ' ਵਿਚ ਦਿਤੀ ਜਾਣਕਾਰੀ ਅਨੁਸਾਰ ਉਨ੍ਹਾਂ ਦੀ ਧੀ ਕੰਵਲਜੀਤ ਦੀ ਹੱਤਿਆ ਵਾਲੀ ਤ੍ਰਾਸਦਿਕ ਘਟਨਾ ਮੌਕੇ ਗਲਤ ਜਾਣਕਾਰੀ ਦੇ ਅਧਾਰ 'ਤੇ ਕਮਿਊਨਿਸਟ ਧਿਰਾਂ ਵਲੋਂ ਅਪਣਾਏ ਸਨਕੀ ਰਵੱਈਏ ਕਾਰਨ ਪੈ ਗਈ ਸੀ। ਇਹ ਜ਼ਿਦਬਾਜ਼ੀ ਉਨ੍ਹਾਂ ਦੀ ਅੱਜ ਤੱਕ ਵੀ ਬਣੀ ਹੋਈ ਹੈ। ਮਸਲਨ 'ਹੁਣ' ਨਾਂ ਦੇ ਮੈਗਜ਼ੀਨ ਦੇ ਤਾਜ਼ਾ 19ਵੇਂ ਅੰਕ ਵਿਚ ਪ੍ਰਕਾਸ਼ਤ ਲੰਮੀ ਇੰਟਰਵਿਊ ਵਿਚ ਸਮੇਂ ਸਮੇਂ ਤੇ ਆਪਣੇ ਵਿਚਾਰਧਾਰਕ ਪੈਂਤੜੇ ਬਦਲਦੇ ਰਹਿਣ ਦੇ ਕਾਰਨਾਂ ਬਾਰੇ ਪੁੱਛੇ ਜਾਣ 'ਤੇ ਪਰਚੇ ਦੇ ਸੰਪਾਦਕ ਅਵਤਾਰ ਜੰਡਿਆਲਵੀ ਨੂੰ ਉਹ ਖਾਸੀ ਕੌੜ ਨਾਲ ਜਵਾਬ ਦਿੰਦੇ ਹਨ, "ਮੈਨੂੰ ਨਹੀਂ ਪਤਾ, ਤੁਸੀਂ ਕਿਹੜੇ ਅਕੀਦੇ 'ਤੇ ਖੜ੍ਹੇ ਹੋ। ਮਨੁੱਖ ਜੰਗਲ ਤੋਂ ਤੁਰਦਾ ਸ਼ਹਿਰ ਦੀ ਅਵਸਥਾ ਤੱਕ ਪੁੱਜ ਗਿਆ ਹੈ। ਉਹ

**ਵਿਚਾਰ-ਚਰਚਾ**

ਇਕੋ ਅਕੀਦੇ 'ਤੇ ਖਲੋਤਾ ਜੰਗਲੀ ਬਣਿਆ ਨਹੀਂ ਰਹਿੰਦਾ। ਮੈਨੂੰ ਤੁਹਾਡੇ ਵਿਚਾਰਾਂ ਵਿਚ ਪੁਰਾਣੇ ਕਮਿਊਨਿਸਟਾਂ ਵਾਲੀ ਸੁਰ ਦੀ ਬੂ ਆਉਂਦੀ ਹੈ ਜਿਹੜੇ ਇਨਕਲਾਬ ਨੂੰ ਫਾਰਖਤੀ ਦੇ ਕੇ ਸੁਧਾਰਵਾਦ ਦੀ ਦਿਨ ਕਟੀ ਤੇ ਆ ਗਏ ਹਨ...(ਅਖੇ ਪਾਰਟੀ 'ਚ ਫੁੱਟ ਪਿੱਛੋਂ) ਮੈਂ ਇਕੱਲਾ ਨਹੀਂ ਸਾਂ, ਇਸ ਊਤ ਲਾਣੇ ਤੋਂ ਪਿਛਾਂਹ ਹਟਣ ਵਾਲਾ। ਇਨਕਲਾਬ ਦੀਆਂ ਆਸਾਂ ਰੱਖਣ ਵਾਲੇ ਹਜ਼ਾਰਾਂ ਲੱਖਾਂ ਹਮਦਰਦ ਸਨ...ਜਦੋਂ ਦੀ 'ਰਾਤ ਬਾਕੀ ਹੈ' ਤੋਂ ਹੋਸ਼ ਸੰਭਾਲੀ ਐ, ਮੈਂ ਲੋਕਾਂ ਦਾ ਬੰਦਾ ਰਿਹਾ ਆਂ। ਇਹ ਇਨਕਲਾਬ ਤੋਂ ਭਗੋੜੇ ਚੋਰ, ਨਕਸਲੀ ਸੂਰਮਿਆਂ ਨੂੰ ਚੁਗਲੀਆਂ ਕਰ ਕਰ ਫੜਾਉਂਦੇ ਰਹੇ। ਉਨ੍ਹਾਂ ਸੂਰਮੇ ਸ਼ਹੀਦਾਂ ਦੀ ਗਾਥਾ ਲਿਖ ਕੇ ਮੈਂ ਚੋਰ ਹੋ ਗਿਆ ਤੇ ਇਹ ਗੱਦੀਬਰਦਾਰ ਦੁੱਧ ਧੋਤੇ ਹੋ ਗਏ? ਸ੍ਰੀ ਅਕਾਲ ਤਖਤ ਤੋੜਨ ਦੀ ਹਮਾਇਤ ਕਰਨ ਵਾਲੇ ਦੁੱਧ ਧੋਤੇ ਤੇ ਉਸ ਦੀ ਬਰਬਾਦੀ 'ਤੇ ਰੋਣ ਪਿਟਣ ਵਾਲੇ ਮੂਲਵਾਦੀ ਹੋ ਗਏ। ਲਾਹਣਤ ਅਜਿਹੀ ਸੋਚ ਦੇ!"

ਸਮਝ ਨਹੀਂ ਆਉਂਦਾ ਕੰਵਲ ਬਾਈ ਜੀ ਦੇ ਅਜਿਹੇ ਦਬੰਗ ਵਿਚਾਰ ਪੜ੍ਹ ਕੇ ਉਨ੍ਹਾਂ ਨੂੰ ਕੀ ਕਿਹਾ ਜਾਵੇ? ਇਕ ਨਹੀਂ ਅਨੇਕਾਂ ਵਿਚਾਰ ਮਨ ਵਿਚ ਆਪ ਮੁਹਾਰੇ ਹੀ ਉਭਰੀ ਜਾ ਰਹੇ ਹਨ। ਪਾਠਕਾਂ ਨਾਲ ਦੋ ਚਾਰ ਗੱਲਾਂ ਲਾਜ਼ਮੀ ਹੀ ਸਾਂਝੀਆਂ ਕੀਤੀਆਂ ਜਾ ਸਕਦੀਆਂ ਹਨ। ਮਸਲਨ ਕਾਲਜ 'ਚ ਆਉਂਦਿਆਂ ਹੀ ਖੁਦ ਮੇਰਾ ਕਮਿਊਨਿਸਟ ਵਿਚਾਰਾਂ ਵਾਲੇ ਵਿਦਿਆਰਥੀਆਂ ਦੇ ਸਰਕਲ ਨਾਲ ਜੁੜਨ ਦਾ ਸਬੱਬ ਬਣ ਗਿਆ ਸੀ। ਜਲਦੀ ਬਾਅਦ ਯਾਨਿ ਸਾਲ 1968 'ਚ ਸੋਵੀਅਤ ਕਮਿਊਨਿਸਟ ਪਾਰਟੀ ਨਾਲ ਸਬੰਧਿਤ ਇਤਿਹਾਸ ਦੇ ਅਨੇਕਾਂ ਤ੍ਰਾਸਦਿਕ ਪਹਿਲੂਆਂ ਬਾਰੇ ਜਾਣ ਕੇ ਆਤਮਾ ਸੁੰਨ ਜਿਹੀ ਹੋਣ ਲੱਗੀ ਤਾਂ-ਗਲਤ ਹੋਵੇ ਜਾਂ ਸਹੀ-ਮੈਂ ਇਸ ਧਾਰਾ ਨਾਲੋਂ ਵਿੱਥ ਜਿਹੀ ਥਾਪ ਲਈ ਸੀ। ਪ੍ਰੰਤੂ ਸਾਰੀ ਜਿੰਦਗੀ ਉਸ ਭਿਆਨਕ-ਤ੍ਰਾਸਦਿਕ ਦੌਰ ਬਾਰੇ ਘੋਖ ਪੜਤਾਲ ਕਰੀ ਜਾਣ ਦੇ ਬਾਵਜੂਦ ਅਜਿਹੀ ਦਲੇਰੀ ਨਾਲ ਕਮਿਊਨਿਸਟਾਂ ਦੀ ਪ੍ਰੈਕਟਿਸ 'ਤੇ ਕੋਈ ਵੀ ਅੰਤਿਮ-ਮੁਖੀ ਫਤਵਾ ਦੇਣ ਦੀ ਹਿੰਮਤ ਨਹੀਂ ਪਈ-ਜਿਸ ਕਿਸਮ ਦੀ ਫਤਵੇਬਾਜ਼ੀ ਕਿ ਕੰਵਲ ਸਾਹਿਬ ਆਪਣੀਆਂ ਲਿਖਤਾਂ ਵਿਚ ਬੜੇ ਸੌਖ ਨਾਲ ਹੀ ਕਰਦੇ ਚਲੇ ਜਾ ਰਹੇ ਹਨ। ਇਸੇ ਪ੍ਰਸੰਗ ਵਿਚ ਮੈਨੂੰ 40 ਕੁ ਵਰ੍ਹੇ ਪਹਿਲਾਂ ਦੀ ਇਕ ਘਟਨਾ ਯਾਦ ਆਉਂਦੀ ਹੈ। ਯੂਰਪ ਅਤੇ ਅਮਰੀਕਾ ਦੇ ਨੋਬਲ ਇਨਾਮ ਜੇਤੂਆਂ ਸਮੇਤ ਛੇ ਉਘੇ ਲੇਖਕਾਂ ਦੇ ਸੋਵੀਅਤ ਕਮਿਊਨਿਸਟਾਂ ਨਾਲੋਂ ਮੋਹ ਭੰਗ ਹੋ ਜਾਣ ਬਾਰੇ ਉਨ੍ਹਾਂ ਦੇ ਅਨੁਭਵਾਂ 'ਤੇ ਅਧਾਰਤ 'ਗਾਡ ਦੈਟ ਫੇਲਡ' ਨਾਂ ਦੀ ਉਨੀ ਦਿਨੀਂ ਅਤਿ ਚਰਚਿਤ ਕਿਤਾਬ ਪੜ੍ਹੀ ਸੀ। ਮਨ ਬੇਹੱਦ ਬੇਚੈਨ ਸੀ। ਇਹੋ ਕਿਤਾਬ ਮੈਂ ਆਪਣੇ ਮਿੱਤਰ ਕਰਨੈਲ ਨੂੰ ਪੜ੍ਹਨ ਲਈ ਦਿੱਤੀ। ਉਸ ਨੇ ਇਕੋ ਬੈਠਕ ਵਿਚ ਕਿਤਾਬ ਮੁਕਾਈ ਅਤੇ ਇਹ ਕਹਿੰਦਿਆਂ ਦੂਰ ਚਲਾ ਮਾਰੀ, "ਇਨ੍ਹਾਂ ਕੰਜਰਾਂ ਵਿਚੋਂ ਮਾਰਕਸ ਨੂੰ ਸੱਤਈ ਤੌਰ 'ਤੇ ਹੀ ਸਹੀ-ਥੋੜ੍ਹਾ ਬਹੁਤ ਵੀ ਸਮਝਿਆ ਕਿਸ ਨੇ ਹੈ?" ਮੈਂ ਕਰਨੈਲ ਨਾਲ ਕਿਸੇ ਵੀ ਨੁਕਤੇ 'ਤੇ ਕਦੀ ਵੀ ਸਹਿਮਤ ਨਹੀਂ ਹੋਇਆ ਪਰ ਉਦੋਂ ਵੀ ਅਤੇ ਅੱਜ ਵੀ ਮੈਥੋਂ ਉਸ ਦਾ ਉਹ ਕਥਨ ਰੱਦ ਵੀ ਕੀਤਾ ਨਹੀਂ ਜਾ ਸਕਿਆ। ਤੇ ਫਿਰ ਉਸੇ ਪੁਸਤਕ ਦਾ ਲਿਓਨ ਟਰਾਟਸਕੀ ਦੇ ਮਹਾਨ ਜੀਵਨੀਕਾਰ ਆਈਜੈਕ ਡਿਊਸ਼ਚਰ ਵਲੋਂ 'ਸਾਬਕਾ ਕਮਿਊਨਿਸਟ ਦੀ ਜ਼ਮੀਰ' ਸਿਰਲੇਖ ਹੇਠ ਬਹੁਤ ਹੀ ਸਹਿਜ ਨਾਲ ਲਿਖਿਆ ਰੀਵਿਊ ਪੜ੍ਹ ਕੇ ਮਨ ਦੀ ਉਦਾਸੀ ਹੋਰ ਵੀ ਗਹਿਰਾ ਗਈ ਸੀ।

ਭਾਰਤ ਅੰਦਰ ਕਮਿਊਨਿਸਟ ਲਹਿਰ ਦੀਆਂ ਬਹੁਤ ਹੀ ਮਾਣਮਤੀਆਂ ਰਵਾਇਤਾਂ ਰਹੀਆਂ ਹਨ। ਹਜ਼ਾਰਾਂ ਕਮਿਊਨਿਸਟਾਂ ਦੇ ਮਿਸਾਲੀ ਜੀਵਨ ਹਨ ਜਿਨ੍ਹਾਂ ਨੂੰ ਤਸੱਵਰ ਵਿਚ ਲਿਆਉਂਦਿਆਂ ਹੀ ਸ਼ਰਧਾ ਨਾਲ ਸਿਰ ਝੁਕ ਜਾਂਦਾ ਹੈ। ਭਾਰਤੀ ਕਮਿਊਨਿਸਟਾਂ ਨੂੰ ਇਨਕਲਾਬ ਨਾ ਲਿਆਉਣ ਲਈ ਤਰ੍ਹਾਂ-ਤਰ੍ਹਾਂ

*ਭਾਰਤ ਅੰਦਰ ਕਮਿਊਨਿਸਟ ਲਹਿਰ ਦੀਆਂ ਬਹੁਤ ਹੀ ਮਾਣਮਤੀਆਂ ਰਵਾਇਤਾਂ ਰਹੀਆਂ ਹਨ। ਹਜਾਰਾਂ ਕਮਿਊਨਿਸਟਾਂ ਦੇ ਮਿਸਾਲੀ ਜੀਵਨ ਹਨ ਜਿਨ੍ਹਾਂ ਨੂੰ ਤਸੱਵਰ ਵਿਚ ਲਿਆਉਂਦਿਆਂ ਹੀ ਸ਼ਰਧਾ ਨਾਲ ਸਿਰ ਝੁਕ ਜਾਂਦਾ ਹੈ। ਭਾਰਤੀ ਕਮਿਊਨਿਸਟਾਂ ਨੂੰ ਇਨਕਲਾਬ ਨਾ ਲਿਆਉਣ ਲਈ ਤਰ੍ਹਾਂ-ਤਰ੍ਹਾਂ ਦੇ ਮਿਹਣੇ ਵਜਦੇ ਰਹੇ ਹਨ। ਅਜਿਹੇ ਮਿਹਣਿਆਂ ਦੀ ਸ਼ੁਰੂਆਤ ਅਕਸਰ ਸਾਲ 1942 ਦੇ 'ਭਾਰਤ ਛੱਡੋ' ਅੰਦੋਲਨ ਸਮੇਂ ਸੋਵੀਅਤ ਯੂਨੀਅਨ ਉਪਰ ਹਿਟਲਰ ਦੇ ਹਮਲੇ ਦੇ ਮੱਦੇਨਜ਼ਰ ਕਮਿਊਨਿਸਟਾਂ ਵਲੋਂ ਅੰਗਰੇਜ਼ਾਂ ਦੇ ਹੱਕ ਵਿਚ ਖਲੋ ਜਾਣ ਦਾ 'ਗਲਤ' ਪੈਂਤੜਾ ਲਏ ਜਾਣ ਦੇ ਹਵਾਲੇ ਤੋਂ ਹੁੰਦੀ ਰਹੀ ਹੈ। ਅੱਜ ਤੋਂ ਕਈ ਸਾਲ ਪਹਿਲਾਂ ਅਰੁਣ ਸ਼ੋਰੀ ਨੇ ਇਸੇ ਘਟਨਾ ਨੂੰ ਲੈ ਕੇ 'ਇਲਸਟਰੇਟਡ ਵੀਕਲੀ' ਨਾਂ ਦੇ ਮੈਗਜ਼ੀਨ ਅੰਦਰ ਕਮਿਊਨਿਸਟ ਵਿਰੋਧੀ ਭੰਡੀ ਪ੍ਰਚਾਰ ਦੀ ਬਹੁਤ ਹੀ ਬੇਜ਼ੌਕ, ਲੰਮੀ ਤ੍ਰੈ-ਲੜੀ ਵੀ ਲਿਖ ਮਾਰੀ ਸੀ।*

ਦੇ ਮਿਹਣੇ ਵੱਜਦੇ ਰਹੇ ਹਨ। ਅਜਿਹੇ ਮਿਹਣਿਆਂ ਦੀ ਸ਼ੁਰੂਆਤ ਅਕਸਰ ਸਾਲ 1942 ਦੇ 'ਭਾਰਤ ਛੱਡੋ' ਅੰਦੋਲਨ ਸਮੇਂ ਸੋਵੀਅਤ ਯੂਨੀਅਨ ਉਪਰ ਹਿਟਲਰ ਦੇ ਹਮਲੇ ਦੇ ਮੱਦੇਨਜ਼ਰ ਕਮਿਊਨਿਸਟਾਂ ਵਲੋਂ ਅੰਗਰੇਜ਼ਾਂ ਦੇ ਹੱਕ ਵਿਚ ਖਲੋ ਜਾਣ ਦਾ 'ਗਲਤ' ਪੈਂਤੜਾ ਲਏ ਜਾਣ ਦੇ ਹਵਾਲੇ ਤੋਂ ਹੁੰਦੀ ਰਹੀ ਹੈ। ਅੱਜ ਤੋਂ ਕਈ ਸਾਲ ਪਹਿਲਾਂ ਅਰੁਣ ਸ਼ੋਰੀ ਨੇ ਇਸੇ ਘਟਨਾ ਨੂੰ ਲੈ ਕੇ 'ਇਲਸਟਰੇਟਡ ਵੀਕਲੀ' ਨਾਂ ਦੇ ਮੈਗਜ਼ੀਨ ਅੰਦਰ ਕਮਿਊਨਿਸਟ ਵਿਰੋਧੀ ਭੰਡੀ ਪ੍ਰਚਾਰ ਦੀ ਬਹੁਤ ਹੀ ਬੇਜ਼ੌਕ, ਲੰਮੀ ਤ੍ਰੈ-ਲੜੀ ਵੀ ਲਿਖ ਮਾਰੀ ਸੀ।

ਪ੍ਰੰਤੂ 'ਭਾਰਤ ਛੱਡੋ ਅੰਦੋਲਨ' ਦੌਰਾਨ ਕਮਿਊਨਿਸਟਾਂ ਦੇ ਪੈਂਤੜੇ ਨੂੰ ਲੈ ਕੇ ਉਨ੍ਹਾਂ ਵਿਰੁਧ ਗੱਦਾਰੀ ਦੇ ਆਵਾਗੌਣ ਫਤਵੇ ਜਾਰੀ ਕਰਨ ਦੇ ਮੁਕਾਬਲੇ ਤੇ ਮੈਨੂੰ ਮਹਾਤਮਾ ਗਾਂਧੀ ਦੇ ਇਸ ਇਕੋ ਇਕ ਕਦਮ ਦੀ ਇਖਲਾਕੀ ਵੈਧਤਾ ਦੀ ਹੁਣ ਤੱਕ ਵੀ ਕਦੀ ਸਮਝ ਨਹੀਂ ਆਈ ਕਿ ਤਾ-ਉਮਰ ਮੌਕਾਸ਼ਨਾਸ਼ ਸਿਆਸਤ ਦਾ ਵਿਰੋਧ ਕਰਨ ਵਾਲਾ ਯੁੱਗਪੁਰਸ਼ ਉਸ ਨਾਜ਼ਕ ਮੋੜ ਤੇ ਅਜਿਹਾ ਸੱਦਾ ਕਿਸ ਆਧਾਰ 'ਤੇ ਦੇ ਗਿਆ ਜਦੋਂ ਇੰਗਲੈਂਡ ਬਹੁਤ ਹੀ ਬੁਰੀ ਤਰ੍ਹਾਂ ਘਿਰਿਆ ਹੋਇਆ ਸੀ ਅਤੇ ਹਿਟਲਰ ਦੀ ਅਗਵਾਈ ਹੇਠ ਨਾਜ਼ੀਆਂ ਦੀ ਅਜੇ ਪੂਰੀ ਤਰ੍ਹਾਂ ਚੜ੍ਹ ਮਚੀ ਹੋਈ ਸੀ। ਇਹ ਤਾਂ ਮਸਲੇ ਦਾ ਇਕ ਪਹਿਲੂ ਸੀ। ਗਾਂਧੀ ਦੇ ਇਸੇ ਗਲਤ ਪੈਂਤੜੇ ਦਾ ਦੂਸਰਾ ਦੋਇਮ ਦਰਜੇ ਦਾ ਇਹ ਪੱਖ ਵੀ ਸੁਣਨਯੋਗ ਨਹੀਂ ਹੈ ਕਿ ਉਨ੍ਹਾਂ ਦਾ ਇਹੋ ਗਲਤ ਮੌਕੇ ਤੇ ਆਰੰਭਿਆ ਮੰਦਭਾਗਾ ਅੰਦੋਲਨ ਸੀ ਜਿਸ ਨੇ ਭਾਰਤੀ ਸੁਤੰਤਰਤਾ ਸੰਗਰਾਮ ਦੇ ਉਸ ਫੈਸਲਾਕੁਨ ਮੁਕਾਮ ਤੇ ਅੰਗਰੇਜ਼ ਹਾਕਮਾਂ ਨੂੰ ਮੁਸਲਿਮ ਲੀਗ ਉਪਰ ਨਿਰਭਰਤਾ ਦੇ ਰਾਹ ਧੱਕ ਦਿੱਤਾ।

ਮੁਹੰਮਦ ਅਲੀ ਜਿਨਾਹ ਲਈ ਇਸ ਤੋਂ ਵੱਧ ਮੌਜ ਵਾਲੀ ਸਥਿਤੀ ਹੋਰ ਕੀ ਬਣਾਈ ਜਾ ਸਕਦੀ ਸੀ? ਹੁਣ ਉਸ ਨੂੰ ਅਜਿਹੇ ਫੋਕੇ ਗੱਪ ਮਾਰਨ ਤੋਂ ਭਲਾ ਕੌਣ ਰੋਕ ਸਕਦਾ ਸੀ ਕਿ ਗਾਂਧੀ ਸਾਰੀ ਉਮਰ ਆਪਣੇ ਪੈਰੋਕਾਰਾਂ ਨੂੰ ਖਾਹ-ਮਖਾਹ ਜੇਲ੍ਹਾਂ ਦੇ ਧੱਕੇ ਖਵਾਉਂਦਾ ਰਿਹਾ-ਜਦੋਂ ਕਿ ਉਨ ਆਪਣੇ ਟਾਈਪਰਾਈਟਰ ਤੇ ਦੋ ਦਸਤੇ ਕਾਗਜ਼ਾਂ ਨਾਲ ਆਪਣੀ 'ਕੌਮ ਨੂੰ ਵੱਖਰਾ ਘਰ' ਲੈ ਦਿੱਤਾ ਸੀ।

ਮੈਨੂੰ ਕਾਮਰੇਡ ਦਰਸ਼ਨ ਸਿੰਘ ਕਨੇਡੀਅਨ ਦੀ ਮਿਕਨਾਤੀਸੀ ਸ਼ਖਸੀਅਤ ਦੀ ਯਾਦ ਆ ਰਹੀ ਹੈ ਜੋ ਸੰਨ 47 ਤੋਂ ਵੀ ਕਾਫੀ ਪਹਿਲਾਂ ਚੜ੍ਹਦੀ ਉਮਰੇ ਕੈਨੇਡਾ ਗਏ ਸਨ। ਉਥੇ ਬਹੁਤ ਹੀ ਸਤਿਕਾਰਤ ਪੁਜੀਸ਼ਨ 'ਤੇ ਹੋਣ ਦੇ ਬਾਵਜੂਦ ਮਾਰਕਸੀ ਚਿੰਤਨ ਪ੍ਰਤੀ ਅਕੀਦਤ ਦੀ ਬਦੌਲਤ ਉਹ ਦੇਸ਼ ਵਾਪਸ ਚਲੇ ਆਏ ਸਨ। ਕਾਮਰੇਡ ਕੈਨੇਡੀਅਨ ਉਸੇ ਕਮਿਊਨਿਸਟ ਪਾਰਟੀ ਦੇ ਰਹਿਨੁਮਾ ਸਨ ਜਿਸਨੂੰ ਕੰਵਲ ਬਾਈ ਸਿਰੇ ਦੇ ਗੈਰ ਜ਼ਿੰਮੇਵਾਰਾਨਾ ਅੰਦਾਜ਼ ਵਿਚ ਇਨਕਲਾਬ ਦੇ ਭਗੌੜੇ ਤੇ ਸੋਧਵਾਦੀ ਗਰਦਾਨੀ ਜਾ ਰਹੇ ਹਨ।

ਕਾਮਰੇਡ ਦਲੀਪ ਸਿੰਘ ਕੌਲਸਹੇੜੀ ਧੰਨ ਸਨ। ਖਾੜਕੂ ਨੌਜਵਾਨਾਂ ਨੇ ਉਨ੍ਹਾਂ ਦੇ ਘਰ ਨੂੰ ਜਿਸ ਰਾਤ ਘੇਰਾ ਪਾਇਆ-ਉਨ੍ਹਾਂ ਚੁਬਾਰੇ 'ਚ ਸੌਂ ਰਹੇ ਉਨ੍ਹਾਂ ਦੇ ਦੋ ਅੰਗ ਰੱਖਿਅਕਾਂ ਵਿਚੋਂ ਇਕ ਦੇ ਘਰ ਜਾ ਕੇ ਉਸ ਦੀ ਪਤਨੀ ਨੂੰ ਧਮਕਾ ਕੇ ਉਸਨੂੰ ਹੇਠਾਂ ਬੁਲਵਾ ਲਿਆ। ਫਿਰ ਉਸ ਰਾਹੀਂ ਉਸੇ ਤਰ੍ਹਾਂ ਦੂਸਰੇ ਨੂੰ ਹੇਠਾਂ ਬੁਲਾ ਕੇ ਕਾਬੂ ਕਰ ਲਿਆ। ਇਨ੍ਹਾਂ ਅੰਗ ਰੱਖਿਅਕਾਂ ਰਾਹੀਂ ਹੀ ਬਾਅਦ ਵਿਚ ਕਾਮਰੇਡ ਦੇ ਲੜਕੇ ਕੋਲੋਂ ਘਰ ਦਾ ਦਰਵਾਜ਼ਾ ਖੁਲ੍ਹਵਾਇਆ ਗਿਆ।...ਖਾੜਕੂ ਨੌਜਵਾਨ ਘਰ ਦੇ ਅੰਦਰ ਪਏ ਬਜ਼ੁਰਗ ਕਾਮਰੇਡ ਕੋਲ ਪੁੱਜੇ। ਉਨ੍ਹਾਂ ਨੂੰ ਪਿੰਡੋਂ ਬਾਹਰ ਰੂੜੀਆਂ 'ਤੇ ਚੱਲਣ ਲਈ ਕਿਹਾ ਗਿਆ ਅਤੇ ਨਾਲ ਹੀ ਉਨ੍ਹਾਂ ਦੇ ਅੱਗੇ ਲੱਗ ਕੇ ਨਾ ਚਲਣ ਦੀ ਸੂਰਤ ਵਿਚ ਉਨ੍ਹਾਂ ਦੇ ਪੁੱਤਰ ਅਤੇ ਪੋਤਰਿਆਂ ਨੂੰ ਗੋਲੀਆਂ ਮਾਰ ਦੇਣ ਦੀ ਧਮਕੀ ਵੀ ਦਿੱਤੀ ਗਈ। ਕਾਮਰੇਡ ਕੌਲਸਹੇੜੀ ਵਲੋਂ ਉਨ੍ਹਾਂ ਦੇ ਆਦੇਸ਼ਾਂ ਦੀ ਪਾਲਣਾ ਕਰਨੋ ਨਾਂਹ ਕਰ ਦਿਤੇ ਜਾਣ 'ਤੇ ਹਾਰ ਕੇ ਉਹ ਨੌਜਵਾਨ ਉਨ੍ਹਾਂ ਨੂੰ ਉਨ੍ਹਾਂ ਦੇ ਮੰਜੇ 'ਤੇ ਲਿਟਾ ਕੇ ਹੀ ਮਾਰ ਗਏ। ਭਲਾ ਕਾਮਰੇਡ ਕੌਲਸਹੇੜੀ ਦੀ ਸ਼ਹਾਦਤ ਨੂੰ ਕੌਣ ਪਰਿਭਾਸ਼ਤ ਕਰੇਗਾ?

ਪਾਸ਼ ਬਹੁਤ ਜ਼ਹੀਨ ਸੀ ਪਰ ਉਸ ਨੂੰ ਵੀ ਟਪਲਾ ਤਾਂ ਲੱਗ ਹੀ ਸਕਦਾ ਸੀ। ਮੈਨੂੰ ਯਾਦ ਹੈ, ਉਸ ਦੀ ਉੱਘੀ ਨਜ਼ਮ 'ਕਾਮਰੇਡ ਨਾਲ ਗੱਲਬਾਤ' ਦਾ ਰੀਵਿਊ ਕਰਦਿਆਂ ਪੰਜਾਬ ਦੇ ਇਕ ਦਿਗੰਬਰ ਵਿਦਵਾਨ ਸੁਰਜੀਤ ਹਾਂਸ ਨੇ ਕਿਹਾ ਸੀ, "ਪਾਸ਼ ਨਿਆਣਾ ਹੈ, ਅਜੇ ਉਸ ਨੂੰ ਕਾਮਰੇਡ ਨਾਲ ਗੁਫਤਗੂ ਨਹੀਂ ਕਰਨੀ ਚਾਹੀਦੀ।" ਸਾਨੂੰ ਲੱਗਦਾ ਹੈ ਪਾਸ਼ ਦੇ ਉਲਟ ਕੰਵਲ ਬਾਈ ਦੀ ਉਮਰ ਜ਼ਿਆਦਾ ਪੱਕ ਗਈ ਹੈ। ਉਨ੍ਹਾਂ ਨੂੰ ਕਮਿਊਨਿਸਟਾਂ ਦੇ ਸੋਧਵਾਦ-ਸੁਧਾਰਵਾਦ ਪੰਜਾਬੀ ਸਭਿਆਚਾਰ, ਸਿੱਖਾਂ ਦੀ ਹੋਣੀ ਜਾਂ ਭਈਆਂ ਦੇ ਪ੍ਰਵਾਸ ਵਰਗੇ ਟੇਢੇ ਮਸਲਿਆਂ ਬਾਰੇ ਐਵੇਂ ਹੁੱਬ-ਹੁੱਬ ਕੇ ਲੇਖ ਨਹੀਂ ਲਿਖੀ ਜਾਣੇ ਚਾਹੀਦੇ। ਇਹ ਵਰਤਾਰੇ ਦੀ ਜ਼ਰਾ ਵਧੇਰੇ ਗਹਿਰੀ ਸਮਝ ਦੀ ਮੰਗ ਕਰਦੇ ਹਨ।

ਜਿਥੋਂ ਤੱਕ ਕੰਵਲ ਦੇ ਕਮਿਊਨਿਸਟਾਂ ਉਪਰ ਪੁਲਿਸ ਦੇ ਮੁਖਬਰ ਬਣ ਜਾਣ ਦੇ ਇਲਜ਼ਾਮ ਦਾ ਸਵਾਲ ਹੈ, ਇਥੇ ਵੀ ਮੈਨੂੰ ਕਈ ਵਰ੍ਹੇ ਪਹਿਲਾਂ ਇਤਾਲਵੀ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਦੀ ਸਾਬਕਾ ਆਗੂ ਲੂਸੀਆਨਾ ਕਾਸਟੇਲਿਨਾ ਵੱਲੋਂ ਅਖਬਾਰ 'ਨਿਊ ਲੈਫਟ ਰੀਵੀਊ' ਨੂੰ ਦਿੱਤੀ ਇਕ ਯਾਦਗਾਰੀ ਇੰਟਰਵਿਊ ਯਾਦ ਆ ਰਹੀ ਹੈ। 80ਵਿਆਂ ਦਾ ਦਹਾਕਾ ਸੀ। 'ਸੋਧਵਾਦੀ' ਕਮਿਊਨਿਸਟ ਪਾਰਟੀ ਤੋਂ ਬਦਜਨ ਹੋ ਕੇ 'ਰੈਡ ਬ੍ਰਿਗੇਡ' ਦੇ ਝੰਡੇ ਹੇਠ ਹਿੰਸਕ ਲੜਾਈ ਲੜ ਰਹੇ ਖੱਬੇ-ਪੱਖੀ ਗੁਰੀਲਿਆਂ ਦੀਆਂ ਗਤੀਵਿਧੀਆਂ ਕਾਰਨ ਸਥਿਤੀ ਬੇਹੱਦ ਅਰਾਜਕਤਾ ਵਾਲੀ ਬਣੀ ਹੋਈ ਸੀ। ਸਰਕਾਰ ਆਏ ਦਿਨ ਦਹਿਸ਼ਤਗਰਦੀ ਵਿਰੁਧ ਸਖਤ ਤੋਂ ਸਖਤ ਕਾਨੂੰਨ ਬਣਾਈ ਜਾ ਰਹੀ ਸੀ। ਲੂਸੀਆਨਾ ਕਾਸਟੈਲਿਨਾ ਇਤਾਲਵੀ ਪਾਰਲੀਮੈਂਟ ਦੀ ਬਹੁਤ ਹੀ ਪ੍ਰਭਾਵੀ ਮੈਂਬਰ ਸੀ। ਆਸਾਨ ਚੋਣ ਕੋਈ ਰਹਿ ਨਹੀਂ ਗਈ ਸੀ। ਇੰਟਰਵਿਊ ਦੌਰਾਨ ਇਕ ਬੜੇ ਹੀ ਟੇਢੇ ਅਤੇ ਮੁਸ਼ਕਿਲ ਸਵਾਲ ਦਾ ਜਵਾਬ ਉਹ ਉਨ੍ਹਾਂ ਦਿਨਾਂ ਦੀ ਸਥਿਤੀ ਬਾਰੇ ਬਣੀ ਇਕ ਅਹਿਮ ਫਿਲਮ ਦੇ ਹਵਾਲੇ ਨਾਲ ਇਉਂ ਦਿੰਦੀ ਹੈ:

ਫਿਲਮ ਦੀ ਕਹਾਣੀ 68 ਦੇ ਯੌਰਪੀਨ ਖੱਬੇਪੱਖੀ ਉਭਾਰ ਦੀ ਪੀੜ੍ਹੀ ਨਾਲ ਸਬੰਧਤ ਆਦਰਸ਼ਵਾਦੀ ਪ੍ਰੋਫੈਸਰ ਦੇ ਜਾਨਲੇਵਾ ਇਖਲਾਕੀ ਵਿਰੋਧਾਭਾਸਾਂ ਗਿਰਦ ਘੁੰਮਦੀ ਹੈ। ਇਹ ਪ੍ਰੋਫੈਸਰ ਖੁਦ ਰੈਡ ਬ੍ਰਿਗੇਡ ਦਾ ਮੈਂਬਰ ਨਹੀਂ ਹੈ ਪ੍ਰੰਤੂ ਉਸ ਦੇ ਕੁਝ ਮਿੱਤਰ ਦੋਸਤ ਗੁਰੀਲਾ ਸਫਾਂ ਵਿਚ ਸਰਗਰਮ ਹਨ। ਇਕ ਦਿਨ ਭਾਣਾ ਕੀ ਵਰਤਦਾ ਹੈ ਕਿ ਉਸਦਾ 13 ਵਰ੍ਹਿਆਂ ਦਾ ਲੜਕਾ ਪੁਲਿਸ ਨੂੰ ਜਾ ਦੱਸਦਾ ਹੈ ਕਿ ਪਿਛਲੇ ਦਿਨ ਮੁਕਾਬਲੇ 'ਚ ਮਰਿਆ ਗੁਰੀਲਾ ਉਸਦੇ ਪਿਤਾ ਦਾ ਮਿੱਤਰ ਸੀ। ਜ਼ਾਹਰ ਹੈ ਕਿ ਪ੍ਰੋਫੈਸਰ ਬੁਰੀ ਤਰ੍ਹਾਂ ਪੁਲਿਸ ਦੀ ਕੁੜਿਕੀ ਵਿਚ ਫਸ ਜਾਂਦਾ ਹੈ।...ਕਿਵੇਂ ਨਾ ਕਿਵੇਂ ਉਹ ਬਚ ਕੇ ਘਰ ਪਹੁੰਚਦਾ ਹੈ ਤਾਂ ਬੱਚੇ ਨੂੰ ਉਸਦੀ 'ਗੱਦਾਰੀ' ਲਈ ਫਾਲਨ ਕਰ ਲੈਂਦਾ ਹੈ ਕਿ ਉਸਨੇ ਅਜਿਹੀ ਹਰਕਤ ਕਿਉਂ ਕੀਤੀ। ਪੁੱਤਰ ਉਸ ਨੂੰ ਸਾਫ ਕਹਿ ਦਿੰਦਾ ਹੈ ਕਿ ਉਹ ਆਪ ਹੀ ਤਾਂ ਦੱਸਦੇ ਰਹੇ ਸਨ ਕਿ ਦਹਿਸ਼ਤਗਰਦੀ ਬੁਰੀ ਚੀਜ਼ ਹੈ। ਪ੍ਰੋਫੈਸਰ ਬੱਚੇ ਨੂੰ ਆਖਦਾ ਹੈ ਕਿ ਇਹ ਠੀਕ ਸੀ ਪਰ ਉਸ ਦੇ ਪੁਲਿਸ ਕੋਲ ਜਾ ਕੇ ਬਕਣ ਦੀ ਕੀ ਲੋੜ ਸੀ? ਇਸ 'ਤੇ ਬੱਚਾ ਅਗਲਾ ਸਵਾਲ ਕਰਦਾ ਹੈ ਕਿ ਫਿਰ ਅਜਿਹੀ ਬੁਰਾਈ ਨੂੰ ਖਤਮ ਕਰਨ ਲਈ ਦਹਿਸ਼ਤਗਰਦੀ ਵਿਰੁਧ ਲੜ ਰਹੀ ਪੁਲਿਸ ਨੂੰ ਉਨ੍ਹਾਂ ਬਾਰੇ ਦੱਸਣ ਤੋਂ ਬਿਨਾਂ ਹੋਰ ਰਸਤਾ ਕਿਹੜਾ ਸੀ। ਪ੍ਰੋਫੈਸਰ ਨੂੰ ਕੋਈ ਜਵਾਬ ਨਹੀਂ ਅਹੁੜਦਾ। ਕੁਝ ਹੀ ਦਿਨਾਂ ਪਿਛੋਂ ਮਾਰੇ ਗਏ ਉਸੇ ਗੁਰੀਲੇ ਦੀ ਪਤਨੀ ਉਸ ਕੋਲ ਮਾਇਕ ਸਹਾਇਤਾ ਮੰਗਣ ਲਈ ਆ ਜਾਂਦੀ ਹੈ। ਪ੍ਰੋਫੈਸਰ ਤਕੜੀ ਇਲਖਾਕੀ ਦੁਬਿਧਾ ਵਿਚ ਹੁੰਦਾ ਹੋਇਆ ਵੀ, ਜਿਤਨੇ ਪੈਸੇ ਉਸ ਕੋਲ ਹੁੰਦੇ ਹਨ, ਉਸ ਔਰਤ ਨੂੰ ਦੇ ਦਿੰਦਾ ਹੈ। ਇਹ ਭਿਆਨਕ ਟਰੈਪ ਹੈ। ਪ੍ਰੰਤੂ ਇਸ ਦੇ ਸਹੀ ਜਾਂ ਗਲਤ ਹੋਣ ਦਾ ਨਿਰਣਾ ਫਿਲਮ ਦਾ ਨਿਰਦੇਸ਼ਕ ਬੜੇ ਹੀ ਕਲਾਤਮਿਕ-ਸੰਕੇਤਕ ਤਰੀਕੇ ਨਾਲ ਦਰਸ਼ਕ 'ਤੇ ਛੱਡ ਦਿੰਦਾ ਹੈ।

ਇਹ ਇਟਲੀ ਦੇ ਸਾਬਕਾ ਰਾਸ਼ਟਰਪਤੀ ਮੋਰੇ ਦੇ ਗੁਰੀਲਿਆਂ ਵੱਲੋਂ ਅਗਵਾ ਕਰ ਲਏ ਜਾਣ ਦਾ ਜ਼ਮਾਨਾ ਹੈ। ਲੂਸੀਆਨਾ ਕਾਸਟੇਲਿਨਾ ਪੂਰਨ ਇਖਲਾਕੀ ਜੁਰੱਅਤ ਨਾਲ ਸਵੀਕਾਰ ਕਰਦੀ ਹੈ ਕਿ ਇਹ ਸਹੀ ਹੈ ਕਿ ਉਨ੍ਹਾਂ ਵੱਲੋਂ ਉਸ ਨਾਜ਼ੁਕ ਮੌਕੇ 'ਤੇ ਇਟਲੀ ਦੀ ਦਮਨਕਾਰੀ ਸਰਕਾਰ ਦੇ ਹੱਕ ਵਿਚ ਪੈਂਤੜਾ ਲਿਆ ਗਿਆ ਸੀ। ਪ੍ਰੰਤੂ ਉਸ ਨੂੰ ਇਸ ਗੱਲ ਵਿਚ ਰਤਾ ਭਰ ਵੀ ਸੰਦੇਹ ਨਹੀਂ ਸੀ ਕਿ ਉਸ ਵਕਤ ਦੀ ਇਤਾਲਵੀ ਜਮਹੂਰੀਅਤ ਹਜ਼ਾਰ ਖਾਮੀਆਂ ਦੇ ਬਾਵਜੂਦ ਉਸ ਕਿਸੇ ਵੀ ਬਦਲ ਨਾਲੋਂ ਬਿਹਤਰ ਸੀ ਜਿਸ ਕਿਸਮ ਦੇ ਬਦਲ ਦਾ ਕਿ 'ਰੈਡ ਬ੍ਰਿਗੇਡ' ਦੇ ਗੁਰੀਲਿਆਂ ਵੱਲੋਂ ਵਾਅਦਾ ਦਿੱਤਾ ਜਾ ਰਿਹਾ ਸੀ।

ਮੈਨੂੰ ਇਸੇ ਸਬੰਧ ਵਿਚ 'ਬਦਨਾਮ ਮਾਸਕੋ ਮੁਕੱਦਮਿਆਂ' ਤੇ ਅਧਾਰਤ ਵਿਕਟਰ ਸਰਜ ਦੇ 'ਕੇਸ ਆਫ ਕਾਮਰੇਡ ਟੂਲਾਯੇਵ' ਅਤੇ ਆਰਥਰ ਕੋਇਸਲਰ ਦੇ 'ਡਾਰਕਨੈਸ ਐਟ ਨੂਨ' ਨਾਂ ਦੇ ਜਗਤ ਪ੍ਰਸਿੱਧ ਨਾਵਲਾਂ ਦੀਆਂ ਕਹਾਣੀਆਂ ਵੀ ਯਾਦ ਆਈ ਜਾ ਰਹੀਆਂ ਹਨ। ਇਨ੍ਹਾਂ ਕਹਾਣੀਆਂ ਵਿਚ ਉਸ ਤ੍ਰਾਸਦਿਕ ਸਦੀ ਦੌਰਾਨ ਕਮਿਊਨਿਸਟਾਂ ਦੀ ਮਾਰੂ ਇਖਲਾਕੀ ਦੁਬਿਧਾ ਨੂੰ ਇਉਂ ਪਕੜਿਆ ਗਿਆ ਹੈ ਕਿ ਸਾਰੀ ਉਮਰ ਲਈ ਆਦਮੀ ਦੀ ਆਤਮਾ ਸੁੰਨ ਹੋ ਕੇ ਰਹਿ ਜਾਂਦੀ ਹੈ।

ਵੇਖੋ, ਲੱਖਾਂ ਨਹੀਂ ਕਰੋੜ ਖਾਮੀਆਂ ਦੇ ਬਾਵਜੂਦ ਪੂਰੀ 20ਵੀਂ ਸਦੀ ਵਿਚ ਇੰਡੋਨੇਸ਼ੀਆ, ਚਿੱਲੀ, ਪੀਰੂ ਜਾਂ ਕੋਲੰਬੀਆ-ਸਾਰੀ ਦੁਨੀਆਂ ਅੰਦਰ ਹੀ ਕਮਿਊਨਿਸਟ ਲਹਿਰ ਦਾ ਇਤਿਹਾਸ ਬਹੁਤ ਸ਼ਾਨਾਂਮੱਤਾ ਹੈ। ਜ਼ਿਆਦਾ ਮਿਸਾਲਾਂ ਕੀ ਦੇਣੀਆਂ। ਮਿਸਾਲ ਇਕੱਲੀ ਇਟਲੀ ਦੀ ਕਮਿਊਨਿਸਟ ਲਹਿਰ ਦੀ ਹੀ ਕਾਫੀ ਹੈ। ਅਨਤੋਨੀਓ ਨੇਗਰੀ, ਜੌਰਜੀਓ ਅਗੈਮਬਨ ਅਤੇ ਸਭ ਤੋਂ ਵੱਧ ਜਿਓਵਾਨੀ ਅਰੀਗੀ ਵਰਗੇ ਚਿੰਤਕਾਂ ਵਲੋਂ ਮਾਰਕਸੀ ਚਿੰਤਨ ਦੀ ਮੂਲ ਪ੍ਰੇਰਨਾ ਨਾਲ ਸਾਡੇ ਸਮਿਆਂ ਨੂੰ ਨਵੇਂ ਸਿਰਿਓਂ ਸਮਝਣ ਅਤੇ ਆਸ ਦੀ ਕਿਰਨ ਜਗਾਈ ਰੱਖਣ ਲਈ ਜਿਸ ਕਿਸਮ ਦੀ ਬੌਧਿਕ ਕਮਾਈ ਕੀਤੀ ਜਾ ਰਹੀ ਹੈ, ਪੜ੍ਹ ਕੇ ਆਦਮੀ ਧੰਨ ਹੋ ਜਾਂਦਾ ਹੈ।

***

'ਪੰਜਾਬ ਟਾਈਮਜ਼' ਦੇ ਪੰਨਿਆਂ 'ਤੇ ਸਾਲ 2010 ਵਿਚ ਪਾਸ਼ ਦੀ ਕਾਵਿਕ ਪ੍ਰਤਿਭਾ ਅਤੇ ਵਿਚਾਰਧਾਰਾ ਬਾਰੇ ਚਲੀ ਬਹਿਸ ਦੌਰਾਨ 'ਜਿਥੇ ਪਾਸ਼ ਨਹੀਂ ਰਹਿੰਦਾ' ਸਿਰਲੇਖ ਹੇਠਲੇ ਇਕ ਬਹੁਤ ਹੀ ਅਹਿਮ ਲੇਖ ਵਿਚ ਗੁਰਬਚਨ ਨੇ ਲਿਖਿਆ ਸੀ, "ਖਾੜਕੂ ਦੌਰ ਦੇ ਆਰੰਭ ਤੋਂ ਪਹਿਲਾਂ ਜੇ ਇੰਦਰਾ ਗਾਂਧੀ ਦਾ ਰਵੱਈਆ ਵੋਟਾਂ ਦੀ ਸਿਆਸਤ ਤੋਂ ਦੂਰ ਅਤੇ ਜ਼ਿਹਨੀ ਦੌੜ ਤੋਂ ਮੁਕਤ ਹੁੰਦਾ, ਜਿਸਦੀ ਹੇਠਲੀ ਪਰਤ 'ਚ ਬ੍ਰਾਹਮਣੀ ਸੁਪਰ-ਮਾਨਸਿਕਤਾ ਅਤੇ ਬਹੁਗਿਣਤੀ ਵਾਲਾ ਸਿਆਸੀ ਅਵਚੇਤਨ ਸੀ, ਜੇ ਪੰਜਾਬ 'ਚ ਵਾਸਾ ਕਰਦੀ ਆਰੀਆ ਸਮਾਜੀ ਲਾਬੀ ਦਿਨ-ਰਾਤ ਉਸ ਨੂੰ ਪੰਜਾਬ ਦੀਆਂ ਮੰਗਾਂ ਬਾਰੇ ਖੌਫਜ਼ਦਾ ਨਾ ਕਰੀ ਰੱਖਦੀ, ਜੇ ਕੁਲੀਨ ਮਾਨਸਿਕਤਾ ਦਾ ਸਿਆਸੀ ਅਵਚੇਤਨ ਸਟੇਟਵਾਦ ਰਾਹੀਂ ਆਵੇਸ਼ਤ ਨਾ ਹੋਇਆ ਹੁੰਦਾ ਤਾਂ ਸਮਝੌਤਾ ਸਤੰਬਰ 1982 'ਚ ਹੀ ਹੋ ਚੁੱਕਾ ਹੁੰਦਾ ਜਦ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਅਹਿਮ ਰੋਲ ਅਦਾ ਕਰ ਰਿਹਾ ਸੀ। ਜ਼ਾਹਿਰ ਹੈ, ਇਤਿਹਾਸ ਦੀ ਤੋਰ ਨੂੰ ਸਿਆਸਤ ਨਾਲੋਂ ਵੱਧ ਦੂਸ਼ਿਤ ਮਾਨਸਿਕਤਾ ਨੇ ਟ੍ਰੈਪ 'ਚ ਲੈ ਰੱਖਿਆ ਸੀ। ਇਸ ਸਥਿਤੀ ਨੇ ਅਕਾਲੀਆਂ ਨੂੰ ਹਤਾਸ਼ ਕਰ ਦਿੱਤਾ ਸੀ ਅਤੇ ਡਾਇਲਾਗ ਦੀ ਸਿਆਸਤ ਉਨ੍ਹਾਂ ਹੱਥੋਂ ਖਿਸਕ ਚੁੱਕੀ ਸੀ। ਹੌਲੀ-ਹੌਲੀ ਗੱਲਾਂ ਰਾਹੀਂ ਸਿਆਸਤ ਚਲਾਉਣ ਵਾਲੇ ਅਪ੍ਰਸੰਗਿਕ ਹੋਈ ਜਾ ਰਹੇ ਸਨ ਅਤੇ ਬੰਦੂਕ ਰਾਹੀਂ ਪ੍ਰਵਚਨ ਅਦਾ ਕਰਨ ਵਾਲੇ ਅਗਰਭੂਮੀ ਵਿਚ ਆਈ ਜਾ ਰਹੇ ਸਨ। ਜਾਂ ਸੁਚੇਤ ਤੌਰ ਤੇ ਗੱਲਾਂ ਕਰਨ ਵਾਲੀ ਸਿਆਸਤ ਨੂੰ ਅਪ੍ਰਸੰਗਿਕ ਕੀਤਾ ਜਾ ਰਿਹਾ ਸੀ। ਸਥਾਨਕ ਤਰਜ਼ ਦੀਆਂ ਮੰਗਾਂ ਬਾਰੇ ਜਦ ਕੇਂਦਰੀ ਸਿਆਸਤ ਅੜਦੀ ਗਈ ਅਤੇ ਭਜਨ ਲਾਲ ਦੀ ਸਰਕਾਰ ਨੇ ਏਸ਼ੀਆਈ ਖੇਡਾਂ ਦੌਰਾਨ ਜੋ ਕਾਰੇ ਕਰਵਾ ਦਿੱਤੇ ਉਸ ਨਾਲ ਸਥਿਤੀ ਝਟਕੇ ਨਾਲ ਪੈਰਾਡਾਇਮੀ ਸ਼ਿਫਟ ਮਾਰਦੀ ਹੈ। ਇਹ ਦੋ ਅਧਿਆਤਮਾਂ ਵਿਚਕਾਰ ਭੇੜ ਦਾ ਰੂਪ ਧਾਰਨ ਕਰ ਲੈਂਦੀ ਹੈ।"

ਕਾਸ਼ ਕਿ ਕੰਵਲ ਸਾਹਿਬ ਦੇ ਪਿਛਲੇ ਵਰ੍ਹਿਆਂ ਦੇ ਰਾਜਨੀਤਕ ਪ੍ਰਵਚਨੀ ਲੇਖਾਂ ਵਿਚ ਇਸ ਪਹਿਰੇ ਵਰਗੀ ਸੰਜੀਦਗੀ ਹੁੰਦੀ ਪਰ ਅਜਿਹਾ ਕਿਧਰੇ ਵੀ ਨਹੀਂ ਹੈ।

ਅਜੇ ਦੋ ਕੁ ਸਾਲ ਪਹਿਲਾਂ ਹੀ ਪ੍ਰੋ. ਭੀਮਇੰਦਰ ਸਿੰਘ ਨੇ ਵੀ 'ਫਿਲਹਾਲ' ਦੇ ਤੀਸਰੇ ਅੰਕ ਵਿਚ ਪੰਜਾਬ, ਪੰਜਾਬ ਦੀ ਕਿਸਾਨੀ ਜਾਂ ਅੱਗੋਂ ਜੱਟ ਸਿੱਖ ਕਿਸਾਨੀ ਦੇ ਦੁੱਖਾਂ, ਦਰਦਾਂ ਲਈ ਕੰਵਲ ਸਾਹਿਬ ਦੇ 'ਹੇਜ' ਦੀ ਬੜੀ ਹੀ ਸੰਤੁਲਿਤ ਪੜਚੋਲ ਪੇਸ਼ ਕੀਤੀ ਸੀ। ਭੀਮਇੰਦਰ ਸਿੰਘ ਦੀ ਸਮਝ ਵੀ ਗੁਰਬਚਨ ਦੀ ਸਮਝ ਤੋਂ ਜ਼ਿਆਦਾ ਅਲੱਗ ਨਹੀਂ ਸੀ।

ਭੀਮਇੰਦਰ ਸਿੰਘ ਅਨੁਸਾਰ "ਸਾਲ 1966 ਵਿਚ ਪੰਜਾਬੀ ਸੂਬਾ ਹੋਂਦ ਵਿਚ ਆਉਣ ਤੋਂ (ਰੂਲਿੰਗ ਧਿਰਾਂ ਵਲੋਂ) ਇਥੇ ਲਾਗੂ ਕੀਤੇ ਖੇਤੀ ਦੇ ਸਾਮਰਾਜੀ ਮਾਡਲ ਨੇ 'ਹਰੇ ਇਨਕਲਾਬ' ਨੂੰ ਜਨਮ ਦਿੱਤਾ। ਇਸ ਨਵੇਂ ਵਰਤਾਰੇ ਨੇ ਇਕ ਪਾਸੇ ਧਨੀ ਕਿਸਾਨੀ ਦੀ ਆਰਥਿਕ ਤਾਕਤ ਵਿਚ ਬੇਅੰਤ ਵਾਧਾ ਕੀਤਾ ਅਤੇ ਦੂਸਰੇ ਪਾਸੇ ਗਰੀਬ ਅਤੇ ਦਰਮਿਆਨੀ ਕਿਸਾਨੀ ਦਾ ਆਰਥਿਕ ਅਤੇ ਸਭਿਆਚਾਰਕ ਸੰਕਟ ਹੋਰ ਵਧੇਰੇ ਤੀਖਣ ਹੁੰਦਾ ਗਿਆ। ਪੰਜਾਬ ਵਿਚ ਖੇਤੀ ਦੇ ਸਮਾਨੰਤਰ ਢੁਕਵੇਂ ਸਨਅਤੀ ਵਿਕਾਸ ਦੀ ਘਾਟ ਕਾਰਨ ਧਨੀ ਕਿਸਾਨੀ ਦੇ ਪੂੰਜੀ ਨਿਵੇਸ਼ ਵਿਚ ਖੜੋਤ ਆ ਗਈ। ਪੰਜਾਬ ਦੇ ਇਸੇ ਵਿਕਰਾਲ ਹੋ ਰਹੇ ਆਰਥਿਕ ਸੰਕਟ ਨੂੰ ਧਾਰਮਿਕ ਰੰਗ ਦੇ ਕੇ ਅਕਾਲੀਆਂ ਨੇ ਇਸ ਨੂੰ ਸਿੱਖ ਕੌਮ ਦਾ ਸੰਕਟ ਬਣਾ ਕੇ ਪੇਸ਼ ਕਰਨਾ ਸ਼ੁਰੂ ਕਰ ਦਿੱਤਾ ਤੇ ਫਿਰ ਪੰਜਾਬ ਦੀ ਲੜਾਈ ਨੂੰ ਧਰਮ ਯੁੱਧ ਮੋਰਚੇ ਵਿਚ ਰੁਪਾਂਤਰਿਤ ਕਰ ਦਿੱਤਾ। ਹੁਣ ਜਦੋਂ (ਚਾਹੇ ਅਣਚਾਹੇ ਕਾਰਨ ਕਿਤਨੇ ਵੀ ਕਿਉਂ ਨਾ ਹੋਣ) ਆਰਥਿਕ ਲੜਾਈ ਸਿਰਫ ਸਿੱਖਾਂ ਦੀ ਲੜਾਈ ਬਣ ਗਈ ਤਾਂ ਕੇਂਦਰੀ ਹਾਕਮ ਧਿਰਾਂ ਨੂੰ ਇਸ ਨੂੰ ਵਿਆਪਕ ਦਮਨਕਾਰੀ ਹਰਬੇ ਅਪਣਾ ਕੇ ਕੁਚਲਣ ਦਾ ਅਵਸਰ ਆਸਾਨੀ ਨਾਲ ਹੀ ਮਿਲ ਗਿਆ। ਇਹ ਗੱਲ ਸਦਾ ਯਾਦ ਰਹਿਣੀ ਚਾਹੀਦੀ ਹੈ ਕਿ ਜਿਸ ਨੂੰ ਅਕਾਲੀ ਦਲ ਅਤੇ ਉਨ੍ਹਾਂ ਦੇ ਬੁਲਾਰੇ ਸਿੱਖਾਂ ਦੀ ਲੜਾਈ ਕਹਿੰਦੇ ਸਨ, ਉਹ ਜ਼ਿਆਦਾ ਕਰਕੇ ਜੱਟ ਸਿੱਖਾਂ ਤੱਕ ਸੀਮਿਤ ਸੀ। ਇਸੇ ਅੰਤਰ ਵਿਰੋਧ ਨੇ 'ਧਰਮ ਯੁੱਧ ਮੋਰਚੇ' ਦੀ ਬੁਨਿਆਦ ਨੂੰ ਹੀ ਕਮਜ਼ੋਰ ਕੀਤਾ ਹੋਇਆ ਸੀ।...ਤੇ ਫਿਰ ਜਿਸ ਵਕਤ ਧਰਮ ਯੁੱਧ ਮੋਰਚੇ ਦੀ ਵਾਗਡੋਰ ਗਰਮਦਲੀਏ ਸਿੱਖਾਂ ਦੇ ਹੱਥ ਆ ਗਈ ਤਾਂ ਧਨੀ ਸਿੱਖ ਕਿਸਾਨੀ ਭਾਵ ਅਕਾਲੀ ਲੀਡਰਸ਼ਿਪ ਦੇ ਮੌਕਾਪ੍ਰਸਤ ਕਿਰਦਾਰ ਦਾ ਝੁੱਗਾ ਹੋਰ ਵੀ ਬੁਰੀ ਤਰ੍ਹਾਂ ਚੌੜ ਚਪੱਟ ਹੋਣਾ ਸ਼ੁਰੂ ਹੋ ਗਿਆ। ਵੇਂਹਦਿਆਂ ਵੇਂਹਦਿਆਂ ਹੀ ਇਨ੍ਹਾਂ ਨੇ ਖਾੜਕੂ ਧਿਰਾਂ ਤੋਂ ਜਾਨਾਂ ਬਚਾਉਣ ਲਈ ਤਰਲੇ ਮਾਰ ਕੇ ਦਿਨ ਟਪਾਉਣੇ ਸ਼ੁਰੂ ਕਰ ਦਿੱਤੇ। ਨਤੀਜਾ ਇਹ ਨਿਕਲਿਆ ਕਿ ਇਸ ਕਿਸਮ ਦੀ, ਇਤਿਹਾਸ ਦੇ ਵਹਿਣ ਦੀ ਸਮਝ ਤੋਂ ਨਿਖੜੀ ਹੋਈ, ਦਿਸ਼ਾਹੀਣ ਸਿਆਸਤ ਨੇ ਪੰਜਾਬ ਦੇ ਸਮੁੱਚੇ ਤਾਣੇਬਾਣੇ ਨੂੰ ਬਲਦੀ ਦੇ ਬੂਥੇ ਪਾ ਦਿੱਤਾ। ਬੁਨਿਆਦੀ ਮਸਲੇ ਅੱਖੋਂ ਉਹਲੇ ਹੋ ਗਏ ਤੇ ਪੰਜਾਬ 'ਚ ਸਿਰਫ ਇਕੋ ਇਕ ਮਸਲਾ ਦਹਿਸ਼ਤਵਾਦ ਦਾ ਰਹਿ ਗਿਆ। ਜ਼ਰਾ ਵੇਖਿਆ ਜਾਵੇ ਤਾਂ ਕੇਂਦਰੀ ਹਾਕਮ ਧਿਰਾਂ ਨੂੰ ਹੋਰ ਲੋੜ ਕਾਸ ਦੀ ਸੀ। ਸੰਕਟ ਘਿਰੇ ਪੰਜਾਬ ਦਾ ਪੇਂਡੂ ਨੌਜਵਾਨ ਬੇਰੁਜ਼ਗਾਰ ਹੋ ਕੇ ਖਾੜਕੂ ਸਿਆਸਤ ਦਾ ਸ਼ਿਕਾਰ ਹੋ ਗਿਆ। (ਭੀਮਇੰਦਰ ਸਿੰਘ ਦੇ ਵਿਚਾਰ ਅਨੁਸਾਰ) ਇਹੋ ਕਾਰਨ ਹੈ ਕਿ ਗੁਰਬਚਨ ਅਜਿਹੀ ਖਾੜਕੂ ਸਿਆਸਤ ਬਾਰੇ ਬਾਰ ਬਾਰ ਫਿਕਰਮੰਦੀ ਜ਼ਾਹਰ ਕਰਦਾ ਹੈ।"

ਇਸ ਵਿਚ ਤਾਂ ਕਿਸੇ ਨੂੰ ਵੀ ਕੋਈ ਸੰਦੇਹ ਹੀ ਨਹੀਂ ਹੈ ਕਿ ਸੰਨ 1947 ਵਿਚ ਆਜ਼ਾਦੀ ਤੋਂ ਪਿਛੋਂ ਪੰਜਾਬ ਦੇ ਲੋਕਾਂ, ਖਾਸ ਕਰ ਗਰੀਬ ਸਿੱਖ ਕਿਸਾਨੀ ਨੂੰ ਉਸ ਕਿਸਮ ਦਾ ਇਨਸਾਫ ਜਾਂ ਹਕੀਕੀ ਸੁਤੰਤਰਤਾ ਦਾ ਫਲ ਨਹੀਂ ਮਿਲਿਆ ਜਿਸ ਕਿਸਮ ਦੀ ਕਿ ਤਵੱਕੋ ਕੀਤੀ ਗਈ ਸੀ ਪਰ ਵਿਸ਼ਾਲ ਹਿੰਦੁਸਤਾਨ ਦੇ ਹੋਰ ਅਨੇਕਾਂ ਖਿੱਤਿਆਂ ਨੂੰ ਤਾਂ ਛੱਡੋ, ਕੀ ਉਹ ਯੂ.ਪੀ., ਆਂਧਰਾ ਪ੍ਰਦੇਸ਼ ਜਾਂ ਮਹਾਂਰਾਸ਼ਟਰ ਦੇ ਕਿਸਾਨਾਂ ਨੂੰ ਮਿਲ ਗਿਆ ਹੈ? ਜਿਥੇ ਪਿਛਲੇ ਵਰ੍ਹਿਆਂ ਦੌਰਾਨ ਹਜ਼ਾਰਾਂ ਕਿਸਾਨਾਂ ਵੱਲੋਂ ਗਰੀਬੀ ਹੱਥੋਂ ਤੰਗ ਆ ਕੇ ਖੁਦਕੁਸ਼ੀਆਂ ਕੀਤੀਆਂ ਜਾ ਚੁੱਕੀਆਂ ਹਨ।

ਪੰਜਾਬ ਅਤੇ ਸਿੱਖ ਭਾਈਚਾਰੇ ਦੀਆਂ ਕੇਂਦਰੀ ਹਾਕਮਾਂ ਵਿਰੁਧ ਹੱਕੀ ਤੇ ਜਾਇਜ਼ ਰੂਪ ਵਿਚ ਅਨੇਕ ਰੰਜਿਸ਼ਾਂ ਹਨ ਜਿਨ੍ਹਾਂ ਨੂੰ ਦੂਰ ਕਰਵਾਉਣ ਲਈ ਕੋਸ਼ਿਸ਼ਾਂ ਹਰ ਹਾਲ ਵਿਚ ਜਾਰੀ ਰੱਖੀਆਂ ਜਾਣੀਆਂ ਚਾਹੀਦੀਆਂ ਹਨ ਪ੍ਰੰਤੂ ਸਾਰੇ ਕਾਸੇ ਦੇ ਕਾਰਨ ਅਜਿਹੇ ਸਿੱਧ ਪੱਧਰੇ ਨਹੀਂ ਹਨ ਜਿਵੇਂ ਕਿ ਕੰਵਲ ਬਾਈ ਜੀ ਨੇ 'ਸੱਚ ਕੀ ਬੇਲਾ' ਸੁਣਾਉਣ ਦਾ ਭਰਮ ਪਾਲਿਆ ਹੋਇਆ ਹੈ।

ਮੈਨੂੰ ਯਾਦ ਆਉਂਦਾ ਹੈ, ਸਾਡੇ ਬਚਪਨ ਦੇ ਦਿਨੀਂ ਪਿੰਡ ਵਿਚ ਬਾਬਾ ਚਰਗਾ ਦੱਸਦਾ ਹੁੰਦਾ ਸੀ ਕਿ ਅੰਗਰੇਜ਼ 'ਖਤਰਨਾਕ ਲੂੰਬੜ' ਸੀ। ਜਦੋਂ ਇਸ ਲੂੰਬੜ ਨੂੰ ਏਸ਼ੀਆ 'ਚ ਟਿਕੇ ਰਹਿਣਾ ਮੁਹਾਲ ਹੁੰਦਾ ਜਾਪਿਆ ਤਾਂ ਉਸ ਨੇ ਭਾਰਤ ਵਿਚ ਗਾਂਧੀ ਬਾਣੀਏ ਅਤੇ ਚੀਨ ਵਿਚ ਚਿਆਂਗ ਕਾਈ-ਸ਼ੈਕ ਨਾਂ ਦੇ ਦੋ ਦੱਲਿਆਂ ਨੂੰ ਪਾਲਣਾ ਸ਼ੁਰੂ ਕਰ ਦਿੱਤਾ ਸੀ। ਬਾਬਾ ਚਰਗਾ ਮੱਥੇ ਤੇ ਹੱਥ ਮਾਰ ਕੇ ਕਹਿੰਦਾ ਹੁੰਦਾ ਸੀ ਕਿ ਚੀਨ ਵਿਚ ਤਾਂ ਮਾਓ ਨੇ ਅੰਗਰੇਜ਼ਾਂ ਦੀਆਂ ਚਾਲਾਂ ਫੇਲ੍ਹ ਕਰ ਕੇ ਉਥੇ 'ਸਤਿਯੁਗ' ਵਰਤਾ ਦਿੱਤਾ ਪਰ ਮਾੜੀ ਕਿਸਮਤ ਨੂੰ ਭਾਰਤ ਵਿਚ ਗਾਂਧੀ ਬਾਣੀਆ ਕਾਮਯਾਬ ਹੋ ਗਿਆ। ਬਾਬਾ ਚਰਗਾ ਕਾਮਰੇਡ ਨਹੀਂ ਸੀ ਪਰ ਉਸ ਨੂੰ ਕੇਹਾ ਪੱਕਾ ਯਕੀਨ ਸੀ ਕਿ ਚੀਨ ਵਿਚ ਸਤਯੁੱਗ ਸਚਮੁਚ ਹੀ ਵਰਤਿਆ ਹੋਇਆ ਸੀ?

ਪਿਛਲੇ ਸਾਰੇ ਸਮੇਂ ਦੌਰਾਨ ਕੰਵਲ ਬਾਈ ਜੀ ਦੇ ਅਖਬਾਰਾਂ ਅੰਦਰ ਥੋਕ ਵਿਚ ਛਪਦੇ ਲੇਖਾਂ 'ਤੇ ਜਦੋਂ ਵੀ ਨਜ਼ਰ ਮਾਰਨ ਦਾ ਮੌਕਾ ਮਿਲਿਆ, ਤਾਂ ਬਾਬੇ ਚਰਗੇ ਦਾ ਉਹੋ ਫਤਵਾ ਯਾਦ ਆ ਜਾਂਦਾ ਰਿਹਾ ਹੈ। ਕਿਤਨਾ ਸੌਖ ਹੈ ਇਸ ਕਿਸਮ ਦੀ ਫਤਵੇਬਾਜ਼ੀ 'ਚ।

'ਪੰਜਾਬੀ ਕੌਮੀਅਤ ਦੀ ਉਤਪਤੀ ਤੇ ਵਿਕਾਸ' ਸਿਰਲੇਖ ਹੇਠ ਕੁਝ ਵਰ੍ਹੇ ਪਹਿਲਾਂ ਕਰਮ ਬਰਸਟ ਨੇ ਕਾਫੀ ਸੰਤੁਲਿਤ ਲੇਖ ਲਿਖਿਆ ਸੀ। ਉਨ੍ਹਾਂ ਇਸ ਮਸਲੇ ਦੇ ਵੱਖ ਵੱਖ ਪਹਿਲੂਆਂ ਨੂੰ ਵਿਚਾਰ ਅਧੀਨ ਲਿਆਉਂਦਿਆਂ ਸਾਬਤ ਕੀਤਾ ਕਿ ਭਾਰਤ ਅੰਦਰ 'ਕੌਮੀਅਤ' ਦੇ ਘੋਲਾਂ ਨੂੰ ਮੌਜੂਦਾ ਅਗਵਾਈ ਦੇ ਰਹੀਆਂ ਸ਼ਕਤੀਆਂ ਆਪਣੀ ਇਤਿਹਾਸਕ ਕਮਜ਼ੋਰੀ ਅਤੇ ਜਮਾਤੀ ਹਿੱਤਾਂ ਦੀ ਸੀਮਾ ਕਾਰਨ ਜਿੱਤ ਤੱਕ ਨਹੀਂ ਪਹੁੰਚਾ ਸਕਦੀਆਂ। ਉਨ੍ਹਾਂ ਦਾ ਦਾਅਵਾ ਸੀ ਕਿ ਸਿਰਫ ਤੇ ਸਿਰਫ ਸੈਕੂਲਰ ਇਨਕਲਾਬੀ ਅਤੇ ਜਮਹੂਰੀ ਜਥੇਬੰਦੀਆਂ ਹੀ ਇਸ ਕਠਿਨ ਕਾਰਜ ਨੂੰ ਸਿਰੇ ਚਾੜ੍ਹਨ ਦੇ ਸਮਰੱਥ ਹੋ ਸਕਦੀਆਂ ਹਨ।

ਕਰਮ ਬਰਸਟ ਦਾ ਕਹਿਣਾ ਹੈ ਕਿ "ਕੌਮੀਅਤ ਘੋਲ ਨੂੰ ਬੁਨਿਆਦੀ ਸਮਾਜਕ ਤਬਦੀਲੀ ਦੇ ਇਕ ਅੰਗ ਵਜੋਂ ਲੈਣਾ ਪਵੇਗਾ। ਫੇਰ ਹੀ ਮਸਲੇ ਦਾ ਠੋਸ ਹੱਲ ਸੰਭਵ ਹੈ ਪ੍ਰੰਤੂ ਫੌਰੀ ਤੌਰ 'ਤੇ ਕੌਮੀਅਤਾਂ/ਰਾਜਾਂ ਨੂੰ ਖੁਦਮੁਖਤਾਰੀ ਦੇ ਕੇ ਅਤੇ ਵਿਵਸਥਾ ਨੂੰ ਹਕੀਕੀ ਫੈਡਰਲ ਰੂਪ ਦੇ ਕੇ ਹੀ ਇਸ ਦਿਸ਼ਾ ਵੱਲ ਮੁੱਢਲਾ ਕਦਮ ਪੁੱਟਿਆ ਜਾ ਸਕਦਾ ਹੈ।"

ਕਰਮ ਬਰਸਟ ਆਪਣੇ ਲੇਖ ਵਿਚ ਇਹ ਚਿਤਾਵਨੀ ਵੀ ਦੇ ਜਾਂਦਾ ਹੈ ਕਿ "ਅਜਿਹੀ ਇੱਛਾ ਲਈ ਯਤਨ ਕਰਨ ਵਾਲੀਆਂ ਰੈਡੀਕਲ ਧਿਰਾਂ ਨੂੰ ਹਮੇਸ਼ਾਂ ਚੌਕਸ ਰਹਿਣਾ ਹੋਵੇਗਾ ਕਿ ਕੌਮੀਅਤਾਂ ਦੀਆਂ ਲਹਿਰਾਂ, ਬੁਨਿਆਦੀ ਮੰਗਾਂ ਲਈ ਘੋਲ ਦੇ ਉਪਰ ਦੀ ਨਾ ਪੈ ਜਾਣ, ਸਗੋਂ ਮਸਲੇ 'ਚ ਕੇਂਦਰੀ ਅਹਿਮੀਅਤ ਰੱਖਣ ਵਾਲੀ ਜਮਾਤੀ ਲੜਾਈ ਦੇ ਅਧੀਨ ਹੋ ਕੇ ਹੀ ਚੱਲਣ।" ਇਨਸਾਨੀ ਮੁਕਤੀ ਦੇ ਮਾਰਗ 'ਤੇ ਅਜਿਹਾ ਕਰਦਿਆਂ ਹੀ ਅਗਾਂਹ ਪੇਸ਼ਕਦਮੀ ਜਾਰੀ ਰੱਖੀ ਜਾ ਸਕਦੀ ਹੈ। ਕੰਵਲ ਸਾਹਿਬ ਦਾ ਦਾਅਵਾ ਹੈ ਕਿ ਪ੍ਰੋ. ਕਿਸ਼ਨ ਸਿੰਘ ਦੀਆਂ ਲਿਖਤਾਂ ਦਾ ਉਨ੍ਹਾਂ ਗਹਿਨ ਅਧਿਐਨ ਕੀਤਾ ਹੋਇਆ ਹੈ। ਚੰਗਾ ਹੋਵੇ ਜੇ ਉਹ ਕਿਸੇ ਸਮੇਂ ਉਨ੍ਹਾਂ ਦੇ ਸਾਥੀ ਰਹੇ ਪ੍ਰੋ. ਰਣਧੀਰ ਸਿੰਘ ਦੀਆਂ ਲਿਖਤਾਂ ਦਾ ਅਧਿਐਨ ਵੀ ਕਰ ਸਕੇ। ਬਹੁਤ ਚੰਗਾ ਹੋਵੇਗਾ ਜੇਕਰ ਉਹ ਅਜਿਹੀਆਂ ਲਿਖਤਾਂ ਜਾਰੀ ਰੱਖਣ ਤੋਂ ਪਹਿਲਾਂ ਸਮਕਾਲੀ ਇਤਿਹਾਸ ਦਾ ਜ਼ਰਾ ਹੋਰ ਵਧੇਰੇ ਅਧਿਐਨ ਕਰ ਲੈਣ। ਕੰਵਲ ਬਾਈ ਦੀ ਸਿਹਤ ਅਜੇ ਵੀ ਕਾਫੀ ਚੰਗੀ ਸੁਣੀਂਦੀ ਹੈ, ਰੱਬ ਉਨ੍ਹਾਂ ਨੂੰ ਲੰਮੀ ਉਮਰ ਬਖਸ਼ੇ। ਉਹ ਪੰਜਾਬ ਦਾ ਬਹੁਤ ਵੱਡਾ ਭਲਾ ਕਰ ਰਹੇ ਹੋਣਗੇ ਜੇ ਮਾਅਰਕੇਬਾਜ਼ ਫਤਵੇਬਾਜ਼ੀ ਵਾਲੀਆਂ ਲਿਖਤਾਂ ਦੀ ਥਾਂ ਗਹਿਰ ਗੰਭੀਰ ਬਾਦਲੀਲ ਕੁਝ ਲਿਖਤਾਂ ਪਾਠਕਾਂ ਦੀ ਝੋਲੀ ਪਾ ਜਾਣ।

***(ਸਮਾਪਤ)***

***ਇਸ ਸਾਰੇ ਕਾਸੇ ਤੋਂ ਬਾਅਦ ਕੰਵਲ ਹੋਰਾਂ ਦੇ ਕਥਿਤ ਦਸਤਾਵੇਜ਼ੀ ਨਾਵਲ 'ਖੂਨ ਕੇ ਸੋਹਿਲੇ ਗਾਵੀਅਹਿ ਨਾਨਕ' ਬਾਰੇ ਵੀ ਵਿਸਥਾਰਤ ਚਰਚਾ ਪਾਠਕਾਂ ਨਾਲ ਕੀਤੀ ਜਾਣੀ ਚਾਹੀਦੀ ਹੈ। ਬੇਹਤਰ ਹੁੰਦਾ ਜੇ ਇਸ ਨਾਵਲ ਦਾ ਨਾਂ '20ਵੀਂ ਸਦੀ ਦੇ ਸਿੱਖ ਸੰਘਰਸ਼ਾਂ ਬਾਰੇ ਖੁਲ੍ਹੀ ਖੁੰਢ ਚਰਚਾ' ਰੱਖਿਆ ਹੁੰਦਾ। ਮਹਿਜ ਇਤਨਾ ਕੁ ਲਿਖ ਦਿਤੇ ਜਾਣ ਨਾਲ ਕਿਸੇ ਖਾਸ ਨੁਕਤੇ ਤੋਂ ਇਸ ਦਾ ਮੁੱਲ ਕਈ ਗੁਣਾ ਵੱਧ ਜਾਣਾ ਸੀ। ਬਾਕੀ "ਪੰਜਾਬੀ ਦੀ ਪੱਗ: ਜਸਵੰਤ ਸਿੰਘ ਕੰਵਲ" ਵਿਚ ਇਸ ਬਾਰੇ ਕਾਫੀ ਠੀਕ ਚਰਚਾ ਰਾਜਿੰਦਰ ਸਿੰਘ ਰਾਹੀ ਨੇ ਖੁਦ ਹੀ ਕਰ ਦਿੱਤੀ ਹੋਈ ਹੈ। ਸੋ ਉਸ ਨੂੰ ਦੁਹਰਾਉਣ ਦੀ ਜਰੂਰਤ ਨਹੀਂ ਹੈ।***

***ਵੇਖੋ, ਲੱਖਾਂ ਨਹੀਂ ਕਰੋੜ ਖਾਮੀਆਂ ਦੇ ਬਾਵਜੂਦ ਪੂਰੀ 20ਵੀਂ ਸਦੀ ਵਿਚ ਇੰਡੋਨੇਸ਼ੀਆ, ਚਿੱਲੀ, ਪੀਰੂ ਜਾਂ ਕੋਲੰਬੀਆ-ਸਾਰੀ ਦੁਨੀਆਂ ਅੰਦਰ ਹੀ ਕਮਿਊਨਿਸਟ ਲਹਿਰ ਦਾ ਇਤਿਹਾਸ ਬਹੁਤ ਸ਼ਾਨਾਂਮੱਤਾ ਹੈ। ਜ਼ਿਆਦਾ ਮਿਸਾਲਾਂ ਕੀ ਦੇਣੀਆਂ। ਮਿਸਾਲ ਇਕੱਲੀ ਇਟਲੀ ਦੀ ਕਮਿਊਨਿਸਟ ਲਹਿਰ ਦੀ ਹੀ ਕਾਫੀ ਹੈ। ਅਨਤੋਨੀਓ ਨੇਗਰੀ, ਜੌਰਜੀਓ ਅਗੈਮਬਨ ਅਤੇ ਸਭ ਤੋਂ ਵੱਧ ਜਿਓਵਾਨੀ ਅਗੀਰੀ ਵਰਗੇ ਚਿੰਤਕਾਂ ਵਲੋਂ ਮਾਰਕਸੀ ਚਿੰਤਨ ਦੀ ਮੂਲ ਪ੍ਰੇਰਨਾ ਨਾਲ ਸਾਡੇ ਸਮਿਆਂ ਨੂੰ ਨਵੇਂ ਸਿਰਿਓਂ ਸਮਝਣ ਅਤੇ ਆਸ ਦੀ ਕਿਰਨ ਜਗਾਈ ਰੱਖਣ ਲਈ ਜਿਸ ਕਿਸਮ ਦੀ ਬੌਧਿਕ ਕਮਾਈ ਕੀਤੀ ਜਾ ਰਹੀ ਹੈ, ਪੜ੍ਹਕੇ ਆਦਮੀ ਧੰਨ ਹੋ ਜਾਂਦਾ ਹੈ।***

# ਲੜਾਂਗੇ ਸਾਥੀ, ਜੇ ਰੋਟੀ ਨਾ ਮਿਲੀ ਤਾਂ ਬਾਰੂਦ ਖਾ ਕੇ ਲੜਾਂਗੇ

## ਅਰੁੰਧਤੀ ਰਾਏ ਨਾਲ ਮੁਲਾਕਾਤ

ਜਗਦੀਪ ਸਿੰਘ ਫਰੀਦਕੋਟ
ਫੋਨ:91-98157-63313

ਅਰੁੰਧਤੀ ਰਾਏ ਨਾਲ ਪਹਿਲੀ ਮੁਲਾਕਾਤ

ਮੈਂ ਉਸ ਨੂੰ ਕਾਫੀ ਸਮੇਂ ਤੋਂ ਜਾਣਦਾਂ। ਪਹਿਲੀ ਵਾਰ ਮੈਂ ਉਸ ਨੂੰ ਉਸ ਦੇ ਨਾਵਲ 'ਗਾਡ ਆਫ ਸਮਾਲ ਥਿੰਗਜ਼' (ਛੋਟੀਆਂ ਚੀਜ਼ਾਂ ਦਾ ਰੱਬ) ਰਾਹੀਂ ਦੇਖਿਆ। ਬਿਨਾ ਸ਼ੱਕ ਮੈਂ ਉਸ ਦਾ ਇਹ ਨਾਵਲ ਬਹੁਤੇ ਲੋਕਾਂ ਵਾਂਗ ਸਿਰਫ ਇਸੇ ਲਈ ਪੜ੍ਹਿਆ ਸੀ ਕਿ ਉਸ ਨੂੰ ਬੂਕਰ ਪ੍ਰਾਈਜ਼ ਮਿਲਿਆ ਸੀ। ਚੰਗਾ ਲੱਗਾ। ਪਰ ਉਹ ਓਦੋਂ ਹੀ ਮੇਰੇ ਸਭ ਤੋਂ ਮਨਪਸੰਦ ਲੇਖਕਾਂ ਦੀ ਕਤਾਰ ਵਿਚ ਨਹੀਂ ਆਈ ਸੀ। ਬਸ ਪਾਠਕ ਤੇ ਲੇਖਕ ਦੀ ਇੱਕ ਸਾਂਝ ਜਰੂਰ ਬਣ ਗਈ ਸੀ। ਕੁਝ ਕੁ ਨਾਵਲ ਪੜ੍ਹਨ ਤੋਂ ਬਾਅਦ ਜੀਅ ਕੀਤਾ ਸੀ ਕਿ ਜੇ ਇਨ੍ਹਾਂ ਦੇ ਲੇਖਕ ਜਿਉਂਦੇ ਹੁੰਦੇ ਤਾਂ ਉਨ੍ਹਾਂ ਨੂੰ ਮਿਲਣ ਲਈ ਕੋਈ ਨਾ ਕੋਈ ਉਪਰਾਲੇ ਜਰੂਰ ਕਰਦਾ, ਜਿਵੇਂ ਵਾਂਦਾ ਵਾਸਲੀਊਸਕਾ ਦੀ 'ਸਤਰੰਗੀ ਪੀਂਘ', ਮੈਕਸਿਮ ਗੋਰਕੀ ਦੀ 'ਮਾਂ', ਆਨ ਡਿਊਸ ਦੀ 'ਗੁਰੀਲੇ' ਆਦਿ। ਪਰ 'ਗਾਡ ਆਫ ਸਮਾਲ ਥਿੰਗਜ਼' ਪੜ੍ਹਨ ਤੋਂ ਬਾਅਦ ਐਸਾ ਤਾਂ ਪ੍ਰਤੀਤ ਨਹੀਂ ਹੋਇਆ ਸੀ। ਉਹ ਮੇਰੇ ਉਨ੍ਹਾਂ ਲੇਖਕਾਂ ਦੀ ਕਤਾਰ ਵਿਚ ਨਹੀਂ ਆਈ ਸੀ ਜਿਨ੍ਹਾਂ ਨਾਲ ਮੈਨੂੰ 'ਪਹਿਲੀ ਨਜ਼ਰੇ ਪਿਆਰ' ਹੋ ਗਿਆ ਸੀ। ਮੈਂ ਸ਼ੁਰੂ ਤੋਂ ਮੁਰੀਦ ਰਿਹਾਂ, ਉਨ੍ਹਾਂ ਦਾ ਜੋ ਮਨੁੱਖਤਾ ਦੀ ਆਜ਼ਾਦੀ ਲਈ ਜੂਝੇ ਜਾਂ ਜੂਝ ਰਹੇ ਹਨ।

ਪਵਿੱਤਰ ਕੁਰਾਨ ਦੇ ਬੋਲ ਹਨ ਕਿ ਜਦੋਂ ਤੁਸੀਂ ਕਿਸੇ 'ਤੇ ਜ਼ੁਲਮ ਹੁੰਦਾ ਵੇਖੋ ਤਾਂ ਤੁਹਾਨੂੰ ਜਾ ਕੇ ਉਸ ਨੂੰ ਹੱਥੀਂ ਰੋਕਣਾ ਚਾਹੀਦਾ ਹੈ, ਜੇ ਹੱਥਾਂ ਨਾਲ ਨਹੀਂ ਰੋਕ ਸਕਦੇ ਤਾਂ ਉਸ ਦੇ ਵਿਰੁਧ ਬੋਲਣਾ ਚਾਹੀਦਾ ਹੈ ਤੇ ਜੇ ਇਹ ਵੀ ਨਹੀਂ ਕਰ ਸਕਦੇ ਤਾਂ ਦਿਲ ਵਿਚ ਉਸ ਨੂੰ ਮਾੜਾ ਕਹਿਣਾ ਚਾਹੀਦਾ ਹੈ। ਮੇਰੇ ਨਾਇਕ ਪਹਿਲੀਆਂ ਦੋਹਾਂ ਕਿਸਮਾਂ ਵਿਚ ਆਉਂਦੇ ਹਨ। ਤੀਜੀ ਕਿਸਮ ਵਾਲਿਆਂ ਨੂੰ ਪਵਿੱਤਰ ਕੁਰਾਨ ਵੀ ਸੂਰਮੇ ਨਹੀਂ ਮੰਨਦਾ। ਮੇਰੇ ਨਾਇਕ 'ਜਬ ਆਵ ਕੀ ਅਉਧ ਨਿਧਾਨ ਬਨੈ' ਤਾਂ 'ਅਤਿ ਹੀ ਰਣ ਮਹਿ' ਜੂਝ ਮਰੇ ਹਨ ਤੇ ਮਰ ਰਹੇ ਹਨ।

ਕਾਫੀ ਸਮੇਂ ਪਿੱਛੋਂ, ਜਦੋਂ ਮੈਂ ਅਰੁੰਧਤੀ ਰਾਏ ਦਾ 'ਵਾਇਸ ਆਫ ਵਾਇਸਲੈਸ' (ਬੇਜ਼ੁਬਾਨਿਆਂ ਦੀ ਜ਼ੁਬਾਨ) ਵਾਲਾ ਪੋਸਟਰ ਆਪਣੇ ਕਮਰੇ ਦੀ ਕੰਧ 'ਤੇ ਲਗਾ ਰਿਹਾ ਸੀ, ਉਸ ਤੋਂ ਥੋੜਾ ਸਮਾਂ ਪਹਿਲਾਂ ਹੀ ਮੈਨੂੰ ਉਸ ਬਾਰੇ 'ਉਹ' ਪਰਤੀਤ ਹੋਇਆ ਜੋ ਮੈਨੂੰ ਆਪਣੇ ਨਾਇਕਾਂ ਬਾਰੇ ਹੁੰਦਾ ਸੀ। ਸ਼ਾਇਦ ਅਜੇ ਉਸ ਦਾ ਨਾਵਲ 'ਵਾਕਿੰਗ ਵਿਦ ਕਾਮਰੇਡਜ਼' ਵੀ ਨਹੀਂ ਛਪਿਆ ਸੀ ਤੇ ਨਾ ਹੀ ਕਸ਼ਮੀਰੀਆਂ ਦਾ 'ਆਜ਼ਾਦੀ ਇਜ਼ ਦਾ ਓਨਲੀ ਵੇਅ' (ਇਕੋ ਇਕੋ ਰਾਹ ਆਜ਼ਾਦੀ ਹੈ) ਸੈਮੀਨਾਰ ਹੋਇਆ ਸੀ, ਜਿੱਥੇ ਬੋਲਣ ਕਰਕੇ ਹਿੰਦੂ ਸੰਗਠਨਾਂ ਨੇ ਉਸ ਦੇ ਘਰ 'ਤੇ ਹਮਲਾ ਕੀਤਾ ਸੀ ਤੇ ਉਸ ਵਿਰੁਧ ਦੇਸ਼ ਧ੍ਰੋਹ ਦਾ ਮੁਕੱਦਮਾ ਚਲਾਉਣ ਦੀ ਮੰਗ ਵੀ ਕੀਤੀ ਸੀ। ...ਤੇ ਉਸ ਨੇ ਮੁਸਕੁਰਾਉਂਦੇ ਹੋਏ ਕਿਹਾ ਸੀ, "ਤਰਸਯੋਗ ਹੈ ਉਹ ਦੇਸ਼ ਜੋ ਉਨ੍ਹਾਂ ਨੂੰ ਗੋਲੀ ਮਾਰ ਦਿੰਦਾ ਹੈ ਜੋ ਆਜ਼ਾਦੀ ਮੰਗਦੇ ਹਨ...।"

ਆਰ.ਐਸ.ਐਸ., ਭਾਜਪਾ ਤੇ ਹੋਰ ਹਿੰਦੂਵਾਦੀ ਸੰਗਠਨਾਂ ਦੀ ਹਿੱਟ ਲਿਸਟ 'ਤੇ ਤਾਂ ਉਹ ਇਸ ਤੋਂ ਪਹਿਲਾਂ ਹੀ ਆ ਚੁੱਕੀ ਸੀ। ਇਨ੍ਹਾਂ ਸੰਗਠਨਾਂ ਵਿਚੋਂ ਕਿਸੇ ਇੱਕ ਵਲੋਂ ਬਣਾਏ ਇੱਕ ਵੀਡੀਓ, ਜਿਸ ਵਿਚ ਕੁਝ ਲੋਕਾਂ ਨੂੰ ਹਿੰਦੁਸਤਾਨ ਦੇ ਦੁਸ਼ਮਣ ਐਲਾਨਿਆ ਗਿਆ ਸੀ, ਵਿਚ ਨੰਦਿਤਾ ਦਾਸ, ਸ਼ਬਾਨਾ ਆਜ਼ਮੀ, ਦੀਪਾ ਮਹਿਤਾ ਨਾਲ ਅਰੁੰਧਤੀ ਰਾਏ ਵੀ ਸ਼ਾਮਲ ਸੀ। ਪਹਿਲੀਆਂ ਤਿੰਨੇ ਸ਼ਖਸੀਅਤਾਂ ਆਪਣੀਆਂ ਫਿਲਮਾਂ- 'ਫਾਇਰ', 'ਵਾਟਰ' ਵਗੈਰਾ ਅਤੇ ਨੰਦਿਤਾ ਦਾਸ ਫਿਲਮਾਂ 'ਲਾਲ ਸਲਾਮ' ਤੇ 'ਫਿਰਾਕ' (ਜੋ ਗੁਜਰਾਤ ਕਤਲੇਆਮ 'ਤੇ ਬਣਾਈ ਗਈ ਸੀ) ਕਰਕੇ ਇਸ ਲਿਸਟ ਵਿਚ ਸ਼ਾਮਲ ਸਨ। ਅਰੁੰਧਤੀ ਰਾਏ ਸੰਸਦ ਹਮਲੇ ਅਤੇ ਗੁਜਰਾਤ ਕਤਲੇਆਮ ਬਾਰੇ ਲਿਖੇ ਆਪਣੇ ਲੇਖਾਂ ਕਰਕੇ ਇਸ ਸੂਚੀ ਵਿਚ ਸ਼ਾਮਲ ਕਰ ਲਈ ਗਈ ਸੀ। ਸੰਸਦ ਹਮਲੇ ਬਾਰੇ ਲਿਖੇ ਉਸ ਦੇ ਲੇਖਾਂ ਨੇ ਇਕ ਵਾਰ ਤਾਂ ਭੁਚਾਲ ਜਿਹਾ ਲਿਆ ਦਿੱਤਾ ਸੀ। ਕਸ਼ਮੀਰ ਦਾ ਉਹ ਸੱਚ ਉਸ ਨੇ ਬਾਹਰ ਲਿਆਂਦਾ ਜਿਹੜਾ ਸਰਕਾਰਾਂ ਨੇ 50 ਸਾਲਾਂ ਤੋਂ ਵੱਧ ਸਮੇਂ ਤੋਂ ਦਬਾ ਕੇ ਰੱਖਿਆ ਹੋਇਆ ਸੀ। ਗਿਲਾਨੀ ਤੇ ਅਫ਼ਜ਼ਲ ਨਾਲ ਬਹੁਤ ਲੋਕਾਂ ਨੇ ਹਮਦਰਦੀ ਜਾਹਰ ਕੀਤੀ ਤੇ ਇੱਕ ਲੋਕ ਲਹਿਰ ਉਨ੍ਹਾਂ ਨਿਰਦੋਸ਼ਾਂ ਦੇ ਹੱਕ ਵਿਚ ਖੜ੍ਹੀ ਕੀਤੀ ਗਈ। ਗਿਲਾਨੀ ਨੂੰ ਤਾਂ ਬਰੀ ਕਰ ਦਿੱਤਾ ਗਿਆ ਪਰ ਅਫਜ਼ਲ ਦੇ ਸਿਰ 'ਤੇ ਫਾਂਸੀ ਦਾ ਫੰਦਾ ਅਜੇ ਵੀ ਲਟਕ ਰਿਹਾ ਹੈ। ਫੈਸਲੇ ਵਿਚ ਸ਼ਰ੍ਹੇਆਮ ਲਿਖਿਆ ਗਿਆ ਹੈ ਕਿ ਬੇਸ਼ੱਕ ਅਫ਼ਜ਼ਲ ਦੇ ਖਿਲਾਫ ਠੋਸ ਸਬੂਤ ਨਹੀਂ ਪਰ 'ਭਾਰਤ ਦੀ ਸਮੂਹਿਕ ਚੇਤਨਾ' ਨੂੰ ਧਿਆਨ ਵਿਚ ਰੱਖਦਿਆਂ ਉਸ ਨੂੰ ਫਾਂਸੀ ਦਿੱਤੀ ਜਾਂਦੀ ਹੈ। ਇਹ ਕੈਸਾ ਹੈ ਇਨਸਾਫ?

ਕਾਂਗਰਸ ਉਸ ਦੀ ਦੁਸ਼ਮਣ ਥੋੜਾ ਪਿੱਛੋਂ ਜਾ ਕੇ ਬਣੀ, ਜਦੋਂ ਤੋਂ ਉਹ ਸਾਥੀਆਂ ਨਾਲ ਵਿਚਰਨ ਲੱਗੀ। ਸ਼ਾਇਦ ਉਸ ਤੋਂ ਕੁਝ ਸਮਾਂ ਪਹਿਲਾਂ। ਉਸ ਨੇ ਆਵਾਜ਼ ਉਠਾਈ ਕਿ ਇਨ੍ਹਾਂ ਦੋਹਾਂ ਤਾਕਤਾਂ ਤੋਂ ਲੋਕਾਂ ਨੂੰ ਖਤਰਾ ਹੈ। ਜਦੋਂ ਭਾਜਪਾ ਸੱਤਾ ਵਿਚ ਆਉਂਦੀ ਹੈ ਤਾਂ ਹਿੰਦੂਤਵ ਭਾਰੂ ਹੋ ਜਾਂਦਾ ਹੈ ਤੇ ਜਦੋਂ ਕਾਂਗਰਸ ਹੇਠ ਕੁਰਸੀ ਆਉਂਦੀ ਹੈ ਤਾਂ ਕਾਰਪੋਰੇਟ ਲਾਬੀ ਭਾਰੂ ਹੋ ਜਾਂਦੀ ਹੈ। ਦੋਹਾਂ ਹਾਲਤਾਂ ਵਿਚ ਮਰਦਾ ਗਰੀਬ ਆਦਮੀ ਹੀ ਹੈ।

ਪੰਜਾਬੀ ਦੇ ਨਾਮਵਰ ਸ਼ਾਇਰ ਸੁਰਜੀਤ ਪਾਤਰ ਦੀਆਂ ਲਿਖੀਆਂ ਸਤਰਾਂ ਕਿ 'ਏਨਾ ਸੱਚ ਨਾ ਬੋਲ ਕਿ ਕੱਲਾ ਰਹਿ ਜਾਵੇਂ, ਚਾਰ ਕੁ ਬੰਦੇ ਛੱਡ ਦੇ ਮੋਢਾ ਦੇਣ ਲਈ' ਨੂੰ ਸ਼ਾਇਦ ਅਰੁੰਧਤੀ ਇਹ ਕਹਿ ਕੇ ਅੱਗੇ ਲੰਘ ਗਈ ਕਿ 'ਸੱਚ ਬੋਲਣ ਵਾਲੇ ਮੋਢਿਆਂ ਦੀ ਪ੍ਰਵਾਹ ਨਹੀਂ ਕਰਦੇ'।

ਓਪਰੇਸ਼ਨ ਗ੍ਰੀਨ ਹੰਟ ਦੇ ਵਿਰੋਧ ਵਿਚ ਉਹ ਡਟ ਕੇ ਸਾਹਮਣੇ ਆਈ। ਵਾਕਿੰਗ ਵਿਦ ਕਾਮਰੇਡਜ਼ (ਸਾਥੀਆਂ ਨਾਲ ਤੁਰਦਿਆਂ) ਨਾਂ ਦੇ ਵੱਡੇ ਲੇਖ ਵਿਚ ਉਸ ਨੇ ਕਈ ਪਰਤਾਂ ਖੋਲੀਆਂ। ਆਦਿਵਾਸੀਆਂ ਉਤੇ ਸਰਕਾਰ ਤੇ ਸਲਵਾ ਜੂਡਮ ਦੇ ਅੱਤਿਆਚਾਰਾਂ ਨੂੰ ਪੜ੍ਹ ਕੇ ਰੂਹ ਕੰਬ ਗਈ। ਪਹਿਲੀ ਵਾਰ 'ਉਨ੍ਹਾਂ' ਲਈ ਵੀ ਦਿਲ ਵਿਚ ਹਮਦਰਦੀ ਜਾਗੀ। ਸਰਕਾਰੀ ਅਤਿਵਾਦ ਬਾਦਸਤੂਰ ਜਾਰੀ ਹੈ। ਕਸ਼ਮੀਰ ਤੇ ਪੰਜਾਬ ਉਸ ਦਾ ਸ਼ਿਕਾਰ ਪਹਿਲਾਂ ਹੀ ਸਨ ਤੇ ਹੁਣ ਵਿਚਾਰੇ ਇਹ ਆਦਿਵਾਸੀ ਵੀ ਹੋ ਗਏ। ਹਾਲਾਂਕਿ ਉਹ ਆਜ਼ਾਦ ਭਾਰਤ ਤੋਂ ਆਜ਼ਾਦੀ ਵੀ ਨਹੀਂ ਮੰਗ ਰਹੇ। ਇਹ ਤਾਂ ਬਸ ਸਰਕਾਰ ਦੀਆਂ ਲਾਲਾਂ ਡਿੱਗ ਪਈਆਂ, ਉਨ੍ਹਾਂ ਦੀਆਂ ਜ਼ਮੀਨਾਂ 'ਤੇ। ਬਸ ਫੇਰ ਉਹ ਕਿਸੇ ਪਰੀ ਕਹਾਣੀ ਦੇ ਦਿਓ ਵਾਂਗ 'ਆਦਮ ਬੋ-ਆਦਮ ਬੋ' ਕਰਦੇ ਵੜ੍ਹ ਗਏ ਜੰਗਲਾਂ ਵਿਚ ਤੇ ਪਿੰਡਾਂ ਦੇ ਪਿੰਡ ਉਜਾੜ ਦਿੱਤੇ ਤੇ ਨਾ ਚਾਹੁੰਦਿਆਂ ਵੀ ਲੋਕਾਂ ਨੂੰ ਬੰਦੂਕਾਂ ਚੁੱਕਣੀਆਂ ਪਈਆਂ। ਉਸ ਤੋਂ ਪਿੱਛੋਂ ਆਜ਼ਾਦ ਭਾਰਤ ਦੇ ਆਜ਼ਾਦ ਪ੍ਰਧਾਨ ਮੰਤਰੀ ਦੇ ਕਹਿਣ ਅਨੁਸਾਰ ਮਾਓਵਾਦੀ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਸਭ ਤੋਂ ਵੱਡਾ ਖਤਰਾ ਬਣ ਗਏ। ਨਿਊਜ਼ ਚੈਨਲਾਂ ਨੇ ਰਾਤੋ-ਰਾਤ ਇਸਲਾਮਿਕ ਅਤਿਵਾਦ ਨੂੰ ਛੱਡ ਕੇ ਮਾਓਵਾਦੀ ਅਤਿਵਾਦ ਬਾਰੇ ਰਿਪੋਰਟਾਂ ਤਿਆਰ ਕਰ ਲਈਆਂ ਜੋ ਲਗਾਤਾਰ ਦਿਖਾਈਆਂ ਜਾ ਰਹੀਆਂ ਹਨ। ਇਹ ਸਭ ਖ਼ਬਰਾਂ ਛੋਟੇ ਜਵਾਕਾਂ ਦੀ ਚਿੜੀ ਉਡ, ਕਾਂ ਉਡ ਦੀ ਖੇਡ ਵਾਂਗ ਹਨ, ਜਿਸ ਵਿਚ ਕੋਈ ਬੱਚਾ ਜਦੋਂ ਕੋਈ ਨਾ ਉਡਣ ਵਾਲੀ ਚੀਜ਼ ਬਾਰੇ ਵੀ ਉਡਣ ਵਾਲਾ ਇਸ਼ਾਰਾ ਕਰ ਦੇਵੇ ਤਾਂ ਬਾਕੀ ਖਿਡਾਰੀ ਉਸ ਦੇ ਹੱਥਾਂ 'ਤੇ ਚਪੇੜਾਂ ਮਾਰਦੇ ਹਨ ਪਰ ਮਾਰਨ ਤੋਂ ਪਹਿਲਾਂ ਉਹ ਇਹ ਕਹਿੰਦੇ ਹਨ,



ਲੂਣ...ਮਿਰਚ...ਮਸਾਲਾ...ਤੇ ਹਲਦੀ ਕਹਿੰਦਿਆਂ ਹੀ ਉਹ ਜੜ੍ਹ ਦਿੰਦੇ ਹਨ। ਬਸ ਇਹ ਖ਼ਬਰਾਂ ਵਾਲੇ ਚੈਨਲ ਵੀ ਇਸੇ ਤਰ੍ਹਾਂ ਹਨ। ਲੂਣ, ਮਿਰਚ, ਮਸਾਲਾ, ਹਲਦੀ ਪੂਰੀ ਤੇਜ਼ ਹੀ ਰੱਖਦੇ ਹਨ ਤੇ ਆਪਾਂ ਨੂੰ ਸੁਰਤ ਈ ਨਹੀਂ ਆਉਂਦੀ ਕਿ ਕਦੋਂ ਚਪੇੜ ਵੱਜ ਜਾਂਦੀ ਹੈ।

ਖੈਰ... ਅਰੁੰਧਤੀ ਰਾਏ ਦੇ ਸੰਘਰਸ਼ ਕਰ ਰਹੇ ਲੋਕਾਂ ਦੇ ਹੱਕ ਵਿਚ ਖੜ੍ਹਨ ਦੇ ਸਟੈਂਡ ਨੇ ਉਸ ਨੂੰ ਵੱਡਾ ਕਰ ਦਿੱਤਾ। ਮੈਂ ਲੱਭ-ਲੱਭ ਕੇ ਉਸ ਦੇ ਲੇਖ ਪੜ੍ਹੇ। ਸੱਚਮੁੱਚ ਉਹ 'ਬੇਜ਼ੁਬਾਨਾਂ ਦੀ ਜ਼ੁਬਾਨ' ਲੱਗੀ। ਪਿੱਛੇ ਜਹੇ ਜਦੋਂ ਉਹ ਜਲੰਧਰ ਆਈ ਤਾਂ ਪਤਾ ਨਾ ਲੱਗਿਆ ਤੇ ਜਾ ਕੇ ਸੁਣ ਨਾ ਸਕੇ। ਭਾਵੇਂ ਕਿ ਬਾਅਦ ਵਿਚ ਸੀ. ਡੀ. ਰਾਹੀਂ ਉਸ ਨੂੰ ਸੁਣ ਲਿਆ ਸੀ, ਪਰ ਸੀ. ਡੀ. ਵਿਚ ਕੀਤੀ ਗਈ ਕੱਟ-ਵੱਢ ਨਾਲ ਇਹ ਮਲਾਲ ਤਾਂ ਦਿਲ ਵਿਚ ਰਿਹਾ ਹੀ ਕਿ ਜੇ ਉਥੇ ਗਏ ਹੁੰਦੇ ਤਾਂ ਪੂਰਾ ਸੁਣ ਲੈਂਦੇ।

ਫੇਰ ਹਿੰਦੁਸਤਾਨ ਵਿਚ ਚੱਲੇ ਇੱਕ ਅਧੂਰੇ ਜਿਹੇ ਸੰਘਰਸ਼, ਜਿਸ ਨੂੰ ਮੀਡੀਆ ਨੇ ਭਾਰਤ ਦੀ ਆਜ਼ਾਦੀ ਦੀ ਲੜਾਈ ਤੋਂ ਵੀ ਵੱਡਾ ਕਰ ਕੇ ਦਿਖਾਇਆ, ਬਾਰੇ ਉਸ ਦੀਆਂ ਬੇਬਾਕ ਟਿੱਪਣੀਆਂ ਸੁਣੀਆਂ। ਜਦੋਂ ਐਂਕਰ ਬਰਖ਼ਾ ਨੇ ਉਸ ਨੂੰ ਪੁੱਛਿਆ, "ਪਰ ਤੁਸੀਂ ਉਸ ਏਡੇ ਵੱਡੇ ਇਕੱਠ ਬਾਰੇ ਕੀ ਕਹੋਗੇ, ਜੋ ਉਨ੍ਹਾਂ ਦੇ ਨਾਲ ਸੀ..." ਤਾਂ ਅਰੁੰਧਤੀ ਰਾਏ ਥੋੜਾ ਜਿਹਾ ਮੁਸਕੁਰਾਉਂਦੇ ਹੋਏ ਬੋਲੀ, "ਬਰਖ਼ਾ... ਮੈਂ ਇਸ ਤੋਂ ਕਿਤੇ ਵੱਡੇ ਇਕੱਠ ਵੇਖੇ ਹਨ... ਕਸ਼ਮੀਰ ਵਿਚ... ਜਿੱਥੇ ਲੋਕ ਆਜ਼ਾਦੀ ਦੇ ਨਾਹਰੇ ਮਾਰਦੇ ਹਨ ਤੇ ਤੁਸੀਂ ਮੀਡੀਆ ਵਾਲੇ ਉਨ੍ਹਾਂ ਨੂੰ ਸਿਰਫ ਇਹ ਕਹਿ ਕੇ ਨਜ਼ਰਅੰਦਾਜ਼ ਕਰ ਦਿੰਦੇ ਹੋ ਕਿ ਐਵੇਂ ਇਨ੍ਹਾਂ ਨੇ ਟਰੈਫਿਕ ਜਾਮ ਲਗਾਇਆ ਹੋਇਐ...।"

5-7 ਦਿਨਾਂ ਦੀ ਭੁੱਖ ਹੜਤਾਲ ਨੂੰ ਲਹਿਰ ਬਣਾਉਣ ਵਾਲੇ ਮੀਡੀਆ ਨੇ 11 ਸਾਲਾਂ ਤੋਂ ਭੁੱਖ ਹੜ੍ਹਤਾਲ 'ਤੇ ਬੈਠੀ ਇਰੋਮ ਸ਼ਰਮੀਲਾ ਬਾਰੇ ਇੱਕ ਸਕਿੰਟ ਦੀ ਖ਼ਬਰ ਵੀ ਨਹੀਂ ਦਿੱਤੀ... ਕਿਉਂ?

ਖੈਰ... ਐਤਕੀਂ ਉਹ ਫੇਰ ਆਈ, ਕੁਝ ਦਿਨ ਪਹਿਲਾਂ। ਕੁੱਸੇ, ਮੋਗੇ ਦੇ ਨੇੜੇ। ਇਸ ਵਾਰ ਅਸੀਂ ਖੁੰਝਣ ਵਾਲੇ ਨਹੀਂ ਸਾਂ। ਪਹੁੰਚ ਗਏ। ਚੰਗਾ ਇਕੱਠ ਸੀ। ਭਾਵੇਂ ਇਕੱਠ ਵਿਚੋਂ ਬਹੁਤੇ ਉਸ ਨੂੰ ਜਾਣਦੇ ਨਹੀਂ ਸਨ ਤੇ ਕਈਆਂ ਨੂੰ ਤਾਂ ਉਸ ਦਾ ਨਾਂ ਲੈਣ 'ਚ ਵੀ ਮੁਸ਼ਕਿਲ ਆ ਰਹੀ ਸੀ। ਬੁਲਾਰੇ ਬੋਲ ਰਹੇ ਸਨ। 'ਭਾਅ ਜੀ' ਨੂੰ ਸ਼ਰਧਾਂਜਲੀਆਂ ਪੇਸ਼ ਕਰ ਰਹੇ ਸਨ। ਪੰਜਾਬ ਦੇ ਕਾਮਰੇਡਾਂ ਨਾਲ ਇਹ ਗਿਲਾ ਤਾਂ ਹਮੇਸ਼ਾਂ ਹੀ ਰਹੇਗਾ ਕਿ ਇਹ ਸਾਨੂੰ 'ਗਾਤਰਿਆਂ ਵਾਲਿਆਂ' (ਉਹ ਇੰਜ ਹੀ ਕਹਿੰਦੇ ਹਨ) ਨੂੰ ਸ਼ੂਦਰ ਹੀ ਸਮਝਦੇ ਨੇ। ਗਲਤੀਆਂ ਸਾਥੋਂ ਤੇ ਤੁਹਾਥੋਂ ਦੋਹਾਂ ਤੋਂ ਹੋਈਆਂ, ਪਰ ਹੁਣ ਸਭ ਕਾਸੇ ਨੂੰ ਲਤਾੜ ਕੇ ਲੰਘ ਜਾਣ ਦਾ ਵੇਲਾ ਹੈ। ਸਾਡਾ ਦੁਸ਼ਮਣ ਤਾਂ ਸਾਂਝਾ ਹੈ। ਕੁਝ ਆਪਾ-ਵਿਰੋਧੀ ਗੱਲਾਂ ਵੀ ਸਟੇਜ 'ਤੇ ਹੋਈਆਂ, ਜਿੱਥੋਂ ਇਹ ਪ੍ਰਤੀਤ ਵੀ ਹੋਇਆ ਕਿ 'ਗੁਰੂ ਨਾਨਕ' ਇਨ੍ਹਾਂ ਨੂੰ ਪ੍ਰਵਾਨ ਤਾਂ ਹੈ ਪਰ 'ਟੋਟਿਆਂ' ਵਿਚ। ਸ਼ਾਇਦ ਜੇ ਬੀਬੀ ਅਰੀਤ ਕੁਝ ਨਾ ਬੋਲਦੀ ਤਾਂ ਉਸ ਦੇ 'ਪਾਪਾ' ਦੀ ਤਸਵੀਰ ਜਿਆਦਾ ਸਾਫ ਰਹਿੰਦੀ। ਉਸ ਨੇ ਆਪ ਵੱਡੀ ਬਣਨ ਦੀ ਕੋਸ਼ਿਸ਼ ਵਿਚ ਬਾਪੂ ਦਾ ਅਕਸ ਥੋੜਾ ਧੁੰਦਲਾ ਕਰ ਦਿੱਤਾ। ਸਾਡੇ ਬਜ਼ੁਰਗ ਕਹਿੰਦੇ ਹੁੰਦੇ ਸਨ ਕਿ ਪੁੱਤ ਕਿਸੇ ਦੂਜੇ ਨੂੰ ਨੀਵਾਂ ਦਿਖਾ ਕੇ ਆਪ ਵੱਡੇ ਨਹੀਂ ਹੋਈਦਾ। ਕੜਾ ਵੀ ਪਵਾ ਕੇ ਰੱਖਣੈ ਬਾਪੂ ਦੇ, ਗੁਰੂ ਮਹਾਰਾਜ ਦਾ ਪ੍ਰਕਾਸ਼ ਵੀ ਕਰਨੈ ਘਰੇ ਤੇ ਬਾਪੂ ਦੇ ਮੂੰਹੋਂ ਗਾਲ੍ਹਾਂ ਵੀ ਕਢਾਉਣੀਐਂ ਰੱਬ ਨੂੰ...। ਇਹ ਸਭ ਕੁਝ ਇਕੱਠਾ ਸੰਭਵ ਨਹੀਂ ਬੀਬੀ ਜੀ। ਕੀ ਇਹ ਕਹਿਣ ਦੀ ਕੋਸ਼ਿਸ਼ ਨਹੀਂ ਕੀਤੀ ਗਈ ਕਿ ਆਸਤਿਕ (ਵਾਹਿਗੁਰੂ ਨੂੰ ਮੰਨਣ ਵਾਲੇ) ਲੋਕ ਸੰਘਰਸ਼ ਕਰ ਹੀ ਨਹੀਂ ਸਕਦੇ? ਲੱਗਿਆ, ਜਿਵੇਂ ਬੀਬੀ ਪੰਜਾਬ ਦੇ ਇਤਿਹਾਸ ਤੋਂ ਜਾਣੂ ਨਹੀਂ। ਪਤਾ ਨਹੀਂ ਕਿਉਂ ਉਹ ਏਨੇ ਗੁੱਸੇ ਵਿਚ ਸੀ?

ਇਸ ਸਭ ਤੋਂ ਅਭਿੱਜ ਸੱਜੇ ਪਾਸੇ ਇੱਕ ਬੀਬੀ ਚਿੱਟੀ ਚੁੰਨੀ ਗਲ 'ਚ ਪਾਈ ਬੈਠੀ ਸੀ। ਮੈਂ ਅੱਖਾਂ ਥੋੜੀਆਂ ਜਿਹੀਆਂ ਮੀਚ ਕੇ ਵੇਖਿਆ (ਕੁਝ ਦਿਨ ਪਹਿਲਾਂ ਮੇਰੀ ਐਨਕ ਟੁੱਟ ਗਈ ਸੀ), ਇਹ ਉਹੀ ਸੀ। ਜੀਅ ਕੀਤਾ ਕਿ ਬਾਲ-ਨਾਥ ਨੂੰ 'ਵਾਜ ਮਾਰ ਕੇ ਕਹਾਂ ਕਿ ਔਹ ਬੈਠੀ ਐ ਨਾਥਾ ਹੀਰ... ਮਿਲਾ ਦੇ ਜੇ ਮਿਲਾ ਸਕਦੈਂ ਤਾਂ...।

ਉਹ ਬੋਲੀ, ਰਲਵੀਂ-ਮਿਲਵੀਂ ਹਿੰਦੀ-ਅੰਗਰੇਜ਼ੀ ਵਿਚ, ਬਹੁਤ ਥੋੜਾ, ਪਰ ਚੰਗਾ। ਸੰਘਰਸ਼ ਕਰ ਰਹੀਆਂ ਧਿਰਾਂ ਬਾਰੇ ਕੁਝ ਗੱਲਾਂ ਕਰ ਕੇ ਉਹ ਸਟੇਜ ਤੋਂ ਉਤਰ ਗਈ ਤੇ ਅਸੀਂ ਵੀ ਮੁਹਾਰਾਂ ਮੋੜ ਲਈਆਂ ਤਖ਼ਤ ਹਜ਼ਾਰੇ ਵੱਲ। ਜਦੇ ਮੇਰੇ ਮਿੱਤਰ ਸੁਖਜੀਵਨ ਦਾ ਫੋਨ ਆਇਆ, "ਬਾਈ ਜਗਦੀਪ... ਮਿਲਣੈ...।" ਮੈਂ ਕਿਹਾ, "ਮਿਲ ਸਕਦੇ ਆਂ।" "ਹਾਂ ਤੁਸੀਂ ਸਕੂਲ 'ਚ ਆ ਜਾਓ।"

ਅਸੀਂ ਹੱਥ ਵਿਚ ਉਸ ਦੀ ਇੱਕ ਕਿਤਾਬ ਫੜੀ ਪਹੁੰਚ ਗਏ। 'ਗਾਹਾਂ ਫੇਰ ਕਾਮਰੇਡ। ਸਾਨੂੰ ਆਵਦੇ ਨਹੀਂ ਸਮਝਦੇ। ਮੈਂ ਕਿਹਾ ਈਮੇਲ ਈ ਲੈ ਦਿਉ ਬੀਬੀ ਦੀ। "ਕੋਨੀ ਖਾਲਸਾ ਜੀ, ਤੁਸੀਂ ਏਥੇ ਖੜ੍ਹੋ...ਪੁੱਛ ਲੈਂਦੇ ਆਂ।" ਪਰ ਮੈਨੂੰ ਲੱਗਿਆ ਕਿ ਉਹ ਮੇਰੀ ਕਿਰਪਾਨ ਵੱਲ ਕਸੂਤਾ ਜਿਹਾ ਝਾਕ ਰਹੇ ਹਨ, ਸ਼ਾਇਦ ਮੇਰਾ ਵਹਿਮ ਹੀ ਹੋਵੇ। ਮੈਂ ਸੋਚਿਆ, ਮਨਾਂ! ਇਨ੍ਹਾਂ ਕਿੱਥੋਂ ਮਿਲਣ ਦੇਣੈ, ਉਸੇ ਵੇਲੇ ਮੇਰੇ ਮੋਢੇ 'ਤੇ ਪਿੱਛੋਂ ਕਿਸੇ ਨੇ ਹੱਥ ਰੱਖਿਆ। ਲੱਗਿਆ ਕਿ ਬਾਲ-ਨਾਥ ਐ। ਪਲਟ ਕੇ ਵੇਖਿਆ ਤਾਂ ਇੱਕ ਸਿਆਣੀ ਜਿਹੀ ਉਮਰ ਦਾ ਕਾਮਰੇਡ ਸੀ। ਉਨ੍ਹਾਂ ਨੇ ਈਮੇਲ ਲਿਖ ਕੇ ਫੜ੍ਹਾ ਦਿੱਤੀ। ਮੇਰੇ ਅਜੇ ਮਨ ਵਿਚ ਈ ਸੀ ਕਿ ਉਸ ਨੂੰ ਕਹਾਂ ਕਿ ਯਾਰ ਦਰਸ਼ਨ ਤਾਂ ਕਰਵਾ ਦਿਓ, ਉਸ ਤੋਂ ਪਹਿਲਾਂ ਹੀ ਉਹ ਬੋਲੇ, ਜੇ ਤੁਸੀਂ ਮਿਲਣਾ ਚਾਹੁੰਦੇ ਓ ਤਾਂ ਮਿਲ ਸਕਦੇ ਓ। ਲੈ ਅੰਨ੍ਹਾਂ ਕੀ ਭਾਲੇ ਦੋ ਅੱਖਾਂ। ਅਸੀਂ ਅੰਦਰ ਚਲੇ ਗਏ। ਉਸ ਨੇ ਹੱਸ ਕੇ ਸਵਾਗਤ ਕੀਤਾ।

"ਯੇਹ ਕੌਨ ਸੀ ਕਿਤਾਬ ਹੈ ਆਪ ਕੇ ਪਾਸ?"

ਮੈਂ ਕਿਤਾਬ ਮੂਹਰੇ ਕਰ ਦਿੱਤੀ।

ਉਹ ਸਾਨੂੰ ਮੁਖਾਤਿਬ ਹੁੰਦਿਆਂ ਬੋਲੀ, "ਇਸ ਕਿਤਾਬ ਕੀ ਵਜਹ ਸੇ ਭਾਜਪਾ ਵਾਲੇ ਮੇਰੇ ਦੁਸ਼ਮਨ ਬਣ ਗਏ, ਇਸ ਕਿਤਾਬ ਪਰ ਵੋਹ ਸਬਸੇ ਜਿਆਦਾ ਚੀਖ਼ੇ ਹੈਂ।"

"ਅੰਦਰ ਸੇ ਕਾਫੀ ਕੁਝ ਟੂਟ ਗਯਾ ਥਾ ਪੰਜਾਬ ਮੇ ਸਰਕਾਰੀ ਆਤੰਕਵਾਦ ਕੇ ਬਾਰੇ ਮੇਂ ਪੜ੍ਹ ਕਰ, ਔਰ ਬਚਾ-ਖੁਚਾ ਢਹਿ ਗਯਾ ਇਸ ਕਿਤਾਬ ਕੇ ਜਰਿਏ...।" ਮੈਂ ਮਸਾਂ ਹਿੰਦੀ ਵਿਚ ਵਾਕ ਪੂਰਾ ਕੀਤਾ।

"ਆਪ ਨੇ ਪੜ੍ਹ ਲੀ!"

"ਜੀ ਹਾਂ।"

ਫੇਰ ਉਸ ਨੇ ਆਪ ਹੀ ਕਿਤਾਬ ਦੇ ਮੂਹਰਲੇ ਪੰਨੇ 'ਤੇ ਹਸਤਾਖ਼ਰ ਵੀ ਕਰ ਦਿੱਤੇ। ਕੁਝ ਹੋਰ ਗੱਲਾਂ ਹੋਈਆਂ, ਫੋਟੋਆਂ ਖਿੱਚੀਆਂ ਤੇ ਧੰਨਵਾਦ ਕਰਕੇ ਬਾਹਰ ਆ ਗਏ। ਬਾਹਰ ਆਉਂਦਿਆਂ ਮੈਂ ਉਹ ਪੰਨਾ ਖੋਲ੍ਹ ਕੇ ਵੇਖਿਆ, "ਬਾਈ ਟੁੱਟੇ ਜਿਹੇ ਅੱਖਰ ਐ!" ਮੇਰਾ ਮਿੱਤਰ ਬੋਲਿਆ।

"ਓ ਨਹੀਂ... ਵੱਡੇ ਬੰਦੇ ਇੰਜ ਈ ਪਾਉਂਦੇ ਹੁੰਦੇ ਐ," ਮੈਨੂੰ ਉਸ 'ਤੇ ਗੁੱਸਾ ਜਿਹਾ ਵੀ ਆਇਆ।

ਉਸ ਕਾਮਰੇਡ ਦੋਸਤ ਦਾ ਧੰਨਵਾਦ ਵੀ ਕੀਤਾ, ਜਿਹੜਾ ਬਾਲ-ਨਾਥ ਬਣ ਕੇ ਬਹੁੜਿਆ ਸੀ। ਜੀਅ ਕੀਤਾ ਕਿ ਉਸ ਨੂੰ ਕਹਾਂ, "ਯਾਰਾ ਅਸੀਂ ਵੀ ਥੋਡੇ ਸਾਥੀ ਈ ਆਂ, ਸਾਨੂੰ ਗੁਰੂ ਨੇ ਮਜ਼ਲੂਮਾਂ ਲਈ ਲੜ੍ਹਨਾ ਸਿਖਾਇਐ, ਸਾਰਾ ਇਤਿਹਾਸ ਐਸੀਆਂ ਕੁਰਬਾਨੀਆਂ ਨਾਲ ਭਰਿਆ ਪਿਐ। ਆਪਣੇ ਸਾਥੀਆਂ ਨੂੰ ਸਮਝਾਓ ਕਿ ਇੱਕ ਤੇ ਇੱਕ ਹਮੇਸ਼ਾਂ ਦੋ ਹੀ ਨਹੀਂ ਹੁੰਦੇ ਗਿਆਰਾਂ ਵੀ ਹੋ ਜਾਂਦੇ ਐ। ਸਾਨੂੰ ਬੇਗਾਨੇ ਨਾ ਸਮਝੋ। ਤੁਸੀਂ ਸਾਨੂੰ ਆਸਤਿਕ ਕਹਿ ਕੇ ਮੂੰਹ ਫੇਰ ਲੈਂਦੇ ਓ ਤੇ ਅਸੀਂ ਥੋਨੂੰ ਨਾਸਤਿਕ ਕਹਿ ਕੇ ਭੰਡਦੇ ਆਂ। ਪਰ ਜੇ ਆਪਾਂ ਏਸ ਮੁੱਦੇ ਨੂੰ ਇੱਕ ਵਾਰ ਪਾਸੇ ਰਖ ਕੇ ਸੰਘਰਸ਼ ਦੀ ਗੱਲ ਕਰੀਏ ਤਾਂ ਬਹੁਤ ਕੁਝ ਆਪਣੇ ਵਿਚ ਸਾਂਝਾ ਵੀ ਐ। ਸੰਤ ਭਾਈ ਰਣਧੀਰ ਸਿੰਘ, ਬਾਬਾ ਬੂਝਾ ਸਿੰਘ, ਨਿਰੰਜਨ ਸਿੰਘ ਅਕਾਲੀ ਵੀ ਤਾਂ ਸਾਡੇ ਵਿਚੋਂ ਈ ਸਨ। ਹਾਕਮ ਸਿੰਘ ਸਮਾਓ ਵਰਗੇ ਸਿਆਣੇ ਆਗੂਆਂ ਨੇ ਤਾਂ ਕਦੇ ਸਾਨੂੰ ਆਏਂ ਨਹੀਂ ਭੰਡਿਆ, ਜਿਵੇਂ ਤੁਹਾਡੀ ਆਹ ਨਵੀਂ ਨਸਲ ਕਰਦੀ ਐ। ਸੋ ਆਉ, ਸਿਆਣੇ ਬਣੀਏ ਤੇ ਇਕੱਠੇ ਹੋ ਕੇ ਲੋਕ ਹੱਕਾਂ ਲਈ ਘੋਲ ਕਰੀਏ ਤੇ ਗਾਈਏ,

"ਲੜਾਂਗੇ ਸਾਥੀ,
ਜੇ ਰੋਟੀ ਨਾ ਮਿਲੀ,
ਤਾਂ ਬਾਰੂਦ ਖਾ ਕੇ ਲੜ੍ਹਾਂਗੇ।"

ਕਾਮਰੇਡ ਅਮੋਲਕ ਦੀ ਉਸ ਗੱਲ ਨੂੰ ਪ੍ਰਣਾਮ ਜਿਹੜੀ ਉਸ ਨੇ ਉਸੇ ਦਿਨ ਗੋਬਿੰਦਪੁਰੇ ਵਾਪਰੇ ਕਹਿਰ ਬਾਰੇ ਸਟੇਜ ਤੋਂ ਕਹੀ ਸੀ, "ਅਜੀਤ ਸਿੰਘ ਦੀ ਪਗੜੀ ਸੰਭਾਲ ਜੱਟਾ ਦੀ ਲਹਿਰ ਤੋਂ 100 ਸਾਲ ਬਾਅਦ ਵੀ ਅੱਜ ਦਸਤਾਰਾਂ ਸੁਰੱਖਿਅਤ ਨਹੀਂ। ਦਸਤਾਰਾਂ ਅੱਜ ਵੀ ਪੰਜਾਬ ਵਿਚ ਰੋਲੀਆਂ ਜਾ ਰਹੀਆਂ ਨੇ ਤੇ ਪੰਜਾਬ ਇਸ ਦਾ ਜਵਾਬ ਦੇਵੇਗਾ, ਪੰਜਾਬ ਬਦਲਾ ਲਵੇਗਾ...।"

ਵਾਪਸ ਮੁੜਦੇ ਨੂੰ ਮੈਨੂੰ ਇਕ ਨੌਜੁਆਨ ਕਹਿੰਦਾ, "ਬਾਈ ਕੌਣ ਸੀ ਉਹ ਬੀਬੀ...?"

ਮੇਰਾ ਜੀਅ ਕੀਤਾ ਕਿ ਉਸ ਨੂੰ ਕਹਾਂ, "ਉਹ ਆਪਣੀ ਸਾਰਿਆਂ ਦੀ ਭੈਣ ਸੀ ਵੀਰ। ਜਗਾਉਣ ਆਈ ਸੀ ਸੁੱਤਿਆਂ ਨੂੰ...।" ਪਰ ਮੈਂ ਕੁਝ ਨਾ ਬੋਲਿਆ।

*ਕਾਫੀ ਸਮੇਂ ਪਿੱਛੋਂ, ਜਦੋਂ ਮੈਂ ਅਰੁੰਧਤੀ ਰਾਏ ਦਾ 'ਵਾਇਸ ਆਫ ਵਾਇਸਲੈਸ' (ਬੇਜ਼ੁਬਾਨਿਆਂ ਦੀ ਜ਼ੁਬਾਨ) ਵਾਲਾ ਪੋਸਟਰ ਆਪਣੇ ਕਮਰੇ ਦੀ ਕੰਧ 'ਤੇ ਲਗਾ ਰਿਹਾ ਸੀ, ਉਸ ਤੋਂ ਥੋੜਾ ਸਮਾਂ ਪਹਿਲਾਂ ਹੀ ਮੈਨੂੰ ਉਸ ਬਾਰੇ 'ਉਹ' ਪਰਤੀਤ ਹੋਇਆ ਜੋ ਮੈਨੂੰ ਆਪਣੇ ਨਾਇਕਾਂ ਬਾਰੇ ਹੁੰਦਾ ਸੀ। ਸ਼ਾਇਦ ਅਜੇ ਉਸ ਦਾ ਨਾਵਲ 'ਵਾਕਿੰਗ ਵਿਦ ਕਾਮਰੇਡਜ਼' ਵੀ ਨਹੀਂ ਛਪਿਆ ਸੀ ਤੇ ਨਾ ਹੀ ਕਸ਼ਮੀਰੀਆਂ ਦਾ 'ਆਜ਼ਾਦੀ ਇਜ਼ ਦਾ ਓਨਲੀ ਵੇਅ' (ਇਕੋ ਇਕੋ ਰਾਹ ਆਜ਼ਾਦੀ ਹੈ) ਸੈਮੀਨਾਰ ਹੋਇਆ ਸੀ, ਜਿੱਥੇ ਬੋਲਣ ਕਰਕੇ ਹਿੰਦੂ ਸੰਗਠਨਾਂ ਨੇ ਉਸ ਦੇ ਘਰ 'ਤੇ ਹਮਲਾ ਕੀਤਾ ਸੀ ਤੇ ਉਸ ਵਿਰੁਧ ਦੇਸ਼ ਧ੍ਰੋਹ ਦਾ ਮੁਕੱਦਮਾ ਚਲਾਉਣ ਦੀ ਮੰਗ ਵੀ ਕੀਤੀ ਸੀ। ...ਤੇ ਉਸ ਨੇ ਮੁਸਕੁਰਾਉਂਦੇ ਹੋਏ ਕਿਹਾ ਸੀ, "ਤਰਸਯੋਗ ਹੈ ਉਹ ਦੇਸ਼ ਜੋ ਉਨ੍ਹਾਂ ਨੂੰ ਗੋਲੀ ਮਾਰ ਦਿੰਦਾ ਹੈ ਜੋ ਆਜ਼ਾਦੀ ਮੰਗਦੇ ਹਨ...।"*

# ਬੇਲੋੜੇ ਵਿਖਾਵਿਆਂ ਦੇ ਮਾਰੇ ਲੋਕ

**ਅਜੋਕੀ ਗੱਲ**



ਪ੍ਰਿੰ. ਸਰਵਣ ਸਿੰਘ

ਬਹੁਤੇ ਲੋਕ ਸੱਚੀਮੁਚੀਂ ਉਨੇ ਤੰਗ ਨਹੀਂ ਜਿੰਨੇ ਫੋਕੀਆਂ ਟੌਹਰਾਂ ਕਾਰਨ ਤੰਗ ਹਨ। ਬੰਦੇ ਦੀਆਂ ਕੁੱਲੀ, ਗੁੱਲੀ ਤੇ ਜੁੱਲੀ ਆਦਿ ਦੀਆਂ ਲੋੜਾਂ ਬੜੀਆਂ ਸੀਮਤ ਹਨ ਪਰ ਉਹਨੇ ਬੇਲੋੜੇ ਵਿਖਾਵੇ ਕਰਕੇ ਵਧਾ ਰੱਖੀਆਂ ਹਨ। ਉਹ ਆਪੇ ਵਖ਼ਤ ਨੂੰ ਫੜਿਆ ਹੋਇਆ ਹੈ ਤੇ ਉਹਦੀ ਹਾਲਤ ਆਪੇ ਫਾਥੜੀਏ ਤੈਨੂੰ ਕੌਣ ਛੁਡਾਏ ਵਾਲੀ ਬਣੀ ਪਈ ਹੈ। ਉਹ ਵਿਖਾਵਿਆਂ ਦੇ ਫੁਕਰੇ ਮੁਕਾਬਲੇ ਵਿਚ ਪੈ ਕੇ ਵਸਦਾ ਰਸਦਾ ਹੋਣ ਦੇ ਬਾਵਜੂਦ ਵੀ ਆਪਣੇ ਆਪ ਨੂੰ ਉਜੜਿਆ, ਕੰਗਾਲ ਤੇ ਹੀਣਾ ਸਮਝੀ ਜਾਂਦਾ ਹੈ। ਬਹੁਤੇ ਬੰਦਿਆਂ ਨੇ ਆਪਣੀ ਹਾਲਤ ਉਸ ਮਿਰਾਸਣ ਵਰਗੀ ਬਣਾ ਰੱਖੀ ਹੈ ਜਿਸ ਨੇ ਚੀਚੀ ਵਿਚ ਪਾਈ ਸੋਨੇ ਦੀ ਛਾਪ ਵਿਖਾਉਣ ਲਈ ਆਪਣੇ ਘਰ ਨੂੰ ਅੱਗ ਲਾ ਲਈ ਸੀ।

ਕਈਆਂ ਨੇ ਇਹ ਕਹਾਣੀ ਸ਼ਾਇਦ ਨਾ ਸੁਣੀ ਹੋਵੇ, ਅਖੇ ਇਕ ਮਿਰਾਸਣ ਨੂੰ ਕਿਸੇ ਵਿਆਹ 'ਚੋਂ ਛਾਪ ਮਿਲ ਗਈ। ਛਾਪ ਚੀਚੀ 'ਚ ਪਾ ਕੇ ਉਹ ਬੀਹੀਆਂ-ਵਿਹੜਿਆਂ ਵਿਚ ਗੇੜੇ ਦਿੰਦੀ ਫਿਰੀ। ਪਰ ਨਾ ਉਹਦੀ ਕੋਈ ਛਾਪ ਵੇਖੇ ਤੇ ਨਾ ਸਿਫ਼ਤ ਕਰੇ। ਉਹ ਬਹੁਤ ਪਰੇਸ਼ਾਨ ਹੋਈ ਕਿ ਸੋਨੇ ਦੀ ਲਿਸ਼ ਲਿਸ਼ ਕਰਦੀ ਛਾਪ ਵੀ ਲੋਕਾਂ ਨੂੰ ਨਹੀਂ ਸੀ ਦਿਸ ਰਹੀ। ਅੱਕ ਕੇ ਉਸ ਨੇ ਆਪਣੇ ਘਰ ਨੂੰ ਆਪ ਹੀ ਅੱਗ ਲਾ ਲਈ ਤੇ ਰੌਲੀ ਪਾਉਣ ਲੱਗ ਪਈ, ਅੱਗ ਬੁਝਾਓ, ਮੇਰਾ ਘਰ ਸੜ ਗਿਆ ਜੇ। ਲੋਕ ਪਾਣੀ ਦੀਆਂ ਬਾਲਟੀਆਂ ਚੁੱਕੀ ਦੌੜੇ ਆਏ ਤੇ ਅੱਗ ਬੁਝਾਉਣ ਲੱਗੇ। ਉਹ ਛਾਪ ਵਾਲੀ ਚੀਚੀ ਉਠਾ ਕੇ ਇਸ਼ਾਰੇ ਕਰੇ ਕਿ ਵੇਖੋ ਓਧਰ ਵੀ ਭਾਂਬੜ ਨਿਕਲਣ ਡਹੇ ਨੇ, ਉਹ ਵੀ ਬੁਝਾਓ। ਅੱਗ ਬੁਝਾਉਣ ਵਾਲਿਆਂ ਦਾ ਧਿਆਨ ਫਿਰ ਵੀ ਛਾਪ ਵੱਲ ਨਾ ਗਿਆ ਤੇ ਉਹ ਅੱਗ ਬੁਝਾਉਂਦੇ ਰਹੇ। ਅੱਗ ਬੁਝਾ ਕੇ ਜਦੋਂ ਉਹ ਵਾਪਸ ਜਾਣ ਲੱਗੇ ਤਾਂ ਕਿਸੇ ਪੁੱਛਿਆ, ਅੱਗ ਭਲਾ ਕਿੱਦਾਂ ਲੱਗੀ? ਮਿਰਾਸਣ ਨੇ ਝੱਟ ਛਾਪ ਵਾਲੀ ਚੀਚੀ ਉਠਾ ਕੇ ਕਿਹਾ, "ਐਥੋਂ ਲੱਗੀ ਸੀ ਅੱਗ!"

ਲੋਕਾਂ ਨੇ ਫਿਰ ਵੀ ਛਾਪ ਨਾ ਵੇਖੀ ਨਾ ਸਲਾਹੀ। ਅੱਗ ਦੇ ਭਾਂਬੜ ਤਾਂ ਬੁਝ ਗਏ ਪਰ ਮਿਰਾਸਣ ਦੇ ਮਨ 'ਚ ਬਲਦਾ ਵਿਖਾਵੇ ਦਾ ਭਾਂਬੜ ਬਲਦਾ ਰਿਹਾ। ਉਸ ਨੇ ਘਰ ਫੂਕ ਲਿਆ, ਲੋਕਾਂ ਦਾ ਤਮਾਸ਼ਾ ਬਣੀ ਤੇ ਘਰ ਦੇ ਲੇਫ ਤਲਾਈਆਂ ਦੀ ਥਾਂ ਉਨ੍ਹਾਂ ਦੀ ਸੁਆਹ ਵਿਚ ਸੁੱਤੀ। ਫੋਕੀਆਂ ਟੌਹਰਾਂ ਅਤੇ ਵਾਧੂ ਦਾ ਵਿਖਾਵਾ ਕਰਨ ਵਾਲਿਆਂ ਨਾਲ ਅਜਿਹੀ ਹੀ ਹੁੰਦੀ ਹੈ।

ਦੇਸ਼ ਵਿਚ ਵੀ ਤੇ ਵਿਦੇਸ਼ਾਂ ਵਿਚ ਵੀ ਸਾਡੇ ਬਹੁਤ ਸਾਰੇ ਲੋਕਾਂ ਦਾ ਹਾਲ ਅਕਸਰ ਉਸ ਮਿਰਾਸਣ ਵਰਗਾ ਵੇਖੀਦਾ ਹੈ। ਇਕ ਦੂਜੇ ਦੀ ਰੀਸੋ-ਰੀਸੀ ਉਹ ਔਖੇ ਤੋਂ ਔਖੇ ਹੋਈ ਜਾਂਦੇ ਹਨ ਅਤੇ ਸਾਦਗੀ ਤੇ ਸੰਜਮ ਛੱਡੀ ਜਾ ਰਹੇ ਹਨ। ਪੰਜਾਬ ਵਿਚ ਵਸਣ ਵਾਲੇ ਸਮਝਦੇ ਹਨ ਸ਼ਾਇਦ ਉਹੀ ਵਿਖਾਵੇ ਦਾ ਸ਼ਿਕਾਰ ਹਨ ਤੇ ਪਰਵਾਸ ਕਰ ਗਏ ਪੰਜਾਬੀ ਇਸ ਗੱਲੋਂ ਸੌਖੇ ਹਨ। ਹਾਲ ਪਰਦੇਸਾਂ ਵਿਚਲੇ ਦੇਸੀ ਬੰਦਿਆਂ ਦਾ ਵੀ ਉਹੋ ਜਿਹਾ ਹੀ ਹੈ।

ਵਿਦੇਸ਼ਾਂ ਵਿਚ ਗਏ ਸਭ ਜਾਣਦੇ ਹਨ ਕਿ ਬਹੁਤੇ ਬੰਦੇ ਏਧਰੋਂ ਓਧਰੋਂ ਪੈਸੇ ਫੜ-ਫੜਾ ਕੇ ਤੇ ਝੁੱਗਾ ਚੌੜ ਕਰਾ ਕੇ ਖਾਲੀ ਖੀਸਿਆਂ ਨਾਲ ਪਰਦੇਸ ਪੁੱਜਦੇ ਹਨ। ਉਨ੍ਹਾਂ ਨੇ ਅੱਗੇ ਪਿੱਛੇ ਦੀਆਂ ਬਥੇਰੀਆਂ ਖੁੱਡਾਂ ਮੁੰਦਣੀਆਂ ਹੁੰਦੀਆਂ ਹਨ। ਪੈਰਾਂ ਸਿਰ ਹੋਣ ਲਈ ਪਤੀ-ਪਤਨੀ ਨੱਠ ਭੱਜ ਕੇ ਕੰਮ ਕਰਦੇ ਹਨ। ਨੀਂਦਾਂ ਟਾਲ ਕੇ ਓਵਰ ਟਾਈਮ ਲਾਉਂਦੇ ਹਨ। ਕਈ ਰਾਤ ਬਰਾਤੇ ਦੂਹਰੀਆਂ ਸ਼ਿਫਟਾਂ ਦੇ ਸ਼ਿਕੰਜਿਆਂ 'ਚ ਕਸੇ ਹੋਏ ਚੀਕਦੇ ਹਨ। ਕਿਸੇ ਦੀ ਸ਼ਿਫਟ ਦਿਨ ਦੀ ਹੁੰਦੀ ਹੈ ਤੇ ਕਿਸੇ ਦੀ ਰਾਤ ਦੀ। ਕਈਆਂ ਦੇ ਨਿਆਣੇ ਰੁਲਦੇ ਹਨ। ਕਈ ਨਿਆਣਿਆਂ ਦਾ ਮੂੰਹ ਵੀ ਚੰਗੀ ਤਰ੍ਹਾਂ ਨਹੀਂ ਵੇਖ ਸਕਦੇ। ਉਨ੍ਹਾਂ ਨੂੰ ਸੈਰ ਸਪਾਟੇ ਲਈ ਬਾਹਰ ਲਿਜਾਣਾ ਤਾਂ ਦੂਰ ਦੀ ਗੱਲ ਉਹ ਕਦੇ ਆਪਣੇ ਬੱਚਿਆਂ ਦੇ ਹੱਥਾਂ 'ਤੇ ਘੋਲ ਕੰਡੇ ਕਰਦੇ ਵੀ ਨਹੀਂ ਵੇਖੇ। ਬੱਚਿਆਂ ਦੀ ਪੜ੍ਹਾਈ ਵੱਲ ਤਾਂ ਕੀਹਦਾ ਧਿਆਨ ਜਾਣਾ ਹੈ? ਇਥੋਂ ਤਕ ਕਿ ਬੁਢੜੇ ਵੀ ਕੰਮ 'ਤੇ ਜੋੜੇ ਹੋਏ ਹਨ। ਕਿਸੇ ਨੇ ਬੋਲੀ ਜੋੜੀ ਹੈ:

ਤੜਕਸਾਰ ਤੂੰ ਉਠ ਕੇ
ਮੈਨੂੰ ਚਾਹ ਦਾ ਕੱਪ ਬਣਾ ਦੀਂ।
ਨਾਲ ਬਰੈਡਾਂ ਤੱਤੀਆਂ ਕਰ ਕੇ
ਉਤੇ ਜੈਮ ਲਗਾ ਦੀਂ।
ਮਾੜਾ ਮੋਟਾ ਲੰਚ ਬਣਾ ਕੇ
ਵਿਚ ਤੂੰ ਕਿੱਟ ਦੇ ਪਾ ਦੀਂ।
ਕੰਮ 'ਤੇ ਮੈਂ ਜਾਣਾ
ਪੰਜ ਦਾ 'ਲਾਰਮ ਲਾ ਦੀਂ...।

ਇਹ ਕਿਧਰਲੀ ਸ਼ਾਨ ਜਾਂ ਸਰਦਾਰੀ ਹੈ ਕਿ ਜਿਨ੍ਹਾਂ ਬੱਚਿਆਂ ਨੂੰ ਦੁੱਧ ਵੀ ਨਹੀਂ ਚੁੰਘਾ ਹੁੰਦਾ ਤੇ ਚੱਜ ਨਾਲ ਹੱਥ ਮੂੰਹ ਵੀ ਨਹੀਂ ਧੋ ਹੁੰਦੇ, ਉਨ੍ਹਾਂ ਦੇ ਜਨਮ ਦਿਨਾਂ ਦੀਆਂ ਪਾਰਟੀਆਂ ਉਤੇ ਹਾਲ ਬੁੱਕ ਕਰਾਏ ਜਾਣ, ਫਜ਼ੂਲ ਖਰਚਾ ਕੀਤਾ ਜਾਵੇ ਤੇ ਹੱਡਭੰਨਵੀਂ ਕਮਾਈ ਫੋਕੀ ਟੌਹਰ ਵਿਖਾਉਣ 'ਚ ਰੋੜ੍ਹ ਦਿੱਤੀ ਜਾਵੇ? ਦੋ ਢਾਈ ਘੰਟਿਆਂ ਦੀ ਬੱਲੇ ਬੱਲੇ ਲਈ ਕਈ ਨਿੱਕੀਆਂ ਨਿੱਕੀਆਂ ਜ਼ਰੂਰੀ ਸੁਖ ਸਹੂਲਤਾਂ ਵਾਰ ਦਿੱਤੀਆਂ ਜਾਣ! ਇਹ ਤਾਂ ਇਕ ਸਾਧਾਰਨ ਮਿਸਾਲ ਹੈ। ਫੋਕੀਆਂ ਰਸਮਾਂ-ਰੀਤਾਂ ਉਤੇ ਕੇਵਲ ਵਿਖਾਵੇ ਲਈ ਵਧ ਚੜ੍ਹ ਕੇ ਖਰਚੇ ਕਰਨੇ ਅੱਡੀਆਂ ਚੁੱਕ ਕੇ ਫਾਹਾ ਲੈਣ ਵਾਲੀ ਗੱਲ ਹੈ। ਮਹਿੰਗੇ ਸੂਟਾਂ, ਭਾਰੇ ਗਹਿਣਿਆਂ ਤੇ ਬਹੁਤੇ ਖਾਣਿਆਂ ਨਾਲ ਕੋਈ ਖੰਭ ਨਹੀਂ ਲੱਗ ਜਾਂਦੇ ਅਤੇ ਨਾ ਹੀ ਮਹਿੰਗੀਆਂ ਜਾਂ ਇੰਪੋਰਟਿਡ ਸ਼ਰਾਬਾਂ ਵੱਧ ਜਾਂ ਘੱਟ ਚੜ੍ਹਦੀਆਂ ਹਨ। ਮਹਿੰਗੇ ਤੋਹਫ਼ਿਆਂ ਨਾਲ ਕੋਈ ਸੱਚੀਮੁੱਚੀਂ ਖ਼ੁਸ਼ਹਾਲ ਨਹੀਂ ਹੋ ਜਾਂਦਾ। ਮੂੰਹ 'ਤੇ ਸਲਾਹੁਣ ਵਾਲੇ ਪਿੱਠ ਪਿੱਛੇ ਨਿੰਦਦੇ ਵੀ ਵੇਖੀਦੇ ਹਨ। ਕਹਿਣਗੇ, ਇਨ੍ਹਾਂ ਦੇ ਬੁੜ੍ਹੇ ਨੂੰ ਤੰਬੀ ਨੀ ਸੀ ਜੁੜੀ!

ਪਰਦੇਸ ਕਾਮਿਆਂ ਦੇ ਮੁਲਕ ਹਨ ਵਿਹਲੜਾਂ ਦੇ ਡੇਰੇ ਨਹੀਂ। ਕਿਰਤੀ ਕਾਮਿਆਂ ਨੂੰ ਕਾਮਿਆਂ ਵਾਲਾ ਕਲਚਰ ਉਸਾਰਨਾ ਹੀ ਫੱਬਦਾ ਹੈ। ਹੱਡ-ਭੰਨਵੀਂ ਕਮਾਈ ਤੇ ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲਿਆਂ ਨੂੰ ਬੇਲੋੜਾ ਖਰਚਾ ਕਰਨਾ ਸ਼ੋਭਾ ਨਹੀਂ ਦਿੰਦਾ। ਸਾਦਗੀ ਨਾਲ ਦੀ ਰੀਸ ਨਹੀਂ। ਵਿਦੇਸ਼ਾਂ ਵਿਚ ਘੁੰਮ ਫਿਰ ਕੇ ਵੇਖਿਆ ਹੈ ਕਿ ਪੱਛਮੀ ਮੁਲਕਾਂ ਦੇ ਲੋਕ ਸਾਡੇ ਵਾਂਗ ਵਿਖਾਵੇ ਦੇ ਸ਼ਿਕਾਰ ਨਹੀਂ। ਉਹ ਸਾਡੇ ਨਾਲੋਂ ਬਿਹਤਰ ਜੀਵਨ ਜੀ ਰਹੇ ਹਨ। ਵਿਆਹ ਤਾਂ ਉਹ ਵੀ ਕਰਾਉਂਦੇ ਤੇ ਬੱਚੇ ਵੀ ਜੰਮਦੇ-ਪਾਲਦੇ ਹਨ ਪਰ ਰਸਮਾਂ-ਰੀਤਾਂ ਸਾਦੀਆਂ ਰੱਖਦੇ ਹੋਏ ਬੇਲੋੜਾ ਖਰਚਾ ਨਹੀਂ ਕਰਦੇ। ਇਹ ਜੁਦੀ ਗੱਲ ਹੈ ਕਿ ਐਬ ਉਨ੍ਹਾਂ 'ਚ ਵੀ ਹਨ ਪਰ ਵਾਧੂ ਵੇਖ ਵਿਖਾਵੇ ਦੇ ਨਹੀਂ। ਉਹ ਫਜ਼ੂਲ ਗੱਲਾਂ ਤੇ ਫਜ਼ੂਲ ਖਰਚਿਆਂ 'ਚ ਨਹੀਂ ਪੈਂਦੇ।

ਇਹ ਗੱਲ ਵੀ ਕਿਸੇ ਤੋਂ ਗੁੱਝੀ ਨਹੀਂ ਕਿ ਸਾਡੇ ਹਰ ਪਰਵਾਸੀ ਸਿਰ ਥੋੜ੍ਹਾ ਜਾਂ ਬਹੁਤਾ ਕਰਜ਼ਾ ਜ਼ਰੂਰ ਹੁੰਦਾ ਹੈ। ਪੱਛਮੀ ਮੁਲਕਾਂ ਵਿਚ ਰਿਹਾਇਸ਼ ਦੇ ਕਿਰਾਏ ਤੇ ਬੀਮੇ ਹੀ ਅੱਧੀਓਂ ਵੱਧ ਤਨਖਾਹ ਚਟਮ ਕਰ ਜਾਂਦੇ ਹਨ। ਘਰਾਂ, ਸਟੋਰਾਂ, ਕਾਰਾਂ, ਟਰੱਕਾਂ, ਟੈਕਸੀਆਂ, ਫਾਰਮਾਂ ਤੇ ਘਰਾਂ ਦੇ ਮਾਲ-ਮੱਤੇ ਦੀਆਂ ਬਥੇਰੀਆਂ ਕਿਸ਼ਤਾਂ ਤਾਰਨੀਆਂ ਹੁੰਦੀਆਂ ਹਨ। ਮੇਲ ਰਾਹੀਂ ਬਿੱਲ 'ਤੇ ਬਿੱਲ ਚੜ੍ਹਿਆ ਆਉਂਦਾ ਹੈ। ਨਵੇਂ ਆਇਆਂ ਦੇ ਪੱਲੇ ਤਾਂ ਕੱਖ ਵੀ ਨਹੀਂ ਹੁੰਦਾ। ਸਾਲ ਦੋ ਸਾਲੀਂ ਦੇਸ਼ ਭਾਵੇਂ ਉਹ ਕਰਜ਼ਾ ਚੁੱਕ ਕੇ ਪਹੁੰਚਣ ਪਰ ਉਥੇ ਜਾ ਕੇ ਵਿਖਾਵਾ ਇੰਜ ਕਰਦੇ ਹਨ ਜਿਵੇਂ ਮਹਿਲਾਂ ਤੇ ਮੁਰੱਬਿਆਂ ਦੇ ਮਾਲਕ ਹੋਣ। ਮਹੀਨੇ ਖੰਡ ਦੇ ਤੋਰੇ-ਫੇਰੇ ਤੇ ਵੇਖ-ਵਿਖਾਵੇ ਪਿਛੋਂ ਅੱਵਲ ਤਾਂ ਕਿਸੇ ਦਾ ਘਰ ਉਜਾੜ ਕੇ ਮੁੜਦੇ ਹਨ, ਨਹੀਂ ਫਿਰ ਆਪਣਾ ਤਾਂ ਉਜੜਿਆ ਮਿਲਦਾ ਹੀ ਹੈ। ਮਾਂਜਦੇ ਭਾਵੇਂ ਭਾਂਡੇ, ਢੋਂਦੇ ਪੀਜ਼ੇ ਤੇ ਲੈਂਦੇ ਟਿੱਪ ਹਨ ਪਰ ਵਿਖਾਵਾ ਅਜਿਹਾ ਕਰਦੇ ਹਨ ਜਿਵੇਂ ਹੋਟਲਾਂ ਤੇ ਕੰਪਨੀਆਂ ਦੇ ਮੈਨੇਜਰ ਲੱਗੇ ਹੋਣ! ਖੱਤਿਆਂ 'ਚ ਦਿਹਾੜੀਆਂ ਲਾਉਣ ਵਾਲੇ ਫਾਰਮਾਂ ਦੇ ਮਾਲਕ ਹੋਣ ਦਾ ਡਰਾਮਾ ਕਰਦੇ ਹਨ। ਆਖਣਗੇ ਅਸੀਂ ਤਾਂ ਜੀ ਓਥੇ ਫਲ ਫਰੂਟਾਂ 'ਚ ਈ ਰਹਿੰਨੇ ਆਂ! ਅਜਿਹੇ ਟੌਹਰੀਆਂ ਬਾਰੇ ਵੀ ਬੋਲੀ ਹੈ:

ਚੜ੍ਹ ਜਹਾਜ਼ੀਂ ਜਦੋਂ ਪੰਜਾਬੀ
ਵਤਨੀਂ ਫੇਰਾ ਪਾਉਂਦੇ।
ਪੰਜ ਸੱਤ ਮੁੰਦੀਆਂ ਹੱਥ 'ਚ ਪਾ ਕੇ
ਫੋਕੀ ਟੌਹਰ ਵਿਖਾਉਂਦੇ।
ਕਾਰਾਂ ਦੇ ਵਿਚ ਘੁੰਮਦੇ ਰਹਿੰਦੇ
ਭੁੰਜੇ ਪੈਰ ਨਾ ਲਾਉਂਦੇ।
ਪਿੰਡ ਦਿਆਂ ਮੁੰਡਿਆਂ ਦੇ
ਵੇਖ ਕੇ ਜੀਅ ਲਲਚਾਉਂਦੇ।

ਮੈਂ ਇਕ ਗੱਲ ਹੋਰ ਵੀ ਨੋਟ ਕੀਤੀ ਹੈ। ਬਹੁਤਿਆਂ ਦੀਆਂ ਅਜੇ ਪਹਿਲੀਆਂ ਕਿਸ਼ਤਾਂ ਲੱਥੀਆਂ ਨਹੀਂ ਹੁੰਦੀਆਂ ਪਰ ਉਹ ਪਹਿਲਾਂ ਨਾਲੋਂ ਵੱਡੇ ਘਰ ਦਾ ਬਿਆਨਾ ਭਰ ਦਿੰਦੇ ਹਨ। ਹੁੰਦੇ ਢਾਈ ਜੀਅ ਹਨ ਪਰ ਢਾਣਸ ਏਡਾ ਕਰਦੇ ਹਨ ਜਿਵੇਂ ਲਾਲੂ ਕੇ ਲਾਣੇ ਨੇ ਰਹਿਣਾ ਹੋਵੇ! ਘਰ ਵਿਚ ਆ ਕੇ ਵਕਤ ਅੱਖ ਲਾਉਣ ਜੋਗਾ ਵੀ ਨਹੀਂ ਹੁੰਦਾ ਪਰ ਫਰਨੀਚਰ 'ਤੇ ਹੋਰ ਸਾਜ ਬਾਜ ਏਨਾ ਖਰੀਦੀ ਜਾਂਦੇ ਹਨ ਕਿ ਸਾਮਾਨ ਅੰਦਰ ਤੇ ਬੰਦੇ ਬਾਹਰ ਕੱਢਣ ਵਾਲੀ ਗੱਲ ਬਣ ਜਾਂਦੀ ਹੈ। ਕਿਸੇ ਭਾਈਵੰਦ ਜਾਂ ਸ਼ਰੀਕ ਨੇ ਜੁ ਇਹੋ ਜਿਹਾ ਪੰਗਾ ਲਿਆ ਹੁੰਦੈ! ਫੇਰ ਰੀਸ ਤੇ ਵਿਖਾਵੇ 'ਚ ਕਿਸੇ ਤੋਂ ਘੱਟ ਕੀ ਰਹਿਣਾ ਹੋਇਆ!!

ਕਦੇ ਦੋ ਚਾਰ ਜੋੜੇ ਜਾਮਿਆਂ ਨਾਲ ਹੀ ਦਿਨ ਸੋਹਣੇ ਲੰਘ ਜਾਂਦੇ ਸਨ ਪਰ ਸਮਝ ਨਹੀਂ ਆਉਂਦੀ ਕਿ ਹੁਣ ਦਸ ਸੂਟਾਂ ਨਾਲ ਵੀ ਕਿਉਂ ਨਹੀਂ ਸਰਦਾ? ਸਾਡੀਆਂ ਬਹੁਤ ਸਾਰੀਆਂ ਤ੍ਰੀਮਤਾਂ ਦਾ ਕਪੜੇ ਲੱਤੇ ਲਈ ਹੱਜ ਹੀ ਟੁੱਟ ਗਿਆ ਹੈ। ਦਸ ਸੂਟ ਤਾਂ ਕਹਿੰਦੀਆਂ ਹਨ ਕਿ ਜਣੀ ਖਣੀ ਪਾਈ ਫਿਰਦੀ ਹੈ, ਉਨ੍ਹਾਂ ਲਈ ਤਾਂ ਵੀਹ ਵੀ ਥੋੜ੍ਹੇ ਹਨ ਤੇ ਤੀਹ ਵੀ ਥੋੜ੍ਹੇ। ਕਈਆਂ ਨੂੰ ਭਾਵੇਂ ਥਾਨਾਂ 'ਚ ਦੱਬ ਦਿਓ ਫਿਰ ਵੀ ਕਹਿਣਗੀਆਂ, ਅਜੇ ਹੋਰ ਥਾਨ ਵਿਖਾਓ। ਨਾਲੇ ਕਹਿਣਗੀਆਂ, ਇੰਡੀਆ ਤੋਂ ਸਿਲਕ ਦੇ ਸਿਲਵਾ ਕੇ ਈ ਲਿਆਵਾਂਗੀਆਂ। ਮੁਕਾਬਲੇ 'ਚ ਕਿਸੇ ਆਂਢਣ-ਗੁਆਂਢਣ ਜਾਂ ਦਰਾਣੀ-ਜਠਾਣੀ 'ਤੇ ਝੰਡੀ ਜੁ ਕਰਨੀ ਹੋਈ!

ਉਂਜ ਕੀਹਨੂੰ ਨਹੀਂ ਪਤਾ ਕਿ ਵਿਦੇਸ਼ਾਂ ਵਿਚ ਸੂਟ ਪਾਉਣ ਦੀ ਵਿਹਲ ਈ ਕੀਹਦੇ ਕੋਲ ਐ? ਇੰਡੀਆ ਤੋਂ ਨਵੇਂ ਸਿਲਾਏ ਸੂਟ ਤੁਰੇ ਆਉਂਦੇ ਹਨ 'ਤੇ ਇਕ ਅੱਧ ਵਾਰ ਪਾਏ ਵਾਪਸ ਮੁੜੀ ਜਾਂਦੇ ਹਨ। ਕਈ ਮੇਚ ਦੇ ਕਰਨ ਲਈ ਦਰਜ਼ੀਆਂ ਕੋਲ ਹੀ ਗੇੜੇ ਖਾਈ ਜਾਂਦੇ ਹਨ। ਢੋਆ- ਢੁਆਈ ਕਰਨ ਵਾਲੀਆਂ ਏਅਰਲਾਈਨਾਂ ਦੀ ਚਾਂਦੀ ਬਣੀ ਜਾਂਦੀ ਹੈ। ਕਿਸੇ ਨੇ ਸੱਚ ਹੀ ਕਿਹਾ ਹੈ ਕਿ ਛੱਪੜ 'ਚੋਂ ਮੱਝ ਤੇ ਬਜਾਜੀ ਦੀ ਦੁਕਾਨ 'ਚੋਂ ਜ਼ਨਾਨੀ ਛੇਤੀ ਕੀਤਿਆਂ ਨਹੀਂ ਨਿਕਲਦੀ। ਐਨ ਉਵੇਂ ਜਿਵੇਂ ਹਾਤੇ 'ਚੋਂ ਛੇਤੀ ਕੀਤਿਆਂ ਸ਼ਰਾਬੀ ਨਹੀਂ ਨਿਕਲਦਾ!

ਉਂਜ ਇਹ ਕਿਡਾ ਵੱਡਾ ਭਰਮ ਹੈ ਕਿ ਕੋਈ ਨਿਰੇ ਕਪੜਿਆਂ ਤੇ ਗਹਿਣਿਆਂ ਨਾਲ ਹੀ ਸੋਹਣਾ ਬਣ ਜਾਂਦਾ ਹੋਵੇ? ਸੁਹੱਪਣ ਤਾਂ ਛਾਂਟਵੇਂ ਸਡੌਲ ਜੁੱਸਿਆਂ 'ਤੇ ਲਿਸ਼ਕਦਾ ਹੁੰਦਾ ਹੈ ਜਿਨ੍ਹਾਂ ਉਤੇ ਸਾਦੇ ਲਿਬਾਸ ਵੀ ਕਿਸੇ ਨੂੰ ਪੁੰਨਿਆਂ ਦਾ ਚੰਨ ਬਣਾ ਦਿੰਦੇ ਹਨ। ਲੋੜ ਤੋਂ ਵੱਧ ਕਪੜਿਆਂ, ਗਹਿਣਿਆਂ, ਬਰਤਨਾਂ, ਖਾਣਿਆਂ, ਸਜ-ਧਜ ਦੇ ਸਾਮਾਨ, ਫਰਨੀਚਰ, ਵਹੀਕਲ ਤੇ ਵੱਡੇ ਘਰਾਂ ਆਦਿ ਦਾ ਉਨਾ ਸੁਖ ਨਹੀਂ ਮਿਲਦਾ ਜਿੰਨਾ ਉਨ੍ਹਾਂ ਦੀ ਸਾਂਭ-ਸੰਭਾਲ ਦਾ ਕਸ਼ਟ ਸਹਿਣਾ ਪੈਂਦਾ ਹੈ। ਇਹ ਜਿਹੜੀਆਂ ਜਨਮ ਦਿਨਾਂ, ਵਿਆਹ ਦਿਨਾਂ, ਵਰ੍ਹੇ-ਗੰਢਾਂ, ਘਰ ਪ੍ਰਵੇਸ਼, ਬੱਚਿਆਂ ਦੀ ਗਰੈਜੂਏਸ਼ਨ ਤੇ ਵਿਆਹਾਂ ਦੀਆਂ ਦੂਹਰੀਆਂ ਤੀਹਰੀਆਂ ਪੈਰ ਪਸਾਰ ਰਹੀਆਂ ਹਾਲ ਪਾਰਟੀਆਂ ਦੀ ਰੀਤ ਪਾਈ ਜਾ ਰਹੀ ਹੈ ਜੇ ਇਹ ਸਮੇਂ ਸਿਰ ਨਾ ਥੰਮ੍ਹੀ ਗਈ ਤਾਂ ਇਹ ਪੰਜਾਬ ਵਾਂਗ ਕਈਆਂ ਦੇ ਹੱਥ ਠੂਠੇ ਫੜਾਵੇਗੀ। ਜਿਹੜਾ ਕੋਈ ਅੱਜ ਕਿਸੇ ਦੀ ਅਜਿਹੀ ਪਾਰਟੀ ਵਿਚ ਸ਼ਾਮਲ ਹੁੰਦਾ ਹੈ ਉਹਨੂੰ ਫਿਰ ਆਪ ਉਸੇ ਤਰ੍ਹਾਂ ਕਰਨਾ ਪੈਂਦਾ ਹੈ। ਬਲਕਿ ਵਿਖਾਵੇ ਖ਼ਾਤਰ ਉਹ ਕੁਝ ਵਧੇਰੇ ਹੀ ਫੂਕ ਛਕਦਾ ਹੈ।

ਪੰਜਾਬ ਵਿਚ ਮੈਂ ਵੇਖਦਾ ਆਇਆਂ ਕਿ ਅੱਜ ਕੱਲ੍ਹ ਪਸ਼ੂ ਮੰਡੀਆਂ ਨਾਲੋਂ ਵੀ ਵੱਡੀਆਂ ਟਰੈਕਟਰਾਂ ਦੀਆਂ ਮੰਡੀਆਂ ਲੱਗਣ ਲੱਗ ਪਈਆਂ ਹਨ। ਇਹ ਇਕ ਦਿਨ ਲੱਗਣੀਆਂ ਹੀ ਸਨ। ਬੈਂਕਾਂ ਤੋਂ ਕਰਜ਼ੇ ਲੈ ਕੇ ਟਰੈਕਟਰ ਲੈਣ ਵੇਲੇ ਘੱਟ ਜ਼ਮੀਨਾਂ ਵਾਲਿਆਂ ਨੇ ਵੀ ਨਾ ਸੋਚਿਆ ਕਿ ਟਰੈਕਟਰਾਂ ਨੂੰ ਵਡੇਰੇ ਫਾਰਮ ਚਾਹੀਦੇ ਹਨ। ਉਨ੍ਹਾਂ ਨੇ ਵਿਖਾਵੇ ਲਈ ਟਰੈਕਟਰ ਦਲਾਣਾਂ ਤੇ ਬਰਾਂਡਿਆਂ ਵਿਚ ਲਿਆ ਖੜ੍ਹਾਏ ਜੋ ਉਨ੍ਹਾਂ ਲਈ ਜੁਆਈ ਭਾਈ ਸਾਬਤ ਹੋਏ। ਜੁਆਈਆਂ ਵਾਂਗ ਉਹ ਸੇਵਾ ਕਰਾਈ ਗਏ, ਵਿਆਜ਼ ਪੈਂਦਾ ਗਿਆ ਤੇ ਕਮਾਈਆਂ ਕੋਈ ਹੋਈਆਂ ਨਾ। ਜਿਵੇਂ ਜੁਆਈ ਵੀ ਕਿਸੇ ਤੋਂ ਬਹੁਤੀ ਦੇਰ ਸਾਂਭੇ ਨਹੀਂ ਜਾਂਦੇ ਤੇ ਘਰੋਂ ਤੋਰਨੇ ਪੈਂਦੇ ਹਨ ਉਵੇਂ ਪੰਜਾਬ ਦੇ ਕਿਸਾਨਾਂ ਨੂੰ ਹੁਣ ਬੇਲੋੜੇ ਟਰੈਕਟਰ ਰਫ਼ਾ-ਦਫ਼ਾ ਕਰਨੇ ਪੈ ਰਹੇ ਹਨ। ਏਹੀ ਹਾਲ ਵਿਆਹਾਂ 'ਚ ਮਿਲੀਆਂ ਮਾਰੂਤੀਆਂ ਤੇ ਮੋਟਰ ਸਾਈਕਲਾਂ ਦਾ ਹੈ। ਮੰਡੀਆਂ ਉਨ੍ਹਾਂ ਦੀਆਂ ਵੀ ਲੱਗੀ ਜਾਂਦੀਆਂ ਹਨ। ਕਈਆਂ ਨੇ ਕੰਡਮ ਹੋਈਆਂ ਕਾਰਾਂ ਆਪਣੇ ਘਰੀਂ ਇਸ ਲਈ ਖੜ੍ਹਾ ਰੱਖੀਆਂ ਹਨ ਕਿ ਲੋਕ ਸਮਝਣ ਪਈ ਉਹ ਵੀ ਕਾਰਾਂ ਵਾਲੇ ਹਨ!

ਪੰਜਾਬ ਦੇ ਪਰਵਾਸੀਆਂ ਵੱਲੋਂ ਆਪਣੀ ਟੌਹਰ ਵਿਖਾਉਣ ਲਈ ਆਪੋ-ਆਪਣੇ ਪਿੰਡਾਂ ਵਿਚ ਵਧ ਚੜ੍ਹ ਕੇ ਕੋਠੀਆਂ ਪਾਈਆਂ ਜਾ ਰਹੀਆਂ ਹਨ। ਉਨ੍ਹਾਂ ਦੀਆਂ ਛੱਤਾਂ ਉਤੇ ਟੈਂਕੀਆਂ ਦੇ ਰੂਪ ਵਿਚ ਕਾਰਾਂ, ਹਵਾਈ ਜਹਾਜ਼ ਤੇ ਹੈਲੀਕਾਪਟਰ ਬਣਾਏ ਜਾ ਰਹੇ ਹਨ ਪਰ ਰਹਿੰਦੇ ਉਨ੍ਹਾਂ ਵਿਚ ਭੱਈਏ ਹਨ। ਕੋਠੀਆਂ ਦੇ ਮਾਲਕ ਸਾਲ ਦੋ ਸਾਲੀਂ ਮਹਿੰਗੀਆਂ ਹਵਾਈ ਟਿਕਟਾਂ ਲੈ ਕੇ ਸਿਰਫ਼ ਰੰਗ ਰੋਗਨ ਕਰਾਉਣ ਹੀ ਗੇੜੇ ਮਾਰਦੇ ਹਨ। ਵਿਦੇਸ਼ਾਂ ਵਿਚ ਸਾਡੇ ਕਈ ਬੰਦੇ ਏਨੀਆਂ ਮਹਿੰਗੀਆਂ ਕਾਰਾਂ ਲੈ ਬਹਿੰਦੇ ਹਨ ਕਿ ਇੰਸ਼ੋਰੈਂਸ ਦੀਆਂ ਕਿਸ਼ਤਾਂ ਤਾਰਦੇ ਹੀ ਦਿਵਾਲਾ ਕਢਾ ਬਹਿੰਦੇ ਹਨ। ਕਈਆਂ ਦਾ ਘਰ ਏਡਾ ਵੱਡਾ ਹੁੰਦਾ ਹੈ ਕਿ ਕੁਝ ਕਮਰੇ ਦੋਹ ਚਹੁੰ ਮਹੀਨੀਂ ਮਸੀਂ ਖੋਲ੍ਹੇ ਜਾਂਦੇ ਹਨ। ਉਹ ਵੀ ਉਦੋਂ ਜਦੋਂ ਕੋਈ ਮਿਲਣ-ਗਿਲਣ ਵਾਲਾ ਆਇਆ ਹੋਵੇ। ਵੱਡਾ ਘਰ ਵੇਖ ਕੇ ਅਗਲਾ ਉਸਤਤ ਨਾ ਕਰੇ ਤਾਂ ਹਾਲਤ ਘਰ ਫੂਕਣ ਵਾਲੀ ਮਿਰਾਸਣ ਵਰਗੀ ਹੋ ਜਾਂਦੀ ਹੈ।

ਗੱਲਾਂ ਤੇ ਮਿਸਾਲਾਂ ਤਾਂ ਬਹੁਤ ਹਨ। ਫੋਕੀ ਭੱਲ ਬਣਾਉਣ ਖ਼ਾਤਰ ਵਿਦੇਸ਼ਾਂ 'ਚ ਰਿਸ਼ਤੇ-ਨਾਤੇ ਕਰਨੇ, ਵੱਡੀਆਂ ਵਿਆਹ ਪਾਰਟੀਆਂ ਕਰਨੀਆਂ, ਮਹਿੰਗੇ ਗਾਉਣ ਵਾਲੇ ਲਾਉਣੇ, ਵਧ ਚੜ੍ਹ ਕੇ ਦਾਜ-ਦਹੇਜ ਦੇਣਾ, ਪੰਚ-ਸਰਪੰਚ ਬਣਨ ਲਈ ਪੁੱਠੇ-ਸਿੱਧੇ ਪੰਗੇ ਲੈਣੇ, ਸ਼ਰਾਬਾਂ ਦੇ ਲੰਗਰ ਲਾਉਣੇ, ਪਿਸਤੌਲ ਲੱਕ ਨਾਲ ਲਟਕਾਈ ਤੇ ਬੰਦੂਕਾਂ ਵਾਲੇ ਅੱਗੇ ਪਿੱਛੇ ਲਈ ਫਿਰਨੇ, ਹੱਥੀਂ ਕੰਮ ਕਰਨਾ ਛੱਡ ਕੇ ਭੱਈਏ ਨੌਕਰ ਚਾਕਰ ਰੱਖਣੇ, ਪੈਰੀਂ ਤੁਰਨ ਨੂੰ ਮਿਹਣਾ ਮੰਨਣਾ, ਚੰਗੀਆਂ ਭਲੀਆਂ ਬੱਸਾਂ ਜਾਂਦੀਆਂ ਹੋਣ ਦੇ ਬਾਵਜੂਦ ਟੈਕਸੀਆਂ ਕਿਰਾਏ 'ਤੇ ਕਰਨੀਆਂ ਤੇ ਐਵੇਂ ਹੀ ਦੋ ਦੋ ਜ਼ੇਬੀ ਫੋਨ ਖੀਸਿਆਂ ਵਿਚ ਘਸੋੜੀ ਫਿਰਨਾ ਕੋਈ ਸੱਚੀਮੁਚੀਂ 'ਵੱਡਾ ਬੰਦਾ' ਬਣਾਉਣ ਵਾਲੇ ਕਾਰਨਾਮੇ ਨਹੀਂ। ਡੱਕਾ ਤੋੜ ਕੇ ਦੂਹਰਾ ਨਾ ਕਰਨਾ ਤੇ ਪੰਜ ਦਸ ਤੋਲਿਆਂ ਦੇ ਕੜੇ ਪਾਈ ਫਿਰਨ ਵਰਗੇ ਫੂਕਰਪੁਣੇ ਕਿਸੇ ਨੂੰ ਦਾਨਾ-ਬੀਨਾ ਨਹੀਂ ਬਣਾਉਂਦੇ। ਬੋਦੇ ਚੋਪੜ ਕੇ ਜਾਂ ਕੰਡੇਰਨੇ ਵਾਂਗ ਖੜ੍ਹੇ ਕਰ ਕੇ ਕੁੜੀਆਂ ਮਗਰ ਮੋਟਰਸਾਈਕਲ ਭਜਾਈ ਫਿਰਨਾ ਕਿਹੜੀ ਬਹਾਦਰੀ ਹੈ? ਕਈ ਜੰਗਲ ਪਾਣੀ ਵੀ ਸਕੂਟਰਾਂ ਤੇ ਮੋਟਰਸਾਈਕਲਾਂ ਉਤੇ ਚੜ੍ਹ ਕੇ ਜਾਂਦੇ ਹਨ ਜਦ ਕਿ ਘਰੇ ਭੰਗ ਭੁੱਜਦੀ ਹੈ। ਚਾਦਰ ਵੇਖ ਕੇ ਪੈਰ ਪਸਾਰਨ ਵਿਚ ਹੀ ਸਿਆਣਪ ਹੈ। ਰੀਸ ਕਰਨੀ ਹੈ ਤਾਂ ਸਾਦ ਮੁਰਾਦੇ ਤੇ ਹੋਰਨਾਂ ਦਾ ਭਲਾ ਕਰਨ ਵਾਲੇ ਇਨਸਾਨਾਂ ਦੀ ਕਰੋ। ਦੁਨੀਆਂ ਵਿਚ ਬਹੁਤ ਕੁਝ ਚੰਗਾ ਤੇ ਪਿਆਰਾ ਹੈ ਜਿਸ ਨੂੰ ਅਪਨਾਉਣ ਵਿਚ ਢਿੱਲ ਨਹੀਂ ਕਰਨੀ ਚਾਹੀਦੀ।

ਪੰਜਾਬ ਵਿਚ ਗੁਰਦੁਆਰੇ ਬਹੁਤ ਹਨ। ਮੈਨੂੰ ਘੁਮਦਿਆਂ ਫਿਰਦਿਆਂ ਹਰ ਥਾਂ ਹੀ ਦੋ ਚਾਰ ਗੁਰਦੁਆਰਿਆਂ ਦੇ ਗੁੰਬਦ ਤੇ ਨਿਸ਼ਾਨ ਸਾਹਿਬ ਦਿਸਦੇ ਰਹੇ ਹਨ। ਬਾਰਾਂ ਹਜ਼ਾਰ ਪਿੰਡਾਂ ਵਿਚ ਵੀਹ ਤੋਂ ਤੀਹ ਹਜ਼ਾਰ ਤਕ ਗੁਰਦੁਆਰੇ ਹੋਣਗੇ। ਸੰਗਤਾਂ ਦੇ ਕਰੋੜਾਂ-ਅਰਬਾਂ ਰੁਪਏ ਉਨ੍ਹਾਂ ਉਤੇ ਲੱਗੇ ਹਨ। ਕਰੋੜਾਂ ਦਾ ਚੜ੍ਹਾਵਾ ਚੜ੍ਹ ਰਿਹੈ। ਪਰ ਇਨ੍ਹਾਂ ਆਲੀਸ਼ਾਨ ਗੁਰੂਘਰਾਂ ਦੀ ਪੂਰੀ ਸਦਵਰਤੋਂ ਨਹੀਂ ਹੋ ਰਹੀ। ਸਾਡੇ ਆਪਣੇ ਪਿੰਡ ਵਿਚ ਬਹੁਤ ਵੱਡਾ ਗੁਰਦਵਾਰਾ ਹੈ ਜਿਸ ਦਾ ਆਲਾ ਦੁਆਲਾ ਵੀ ਖੁੱਲ੍ਹਾ ਹੈ ਤੇ ਹਾਲ ਵੀ ਬੜਾ ਵੱਡਾ ਹੈ। ਏਨੀ ਵਧੀਆ ਜਗ੍ਹਾ 'ਚ ਪਿੰਡ ਦੀਆਂ ਧੀਆਂ-ਧਿਆਣੀਆਂ ਦੇ ਵਿਆਹ ਤੇ ਸੁਰਗਵਾਸ ਹੋਇਆਂ ਦੇ ਸ਼ਰਧਾਂਜਲੀ ਸਮਾਗਮ ਬਿਨਾਂ ਕਿਸੇ ਖ਼ਾਸ ਖਰਚ-ਖੇਚਲ 'ਤੇ ਕੀਤੇ ਜਾ ਸਕਦੇ ਹਨ। ਧਾਰਮਿਕ ਜ਼ਾਬਤੇ ਵਿਚ ਰਹਿ ਕੇ ਸਾਹਿਤਕ, ਸਭਿਆਚਾਰਕ ਤੇ ਹੋਰ ਸਮਾਜਿਕ 'ਕੱਠ ਵੀ ਕੀਤੇ ਜਾ ਸਕਦੇ ਹਨ। ਲਾਇਬ੍ਰੇਰੀ ਤੇ ਡਿਸਪੈਂਸਰੀ ਦਾ ਪ੍ਰਬੰਧ ਕੀਤਾ ਜਾ ਸਕਦੈ। ਸਿਹਤ-ਸੰਭਾਲ ਦੇ ਸਬਕ ਦਿੱਤੇ ਜਾ ਸਕਦੇ ਹਨ। ਕੁਝ ਪਿੰਡਾਂ ਵਿਚ ਅਜਿਹਾ ਹੋਣਾ ਸ਼ੁਰੂ ਹੋ ਗਿਆ ਹੈ ਪਰ ਬਹੁਤੇ ਪਿੰਡਾਂ ਦੇ ਲੋਕ ਅਜੇ ਅਜਿਹਾ ਨਹੀਂ ਕਰਨ ਲੱਗੇ।

ਇਹਦੇ ਉਲਟ ਉਹ ਮਹਿੰਗੇ ਮੈਰਿਜ ਪੈਲਸਾਂ ਵੱਲ ਭੱਜ ਰਹੇ ਹਨ। ਆਪਣੀ ਪੰਜਾਬ ਫੇਰੀ ਦੌਰਾਨ ਮੈਂ ਵੇਖਿਐ ਕਿ ਸਾਧਾਰਨ ਪੇਂਡੂ ਪਰਿਵਾਰ ਵੀ ਆਪਣੇ ਧੀਆਂ ਪੁੱਤਾਂ ਦੇ ਵਿਆਹ ਵੇਖਾ ਵੇਖੀ ਸ਼ਹਿਰੀ ਮੈਰਿਜ ਪੈਲਸਾਂ ਵਿਚ ਕਰਨ ਲੱਗੇ ਹਨ। ਪਰਦੇਸਾਂ 'ਚ ਤਾਂ ਭਲਾ ਇਨ੍ਹਾਂ ਦੀ ਲੋੜ ਸੀ, ਪੰਜਾਬ ਦੇ ਸ਼ਹਿਰਾਂ ਦੀ ਵੀ ਕੁਝ ਕੁ ਸਮਝ ਆਉਂਦੀ ਹੈ ਪਰ ਪਿੰਡਾਂ ਵਾਲੇ ਕਾਹਦੇ ਲਈ ਝੁੱਗੇ ਚੌੜ ਕਰਾਈ ਜਾਂਦੇ ਹਨ? ਪਿੰਡਾਂ ਵਾਲਿਆਂ ਕੋਲ ਆਪਣੇ ਗੁਰੂਘਰ, ਧਰਮਸ਼ਾਲਾਂ ਤੇ ਖੁੱਲ੍ਹੇ ਵਿਹੜੇ ਹਨ। ਆਪਣਾ ਭਾਈਚਾਰਾ ਹੈ ਜਿਨ੍ਹਾਂ ਦੇ ਖੁੱਲ੍ਹੇ ਘਰਬਾਰ ਹਨ। ਉਹ ਕਿਤੇ ਵੀ ਚਾਨਣੀਆਂ ਲਾ ਕੇ ਵਿਆਹ ਸਮਾਗਮ ਕਰ ਸਕਦੇ ਹਨ।

ਪੇਂਡੂਆਂ ਦਾ ਸ਼ਹਿਰਾਂ ਦੇ ਮੰਡੂਆ ਘਰਾਂ 'ਚ ਜਾ ਕੇ ਵਿਆਹ ਕਰਨਾ ਇੰਜ ਹੈ ਜਿਵੇਂ ਉਨ੍ਹਾਂ ਦਾ ਸਾਰਾ ਸ਼ਰੀਕਾ-ਕਬੀਲਾ ਸ਼ਹਿਰ ਤਰੀਕ ਭੁਗਤਣ ਚੱਲਿਆ ਹੋਵੇ। ਮੈਰਿਜ ਪੈਲਸਾਂ ਵਿਚ ਕਈਆਂ ਨੂੰ ਖਾਣਾ-ਪੀਣਾ ਵੀ ਨਹੀਂ ਆਉਂਦਾ ਹੁੰਦਾ। ਇਕੋ ਜਣਾ ਕਈ ਕਈ ਪਲੇਟਾਂ ਲਬੇੜ ਧਰਦੈ। ਸਿੱਧਪੱਧਰੇ ਬੰਦੇ ਆਸੇ-ਪਾਸੇ ਪੱਬਾਂ ਭਾਰ ਬੈਠੇ ਹੁੰਦੇ ਨੇ ਜਿਵੇਂ ਸ਼ੱਕ 'ਚ ਫੜੇ ਹੋਣ! ਵਿਆਹ ਵਾਲਿਆਂ ਦਾ ਕੂੰਡਾ ਤਾਂ ਹੁੰਦਾ ਹੀ ਹੈ ਮੇਲੀ-ਗੇਲੀ ਵੀ ਰੌਲੇ-ਗੌਲੇ ਨਾਲ ਕੰਨ ਬੋਲੇ ਕਰਾ ਕੇ ਹਜ਼ਾਰ ਪੰਜ ਸੌ ਦੀ ਲੁਪਰੀ ਲੁਹਾ ਬਹਿੰਦੇ ਹਨ। ਮੁੜਦਿਆਂ ਇਓਂ ਲੱਗਦਾ ਹੈ ਜਿਵੇਂ ਉਹ ਸਚਮੁੱਚ ਹੀ ਵਕੀਲਾਂ ਦੀਆਂ ਫੀਸਾਂ ਤਾਰ ਕੇ ਆਏ ਹੋਣ!



## ਪਰਵਾਸੀ ਉਰਦੂ ਕਹਾਣੀ

# ਫੁੱਲ-ਘੜੀ

*ਜਨਾਬ ਬਸ਼ੀਰ ਰਿਆਜ਼ ਲੰਦਨ ਦੀ ਕਹਾਣੀ 'ਫੁੱਲ-ਘੜੀ' ਪਰਵਾਸੀ ਮਨੋਦਸ਼ਾ ਨੂੰ ਸਮਝਣ ਲਈ ਕਈ ਪੱਖਾਂ ਤੇ ਪਾਸਾਰਾਂ ਕਰਕੇ ਅਹਿਮ ਹੈ। ਇਸ ਵਿਚ ਪਰਵਾਸ ਲਈ ਅਹੁਲ ਰਹੇ ਬੰਦੇ ਦੀ ਮਨੋਦਸ਼ਾ ਦੇ ਨਾਲ ਨਾਲ ਉਸ ਦੇ ਆਲੇ-ਦੁਆਲੇ ਹੋ ਰਹੀ ਉਥਲ-ਪੁਥਲ ਅਤੇ ਇਸ ਉਥਲ-ਪੁਥਲ ਕਾਰਨ ਪੈ ਰਹੇ ਅਸਰਾਂ ਦੇ ਬੜੇ ਮਹੀਨ ਵੇਰਵੇ ਪਰੋਏ ਗਏ ਹਨ। ਪਰਵਾਸ ਮਨੁੱਖ ਦੀ ਫਿਤਰਤ ਹੈ ਪਰ ਜੇ ਪਰਵਾਸ ਦੀ ਭੇਟ ਸੱਚੇ-ਸੁੱਚੇ ਰਿਸ਼ਤੇ ਵੀ ਚੜ੍ਹ ਜਾਂਦੇ ਹਨ ਤਾਂ ਇਸ ਦਾ ਦਰਦ ਬਹੁਤ ਵਿਕਰਾਲ ਰੂਪ ਅਖਤਿਆਰ ਕਰਕੇ ਤੁਹਾਨੂੰ ਫਿਰ ਅੱਗਿਓਂ ਵਲੇਵਾਂ ਮਾਰ ਲੈਂਦਾ ਹੈ। ਅੱਜ ਹਰ ਹੀਲਾ-ਵਸੀਲਾ ਵਰਤ ਕੇ ਪਰਵਾਸ ਹਾਸਲ ਕਰਨ ਦੀ ਜਿਹੜੀ ਦੌੜ ਵਿਚ ਬੰਦਾ, ਖਾਸ ਕਰਕੇ ਪੰਜਾਬੀ ਬੰਦਾ ਫਸ ਗਿਆ ਹੈ, ਇਸ ਦੀ ਸੂਹ ਬਸ਼ੀਰ ਰਿਆਜ਼ ਦੀ ਇਸ ਕਹਾਣੀ ਵਿਚ ਨਜ਼ਰੀਂ ਪੈਂਦੀ ਹੈ। ਇਹ ਕਹਾਣੀ ਕਈ ਦਹਾਕੇ ਪਹਿਲਾਂ ਦੀ ਲਿਖੀ ਹੋਈ ਹੈ ਪਰ ਪਰਵਾਸ ਦੀ ਦੌੜ ਹੁਣ ਜਿਸ ਮੁਕਾਮ ਉਤੇ ਪੁੱਜ ਗਈ ਹੈ, ਉਸ ਦੀਆਂ ਜੜ੍ਹਾਂ ਫਰੋਲਣ ਲਈ ਇਹ ਕਹਾਣੀ ਮਦਦਗਾਰ ਸਾਬਤ ਹੋ ਸਕਦੀ ਹੈ। -ਸੰਪਾਦਕ*

**ਬਸ਼ੀਰ ਰਿਆਜ਼ ਲੰਦਨ**

ਇਕ ਸਾਲ ਸੁਪਨੇ ਵਾਂਗ ਬੀਤ ਗਿਆ। ਸਾਲ ਦੀ ਉਮਰ ਹੀ ਕਿੰਨੀ ਹੈ? ਬਾਰਾਂ ਮਹੀਨੇ!

ਸਮੇਂ ਦੀ ਰੀਤ ਬੇਵਫ਼ਾਈ ਹੈ ਤੇ ਇੰਗਲੈਂਡ ਵਰਗੇ ਦੇਸ਼ ਵਿਚ ਤਾਂ ਇਹ ਖੰਭ ਲਾ ਕੇ ਉਡ-ਪੁੱਡ ਜਾਂਦਾ ਹੈ। ਸ਼ਾਇਦ ਇਸੇ ਕਰਕੇ ਇੱਥੋਂ ਦੇ ਲੋਕ ਸਮੇਂ ਦੇ ਬੜੇ ਪਾਬੰਦ ਨੇ। ਹਰ ਪਲ ਦਾ ਪੂਰਾ-ਪੂਰਾ ਲਾਹਾ ਲੈਂਦੇ ਨੇ। ਉਹ ਸਮੇਂ ਨੂੰ ਆਪਣਾ ਦੋਸਤ ਮੰਨ ਕੇ ਇਸ ਦੇ ਨਾਲ-ਨਾਲ ਟੁਰਦੇ ਨੇ। ਜੇ ਅੰਗਰੇਜ਼ ਦੀ ਜ਼ਿੰਦਗੀ ਵਿਚੋਂ ਸਮੇਂ ਨੂੰ ਖਾਰਜ ਕਰ ਦਿੱਤਾ ਜਾਏ ਤਾਂ ਉਸ ਦਾ ਸਾਰਾ ਢਾਂਚਾ ਹੀ ਵਿਗੜ ਜਾਏਗਾ। ਸ਼ਾਇਦ ਇਸੇ ਕਰਕੇ ਇਥੇ ਸ਼ਬਦ 'ਹਰਜਾਈ' ਦੀ ਕਲਪਨਾ ਬੜੀ ਹੀ ਧੁੰਦਲੀ ਹੈ।

ਇਨ੍ਹਾਂ ਖ਼ਿਆਲਾਂ ਵਿਚ ਉਲਝਿਆ ਨਦੀਮ ਆਪਣੇ ਬੀਤੇ ਸਾਲ ਦਾ ਮਾਤਮ ਮਨਾ ਰਿਹਾ ਸੀ। ਪੂਰਾ ਇਕ ਵਰ੍ਹਾ ਪਹਿਲਾਂ ਉਹ ਆਪਣੇ ਭਵਿੱਖ ਦੀਆਂ ਆਸਾਂ ਦੇ ਚਿਰਾਗ਼ ਬਾਲ ਕੇ ਇਥੇ ਆਇਆ ਸੀ। ਉਸ ਨੇ ਸੋਚਿਆ ਸੀ ਕਿ ਇੰਜੀਨੀਅਰਿੰਗ ਦੀ ਕੋਈ ਵੱਡੀ ਡਿਗਰੀ ਲੈ ਕੇ ਵਾਪਸ ਆਪਣੇ ਦੇਸ਼ ਮੁੜ ਜਾਵੇਗਾ ਪਰ ਸਕਾਟਲੈਂਡ ਦੀ ਦਾਰਾਲ ਹਕੂਮਤ ਐਡਬਜ਼ਾ ਵਿਚ ਆਇਆਂ ਅਜੇ ਉਸ ਨੂੰ ਦੋ ਹਫਤੇ ਹੀ ਹੋਏ ਸਨ ਕਿ ਉਸ ਦੇ ਦਿਲ ਵਿਚ ਰੰਗੀਨ ਸੱਧਰਾਂ ਮਚਲਣ ਲੱਗ ਪਈਆਂ। ਉਹ ਦਿਨ ਦੇ ਛਿਪਾ ਦੇ ਨਾਲ ਹੀ ਕਿਲੇ ਵੱਲ ਸੈਰ ਲਈ ਤੁਰ ਪੈਂਦਾ ਸੀ। ਇਥੇ ਵੱਖੋ-ਵੱਖਰੇ ਦੇਸ਼ਾਂ 'ਚੋਂ ਆਏ ਪਰਵਾਸੀ, ਐਡਬਜ਼ਾ ਦੇ ਸੁਹੱਪਣ ਨੂੰ ਚਾਰ ਚੰਦ ਲਾ ਰਹੇ ਹੁੰਦੇ। ਪਰਵਾਸੀ ਹੁਸਨ ਦੇਖ ਕੇ ਉਸ ਦੇ ਦਿਲ ਅੰਦਰ ਵੀ ਇਸ਼ਕ ਪੁੰਗਰਨ ਲੱਗ ਪਿਆ ਸੀ।

ਫਰੰਗੀ ਹੂਰਾਂ ਦਾ ਰੰਗ ਰੂਪ ਉਸ ਦੇ ਦਿਲ ਦਿਮਾਗ਼ 'ਤੇ ਛਾ ਗਿਆ। ਉਸ ਦਾ ਜੀਅ ਕਰਦਾ ਕਿ ਕਾਸ਼ ਕੋਈ ਪੱਛਮੀ ਹੁਸੀਨਾ ਉਸ ਦੇ ਦਿਲ ਵਿਚ ਆਣ ਵੱਸੇ ਪਰ ਅਣਜਾਣ ਅਤੇ ਓਪਰੇ ਮਾਹੌਲ ਸਦਕਾ ਉਸ ਦੀਆਂ ਸੱਧਰਾਂ ਅਧੂਰੀਆਂ ਹੀ ਰਹਿ ਜਾਂਦੀਆਂ। ਇਹ ਅਸੁਖਾਵੀਂ ਜਿਹੀ ਬੇਚੈਨੀ ਉਸ ਦੀਆਂ ਰਾਤਾਂ ਵਿਚ ਵੀ ਘੁਲ ਗਈ ਸੀ।

ਐਤਵਾਰ ਦਾ ਦਿਨ ਸੀ। ਦੁਪਹਿਰੇ ਉਹ ਪ੍ਰਿੰਸੈਸ ਸਟਰੀਟ ਵਿਚ ਖਲੋਤਾ, ਫੁੱਲ-ਘੜੀ ਦੇਖ ਰਿਹਾ ਸੀ। ਫੁੱਲਾਂ ਦੀ ਬਣੀ ਇਹ ਘੜੀ ਸਰ ਵਾਲਟਰ ਸਕਾਟ ਮੈਮੋਰੀਅਲ ਨੇੜੇ ਪਾਰਕ ਦੇ ਕੋਨੇ ਵਿਚ ਬਣੀ ਹੋਈ ਹੈ। ਇੱਥੇ ਸਾਰਾ ਦਿਨ ਬਾਹਰੋਂ ਆਏ ਟੂਰਿਸਟਾਂ ਦੀ ਭੀੜ ਲੱਗੀ ਰਹਿੰਦੀ ਹੈ। ਘੜੀ ਦੀਆਂ ਸੂਈਆਂ ਅਤੇ ਅੱਖਰ ਫੁੱਲਾਂ ਦੇ ਬਣੇ ਹੋਏ ਨੇ ਤੇ ਫੁੱਲ, ਫੁੱਲਾਂ ਨੂੰ ਚੁੰਮ ਕੇ ਟਾਈਮ ਦੱਸਦੇ ਨੇ। ਨਦੀਮ ਹੈਰਾਨ ਸੀ ਤੇ ਕੋਈ ਪੌਣੇ ਕੁ ਘੰਟੇ ਦਾ ਉਥੇ ਖੜ੍ਹਾ ਫੁੱਲ-ਘੜੀ ਵੱਲ ਹੀ ਦੇਖੀ ਜਾ ਰਿਹਾ ਸੀ। ਇਸ ਅਰਸੇ ਵਿਚ ਅਣਗਿਣਤ ਲੋਕ ਆਏ, ਕੁਝ ਚਿਰ ਰੁਕੇ ਤੇ ਚਲੇ ਗਏ ਸਨ। ਇੱਥੋਂ ਥੋੜ੍ਹੀ ਦੂਰ ਹੀ ਇਕ ਬੈਂਚ ਉਤੇ ਇਕ ਪੱਛਮੀ ਮੁਟਿਆਰ, ਇਸ ਏਸ਼ੀਆਈ ਨੌਜਵਾਨ ਨੂੰ ਬੜੀ ਹੈਰਾਨੀ ਨਾਲ ਤੱਕ ਰਹੀ ਸੀ। ਉਸ ਨੂੰ ਸਮਝ ਹੀ ਨਹੀਂ ਸੀ ਆ ਰਿਹਾ ਕਿ ਇਹ ਅਜੀਬ ਆਦਮੀ ਭਲਾ ਉਸ ਫੁੱਲ-ਘੜੀ ਵਿਚ ਕੀ ਦੇਖ ਰਿਹਾ ਸੀ?

ਉਹ ਬੈਂਚ ਤੋਂ ਉਠ ਕੇ ਉਸ ਕੋਲ ਆਈ ਤੇ "ਐਕਸਕਿਊਜ਼ ਮੀ" ਕਹਿੰਦਿਆਂ ਬੋਲੀ, "ਤੁਸੀਂ ਇਸ ਸ਼ਹਿਰ 'ਚ ਅਜਨਬੀ ਜਾਪਦੇ ਓ!"

"ਹਾਂ, ਕੋਈ ਦੋ ਕੁ ਹਫਤੇ ਪਹਿਲਾਂ ਹੀ ਇੱਥੇ ਆਇਆਂ।" ਨਦੀਮ ਨੇ ਕਿਹਾ ਪਰ ਉਸ ਦੀ ਆਵਾਜ਼ ਰਤਾ ਕੁ ਲੜਖੜਾ ਰਹੀ ਸੀ।

"ਥੋੜ੍ਹਾ ਚਿਰ ਮੇਰੇ ਨਾਲ ਉਸ ਬੈਂਚ ਉਤੇ ਬੈਠਣਾ ਪਸੰਦ ਕਰੋਗੇ?" ਅਚਾਨਕ ਹੀ ਉਸ ਕੁੜੀ ਨੇ ਪੁੱਛਿਆ ਸੀ।

"ਜੀ ਸ਼ੁਕਰੀਆ," ਕਹਿੰਦਾ ਹੋਇਆ ਉਹ ਉਸ ਨਾਲ ਬੈਂਚ 'ਤੇ ਜਾ ਬੈਠਾ।

ਕੁੜੀ ਨੇ ਉਸ ਤੋਂ ਅਣਗਿਣਤ ਸਵਾਲ ਪੁੱਛੇ। ਕਿੱਥੋਂ ਆਏ ਹੋ? ਕੀ ਕਰਨ ਆਏ ਹੋ? ਤੇ ਨਦੀਮ ਸਾਊਆਂ ਵਾਂਗ ਉਸ ਦੇ ਹਰ ਸਵਾਲ ਦਾ ਜਵਾਬ ਦਿੰਦਾ ਰਿਹਾ। ਉਸ ਦੀ ਨਿਸ਼ੰਗ ਗੱਲਬਾਤ ਨੇ ਉਸ ਨੂੰ ਇੰਨਾ ਪ੍ਰਭਾਵਤ ਕੀਤਾ ਸੀ ਕਿ ਡੁੰਨ-ਵੱਟਾ ਜਿਹਾ ਬਣਿਆ ਉਹ ਫਿਰੰਗੀ ਕੁੜੀ ਦੇ ਕੋਲ ਹੀ ਬੈਠਾ ਰਿਹਾ ਸੀ।

ਕੁੜੀ ਨੂੰ ਨਦੀਮ ਦਾ ਇਹੀ ਪੂਰਬੀ ਸੁਭਾਅ ਚੰਗਾ ਲੱਗਾ। ਉਸ ਨੇ ਆਪਣੇ ਬਾਰੇ ਦੱਸਿਆ, "ਮੈਂ ਕਰਿਸਟੀਨਾ ਆਂ, ਤੇ ਇਥੇ ਟੀਚਿੰਗ ਕੋਰਸ ਕਰ ਰਹੀ ਆਂ।"

ਨਦੀਮ ਨੇ ਕਿਹਾ ਸੀ, "ਮੈਂ ਕਰਾਚੀ ਤੋਂ ਇੰਜੀਨੀਅਰਿੰਗ ਦੀ ਉਚ ਟਰੇਨਿੰਗ ਲੈਣ ਆਇਆ ਹਾਂ। ਨਦੀਮ ਨਾਂ ਏ ਜੀ ਮੇਰਾ।" ਸੁਣ ਕੇ ਕਰਿਸਟੀਨਾ ਦੇ ਮਨ ਤੋਂ ਜਿਵੇਂ ਕੋਈ ਅਦਿੱਖ ਭਾਰ ਲੱਥ ਗਿਆ ਸੀ। ਉਸ ਨੇ ਖਾਸ ਅੰਦਾਜ਼ ਵਿਚ ਇਸ ਨੌਜਵਾਨ 'ਚ ਦਿਲਚਸਪੀ ਦਿਖਾਉਂਦਿਆਂ ਉਸ ਦੇ ਪਰਿਵਾਰ ਬਾਰੇ ਪੁੱਛਣਾ ਸ਼ੁਰੂ ਕਰ ਦਿੱਤਾ ਤੇ ਨਾਲੇ 'ਮੈਨੂੰ ਜਾਤੀ ਸਵਾਲ ਪੁੱਛਣ ਦਾ ਕੋਈ ਹੱਕ ਤਾਂ ਨਹੀਂ' ਕਹਿ ਕੇ ਮੁਆਫ਼ੀ ਜਿਹੀ ਵੀ ਮੰਗ ਲਈ।

ਨਦੀਮ ਉਸ ਦੇ ਹਰ ਸਵਾਲ ਦਾ ਜਵਾਬ ਦੇਣ ਲਈ ਤਿਆਰ ਸੀ। ਪਤਾ ਨਹੀਂ ਕਿਉਂ ਉਸ ਨੇ ਇਹ ਝੂਠ ਵੀ ਬੋਲ ਦਿੱਤਾ ਸੀ ਕਿ ਅਜੇ ਉਹ ਕੁਆਰਾ ਹੈ; ਹਾਲਾਂਕਿ ਉਦੋਂ ਉਸ ਨੂੰ ਲੱਗਿਆ ਸੀ ਜਿਵੇਂ ਉਹਨੇ ਆਪਣੇ ਹੀ ਹੱਥੀਂ ਆਪਣੀ ਪਿਆਰੀ ਪਤਨੀ ਅਤੇ ਲਾਡਲੀ ਧੀ ਦਾ ਗ਼ਲਾ ਘੁੱਟ ਦਿੱਤਾ ਹੋਏ ਪਰ ਕਰਿਸਟੀਨਾ ਦੇ ਖੁੱਲ੍ਹੇ ਸੁਭਾਅ ਨੇ ਛੇਤੀ ਹੀ ਉਸ ਨੂੰ ਇਸ ਝੂਠ ਦੀ ਨਮੋਸ਼ੀ ਤੋਂ ਛੁਟਕਾਰਾ ਦਿਵਾ ਦਿੱਤਾ ਸੀ। ਦੋਹਾਂ ਨੇ ਨਜ਼ਦੀਕੀ ਕੈਫੇ ਵਿਚ ਬੈਠ ਕੇ ਚਾਹ ਪੀਤੀ ਤੇ 'ਬਾਇ-ਬਾਇ' ਕਹਿੰਦੇ ਇਕ ਦੂਜੇ ਤੋਂ ਵਿਦਾਈ ਲੈ ਲਈ। ਵੱਖ ਹੋਣ ਤੋਂ ਪਹਿਲਾਂ ਉਨ੍ਹਾਂ ਇਕ ਦੂਜੇ ਨੂੰ ਆਪਣੇ ਫ਼ੋਨ ਨੰਬਰ ਵੀ ਦੱਸੇ।

ਜਦੋਂ ਨਦੀਮ ਆਪਣੇ ਫਲੈਟ ਵਿਚ ਪਹੁੰਚਿਆ ਤਾਂ ਉਹਨੂੰ ਨਾ ਭੁੱਖ ਸੀ ਤੇ ਨਾ ਹੀ ਪਿਆਸ...ਸ਼ਾਇਦ ਕਰਿਸਟੀਨਾ ਨੇ ਪਹਿਲੀ ਮੁਲਾਕਾਤ ਵਿਚ ਹੀ ਉਹਦੀ ਭੁੱਖ ਪਿਆਸ ਖੋਹ ਲਈ ਸੀ। ਉਹਨੇ ਕਰਿਸਟੀਨਾ ਨੂੰ ਫ਼ੋਨ ਕਰਕੇ ਦੂਜੇ ਦਿਨ ਮਿਲਣ ਦਾ ਸਮਾਂ ਲੈ ਲਿਆ। ਕਰਿਸਟੀਨਾ ਨੂੰ ਵੀ ਉਸ ਅਜਨਬੀ ਨੌਜਵਾਨ ਵਿਚ ਦਿਲਚਸਪੀ ਪੈਦਾ ਹੋ ਗਈ ਸੀ। ਤਦੇ ਤਾਂ ਉਸ ਨੇ ਦੂਜੇ ਦਿਨ ਮਿਲਣ ਦਾ ਵਾਇਦਾ ਕਰ ਲਿਆ ਸੀ।

ਫਿਰ ਦਿਨੋ-ਦਿਨ ਨਦੀਮ ਤੇ ਕਰਿਸਟੀਨਾ ਦੀ ਸਾਂਝ ਗੂੜ੍ਹੀ ਹੁੰਦੀ ਗਈ। ਉਹ ਇਕੱਠੇ ਬਾਜ਼ਾਰ ਵਿਚੋਂ ਲੰਘਦੇ ਤਾਂ ਲੋਕ ਉਨ੍ਹਾਂ ਵੱਲ ਅਜੀਬ ਨਜ਼ਰਾਂ ਨਾਲ ਤੱਕਦੇ। ਐਡਬਜ਼ਾ ਵਿਚ ਏਸ਼ੀਆਈ ਬੜੇ ਘੱਟ ਸਨ ਪਰ ਇੱਥੋਂ ਦੇ ਬਾਸ਼ਿੰਦਿਆਂ ਦੀਆਂ ਨਜ਼ਰਾਂ ਇਸ ਜੋੜੀ ਦਾ ਦੂਰ ਤੱਕ ਪਿੱਛਾ ਕਰਦੀਆਂ। ਕਰਿਸਟੀਨਾ ਨੂੰ ਇਹ ਸਭ ਚੰਗਾ ਨਹੀਂ ਸੀ ਲੱਗਦਾ। ਵੈਸੇ ਇਸ ਵਾਤਾਵਰਣ ਦੀ ਜੰਮਪਲ ਹੋਣ ਕਰਕੇ ਉਹ ਇਸ ਗੱਲ ਵੱਲ ਬਹੁਤਾ ਧਿਆਨ ਨਹੀਂ ਸੀ ਦਿੰਦੀ ਪਰ ਨਦੀਮ ਅਕਸਰ ਘਬਰਾ ਜਾਂਦਾ ਤੇ ਨਦੀਮ ਦੀ ਇਹੀ ਇਕੋ-ਇਕ ਆਦਤ ਕਰਿਸਟੀਨਾ ਨੂੰ ਪਿਆਰੀ ਲੱਗਦੀ ਸੀ।

ਇਕ ਦਿਨ ਉਹ ਦੋਵੇਂ ਪਾਰਕ ਵਿਚ ਟਹਿਲ ਰਹੇ ਸਨ। ਦੁਪਹਿਰ ਦਾ ਵੇਲਾ ਸੀ। ਸਾਹਮਣੇ ਭੌਰਾ ਫੁੱਲ ਉਤੇ ਮੰਡਲਾ ਰਿਹਾ ਸੀ। ਕਰਿਸਟੀਨਾ ਨੇ ਇਸ ਕੁਦਰਤੀ ਨਜ਼ਾਰੇ ਵੱਲ ਵਿੰਹਦਿਆਂ ਕਿਹਾ, "ਨਦੀਮ ਦੇਖ, ਭੌਰਾ ਤੇ ਫੁੱਲ ਪਿਆਰ ਦੀ ਖੇਡ, ਖੇਡ ਰਹੇ ਨੇ। ਇਨ੍ਹਾਂ ਨੂੰ ਕਿਸੇ ਦੀ ਕੋਈ ਪ੍ਰਵਾਹ ਨਹੀਂ। ਇਕ ਤੂੰ ਏਂ ਕਿ ਮੇਰੇ ਨਾਲ ਤੁਰਦਾ ਵੀ ਸ਼ਰਮ ਹੇਠ ਦੱਬਿਆ ਰਹਿੰਦਾ ਏਂ। ਬਈ ਅਸੀਂ ਇਨਸਾਨ ਆਂ ਤੇ ਇਨਸਾਨੀਅਤ ਰੰਗ ਜਾਂ ਨਸਲ ਦੇ ਵਿਤਕਰੇ ਤੋਂ ਮੁਕਤ ਹੋਣੀ ਚਾਹੀਦੀ ਏ। ਬੰਦੇ ਦਾ ਦਾਰੂ ਬੰਦਾ ਹੀ ਤਾਂ ਹੁੰਦਾ ਏ ਨਾ?"



"ਠੀਕ ਆਖਦੀ ਪਈ ਏਂ ਕਰਿਸਟੀਨਾ ਪਰ ਜਦੋਂ ਲੋਕਾਂ ਦੀਆਂ ਨਜ਼ਰਾਂ ਸਾਡਾ ਪਿੱਛਾ ਕਰਦੀਆਂ ਨੇ ਨਾ, ਤਾਂ ਪਤਾ ਨਹੀਂ ਕਿਉਂ ਮੈਨੂੰ ਆਪਣੇ ਅਜਨਬੀ ਹੋਣ ਦਾ ਅਹਿਸਾਸ ਸਤਾਉਣ ਲੱਗ ਪੈਂਦਾ ਏ?" ਨਦੀਮ ਨੇ ਕਿਹਾ ਸੀ।

"ਨਦੀਮ ਸਾਹਿਬ, ਤੁਹਾਡੇ ਵਿਚ ਆਤਮ-ਵਿਸ਼ਵਾਸ ਦੀ ਕਮੀ ਏ। ਮੇਰੇ ਵੱਲ ਦੇਖੋ, ਮੈਂ ਇੱਥੋਂ ਦੀ ਧੀ ਆਂ। ਫਿਰ ਵੀ ਇਨ੍ਹਾਂ ਆਪਣਿਆਂ ਦੀਆਂ ਵਿਅੰਗਮਈ ਅਤੇ ਸਵਾਲ ਪੁੱਛਦੀਆਂ ਨਜ਼ਰਾਂ ਦਾ ਸਾਹਮਣਾ ਕਰਦੀ ਆਂ। ਤੂੰ ਆਪਣੇ ਆਪ ਨੂੰ ਭੌਰਾ ਸਮਝ ਤੇ ਮੈਨੂੰ ਫੁੱਲ, ਬੱਸ। ਤੈਨੂੰ ਨਹੀਂ ਪਤਾ ਕਿ ਫੁੱਲ ਭੌਰੇ ਨੂੰ ਆਪਣੀ ਛਾਤੀ ਨਾਲ ਲਾ ਕੇ ਰਸ ਪਿਲਾਂਦਾ ਏ। ਕੁਦਰਤ ਦੇ ਇਸ ਇਸ਼ਾਰੇ ਨੂੰ ਸਮਝ। ਫੁੱਲ ਤੇ ਭੌਰੇ ਦਾ ਰਿਸ਼ਤਾ ਕੁਦਰਤ ਦਾ ਬਣਾਇਆ ਹੋਇਆ ਏ ਤੇ ਇਨਸਾਨੀ ਰਿਸ਼ਤੇ ਵੀ ਤਾਂ ਕੁਦਰਤ ਨੇ ਈ ਬਣਾਏ ਨੇ ਨਾ? ਪਹਿਲੇ ਦਿਨ ਤੇਰਾ ਇਹ ਸ਼ਰਮੀਲਾਪਨ ਮੈਨੂੰ ਚੰਗਾ ਲੱਗਿਆ ਸੀ। ਹੁਣ ਇਹੀ ਮੇਰਾ ਜੀਅ ਸਾੜਦਾ ਏ।" ਕਰਿਸਟੀਨਾ ਦੀਆਂ ਇਨ੍ਹਾਂ ਗੱਲਾਂ ਨਾਲ ਨਦੀਮ ਦਾ ਹੌਸਲਾ ਵਧ ਗਿਆ ਤੇ ਉਹ ਉਸ ਦੇ ਜਵਾਨੀ ਰੂਪੀ ਫੁੱਲ ਉਤੇ ਕਿਸੇ ਭੌਰੇ ਵਾਂਗ ਹੀ ਚੱਕਰ ਲਾਉਣ ਲੱਗ ਪਿਆ। ਕਰਿਸਟੀਨਾ ਨਾਲ ਟਹਿਲਦਿਆਂ ਉਸ ਦੇ ਦਿਲ ਵਿਚ ਅਜੀਬ ਅਜੀਬ ਖ਼ਿਆਲ ਆਉਂਦੇ।

ਇਕ ਦਿਨ ਉਹ ਦੋਵੇਂ ਟਹਿਲਦੇ ਟਹਿਲਦੇ ਸਮੁੰਦਰ ਵੱਲ ਨਿਕਲ ਗਏ। ਸਮੁੰਦਰ ਕੰਢੇ ਹੁਸਨ ਅਤੇ ਜਵਾਨੀ ਦਾ ਨਗਰ ਵੱਸਿਆ ਹੋਇਆ ਸੀ। ਨਹਾਉਣ ਵਾਲਿਆਂ ਪੁਸ਼ਾਕਾਂ ਵਿਚ ਹੁਸੀਨ ਤੇ ਜਵਾਨ ਚਿਹਰਿਆਂ ਦੀ ਭੀੜ ਵਿਚੋਂ ਲੰਘ ਕੇ ਉਹ ਦੂਰ ਚੱਟਾਨ ਉਤੇ ਜਾ ਬੈਠੇ ਸਨ। ਜਦੋਂ ਸਮੁੰਦਰ ਦੀ ਕੋਈ ਵੱਡੀ ਛੱਲ ਉਨ੍ਹਾਂ ਦੇ ਪੈਰਾਂ ਨੂੰ ਛੂੰਹਦੀ ਤਾਂ ਉਨ੍ਹਾਂ ਨੂੰ ਅਜੀਬ ਅਨੰਦ ਮਿਲਦਾ। ਉਹ ਆਪਣੇ ਪਿਆਰ ਦੀ ਦੁਨੀਆਂ ਵਿਚ ਮਸਤ, ਲਹਿਰਾਂ ਦੇ ਇਸ ਉਤਰਾ-ਚੜ੍ਹਾਅ ਨੂੰ ਦੇਖ ਰਹੇ ਸਨ ਕਿ ਕਰਿਸਟੀਨਾ ਨੇ ਕਿਹਾ, "ਦੇਖ ਸਮੁੰਦਰ ਦੀ ਹਿੱਕ ਵਿਚ ਜਜ਼ਬਾਤ ਦਾ ਤੂਫ਼ਾਨ ਆਇਆ ਹੋਇਆ ਏ, ਕਿਤੇ ਇਹ ਆਪਾਂ ਨੂੰ ਵੀ ਨਾਲ ਹੀ ਰੋੜ੍ਹ ਕੇ ਨਾ ਜਾਵੇ!"

"ਆਪਾਂ ਤਾਂ ਪਹਿਲਾਂ ਹੀ ਪਿਆਰ ਦੇ ਝੱਖੜਾਂ ਵਿਚ ਘਿਰੇ ਹੋਏ ਆਂ। ਆਪਣੇ ਦਿਲਾਂ ਵਿਚ ਵੀ ਤਾਂ ਜਵਾਰ-ਭਾਟੇ ਉਠ ਰਹੇ ਨੇ।" ਨਦੀਮ ਨੇ ਕਰਿਸਟੀਨਾ ਨੂੰ ਆਪਣੇ ਵੱਲ ਖਿੱਚਦਿਆਂ ਕਿਹਾ।

"ਜ਼ਿੰਦਗੀ ਕਿੰਨੀ ਹੁਸੀਨ ਏ!" ਕਰਿਸਟੀਨਾ ਨੇ ਨਦੀਮ ਦੇ ਰੌਅ ਵਿਚ ਹੀ ਉਤਰ ਦਿੱਤਾ, "ਇੰਜ ਜਾਪਦਾ ਏ ਜਿਵੇਂ ਸਮੁੰਦਰ ਦੀਆਂ ਲਹਿਰਾਂ ਸਾਡੀ ਚਾਹਤ ਨੂੰ ਆਪਣੀ ਗੋਦ ਵਿਚ ਸਮੇਟ ਲੈਣਾ ਚਾਹੁੰਦੀਆਂ ਹੋਣ। ਲਹਿਰਾਂ ਵਿਚ ਖੁਸ਼ੀ ਦੀ ਕੋਈ ਗੂੰਜ ਹੈ ਤੇ ਸਾਡਾ ਪਿਆਰ ਸਮੁੰਦਰ ਦੀ ਡੂੰਘਾਈ ਵਾਂਗ ਅਥਾਹ।"

"ਪਰ ਡਾਰਲਿੰਗ! ਜ਼ਿੰਦਗੀ ਦੇ ਸਮੁੰਦਰ ਵਿਚ ਖੁਸ਼ੀਆਂ ਦੀਆਂ ਮੱਛੀਆਂ ਘੱਟ ਅਤੇ ਗ਼ਮਾਂ ਦੇ ਮਗਰਮੱਛ ਜ਼ਿਆਦਾ ਹੁੰਦੇ ਨੇ।" ਨਦੀਮ ਨੇ ਆਪਣੀ ਫ਼ਿਲਾਸਫੀ ਘੋਟੀ।

"ਨਦੀਮ ਜੇ...ਜੇ ਜ਼ਿੰਦਗੀ ਬਾਰੇ ਤੁਹਾਡਾ ਦ੍ਰਿਸ਼ਟੀਕੋਣ ਇੰਨਾ ਤੰਗ ਹੈ ਤਾਂ ਮੈਂ ਤੁਹਾਡੇ ਨਾਲ ਨਾਰਾਜ਼ ਆਂ।" ਤੇ ਉਹ ਉਠ ਕੇ ਖੜ੍ਹੀ ਹੋ ਗਈ ਪਰ ਨਦੀਮ ਨੇ ਉਹਨੂੰ ਖਿੱਚ ਕੇ ਆਪਣੇ ਨਾਲ ਘੁੱਟ ਲਿਆ ਤੇ ਉਹਨੇ ਵੀ ਕੋਈ ਇਤਰਾਜ਼ ਨਹੀਂ ਸੀ ਕੀਤਾ।

ਰਾਤ ਨੂੰ ਵੀ ਉਹ ਲੇਟ ਹੀ ਵਾਪਸ ਆਏ ਸਨ। ਸਮੁੰਦਰ ਦੀ ਤਾਜ਼ਾ ਹਵਾ ਸਦਕਾ ਕਰਿਸਟੀਨਾ ਕਾਫੀ ਖਿੜੀ ਹੋਈ ਜਾਪਦੀ ਸੀ ਤੇ ਉਹ ਆਪਣੇ ਫਲੈਟ ਵਿਚ ਜਾਣ ਦੀ ਥਾਂ ਨਦੀਮ ਦੇ ਨਾਲ ਹੀ ਆ ਗਈ ਸੀ। ਰਾਤ ਉਥੇ ਹੀ ਰਹੀ ਤੇ ਅਗਲੀ ਸਵੇਰ ਦੋਵੇਂ ਕਾਲਜ ਨਹੀਂ ਗਏ।

ਉਨ੍ਹਾਂ ਦਿਨਾਂ ਵਿਚ ਹੀ ਬਰਤਾਨਵੀ ਪਾਰਲੀਮੈਂਟ ਦੇ ਮੈਂਬਰ ਮਿਸਟਰ ਅਨਕ ਵ. ਪਾਵਲ ਨੇ ਨਸਲੀ ਵਿਤਕਰੇ ਬਾਬਤ ਭਾਸ਼ਨ ਵਿਚ ਇੱਥੇ ਰਹਿ ਰਹੇ ਗ਼ੈਰ-ਗੋਰੀਆਂ ਨਸਲਾਂ ਦੇ ਲੋਕਾਂ ਨੂੰ ਕਾਫੀ ਵੱਡਾ ਮਸਲਾ ਦੱਸਿਆ। ਉਹਨੇ ਮੰਗ ਕੀਤੀ ਸੀ ਕਿ ਇੱਥੇ ਵੱਸਦੇ ਪਰਵਾਸੀਆਂ ਨੂੰ ਵਾਪਸ ਭੇਜ ਦਿੱਤਾ ਜਾਵੇ ਤਾਂ ਕਿ ਬਰਤਾਨੀਆ ਵਿਚ ਇਨ੍ਹਾਂ ਲੋਕਾਂ ਦੀਆਂ ਬਸਤੀਆਂ ਨਾ ਵੱਸ ਸਕਣ। ਪਾਵਲ ਦੇ ਭਾਸ਼ਨ ਦਾ ਪ੍ਰਤੀਕਰਮ ਬੜਾ ਤਿੱਖਾ ਹੋਇਆ ਸੀ ਤੇ ਏਸ਼ੀਆਈਆਂ ਵਿਰੁਧ ਨਫ਼ਰਤ ਦੀ ਅੱਗ ਭੜਕ ਉਠੀ ਸੀ।

ਨਸਲਵਾਦ ਦੀ ਇਹ ਅੱਗ ਬੜੀ ਤੇਜ਼ੀ ਨਾਲ ਫੈਲ ਰਹੀ ਸੀ ਪਰ ਕਰਿਸਟੀਨਾ ਉਤੇ ਇਸ ਦਾ ਕੋਈ ਅਸਰ ਨਹੀਂ ਸੀ। ਉਸ ਨੇ ਨਦੀਮ ਨੂੰ ਪੜ੍ਹੇ ਲਿਖੇ ਅਤੇ ਸੁਲਝੇ ਹੋਏ ਆਦਮੀ ਦੇ ਰੂਪ ਵਿਚ ਪਰਖਿਆ ਸੀ। ਉਂਜ ਵੀ ਉਹ ਆਜ਼ਾਦ ਖ਼ਿਆਲ, ਜ਼ਿੰਮੇਵਾਰ ਅਤੇ ਨਵੀਂ ਪੀੜ੍ਹੀ ਦੀ ਕੁੜੀ ਸੀ। ਰੰਗ ਅਤੇ ਨਸਲ ਦੇ ਮਸਲਿਆਂ ਵਿਚ ਉਸ ਨੂੰ ਦਿਲਚਸਪੀ ਹੀ ਨਹੀਂ ਸੀ, ਸਗੋਂ ਉਹ ਨਸਲਪ੍ਰਸਤਾਂ ਦੇ ਖ਼ਿਲਾਫ਼ ਸੀ। ਅੰਗਰੇਜ਼ਾਂ ਖ਼ਿਲਾਫ਼ ਏਸ਼ੀਆਈ ਵਿਦਿਆਰਥੀਆਂ ਦੇ ਮੁਜ਼ਾਹਰੇ ਵਿਚ ਉਸ ਨੇ ਖੁੱਲ੍ਹ ਕੇ ਹਿੱਸਾ ਵੀ ਲਿਆ ਸੀ ਤੇ ਆਪਣੇ ਭਾਸ਼ਨ ਵਿਚ ਕਿਹਾ ਸੀ ਕਿ 'ਰੰਗ ਕੁਦਰਤ ਦੀ ਦੇਣ ਹੈ...ਇਸ ਨਾਲ ਕਿਸੇ ਆਦਮੀ ਦੀ ਕੀਮਤ ਘਟਦੀ ਜਾਂ ਵਧਦੀ ਨਹੀਂ, ਸਿਰਫ ਇਨਸਾਨੀਅਤ ਦੇ ਦੁਸ਼ਮਣ ਹੀ ਇਸ ਪਾੜੇ ਨੂੰ ਵਧਾ ਰਹੇ ਨੇ ਅਤੇ ਇਹ ਅਤਿਵਾਦੀ ਲੋਕ ਆਪਣੀ ਹੀ ਸਭਿਅਤਾ ਤੇ ਕੌਮ ਨੂੰ ਬਦਨਾਮ ਕਰ ਰਹੇ ਨੇ।'

ਨਦੀਮ, ਕਰਿਸਟੀਨਾ ਦੀ ਇਸ ਸੋਚ ਤੋਂ ਬੜਾ ਪ੍ਰਭਾਵਿਤ ਹੋਇਆ ਸੀ ਤੇ ਉਸ ਦੇ ਦੋਸਤ ਉਨ੍ਹਾਂ ਦੀ ਇਸ ਦੋਸਤੀ ਉਤੇ ਮਾਣ ਕਰਨ ਲੱਗ ਪਏ ਸਨ। ਇਕ ਦਿਨ ਉਹ ਕਰਿਸਟੀਨਾ ਨੂੰ ਕੋਈ ਉਰਦੂ ਫ਼ਿਲਮ ਦਿਖਾਉਣ ਲੈ ਗਿਆ। ਸਿਨੇਮਾ ਹਾਲ ਵਿਚ ਸਾਰੇ ਦਰਸ਼ਕ ਉਨ੍ਹਾਂ ਨੂੰ ਘੂਰ-ਘੂਰ ਕੇ ਦੇਖਣ ਲੱਗ ਪਏ, ਖਾਸ ਕਰਕੇ ਕਰਿਸਟੀਨਾ ਹੀ ਉਨ੍ਹਾਂ ਭੁੱਖੀਆਂ ਨਜ਼ਰਾਂ ਦਾ ਸ਼ਿਕਾਰ ਹੋਈ ਸੀ, ਜਿਵੇਂ ਉਹ ਉਸ ਨੂੰ ਖਾ ਹੀ ਜਾਣਾ ਚਾਹੁੰਦੇ ਸਨ। ਇਕ ਸੀਨ ਉਤੇ ਜਦੋਂ ਹਾਲ ਵਿਚ ਸੀਟੀਆਂ ਵੱਜਣ ਲੱਗ ਪਈਆਂ ਸਨ ਤਾਂ ਕਰਿਸਟੀਨਾ ਕਾਫੀ ਖਿਝ ਗਈ ਤੇ ਨਦੀਮ ਨੂੰ ਵੀ ਆਪਣੇ ਦੇਸ਼ਵਾਸੀਆਂ ਦੀ ਇਸ ਹਰਕਤ ਉਤੇ ਖਿਝ ਚੜ੍ਹ ਗਈ ਸੀ। ਉਹ ਵਿਚਾਲਿਓਂ ਹੀ ਉਠ ਤੁਰੇ ਸਨ। ਕੁਝ ਤਮਾਸ਼ਬੀਨਾਂ ਨੇ ਉਨ੍ਹਾਂ ਦੇ ਪਿੱਛੇ ਘਟੀਆ ਵਾਕ ਵੀ ਉਛਾਲੇ ਸਨ। ਕਰਿਸਟੀਨਾ ਬੋਰ ਹੋ ਗਈ ਸੀ। ਨਦੀਮ ਨੇ ਉਸ ਤੋਂ ਮੁਆਫ਼ੀ ਮੰਗੀ ਤੇ ਆਪਣੇ ਫ਼ਲੈਟ ਵਿਚ ਲਿਆ ਕੇ ਆਪਣੇ ਹੱਥੀਂ ਪਕਾ ਕੇ ਦੇਸੀ ਖਾਣਾ ਵੀ ਖੁਆਇਆ ਸੀ। ਫਿਰ ਕਿਤੇ ਜਾ ਕੇ ਉਸ ਦਾ ਮੂਡ ਠੀਕ ਹੋਇਆ ਸੀ।

ਉਂਜ ਤਾਂ ਪਹਿਲਾਂ ਵੀ ਕਈ ਵਾਰੀ ਕਰਿਸਟੀਨਾ ਨੇ ਨਦੀਮ ਨਾਲ ਵਿਆਹ ਕਰਵਾਉਣ ਦੀ ਗੱਲ ਤੋਰਨ ਦੀ ਕੋਸ਼ਿਸ਼ ਕੀਤੀ ਸੀ ਪਰ ਉਹ ਕੋਰਸ ਅਧੂਰਾ ਰਹਿ ਜਾਣ ਦਾ ਬਹਾਨਾ ਬਣਾ ਕੇ ਟਾਲ ਦੇਂਦਾ ਸੀ ਪਰ ਰਾਤੀਂ ਜਦੋਂ ਕਰਿਸਟੀਨਾ ਨੇ ਦੱਸਿਆ ਕਿ ਉਹ ਮਾਂ ਬਣਨ ਵਾਲੀ ਹੈ-ਕੁਆਰੀ ਮਾਂ! ਇਸ ਗੱਲ ਦਾ ਭਾਵੇਂ ਇੱਥੇ ਕੋਈ ਖਾਸ ਮਹੱਤਵ ਨਹੀਂ ਪਰ ਕਿਉਂਕਿ ਉਸ ਨੇ ਪੜ੍ਹਾਉਣ ਦਾ ਪਵਿੱਤਰ ਪੇਸ਼ਾ ਅਪਨਾਉਣਾ ਹੈ, ਇਸ ਲਈ ਵਿਆਹ ਜ਼ਰੂਰੀ ਹੋ ਗਿਆ ਸੀ।

"ਤੈਨੂੰ ਛੇਤੀ ਫ਼ੈਸਲਾ ਕਰਨਾ ਪਏਗਾ।"

"ਮੈਂ ਅਜੇ ਵਿਆਹ ਨਹੀਂ ਕਰਵਾ ਸਕਦਾ। ਮੇਰੀਆਂ ਕੁਝ ਮਜਬੂਰੀਆਂ ਨੇ।" ਨਦੀਮ ਨੇ ਟਾਲਣਾ ਚਾਹਿਆ ਤਾਂ ਕਰਿਸਟੀਨਾ ਝਗੜ ਪਈ ਸੀ ਤੇ ਉਸ ਦੀ ਨੀਂਦ ਹਰਾਮ ਹੋ ਗਈ ਸੀ। ਕਰਿਸਟੀਨਾ ਆਪ ਤਾਂ ਨੀਂਦ ਦੀਆਂ ਗੋਲੀਆਂ ਖਾ ਕੇ, ਸਭ ਕੁਝ ਭੁੱਲ-ਭੁਲਾ ਕੇ ਆਰਾਮ ਨਾਲ ਸੌਂ ਗਈ ਪਰ ਨਦੀਮ ਸਾਰੀ ਰਾਤ ਪਾਸੇ ਪਰਤਦਾ ਰਿਹਾ। ਉਹਨੂੰ ਆਪਣਾ ਆਪਾ ਹੀ ਲਾਹਨਤਾਂ ਪਾ ਰਿਹਾ ਸੀ ਕਿ ਉਹਨੇ ਵਿਆਹ ਦੇ ਮਾਮਲੇ ਵਿਚ ਝੂਠ ਕਿਉਂ ਬੋਲਿਆ ਸੀ? ਜਦੋਂ ਕਰਿਸਟੀਨਾ ਨੂੰ ਸੱਚਾਈ ਦਾ ਪਤਾ ਲੱਗੇਗਾ ਤਾਂ ਉਹ ਕੀ ਸੋਚੇਗੀ? ਇਹੀ ਸੋਚਾਂ ਉਸ ਨੂੰ ਸਾਰੀ ਰਾਤ ਪ੍ਰੇਸ਼ਾਨ ਕਰਦੀਆਂ ਰਹੀਆਂ ਸਨ। ਅਖ਼ੀਰ ਉਹਨੇ ਫ਼ੈਸਲਾ ਕਰ ਲਿਆ ਕਿ ਉਹ ਕਰਿਸਟੀਨਾ ਨੂੰ ਸੱਚਾਈ ਦੱਸ ਦੇਵੇਗਾ ਤੇ ਫਿਰ ਉਸ ਨੂੰ ਨੀਂਦ ਆ ਗਈ ਸੀ।

ਅਗਲੀ ਸਵੇਰ ਅੱਠ ਕੁ ਵਜੇ ਪੋਸਟਮੈਨ ਨੇ ਬਾਹਰੋਂ ਘੰਟੀ ਵਜਾਈ ਤਾਂ ਪਹਿਲਾਂ ਕਰਿਸਟੀਨਾ ਦੀ ਅੱਖ ਹੀ ਖੁੱਲ੍ਹੀ। ਨਦੀਮ ਦੇ ਨਾਂ ਇਕ ਰਜਿਸਟਰਡ ਲੈਟਰ ਸੀ...ਉਹਨੇ ਨਦੀਮ ਨੂੰ ਜਗਾ ਦਿੱਤਾ। ਉਹਨੇ ਕਦੀ ਨਦੀਮ ਦਾ ਖ਼ਤ ਨਹੀਂ ਸੀ ਖੋਲ੍ਹਿਆ ਪਰ ਅੱਜ ਉਹਦੀ ਇੱਛਾ ਹੋਈ ਕਿ ਖ਼ਤ ਖੋਲ੍ਹ ਕੇ ਦੇਖੇ, ਫਿਰ ਪਤਾ ਨਹੀਂ ਕੀ ਸੋਚ ਕੇ ਉਸ ਨੇ ਖ਼ਤ ਨਦੀਮ ਨੂੰ ਹੀ ਫੜਾ ਦਿੱਤਾ ਤੇ ਉਹਨੂੰ ਆਪਣੇ ਸਾਹਮਣੇ ਖੋਲ੍ਹ ਕੇ ਪੜ੍ਹਨ ਦੀ ਜ਼ਿੱਦ ਕਰਨ ਲੱਗ ਪਈ। ਇਹ ਖ਼ਤ ਨਦੀਮ ਦੀ ਪਤਨੀ ਰਜ਼ੀਆ ਦਾ ਸੀ। ਸੋ, ਉਹ ਟਾਲ-ਮਟੋਲ ਕਰਨ ਲੱਗਾ। ਜਦੋਂ ਕਰਿਸਟੀਨਾ ਨੇ ਹਿਰਖ ਕੇ ਉਹਦੇ ਹੱਥੋਂ ਲਿਫ਼ਾਫ਼ਾ ਖੋਹਿਆ ਤਾਂ ਉਸ ਵਿਚੋਂ ਇਕ ਤਸਵੀਰ ਨਿਕਲ ਕੇ ਹੇਠਾਂ ਡਿੱਗ ਪਈ ਜਿਸ ਉਤੇ ਬਰੀਕ ਅੰਗਰੇਜ਼ੀ ਲਿਖਾਈ ਵਿਚ ਲਿਖਿਆ ਸੀ, 'ਪਿਆਰੇ ਪਤੀ ਤੇ ਡੈਡੀ ਨਦੀਮ ਦੇ ਨਾਂ'। ਤਸਵੀਰ ਉਹਦੀ ਪਤਨੀ ਅਤੇ ਧੀ ਦੀ ਸੀ।

ਅਚਾਨਕ ਕਰਿਸਟੀਨਾ ਹਿਰਖ ਗਈ ਅਤੇ ਉਹਨੇ ਨਦੀਮ ਦੀ ਗੱਲ੍ਹ ਉਤੇ ਕਰਾਰੀ ਜਿਹੀ ਚਪੇੜ ਮਾਰ ਕੇ ਕਿਹਾ, "ਤੂੰ ਕਮੀਨਾ ਏਂ। ਝੂਠਾ ਤੇ ਦਗ਼ਾਬਾਜ਼। ਪਾਵਲ ਠੀਕ ਹੀ ਆਖਦਾ ਸੀ ਕਿ ਤੁਸੀਂ ਲੋਕ ਇਥੇ ਰਹਿਣ ਦੇ ਕਾਬਿਲ ਨਹੀਂ।" ਤੇ ਗਾਲ੍ਹਾਂ ਕੱਢਦੀ ਹੋਈ ਉਹ ਆਪਣਾ ਪਰਸ ਚੁੱਕ ਕੇ ਚਲੀ ਗਈ।

ਆਪਣੀ ਗੋਰੀ 'ਗਰਲ ਫਰੈਂਡ' ਦਾ ਥੱਪੜ ਖਾ ਕੇ ਨਦੀਮ ਨੂੰ ਆਪਣੀ ਪਤਨੀ ਰਜ਼ੀਆ ਯਾਦ ਆ ਗਈ ਸੀ ਜਿਸ ਨੇ ਇਕ ਵਾਰੀ ਕਿਸੇ ਮਾਮੂਲੀ ਜਿਹੀ ਗੱਲ ਪਿੱਛੇ ਨਦੀਮ ਤੋਂ ਥੱਪੜ ਖਾਧਾ ਸੀ ਅਤੇ ਕਿਹਾ ਸੀ, "ਮੇਰੇ ਸਿਰਤਾਜ। ਮੈਥੋਂ ਕੋਈ ਗ਼ਲਤੀ ਹੋਈ ਏ ਤਾਂ ਮੈਨੂੰ ਹੋਰ ਮਾਰੋ। ਤੁਹਾਡੀ ਜੀਵਨ ਸਾਥੀ ਆਂ ਨਾ, ਜੇ ਇੰਜ ਹੀ ਤੁਹਾਡਾ ਗੁੱਸਾ ਉਤਾਰ ਸਕਾਂ ਤਾਂ ਮੈਂ ਇਸ ਨੂੰ ਵੀ ਆਪਣਾ ਪਤਨੀ ਧਰਮ ਸਮਝਾਂਗੀ।"

ਪਤੀ-ਵਰਤਾ ਰਜ਼ੀਆ ਨੂੰ ਯਾਦ ਕਰਕੇ ਨਦੀਮ ਰੋਣ ਲੱਗ ਪਿਆ।...ਤੇ ਕਰਿਸਟੀਨਾ ਨਾਲ ਕੀਤੇ ਦਗ਼ੇ ਦੀ ਨਮੋਸ਼ੀ ਉਨ੍ਹਾਂ ਹੰਝੂਆਂ ਵਿਚ ਵਹਿ ਗਈ। ਉਹ ਕਾਹਲ ਨਾਲ ਉਠਿਆ ਤੇ ਨਜ਼ਦੀਕੀ ਟਰੈਵਲ ਏਜੰਸੀ ਵਿਚ ਜਾ ਕੇ ਆਪਣੀ ਰਜ਼ੀਆ ਅਤੇ ਧੀ ਨਾਇਲਾ ਦੀਆਂ ਸੀਟਾਂ ਬੁੱਕ ਕਰਵਾ ਆਇਆ।

ਹੁਣ ਫਿਰ ਉਹ ਕਿਲੇ ਵੱਲ ਸੈਰ ਕਰਨ ਜਾ ਰਿਹਾ ਸੀ। ਰਾਹ ਵਿਚ ਖਲੋ ਕੇ ਉਸ ਨੇ ਫੁੱਲ-ਘੜੀ ਵਿਚ ਟਾਈਮ ਵੀ ਦੇਖਿਆ ਸੀ।

***ਅਨੁਵਾਦ: ਮਹਿੰਦਰ ਬੇਦੀ, ਜੈਤੋ***

# ਲਾਲ ਸਿੰਘ ਦਿਲ ਦੀਆਂ ਬਾਤਾਂ

## ਛੇੜੋ ਛੇੜੋ ਦਿਲ ਦੀਆਂ ਗੱਲਾਂ, ਕਰੋ ਕਿਤੇ ਕੋਈ ਹੱਲਾ ਗੁੱਲਾ



***ਲਾਲ ਸਿੰਘ ਦਿਲ 70ਵਿਆਂ ਵਿਚ ਉੱਠੀ ਨਕਸਲਬਾੜੀ ਲਹਿਰ ਦਾ ਬੜਾ ਜ਼ਹੀਨ ਸ਼ਾਇਰ ਸੀ। ਉਹਦੀ ਕਵਿਤਾ ਦੀ ਰਫਤਾਰ ਭਾਵੇਂ ਉਸ ਵਕਤ ਦੇ ਸ਼ਾਇਰਾਂ ਨਾਲੋਂ ਮੁਕਾਬਲਤਨ ਮੱਠੀ ਸੀ ਪਰ ਇਸ ਵਿਚ ਲੋਹੜੇ ਦਾ ਦਰਦ ਸੀ ਅਤੇ ਇਹ ਦਰਦ ਪਾਠਕ ਉਤੇ ਤੇਜ਼ਾਬ ਵਾਂਗ ਮਾਰ ਕਰਦਾ ਸੀ। ਉਹਦੀ ਕਵਿਤਾ ਬਰਮੇ ਵਾਂਗ ਵਲੇਵੇਂ ਮਾਰਦੀ ਪਾਠਕ ਦੇ ਧੁਰ ਅੰਦਰ ਤੱਕ ਅਸਰ ਕਰਦੀ ਸੀ। ਦਿਲ ਆਪਣੀ ਕਵਿਤਾ ਵਾਂਗ ਹੀ ਬੜਾ ਨਿਰਛਲ ਬੰਦਾ ਸੀ। ਚੁਸਤ ਸਮਾਜ ਦੀ ਅੰਨ੍ਹੀ ਦੌੜ ਵਿਚ ਉਹਨੇ ਨਾ ਸ਼ਾਮਲ ਹੋਣਾ ਸੀ , ਤੇ ਨਾ ਹੀ ਉਹ ਹੋਇਆ। ਉਹ ਆਪਣੇ ਹੀ ਰੰਗ ਵਿਚ ਰਾਜ਼ੀ ਰਿਹਾ। ਉਹਦੀ ਜ਼ਿੰਦਗੀ ਅਤੇ ਸ਼ਾਇਰੀ ਬਾਰੇ ਕਹਾਣੀਕਾਰ ਅਜਮੇਰ ਸਿੱਧੂ ਨੇ ਕੁਝ ਕੁ ਗੱਲਾਂ ਕੀਤੀਆਂ ਹਨ ਜੋ ਅਸੀਂ 'ਪੰਜਾਬ ਟਾਈਮਜ਼' ਦੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ।-ਸੰਪਾਦਕ***

■ **ਅਜਮੇਰ ਸਿੱਧੂ**

26 ਅਗਸਤ 2007 ਸ਼ਰਧਾਂਜਲੀ ਸਮਾਰੋਹ, ਸਮਰਾਲਾ।

ਨਿਰੂਪਮਾ ਦੱਤ ਬੋਲ ਰਹੀ ਹੈ:

ਲਾਲ ਸਿੰਘ ਦਿਲ ਦੀ ਕਵਿਤਾ ਦੀ ਬੁਲੰਦੀ ਦਾ ਪਰਚਮ ਬੁਲੰਦ ਰਹੇਗਾ। ਉਹ ਸਰੀਰਕ ਤੌਰ 'ਤੇ ਲੋਕਾਂ ਕੋਲੋਂ ਵਿਛੜ ਗਿਆ ਹੈ ਪਰ ਉਹਨੇ ਮਰਨਾ ਨਹੀਂ। ਉਹਦੀ ਕਵਿਤਾ ਉਹਨੂੰ ਜ਼ਿੰਦਾ ਰੱਖੇਗੀ। ਉਹਨੇ ਗੀਰੀਬੀ ਨੂੰ ਆਪਣੇ ਪਿੰਡੇ 'ਤੇ ਹੰਢਾਇਆ ਪਰ ਉਹ ਲਿਫ਼ਿਆ ਨਹੀਂ। ਮੈਂ ਉਹਦੀ ਕਵਿਤਾ, ਉਹਦੇ ਜੀਵਨ ਬਸਰ ਵਾਰੇ 'ਇੰਡੀਅਨ ਐਕਸਪ੍ਰੈਸ' ਵਿਚ ਲਿਖਿਆ। ਉਦੋਂ ਉਹ ਚਾਹ ਦਾ ਖੋਖਾ ਕਰਦਾ ਸੀ। ਇਕ ਬੀਮਾ ਕੰਪਨੀ ਨੇ ਮੇਰੇ ਲੇਖ ਤੋਂ ਪਸੀਜ ਕੇ ਉਹਨੂੰ ਇਕ ਲੱਖ ਰੁਪਿਆ ਲੋਨ ਦੇਣ ਦੀ ਪੇਸ਼ਕਸ਼ ਕੀਤੀ ਤਾਂ ਕਿ ਉਹ ਵਧੀਆ ਹੋਟਲ ਪਾ ਲਏ। ਉਹਨੇ ਨਾਂਹ ਵਿਚ ਸਿਰ ਮਾਰ ਦਿੱਤਾ। ਮੈਂ ਉਹਦੇ ਕੋਲ ਇੱਥੇ ਸਮਰਾਲੇ ਆਈ ਹੋਈ ਸੀ। ਪੰਜਾਬ ਸਰਕਾਰ ਬਜ਼ੁਰਗਾਂ ਨੂੰ ਮਾਮੂਲੀ ਸੌ ਜਾਂ ਦੋ ਸੌ ਰੁਪਿਆ ਬੁਢਾਪਾ ਪੈਨਸ਼ਨ ਦਿੰਦੀ ਹੈ। ਜਦ ਪੈਨਸ਼ਨ ਲਾਉਣ ਲਈ ਉਸ ਕੋਲ ਬੰਦੇ ਆਏ, ਉਹ ਸਹਿਜ ਨਾਲ ਬੋਲਿਆ-"ਮੈਂ ਸਰਕਾਰ ਦੀ ਜੂਠ ਨਹੀਂ ਖਾਂਦਾ। ਮੈਂ ਨਕਸਲਬਾੜੀ ਦਾ ਸ਼ਇਰ ਆਂ।"



ਉਹਦਾ ਸੁਪਨਾ ਸੀ ਦੇਸ਼ ਵਿਚ ਇਨਕਲਾਬ ਕਰਨ ਦਾ। ਯੁੱਗ ਪਲਟਾਉਣ ਦਾ। ਉਹ ਪੂਰਾ ਨਾ ਹੋਇਆ। ਮੈਂ ਸੁਪਨੇ ਬਾਰੇ ਪੁੱਛਿਆ ਤਾਂ ਕਹਿਣ ਲੱਗਾ-"ਨਿਰੂਪਮਾ, ਯੁੱਗ ਪਲਟਾਉਣੇ ਆਸਾਨ ਨਹੀਂ। ਯੁੱਗ ਪਲਟਾਉਣ ਲਈ ਸਾਡੇ ਬਹੁਤ ਸਾਰੇ ਸੂਰਜਾਂ ਨੂੰ ਮਰਨਾ ਪਏਗਾ।"

OOO

ਸਮਰਾਲੇ (ਜ਼ਿਲ੍ਹਾ ਲੁਧਿਆਣਾ) ਦਾ ਜੰਮਪਲ ਇਹ ਸ਼ਾਇਰ ਗੈਰਾਂ ਦੀ ਜ਼ਮੀਨ ਨੂੰ ਸਾਲ 2007 ਵਿਚ 14 ਅਗਸਤ ਵਾਲੇ ਦਿਨ ਅਲਵਿਦਾ ਕਹਿ ਗਿਆ। ਮਾੜਕੂ ਸਰੀਰ ਵਾਲੇ ਇਸ ਸ਼ਾਇਰ ਦਾ ਆਮ ਲੇਖਕਾਂ ਵਾਲਾ ਜੀਵਨ ਨਹੀਂ ਸੀ। ਉਹਨੂੰ ਗਰੀਬੀ ਨੇ ਵੀ ਝੰਬਿਆ ਸੀ ਅਤੇ ਜਾਤੀ ਅਪਮਾਨ ਨੇ ਵੀ। ਉਹਦੇ ਪਿੰਡੇ 'ਤੇ ਪੁਲਿਸ ਦਾ ਕਹਿਰ ਵੀ ਢਾਹਿਆ ਗਿਆ ਸੀ। ਗਰੀਬੀ ਵਿਚ ਪਿਸਦੇ ਲੋਕਾਂ ਦੇ ਇਸ ਸ਼ਾਇਰ ਨੂੰ ਵਿਸਾਰਿਆ ਨਹੀਂ ਜਾ ਸਕਦਾ। ਉਹਦੇ ਜੀਵਨ ਦੇ ਦੋ ਪਹਿਲੂ ਹਨ। ਇਕ ਪਹਿਲੂ ਉਹਦੀ ਵਿਚਾਰਧਾਰਾ ਤੇ ਰਾਜਨੀਤੀ ਦਾ ਹੈ। ਉਹਦੀ ਸਿਆਸਤ ਉਨ੍ਹਾਂ ਲੋਕਾਂ ਲਈ ਸੀ ਜਿਨ੍ਹਾਂ ਦੀ ਕੋਈ ਆਵਾਜ਼ ਨਹੀਂ। ਜਿਨ੍ਹਾਂ ਦੇ ਹਿੱਸੇ ਨਾ ਜ਼ਮੀਨ ਤੇ ਨਾ ਅਸਮਾਨ ਆਉਂਦਾ ਹੈ। ਨਾ ਰਾਜਨੀਤੀ ਵਿਚ ਕੋਈ ਥਾਂ ਹੈ, ਤੇ ਕੁੱਝ ਵੀ ਪੱਲੇ ਨਹੀਂ। ਉਹ ਅਣਹੋਏ ਤੇ ਨਿਆਸਰੇ ਲੋਕ ਹਨ। ਉਹ ਪਿੰਡ ਵਿਚ, ਸਮਾਜ ਵਿਚ, ਦੇਸ਼ ਵਿਚ ਹਾਸ਼ੀਏ 'ਤੇ ਧਕੇਲੇ ਹੋਏ ਹਨ। ਉਸ ਹਿੱਸੇ ਲਈ ਕਿਤੇ ਵੀ ਥਾਂ ਨਜ਼ਰ ਨਹੀਂ ਆ ਰਹੀ। ਨਾ ਇਹ ਥਾਂ ਉਦੋਂ ਸੀ ਜਦੋਂ ਲਾਲ ਹੋਕਾ ਦੇਣ ਤੁਰਿਆ ਤੇ ਨਾ ਅੱਜ ਹੈ, ਜਦੋਂ ਉਹ ਮੁੱਕ ਗਿਆ ਪਰ ਉਸ ਨੇ ਉਸ ਤਬਕੇ ਨੂੰ ਆਵਾਜ਼ ਦਿੱਤੀ। ਬੱਝਵੀਂ ਸਿਆਸਤ ਦਿੱਤੀ। ਦੂਜਾ ਪਹਿਲੂ ਉਹਦਾ ਕਵੀ ਹੋਣਾ ਸੀ। ਉਹ ਲੁਕਿਆ ਹੋਇਆ ਸ਼ਾਇਰ ਨਹੀਂ ਸੀ। ਅੱਜ ਭਾਵੇਂ ਉਹਦੀ ਸਿਆਸਤ ਦੇ ਦੌਰ ਵਾਲਾ ਜਲੌਅ (ਹਥਿਆਰਬੰਦ ਘੋਲ ਦਾ) ਲੰਘ ਚੁੱਕਾ ਹੈ ਪਰ ਪੰਜਾਬੀ ਕਵਿਤਾ ਵਿਚ ਉਹਦੀ ਲਹਿਰ ਦੀ ਤੂਤੀ ਬੋਲਦੀ ਹੈ ਜਿਹਦੇ ਸਿਰ ਤੇ ਉਹ ਵੱਡਾ ਸ਼ਾਇਰ ਹੈ। ਸ਼ਾਇਰ ਦੇ ਤੌਰ 'ਤੇ ਉਹਦਾ ਮੁਕਾਮ ਰਾਜਨੀਤਿਕ ਪਛਾਣ ਤੋਂ ਵੱਡਾ ਹੈ।

ਅੱਜ ਦਾ ਯੁੱਗ ਦੱਬੇ ਕੁਚਲਿਆਂ ਲਈ ਨਿਰਾਦਰੀ ਦਾ ਯੁੱਗ ਹੈ। ਅੱਜ ਦਾ ਸਾਰਾ ਢਾਂਚਾ ਨੰਗਾ ਹੋ ਗਿਆ ਹੈ। ਕੱਲ੍ਹ ਨਾਲੋਂ ਅੱਜ ਲਾਲ ਦੇ ਤਬਕੇ ਕੋਲ ਵਧੇਰੇ ਮੁਸ਼ਕਲਾਂ ਹਨ। ਇਸ ਸਮਾਜ ਦੇ ਅੰਦਰ-ਬਾਹਰ ਤਲਖ਼ੀ ਹੈ। ਇਹ ਤਬਕਾ ਧੂੰਏਂ ਦੇ ਕੌੜੇ ਘੁੱਟ ਪੀ ਰਿਹਾ ਹੈ। 'ਬਸੰਤ ਦੀ ਗਰਜ' ਵੇਲੇ ਵੀ ਇਹ ਤਬਕਾ ਇਹੀ ਹੋਣੀ ਹੰਢਾਅ ਰਿਹਾ ਸੀ। ਮਾਸਟਰ ਲੱਗਣ ਲਈ ਲਾਲ ਕੋਰਸ ਕਰਨ ਲੱਗਾ ਪਰ ਸਮੇਂ ਦੇ ਥਪੇੜਿਆਂ ਨੇ ਇਹਨੂੰ ਮਾਸਟਰੀ ਕਰਨ ਨਾ ਦਿੱਤੀ। ਉਂਜ, ਉਹਦੇ ਹੋਂਠਾਂ 'ਤੇ ਕਵਿਤਾ ਆ ਗਈ ਸੀ। ਉਹ ਆਪਣੇ ਲੋਕਾਂ ਦੇ ਕਠੋਰ ਤੇ ਕਰੂਰ ਯਥਾਰਥ ਨੂੰ ਕਵਿਤਾ ਵਿਚ ਲਿਆਉਣ ਲੱਗਾ ਸੀ। ਉਹਦੇ ਕੋਲ ਜ਼ਿੰਦਗੀ ਦਾ ਸੱਚ ਵੀ ਸੀ ਅਤੇ ਸ਼ਬਦਾਂ ਦੀ ਸੁੱਚ ਵੀ ਸੀ। ਜੇ ਉਹ ਕਵੀ ਸੀ ਤਾਂ ਉਹਦੇ ਕੋਲ ਸੰਵੇਦਨਾ ਵੀ ਸੀ ਪਰ ਨਾਲ ਵਿਦਰੋਹੀਆਂ ਵਾਲੀ ਜ਼ਿਦ ਵੀ ਸੀ। ਉਦੋਂ ਹੀ ਭਾਰਤ ਦੀ ਸਿਆਸਤ ਵਿਚ ਨਕਸਲਬਾੜੀ ਦਾ ਦਖ਼ਲ ਹੁੰਦਾ ਹੈ। ਨਕਸਲਬਾੜੀ ਦਾ ਉਦੇਸ਼ ਨਿਰਾਦਰੀ ਦੇ ਯੁੱਗ ਨੂੰ ਪਲਟਾਉਣਾ ਸੀ। ਹਾਸ਼ੀਆਗ੍ਰਸਤਾਂ ਦੇ ਹੱਥਾਂ ਵਿਚ ਦੇਸ਼ ਦੀ ਵਾਗਡੋਰ ਸੰਭਾਲਣੀ ਸੀ। 'ਜੋ ਲੜਨਾ ਨਹੀਂ ਜਾਣਦੇ/ਜੋ ਲੜਨਾ ਨਹੀਂ ਚਾਹੁੰਦੇ/ਉਹ ਗੁਲਾਮ ਬਣਾ ਲਏ ਜਾਂਦੇ ਹਨ' ਕਥਨ ਦਾ ਲਾਲ ਨੂੰ ਛੇਤੀ ਇਲਮ ਹੋ ਗਿਆ ਸੀ। ਲਾਲ ਵੀ ਇਸ ਲਹਿਰ ਦਾ ਨਾਅਰਾ ਪ੍ਰਚੰਡ ਕਰਨ ਤੁਰ ਪਿਆ ਸੀ। ਜ਼ਿਲ੍ਹਾ ਲੁਧਿਆਣਾ ਵਿਚ ਬਲਦੇਵ ਸਿੰਘ ਸੰਘੋਲ, ਅਮਰ ਸਿੰਘ ਅੱਚਰਵਾਲ, ਬਾਬੂ ਰਾਮ ਬੈਰਾਗੀ ਤੇ ਹੋਰ ਨਕਸਲਬਾੜੀ ਦੀ ਬਗਾਵਤ ਨੂੰ ਜਥੇਬੰਦ ਕਰਨ ਲੱਗੇ ਹੋਏ ਸਨ। ਇਹ ਉਨ੍ਹਾਂ ਦਾ ਆੜੀ ਸੀ। ਇਹਨੂੰ ਲਹਿਰ ਵਿਚੋਂ ਲੋਕਾਂ ਦੇ ਮੁਕਤੀ ਸੰਗਰਾਮ ਦਾ ਰਾਹ ਦਿਸਿਆ।

1968 ਵਿਚ ਛਪਾਰ ਦੇ ਮੇਲੇ 'ਤੇ ਨਕਸਲੀਆਂ ਨੇ ਖੁੱਲ੍ਹੀ ਸਟੇਜ ਤੋਂ ਪੰਜਾਬ ਵਿਚ ਬਗਾਵਤ ਕਰਨ ਦਾ ਐਲਾਨ ਕੀਤਾ ਸੀ। ਚਾਰ ਪਾਕੇਟਾਂ 'ਤੇ ਕਬਜ਼ੇ ਦੀ ਨੀਤੀ ਘੜੀ ਸੀ। ਚੱਕਮਾਈ ਦਾਸ ਵਾਲੇ ਮਾਸਕੋ ਰਿਟਰਨੀ ਗਦਰੀ ਬਾਬੇ ਬੂਝਾ ਸਿੰਘ ਦੀ ਤਕਰੀਰ ਸੁਣ ਕੇ ਲਾਲ ਹੁਰੀਂ ਮੌਤ ਨੂੰ ਮਾਸੀ ਕਹਿਣ ਤੁਰ ਪਏ ਸਨ। ਭੀਖੀ-ਸਮਾਓਂ, ਕਿਲ੍ਹਾ ਹਕੀਮਾਂ ਤੇ ਹਾਜੀਪੁਰ ਦੀਆਂ ਜ਼ਮੀਨਾਂ ਅਤੇ ਬਿਰਲਾ ਫਾਰਮ ਉਤੇ ਕਬਜ਼ੇ ਕਰਨ ਲਈ ਖਾੜਕੂ ਘੋਲ ਕਰਨ ਲਈ ਡਿਊਟੀਆਂ ਵੰਡੀਆਂ ਗਈਆਂ। ਲੁਧਿਆਣੇ ਅਤੇ ਰੋਪੜ ਦੇ ਕਾਮਰੇਡਾਂ ਨੇ ਬਿਰਲਾ ਫਾਰਮ 'ਤੇ ਝੰਡੇ ਗੱਡਣੇ ਸਨ। ਫਾਰਮ ਦੇ ਮਜ਼ਦੂਰਾਂ ਨੂੰ ਉਨ੍ਹਾਂ ਦੀਆਂ ਮੰਗਾਂ ਦੇ ਬਹਾਨੇ ਕਬਜ਼ੇ ਲਈ ਤਿਆਰ ਕਰਨਾ ਸੀ। ਦੋਹਾਂ ਜ਼ਿਲ੍ਹਿਆਂ ਦੇ ਜਿਨ੍ਹਾਂ ਕਾਮਰੇਡਾਂ ਨੇ ਉਥੋਂ ਦੀ ਕਮਾਂਡ ਸੰਭਾਲੀ, ਉਨ੍ਹਾਂ ਵਿਚ ਲਾਲ ਵੀ ਸੀ। ਉਂਜ, ਸੁਣਨ ਵਿਚ ਆਇਆ ਕਿ ਇਨ੍ਹਾਂ ਦਾ ਆਗੂ ਦਇਆ ਸਿੰਘ ਇਮਾਨਦਾਰ ਅਤੇ ਕੁਰਬਾਨੀ ਵਾਲਾ ਸ਼ਖ਼ਸ ਸੀ। ਹੜਤਾਲ ਦੌਰਾਨ ਹੀ ਪੁਲਿਸ ਜਬਰ ਦਾ ਕਹਿਰ ਢਹਿ ਗਿਆ। ਸਭ ਤੋਂ ਪਹਿਲਾਂ ਇਹਦਾ ਸ਼ਿਕਾਰ ਹੋਇਆ ਸਲਾਬਤਪੁਰ ਖੇੜੀ ਵਾਲਾ ਮਾਸਟਰ ਹਰਦੇਵ ਸਿੰਘ। ਇਨ੍ਹਾਂ ਕਾਮਰੇਡਾਂ ਨੇ ਚਮਕੌਰ ਸਾਹਿਬ ਦੇ ਉਸ ਥਾਣੇਦਾਰ ਨੂੰ ਸੋਧਣ ਦੀ ਸੋਚੀ ਜਿਸ ਨੇ ਮਾਸਟਰ ਅਤੇ ਉਹਦੇ ਸਾਥੀਆਂ ਦਾ ਪੋਟਾ-ਪੋਟਾ ਭੰਨਿਆ ਸੀ। 30 ਅਪ੍ਰੈਲ 1969 ਨੂੰ ਇਹ ਐਕਸ਼ਨ ਥਾਣੇਦਾਰ ਨੂੰ 'ਅਕਲ ਦੇਣ' ਅਤੇ ਹਥਿਆਰ ਲੁੱਟਣ ਦੇ ਮਨਸ਼ੇ ਨਾਲ ਕੀਤਾ ਗਿਆ।

ਪੰਜਾਬ ਵਿਚ ਥਾਣੇਦਾਰ ਉਤੇ ਨਕਸਲੀਆਂ ਦਾ ਇਹ ਪਹਿਲਾ ਹਮਲਾ ਹੀ ਅਸਫ਼ਲ ਹੋ ਗਿਆ ਸੀ। ਤਾਰਾ ਸਿੰਘ ਚਲਾਕੀ, ਲਾਲ ਸਿੰਘ ਦਿਲ ਸਮੇਤ ਜਿਨ੍ਹਾਂ 10 ਜਣਿਆਂ ਨੇ ਇਸ ਹਮਲੇ ਵਿਚ ਹਿੱਸਾ ਲਿਆ ਸੀ, ਪੰਜਾਬ ਵਿਚ ਚਰਚਿਤ ਹੋ ਗਏ ਸਨ। ਅੰਬਰਸਰੀਆ ਲਖਵਿੰਦਰ ਸਿੰਘ ਥਾਣੇ ਅੰਦਰ ਪੁਲਿਸ ਦੇ ਕਾਬੂ ਆ ਗਿਆ ਸੀ। ਦਇਆ ਸਿੰਘ ਝੂਠੇ ਪੁਲਿਸ ਮੁਕਾਬਲੇ ਦਾ ਸ਼ਿਕਾਰ ਹੋ

### ਸਫ਼ਰ ਜ਼ਿੰਦਗੀ ਦਾ

ਗਿਆ ਸੀ। ਤਾਰਾ ਸਿੰਘ ਚਲਾਕੀ ਨੇ ਭਰਾ ਗੁਆ ਲਿਆ ਸੀ ਤੇ ਆਪ ਹੁਸ਼ਿਆਰਪੁਰ ਜਿਲ੍ਹੇ ਦੀ ਕਮਾਂਡ ਸੰਭਾਲ ਲਈ ਸੀ ਪਰ ਲਾਲ ਸਿੰਘ ਦਿਲ ਬਾਕੀਆਂ ਵਾਂਗ ਪੁਲਿਸ ਦੇ ਅੜਿੱਕੇ ਆ ਗਿਆ ਸੀ। ਦੇਸ਼ ਦੀ ਪੁਲਿਸ ਉਨ੍ਹਾਂ ਅੰਗਰੇਜ਼ਾਂ ਦੀ ਵਾਰਿਸ ਹੈ ਜਿਹੜੇ ਬੇਗਾਨਿਆਂ 'ਤੇ ਦੋ ਸੌ ਸਾਲ ਰਾਜ ਕਰਦੇ ਰਹੇ ਹਨ। ਉਨ੍ਹਾਂ ਇੰਨਾ ਲੰਬਾ ਰਾਜ ਕਰਨ ਲਈ ਹਰ ਹਰਬਾ ਵਰਤਿਆ। ਪੁਲਿਸ ਨੂੰ 'ਖੁੱਲ੍ਹਾਂ' ਦੇਣੀਆਂ ਤਾਂ ਉਨ੍ਹਾਂ ਦੀ ਲੋੜ ਸੀ। 15 ਅਗਸਤ 1947 ਤੋਂ ਬਾਅਦ ਇਨ੍ਹਾਂ 'ਖੁੱਲ੍ਹਾਂ' ਦੀ ਲੋੜ ਉਨ੍ਹਾਂ ਦੇ ਵਾਰਿਸ ਭਾਰਤੀ ਹਾਕਮਾਂ ਨੂੰ ਵੀ ਰਹੀ ਹੈ। ਇਹ 'ਖੁੱਲ੍ਹਾਂ' ਲਾਲ ਉਤੇ ਵੀ ਵਰਤੀਆਂ ਗਈਆਂ। ਲਾਲ ਨੂੰ ਯੁੱਗ ਪਲਟਾਉਣ ਦੇ ਦੋਸ਼ ਵਿਚ 'ਬੰਦੇ ਦਾ ਪੁੱਤ' ਬਣਾਇਆ ਗਿਆ। ਪੁਲਿਸ ਜਦੋਂ ਕਿਸੇ ਨੂੰ 'ਬੰਦੇ ਦਾ ਪੁੱਤ' ਬਣਾਉਂਦੀ ਹੈ, ਉਹਦੇ ਅਰਥ ਗਦਰੀਆਂ ਨੂੰ ਪਤਾ ਜਾਂ ਕਿਰਤੀਆਂ ਨੂੰ ਜਾਂ ਨੌਜੁਆਨ ਭਾਰਤ ਸਭਾ ਵਾਲਿਆਂ ਨੂੰ ਜਾਂ ਲਾਲ ਪਾਰਟੀ ਵਾਲਿਆਂ ਨੂੰ ਜਾਂ ਨਕਸਲੀਆਂ ਨੂੰ। ਬੂਝਾ ਸਿੰਘ, ਦਰਸ਼ਨ ਦੁਸਾਂਝ ਤੋਂ ਲੈ ਕੇ ਲਾਲ ਸਿੰਘ ਤੱਕ ਸਾਰੇ ਇਹ ਅਰਥ ਸਮਝਾ ਸਕਦੇ ਸੀ ਜਾਂ ਉਨ੍ਹਾਂ ਦੇ ਜਿਉਂਦੇ ਸਾਥੀ।

ਇਕ ਪਾਸੇ ਪੁਲਿਸ ਇਨਕਲਾਬਪਸੰਦਾਂ 'ਤੇ ਕਹਿਰ ਵਰਤਾ ਰਹੀ ਸੀ ਅਤੇ ਪੰਜਾਬ ਦੀ ਅਣਖ ਬਾਬਾ ਬੂਝਾ ਸਿੰਘ, ਬਾਬਾ ਹਰੀ ਸਿੰਘ ਮਰਗਿੰਦ, ਦਇਆ ਸਿੰਘ ਆਦਿ ਦੇ ਸਿਰ ਵੱਢੇ ਜਾ ਰਹੇ ਸਨ। ਦੂਜੇ ਪਾਸੇ, ਚਮਕੌਰ ਸਾਹਿਬ ਦੇ ਥਾਣੇ 'ਤੇ ਹਮਲੇ ਨੂੰ ਲੈ ਕੇ ਜਥੇਬੰਦੀ ਵਿਚ ਦੋਫਾੜ ਪੈ ਗਈ ਸੀ। ਅਜਿਹੇ ਹਾਲਾਤ ਵਿਚ ਗਰੀਬ ਘਰਾਂ ਤੋਂ ਉੱਠੇ ਮੁੰਡੇ ਤਾਰਾ ਸਿੰਘ ਚਲਾਕੀ ਵਰਗੇ ਨਵੇਂ ਖੇਤਰਾਂ ਵਿਚ ਡਟੇ ਹੋਏ ਸਨ। ਉਹ ਨਵੀਂ ਭਰਤੀ ਵੀ ਕਰ ਰਹੇ ਸਨ ਅਤੇ ਬੰਦੂਕ ਦਾ ਮੋਰਚਾ ਵੀ ਸੰਭਾਲਿਆ ਹੋਇਆ ਸੀ ਪਰ ਲਾਲ ਸਿੰਘ ਉੱਤੇ ਪੁਲਿਸ ਕਹਿਰ ਨੇ ਦਹਿਸ਼ਤ ਪਾ ਲਈ ਸੀ। ਉਹ ਇਸ ਦਹਿਸ਼ਤ ਦਾ ਮਾਰਿਆ ਯੂ.ਪੀ. ਜਾ ਵੜਿਆ ਸੀ। ਉੱਥੇ ਉਹਨੇ ਢਿੱਡ ਨੂੰ ਝੁਲਕਾ ਦੇਣ ਲਈ ਬਹੁਤ ਸਾਰੀਆਂ ਘਾਲਣਾ ਘਾਲੀਆਂ। ਉਹ ਇਨ੍ਹਾਂ ਦਿਨਾਂ ਵਿਚ ਪੰਜਾਬ ਦੇ ਨਕਸ਼ੇ ਤੋਂ ਗੁੰਮ ਹੀ ਹੋ ਗਿਆ ਸੀ।

ਉਹਦੀ ਜ਼ਿੰਦਗੀ ਦਾ ਸਿਆਸਤ ਵਾਲਾ ਪੰਨਾ ਉੱਡ-ਪੁੱਡ ਗਿਆ ਪਰ ਉਹਦੇ ਕੋਲ ਕਵਿਤਾ ਦੀ ਸ਼ਕਤੀ ਸੀ। ਉਹਦੀ ਕਵਿਤਾ ਆਪਣਾ ਲੋਹਾ ਮੰਨਵਾ ਚੁੱਕੀ ਸੀ ਪਰ ਗੁੰਮਨਾਮ ਕਵੀ ਦੇ ਨਾਲ ਉਹਦੀ ਕਵਿਤਾ ਵੀ ਦਫ਼ਨ ਹੋ ਗਈ ਸੀ। ਅਮਰਜੀਤ ਚੰਦਨ ਨੇ 'ਸਤਲੁਜ ਦੀ ਹਵਾ' ਰਾਹੀਂ ਪੰਜਾਬ ਦੇ ਲੋਕਾਂ ਨੂੰ ਉਸ ਸ਼ਾਇਰ ਦੇ ਜਿਉਂਦੇ ਹੋਣ ਬਾਰੇ ਦੱਸਿਆ। ਦਿਲ ਨੇ ਪਹਿਲੀ ਵਾਰ ਉਨ੍ਹਾਂ ਲੋਕਾਂ ਨੂੰ ਸ਼ਬਦਾਂ ਦੇ ਸੰਸਾਰ ਵਿਚ ਲਿਆਂਦਾ ਜਿਹੜੇ ਅਣਹੋਏ ਤੇ ਨਿਆਸਰੇ ਸਨ। ਜਿਨ੍ਹਾਂ ਦਾ ਕੋਈ ਨਹੀਂ ਸੀ। ਚਾਹੇ ਉਹ ਕੁੜੈਲੀ ਪਿੰਡ ਦੀਆਂ ਵਾਸਣਾਂ ਸਨ, ਵੇਸਵਾਵਾਂ ਸਨ, ਮੈਲ ਕੱਢਣ ਵਾਲੇ ਸਨ, ਭਗਤਣੀ ਮੀਰਾ ਸੀ, ਚਾਹੇ ਛੱਜ ਵੇਚਣ ਵਾਲੇ ਸਨ ਜਾਂ ਗਧੀਲੇ ਸਨ। ਉਹ ਵਾਰ-ਵਾਰ ਪੀੜਤ ਔਰਤਾਂ ਨੂੰ ਆਪਣੀ ਕਲਮ ਦੀ ਮਾਰ ਹੇਠ ਲਿਆਉਂਦਾ। ਉਹਦੇ ਆਪਣੇ ਕੋਲ ਵੀ ਔਰਤ ਨਹੀਂ ਸੀ। ਉਹਦੇ ਅੰਦਰ ਔਰਤ ਲਈ ਤੜਫ ਸੀ। ਉਹਨੂੰ ਸਾਰੀ ਉਮਰ ਔਰਤ ਦਾ 'ਮੁੱਖ' ਦੇਖਣਾ ਨਸੀਬ ਨਾ ਹੋਇਆ।

ਇਸਲਾਮ ਧਾਰਨ ਕਰਨਾ ਉਹਦਾ ਜਾਤੀ ਤਸ਼ੱਦਦ ਪ੍ਰਤੀ ਵਿਦਰੋਹ ਸੀ ਪਰ ਇਸ ਦੇਸ਼ ਵਿਚ ਸੱਭ ਥਾਂ ਜਾਤ ਬੰਦੇ ਨੂੰ ਮਾਰਦੀ ਹੈ। ਉਸ ਨੂੰ ਸਮਰਾਲੇ ਦੀ ਮਜ਼ਦੂਰ ਬਸਤੀ ਦਾ ਲਾਲੂ ਹੀ ਬਣਾਈ ਰੱਖਿਆ ਗਿਆ। ਉਹ ਇਹ ਭੁੱਲ ਗਿਆ ਸੀ ਕਿ ਇਸ ਦੇਸ਼ ਵਿਚ ਧਰਮ ਤਾਂ ਹੈ ਹੀ ਨਹੀਂ ਸਿਰਫ ਜਾਤਾਂ ਹੀ ਨੇ। ਬੰਦਾ ਸਿੱਖ ਹੋ ਜਾਵੇ ਜਾਂ ਮੁਸਲਮਾਨ, ਕੀ ਫਰਕ ਪੈਂਦਾ ਹੈ। ਉਹ ਹਿੰਦੂ ਸੰਸਕ੍ਰਿਤੀ ਦਾ ਭੰਨਿਆ ਹੀ ਰਹੇਗਾ। ਇਨ੍ਹਾਂ ਧਰਮਾਂ ਦੇ ਗ੍ਰੰਥ ਜ਼ਰੂਰ ਵੱਖਰੇ ਹਨ, ਪਛਾਣ ਚਿੰਨ੍ਹ ਜ਼ਰੂਰ ਵੱਖਰੇ ਹਨ, ਪਰ ਅੰਦਰ ਸਾਰਿਆਂ ਦਾ ਸਾਂਝਾ ਹੈ। ਉਹ ਗਰੀਬ ਨੂੰ ਲਾਲੂ ਹੀ ਬਣਾਈ ਰੱਖਣਾ ਚਾਹੁੰਦੇ ਹਨ। ਉਹਨੂੰ ਜ਼ਿਆਦਾ ਗੁੱਸਾ 'ਆਪਣਿਆ' ਉਤੇ ਹੀ ਸੀ ਜਿਹੜੇ ਉਹਦੇ ਸੰਗੀ ਸਾਥੀ ਸਨ, ਉਹਦੇ ਲੇਖਕ ਭਰਾ ਸਨ, ਪੰਜਾਬੀ ਸਾਹਿਤ ਦੇ ਵੱਡੇ-ਵੱਡੇ ਵਿਦਵਾਨ ਸਨ।

ਇਸਲਾਮ ਨੇ ਭਾਵੇਂ ਉਹਨੂੰ ਹੋਰ ਕੁੱਝ ਨਹੀਂ ਦਿੱਤਾ ਪਰ ਉਹਨੂੰ ਮਸਤ ਮਲੰਗ ਬਣਾ ਦਿੱਤਾ ਸੀ। ਉਹਦਾ ਸਾਥ ਕਬਰਾਂ, ਰੋਜ਼ਿਆਂ ਅਤੇ ਮਸਜਿਦਾਂ ਨਾਲ ਹੋ ਗਿਆ ਸੀ। ਨਸ਼ਿਆਂ ਨੇ ਉਹਨੂੰ ਮਸਤ-ਮਸਤ ਬਣਾ ਦਿੱਤਾ ਸੀ। ਉਹ ਕਦੇ ਪੰਜ ਪੀਰਾਂ ਵਿਚ ਸ਼ਾਮਿਲ ਹੋ ਜਾਂਦਾ। ਕਦੇ ਉਹਨੂੰ ਦੋ ਗੁੱਤਾਂ ਵਾਲੀ ਜਮਾਤਣ ਦਿੱਖਣ ਲੱਗ ਪੈਂਦੀ, ਜਿਹਨੂੰ ਉਹਨੇ ਕਿਹਾ ਸੀ-

ਮੈਨੂੰ ਪਿਆਰ ਕਰਦੀਏ
ਪਰ-ਜਾਤ ਕੁੜੀਏ,
ਸਾਡੇ ਸਕੇ ਮੁਰਦੇ ਵੀ
ਇਕ ਥਾਂ 'ਤੇ ਨਹੀਂ ਜਲਾਉਂਦੇ।

ਕਦੇ ਉਹਨੂੰ ਗਾਲਾਂ ਕੱਢਦੇ ਪੁਲਿਸ ਵਾਲੇ ਦਿਸਣ ਲੱਗ ਪੈਂਦੇ ਤੇ ਕਦੇ ਕੁੱਝ ਹੋਰ। ਪੁਲਿਸ ਤਸ਼ੱਦਦ, ਯੂ.ਪੀ ਦੀ ਰੂਪੋਸ਼ੀ, ਸਮਾਜ ਦੀ ਮਾਰ ਅਤੇ ਨਸ਼ਿਆਂ ਨੇ ਉਹਨੂੰ ਕੁੱਝ ਤੋਂ ਕੁੱਝ ਬਣਾ ਦਿੱਤਾ ਸੀ। ਉਹਦੀ ਜਦੋਂ ਪੰਜਾਬ ਵਾਪਸੀ ਹੋਈ, ਉਦੋਂ ਪੁਲਿਸ ਦਾ ਡਰ ਨਹੀਂ ਸੀ। ਸਰਕਾਰ ਕਦੋਂ ਦੀ ਆਮ ਮੁਆਫੀ ਦੇ ਚੁੱਕੀ ਸੀ ਪਰ ਉਹ ਮਾਨਸਿਕ ਤੌਰ 'ਤੇ ਉਖੜਿਆ ਹੋਇਆ ਸੀ। ਉਹ ਆਪਣੀ ਜਨਮ ਭੌਂਇ 'ਤੇ ਤਾਂ ਆ ਗਿਆ ਸੀ ਪਰ ਕਬਰਾਂ, ਮਸਜਿਦਾਂ ਹੀ ਉਹਨੂੰ ਖਿੱਚੀ ਰੱਖਦੀਆਂ। ਉਹ ਕੋਈ ਕੰਮ ਕਰਨ ਦੇ ਸਮਰੱਥ ਨਹੀਂ ਰਿਹਾ ਸੀ। ਨਕਸਲੀ ਬਗਾਵਤ ਨੇ ਰਾਜਨੀਤਿਕ ਫਰੰਟ ਤੋਂ ਬਾਅਦ ਸਾਹਿਤਕ ਪੱਧਰ 'ਤੇ ਜਿਹੜੀ ਦਖ਼ਲਅੰਦਾਜ਼ੀ ਕੀਤੀ ਸੀ, ਉਸ ਵਿਚ ਦਿਲ ਦਾ ਅਹਿਮ ਰੋਲ ਸੀ ਪਰ ਉਦੋਂ ਉਹ ਗੁਜ਼ਾਰੇ ਲਈ ਦੂਸਰਿਆਂ ਦੇ ਵੱਸ ਪੈ ਗਿਆ ਸੀ। ਉਹਦੇ ਨਾਲ ਦੇ ਸਾਥੀ ਜਾਂ ਤਾਂ ਸੈੱਟ ਹੋ ਚੁੱਕੇ ਸਨ ਜਾਂ ਲੜਾਈ ਦੇ ਫਰੰਟਾਂ 'ਤੇ ਸਨ। ਇਹ ਅਣਜਿੱਤੀ ਲੰਕਾ ਦੇ 'ਰਾਮ' ਅਤੇ ਹਾਰਾਂ ਦੇ ਝੰਬੇ ਹੋਏ ਆਪ ਪਤਾ ਨਹੀਂ ਕਿਹੜੇ-ਕਿਹੜੇ ਫਰੰਟਾਂ 'ਤੇ ਲੜ ਰਹੇ ਸਨ। ਉਨ੍ਹਾਂ ਲਾਲ ਸਿੰਘ ਦੀ ਕੀ ਮੱਦਦ ਕਰਨੀ ਹੋਈ। ਲਾਲ ਕਿਹੜਾ ਉਨ੍ਹਾਂ ਦੇ ਰਾਹ ਦਾ ਪਾਂਧੀ ਰਿਹਾ ਸੀ। ਸੈੱਟ ਹੋਇਆਂ ਨਾਲ ਉਹਦਾ ਕਰੂਰਾ ਨਹੀਂ ਮਿਲਣਾ ਸੀ। ਉਨ੍ਹਾਂ ਦੀ ਜਮਾਤ ਬਦਲ ਗਈ ਸੀ ਪਰ ਉਹ ਉਹਦੀ ਪੁਰਾਣੀ ਕਵਿਤਾ ਦੇ ਸਰੂਰ ਵਿਚ ਵਡਿਆਈ ਜ਼ਰੂਰ ਕਰਦੇ।

1990ਵਿਆਂ ਤੋਂ ਬਾਅਦ ਸੋਵੀਅਤ ਸੰਘ ਦੇ ਢਹਿ ਢੇਰੀ ਹੋ ਜਾਣ ਨਾਲ ਸਿਆਸਤ ਅਤੇ ਸਾਹਿਤ ਵਿਚ ਉਲਟ-ਪੁਲਟ ਹੋ ਗਿਆ ਸੀ ਪਰ ਉਹਦੀ ਕਵਿਤਾ ਦੀ ਪੁੱਛ ਗਿੱਛ ਵਧ ਗਈ ਸੀ। ਉਹ ਸੱਚ ਮੁੱਚ ਪੰਜਾਬੀ ਸਾਹਿਤ ਦਾ ਵੱਡਾ ਕਵੀ ਸੀ ਅਤੇ ਹੈ। ਉਹਨੂੰ ਜ਼ਿੰਦਗੀ ਵਿਚ ਸੈੱਟ ਕਰਨ ਦੇ ਯਤਨ ਕੀਤੇ ਜਾਣ ਲੱਗੇ। ਉਹਦੇ ਪੁਰਾਣੇ ਸਾਥੀ ਵੀ ਨਿਤਰੇ, ਨਵੇਂ ਸ਼ਰਧਾਲੂ ਵੀ ਅੱਗੇ ਆਏ, ਦਲਿਤ ਲਹਿਰ ਦੇ ਹਾਮੀਆਂ ਨੇ ਵੀ ਹਾਅ ਦਾ ਨਾਅਰਾ ਮਾਰਿਆ ਪਰ ਉਹ ਆਪਣੀ ਜੀਵਨ ਜਾਚੇ ਜੀਵਿਆ। ਉਹਦੀ ਯਾਰੀ ਲਾਲ ਪਰੀ ਨਾਲ ਸੀ। ਛੱਜ ਵੇਚਣ ਵਾਲੇ, ਮੈਲ ਕੱਢਣ ਵਾਲੇ, ਬੱਠਲ ਵੇਚਣ ਵਾਲੇ, ਚੂਹੇ ਮਾਰਨ ਵਾਲੇ, ਕੱਛੂ ਫੜਨ ਵਾਲੇ ਆਦਿ ਦੇ ਘਰ ਉਹਦੇ ਸਨ। ਉਹ ਹੀ ਉਹਦੀ ਕਵਿਤਾ ਦੇ ਪਾਤਰ ਸਨ। ਉਹ ਇਨ੍ਹਾਂ ਕੰਮੀ-ਕਮੀਣਾਂ ਦੇ ਮਾਨਸਿਕ ਬਿਰਤਾਂਤ ਨੂੰ ਆਪਣੀ ਕਵਿਤਾ ਵਿਚ ਪੇਸ਼ ਕਰਨ ਲੱਗਾ।

ਨਕਸਲੀ ਅੰਦੋਲਨ ਦੇ ਬਹੁਤੇ ਕਵੀ ਮੂੰਹ ਜ਼ੋਰ ਸਨ। ਦਿਲ ਦੀ ਕਵਿਤਾ ਵਿਚ ਉਨ੍ਹਾਂ ਦੀ ਕਵਿਤਾ ਵਾਂਗ ਭਾਂਬੜ ਨਹੀਂ ਦਿਸਦੇ ਸਨ, ਅੰਗਿਆਰੇ ਨਹੀਂ ਦਿਸਦੇ ਸਨ ਪਰ ਉਹਦੀ ਕਵਿਤਾ ਵਿਚ ਸੇਕ ਬੜਾ ਸੀ ਤੇ ਅੱਜ ਵੀ ਹੈ। ਉਹਦੀ ਕਵਿਤਾ ਉਹਦੇ ਸਮਕਾਲੀਆਂ ਵਾਂਗ ਚਕਾਚੌਂਧ ਨਹੀਂ ਕਰਦੀ, ਸੰਵਾਦ ਰਚਾਉਂਦੀ ਹੈ।

ਸਹਿਜਤਾ ਅਤੇ ਧੀਮੇਪਣ ਕਾਰਨ ਉਹ ਵੱਧ ਮਾਰ ਕਰਦਾ ਹੈ। ਇਸ ਮੱਧਮ ਸੁਰ ਵਾਲੇ, ਗਹਿਰੇ ਤੇ ਚੁੱਪ ਜਿਹੇ ਕਵੀ ਨੇ ਆਪਣੀ ਕਵਿਤਾ ਦਾ ਲੋਹਾ ਮੰਨਵਾ ਲਿਆ ਸੀ। ਉਸ ਦੀ ਮਨੌਤ ਹੋਣ ਲੱਗ ਪਈ ਸੀ। ਬਿਲਕੁਲ ਫੱਕਰ ਪੀਰਾਂ ਫਕੀਰਾਂ ਵਾਂਗ। ਉਹਦੀ ਕਵਿਤਾ/ਜੀਵਨੀ ਦੀਆਂ ਕਿਤਾਬਾਂ ਛਪੀਆਂ। ਦੂਜੀਆਂ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਜਾਣ ਲੱਗਾ। ਉਹਨੂੰ ਪਹਿਲੇ ਦਲਿਤ ਸੰਵੇਦਨਾ ਵਾਲੇ ਸ਼ਾਇਰ ਵਜੋਂ ਪੇਸ਼ ਕੀਤਾ ਜਾਣ ਲੱਗਾ। 'ਕਿਤੇ ਮਿਲ ਵੇ ਮਾਹੀ' ਫਿਲਮ ਬਣੀ। ਉਹਦੇ ਸਨਮਾਨ ਹੋਣ ਲੱਗੇ। ਪੈਸੇ ਧੇਲੇ ਦੀ ਮੱਦਦ ਕੀਤੀ ਜਾਣ ਲੱਗੀ। ਉਹ ਸਰੂਰ ਵਿਚ ਰਹਿਣ ਲੱਗਾ। ਕਦੇ ਉਹ ਕਾਮਰੇਡਾਂ ਨੂੰ ਉੱਚ ਦੇ ਪੀਰ ਸੱਦਦਾ, ਕਦੇ ਝਈਆਂ ਲੈ-ਲੈ ਪੈਂਦਾ। ਉਹ ਉਨ੍ਹਾਂ ਉੱਤੇ ਬੜੀਆਂ ਤਲਖ ਟਿਪਣੀਆਂ ਕਰਦਾ।

ਉਹ ਉਮਰ ਭਰ ਔਰਤ ਦੀ ਛੂਹ ਨੂੰ ਤਰਸਦਾ ਰਿਹਾ। ਜਾਤੀ ਤਸ਼ੱਦਦ ਦੀ ਟੀਸ ਵੀ ਉਹਦੇ ਅੰਦਰ ਸੀ। ਇਸੇ ਕਰਕੇ ਉਸ ਨੇ ਸਮਾਜਿਕ ਤੌਰ 'ਤੇ ਬੇ-ਦਖ਼ਲ ਕੀਤੇ ਦਲਿਤਾਂ ਅਤੇ ਔਰਤਾਂ ਦੇ ਅਸਹਿ ਦਰਦ ਨੂੰ ਕਵਿਤਾ ਰਾਹੀਂ ਜ਼ੁਬਾਨ ਦਿੱਤੀ। ਉਹ ਰੁਲਿਆ ਖੁਲਿਆ ਰਿਹਾ। ਕਾਰਨ, ਉਹ ਚਿੰਤਕ ਨਹੀਂ ਸੀ। ਜੇ ਉਹ ਚਿੰਤਕ ਹੁੰਦਾ, ਆਪਣੇ ਦੌਰ ਦੇ ਕਵੀਆਂ ਨਾਲੋਂ ਚਾਰ ਕਦਮ ਅੱਗੇ ਹੁੰਦਾ। ਹੁਣ ਉਹਨੂੰ ਮੱਲੋਮੱਲੀ ਦਲਿਤ ਚੇਤਨਾ ਦੇ ਸ਼ਾਇਰ ਵਜੋਂ ਪ੍ਰਚਾਰਿਆ ਜਾ ਰਿਹਾ ਹੈ। ਜੁਝਾਰਵਾਦੀ ਸਾਹਿਤ ਨੂੰ ਉਹਦੀ ਦੋਹਰੀ ਦੇਣ ਹੈ। ਇਕ ਤਾਂ ਦਿਲ ਤੇ ਉਹਦੇ ਸਾਥੀਆਂ ਨੇ ਧਾਰਾ ਦਾ ਮੂੰਹ ਮੱਥਾ ਬਣਾਇਆ, ਦੂਜਾ ਸਮਾਜ ਦੇ ਕੱਟੇ-ਵੱਢੇ ਤਬਕੇ ਨੂੰ ਸਾਹਿਤ ਵਿਚ ਲਿਆਂਦਾ। ਉਹਦੀ ਇਸ ਦੇਣ ਕਾਰਨ ਉਹ ਹਮੇਸ਼ਾ ਚੇਤਿਆਂ ਵਿਚ ਰਹੇਗਾ।



***ਲਾਲ ਸਿੰਘ ਦਿਲ ਦੀ ਸਿਆਸਤ ਉਨ੍ਹਾਂ ਲੋਕਾਂ ਲਈ ਸੀ ਜਿਨ੍ਹਾਂ ਦੀ ਕੋਈ ਆਵਾਜ਼ ਨਹੀਂ। ਜਿਨ੍ਹਾਂ ਦੇ ਹਿੱਸੇ ਨਾ ਜ਼ਮੀਨ ਤੇ ਨਾ ਅਸਮਾਨ ਆਉਂਦਾ ਹੈ। ਨਾ ਰਾਜਨੀਤੀ ਵਿਚ ਕੋਈ ਥਾਂ ਹੈ, ਤੇ ਕੁੱਝ ਵੀ ਪੱਲੇ ਨਹੀਂ। ਉਹ ਅਣਹੋਏ ਤੇ ਨਿਆਸਰੇ ਲੋਕ ਹਨ। ਉਹ ਪਿੰਡ ਵਿਚ, ਸਮਾਜ ਵਿਚ, ਦੇਸ਼ ਵਿਚ ਹਾਸ਼ੀਏ 'ਤੇ ਧਕੇਲੇ ਹੋਏ ਹਨ। ਉਸ ਹਿੱਸੇ ਲਈ ਕਿਤੇ ਵੀ ਥਾਂ ਨਜ਼ਰ ਨਹੀਂ ਆ ਰਹੀ। ਨਾ ਇਹ ਥਾਂ ਉਦੋਂ ਸੀ ਜਦੋਂ ਲਾਲ ਹੋਕਾ ਦੇਣ ਤੁਰਿਆ ਤੇ ਨਾ ਅੱਜ ਹੈ, ਜਦੋਂ ਉਹ ਮੁੱਕ ਗਿਆ ਪਰ ਉਸ ਨੇ ਉਸ ਤਬਕੇ ਨੂੰ ਆਵਾਜ਼ ਦਿੱਤੀ।***



# ਮੇਰੇ ਲਈ ਫ਼ਿਲਮ ਦਾ ਰੂਪ, ਵਿਸ਼ੇ ਦਾ ਸੇਵਾਦਾਰ ਹੈ: ਰਾਜੀਵ ਸ਼ਰਮਾ

*ਰਾਜੀਵ ਸ਼ਰਮਾ ਟੈਲੀਵਿਜ਼ਨ ਸਨਅਤ ਦੇ ਸਭ ਤੋਂ ਤਜਰਬੇਕਾਰ ਪੰਜਾਬੀਆਂ ਵਿਚੋਂ ਹੈ। ਉਹਨੇ ਹਿੰਦੀ ਅਤੇ ਪੰਜਾਬੀ ਦੇ ਵੱਡੇ ਚੈਨਲਾਂ ਵਿਚ ਸਿਰਜਣਾਤਮਕ, ਤਕਨੀਕੀ ਤੇ ਪ੍ਰਬੰਧਕੀ ਪੱਖਾਂ ਤੋਂ ਮੁਖੀ ਤੱਕ ਦੀਆਂ ਜ਼ਿੰਮੇਵਾਰੀਆਂ ਨਿਭਾਈਆਂ ਹਨ। ਜਗਰਾਓਂ, ਲੁਧਿਆਣਾ ਅਤੇ ਚੰਡੀਗੜ੍ਹ ਵਿਚ ਪੜ੍ਹਨ ਤੋਂ ਬਾਅਦ ਉਸ ਨੇ ਮੁੰਬਈ ਵਿਚ ਪੇਸ਼ਾਵਰ ਜੀਵਨ ਸ਼ੁਰੂ ਕੀਤਾ। ਤਕਰੀਬਨ ਡੇਢ ਦਹਾਕੇ ਦੌਰਾਨ ਉਸ ਅੰਦਰ ਪੰਜਾਬ ਦੇ ਕਸਬਾਨੁਮਾ ਪਿੰਡ ਅਤੇ ਮਹਾਨਗਰ ਗਹਿਗੱਚ ਸੰਵਾਦ ਵਿਚ ਰੁਝੇ ਹੋਏ ਹਨ। ਮਹਾਨਗਰ ਦੀਆਂ ਪੇਸ਼ਾਵਰ ਬੁਲੰਦੀਆਂ ਰਾਜੀਵ ਅੰਦਰਲੇ ਠੇਠ ਪੰਜਾਬੀ ਵਿਚ ਕੋਈ ਰਲਾ ਨਹੀਂ ਕਰ ਸਕੀਆਂ। ਇਸ ਦੌਰਾਨ ਉਸ ਦੇ ਕੰਨ ਵਿਚ ਨੱਤੀ ਪੈ ਗਈ ਹੈ ਅਤੇ ਮੋਢੇ ਉੱਤੇ ਭਗਤ ਸਿੰਘ ਖੁਣਿਆ ਗਿਆ ਹੈ। ਲੋਕ ਕਲਾ ਮੰਚ, ਮੰਡੀ ਮੁੱਲਾਂਪੁਰ ਦੇ ਬਾਨੀਆਂ ਵਿਚ ਸ਼ੁਮਾਰ ਰਾਜੀਵ ਨੇ ਗੁਰਸ਼ਰਨ ਸਿੰਘ ਨਾਲ ਅਤਿਵਾਦ ਦੇ ਦੌਰ ਵਿਚ ਨਾਟਕ ਕੀਤੇ। ਵਿਗਿਆਨ ਦੀ ਪੜ੍ਹਾਈ ਛੱਡ ਕੇ ਗਿਆਨੀ (ਗਿਆਰਵੀਂ ਤੋਂ ਬਾਅਦ ਪੰਜਾਬੀ ਸਾਹਿਤ ਦੀ ਇਕ ਸਾਲਾ ਪੜ੍ਹਾਈ) ਰਾਹੀਂ ਬੀ.ਏ. ਕੀਤੀ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਇੰਡੀਅਨ ਥੀਏਟਰ ਦੀ ਪੜ੍ਹਾਈ ਕਰ ਕੇ ਉਸ ਨੇ ਕੁਝ ਸਮਾਂ ਪੰਜਾਬ ਵਿਚ ਫ਼ਿਲਮਾਂ ਬਣਾਈਆਂ ਅਤੇ ਫਿਰ ਮੁੰਬਈ ਚਲਿਆ ਗਿਆ। ਦੂਰਦਰਸ਼ਨ ਦੇ ਦਸਤਾਵੇਜ਼ੀ ਸਭਿਆਚਾਰਕ ਲੜੀਵਾਰ 'ਸੁਰਭੀ' ਦਾ ਟੀਮ ਨਿਰਦੇਸ਼ਕ ਰਹਿਣ ਤੋਂ ਬਾਅਦ ਉਹ ਸਹਾਰਾ ਟੈਲੀਵਿਜ਼ਨ ਵਿਚ ਚਲਿਆ ਗਿਆ। ਇਸ ਤੋਂ ਬਾਅਦ ਉਹਨੇ ਜ਼ੀ, ਚੈਨਲ ਪੰਜਾਬ ਅਤੇ 9-ਐਕਸ ਵਿਚ ਪ੍ਰੋਗਰਾਮਿੰਗ ਮੁਖੀ ਵਜੋਂ ਕੰਮ ਕੀਤਾ। ਉਸ ਨੂੰ ਆਜ਼ਾਦ ਫ਼ਿਲਮਸਾਜ਼ ਵਜੋਂ ਪਲੇਠੀ ਪੰਜਾਬੀ ਦਸਤਾਵੇਜ਼ੀ ਫ਼ਿਲਮ ਬਣਾਉਣ ਦਾ ਮਾਣ ਹਾਸਿਲ ਹੈ। ਇਨਕਲਾਬੀ ਕਵੀ ਪਾਸ਼ ਦੀ ਕਵਿਤਾ ਅਤੇ ਜ਼ਿੰਦਗੀ ਬਾਬਤ 'ਆਪਣਾ ਪਾਸ਼' ਬਣਾਉਣ ਤੋਂ ਪਹਿਲਾਂ ਆਪਣੇ ਮੁੱਲਾਂਪੁਰ ਦੇ ਸਾਥੀਆਂ ਨਾਲ ਮਿਲ ਕੇ ਜਗਰੂਪ ਸਿੰਘ ਰੂਪ ਦੀ ਕਹਾਣੀ ਉੱਤੇ 'ਪੰਜ ਕਲਿਆਣੀ' ਬਣਾਈ। ਰਾਜੀਵ ਨੂੰ ਜਦੋਂ ਵੀ ਮੌਕਾ ਮਿਲੇ, ਉਹ ਆਪਣੇ ਪੁਰਾਣੇ ਸਾਥੀਆਂ ਨਾਲ ਮਿਲ ਕੇ ਫ਼ਿਲਮ ਬਣਾਉਂਦਾ ਹੈ। ਪੰਜ ਸਾਲ ਪਹਿਲਾਂ ਉਸ ਨੇ ਸਰਵਮੀਤ ਦੀ ਕਹਾਣੀ 'ਕਲਾਣ' 'ਤੇ ਵੀ ਫ਼ਿਲਮ ਬਣਾਈ। ਹੁਣ ਰਾਜੀਵ ਨੇ ਗੁਰਮੀਤ ਕੜਿਆਲਵੀ ਦੀ ਕਹਾਣੀ 'ਆਤੂ ਖੋਜੀ' ਦੇ ਮੁੱਖ ਕਿਰਦਾਰ ਨੂੰ ਧੁਰਾ ਬਣਾ ਕੇ ਇਸੇ ਨਾਂ ਦੀ ਫ਼ਿਲਮ ਬਣਾਈ ਹੈ। ਰਾਜੀਵ ਦੇ ਟੈਲੀਵਿਜ਼ਨ ਸਨਅਤ ਵਿਚਲੇ ਕੰਮ, ਫ਼ਿਲਮਾਂ ਬਣਾਉਣ ਦੀ ਸਮੁੱਚੀ ਸਰਗਰਮੀ ਅਤੇ ਪੜ੍ਹਾਈ ਤੋਂ ਸਮਾਜਿਕ ਸਰੋਕਾਰਾਂ ਨਾਲ ਮੇਰਾ ਨੇੜਲਾ ਵਾਹ ਰਿਹਾ ਹੈ। ਇਸ ਦੌਰਾਨ ਮੈਂ ਉਹਦਾ ਪਹਿਲਾਂ ਸਰੋਤਾ, ਪਾਠਕ, ਦਰਸ਼ਕ, ਆਲੋਚਕ ਅਤੇ ਵਕੀਲ ਰਿਹਾ ਹਾਂ। ਆਤੂ ਖੋਜੀ ਅਤੇ ਫ਼ਿਲਮਾਂ ਬਾਬਤ ਰਾਜੀਵ ਦੀ ਸਮਝ ਨੂੰ ਇਸ ਮੁਲਾਕਾਤ ਰਾਹੀਂ ਪਾਠਕਾਂ ਨਾਲ ਸਾਂਝਾ ਕਰ ਰਿਹਾ ਹਾਂ। -ਦਲਜੀਤ ਅਮੀ*

ਦਲਜੀਤ ਅਮੀ

**ਸਵਾਲ: ਰਾਜੀਵ, ਪੰਦਰਾਂ ਸਾਲ ਟੈਲੀਵਿਜ਼ਨ ਸਨਅਤ ਦੇ ਸਭ ਤੋਂ ਮਹਿੰਗੇ ਤੇ ਕਾਮਯਾਬ ਲੜੀਵਾਰ ਬਣਾਉਣ ਤੋਂ ਬਾਅਦ 'ਆਤੂ ਖੋਜੀ' ਬਣਾਉਣ ਦਾ ਕਾਰਨ ਕੀ ਹੈ?**

**ਜਵਾਬ:** ਫ਼ਿਲਮ ਦਾ ਮਹਿੰਗਾ ਜਾਂ ਸਸਤਾ ਹੋਣਾ ਕੋਈ ਮਾਅਨੇ ਨਹੀਂ ਰੱਖਦਾ। ਮਸਲਾ ਇਹ ਹੈ ਕਿ ਮੈਂ ਕਿਹੜੀ ਫ਼ਿਲਮ ਕਿਉਂ ਬਣਾਉਣੀ ਚਾਹੁੰਦਾ ਹਾਂ? ਤੈਨੂੰ ਲੱਗਦਾ ਹੈ ਕਿ ਹੁਣ ਮੈਨੂੰ ਫ਼ੀਚਰ ਫ਼ਿਲਮ ਬਣਾਉਣੀ ਚਾਹੀਦੀ ਹੈ ਪਰ ਮੈਂ ਵਿਸ਼ੇ ਦੀ ਚੋਣ ਵੇਲੇ ਤਕਨੀਕੀ ਪੱਖ ਦੀ ਪਰਵਾਹ ਨਹੀਂ ਕਰਦਾ। ਮੇਰੇ ਅੰਦਰ ਛੋਟੇ ਸ਼ਹਿਰ ਜਾਂ ਪਿੰਡ ਤੋਂ ਕਸਬਾ ਬਣ ਰਹੇ ਪੰਜਾਬ ਅਤੇ ਮਹਾਨਗਰ ਦਾ ਤਜਰਬਾ ਹੈ। ਮੌਜੂਦਾ ਦੌਰ ਵਿਚ ਇਹ ਦੋਵੇਂ ਤਜਰਬੇ ਆਪਸ ਵਿਚ ਕਿਸੇ ਮੰਚ ਉਤੇ ਨਹੀਂ ਮਿਲਦੇ। ਇਸੇ ਤਰ੍ਹਾਂ ਪੁਰਾਣੀ ਅਤੇ ਨਵੀਂ ਪੀੜ੍ਹੀ ਵਿਚ ਟੁੱਟੀ ਸੰਵਾਦ ਦੀ ਤੰਦ ਦਾ ਮਸਲਾ ਹੈ। ਮੇਰੇ ਅੰਦਰ ਪਈਆਂ ਸਮਾਜਿਕ ਕਦਰਾਂ-ਕੀਮਤਾਂ ਮੈਨੂੰ ਇਹ ਸੁਆਲ ਪੁੱਛਦੀਆਂ ਹਨ ਕਿ ਕੀ ਹੁਣ ਇਨ੍ਹਾਂ ਦੀ ਥਾਂ ਯਾਦਾਂ ਜਾਂ ਕਿਤਾਬਾਂ ਵਿਚ ਹੀ ਹੈ? ਮੈਂ ਪਿੰਡ ਤੇ ਸ਼ਹਿਰ, ਬਜ਼ੁਰਗ ਤੇ ਨੌਜਵਾਨ, ਬਦਲਦੀਆਂ ਕਦਰਾਂ ਕੀਮਤਾਂ ਦੇ ਦੌਰ ਵਿਚ ਸਮਾਜਿਕ ਜ਼ਿੰਮੇਵਾਰੀ ਅਤੇ ਬੇਗਰਜ਼ ਰਿਸ਼ਤਿਆਂ ਦੀ ਬਾਤ ਪਾਉਣੀ ਚਾਹੁੰਦਾ ਸੀ। ਗੁਰਮੀਤ ਕੜਿਆਲਵੀ ਦਾ ਕਿਰਦਾਰ ਆਤੂ ਖੋਜੀ ਮੇਰੇ ਦਿਲ ਨੂੰ ਟੁੰਬਦਾ ਸੀ। ਇਸ ਕਿਰਦਾਰ ਦਾ ਸ਼ਹਿਰ ਦੀ ਕੁੜੀ ਨਾਲ ਸੰਵਾਦ ਮੇਰੀਆਂ ਸਾਰੀਆਂ ਲੋੜਾਂ ਪੂਰੀਆਂ ਕਰਦਾ ਹੈ।

**ਸਵਾਲ: ਪੇਸ਼ਾਵਰ ਜੀਵਨ ਵਿਚ ਤਕਨੀਕੀ ਪੱਖਾਂ ਦੀ ਨਿਗਰਾਨੀ ਅਤੇ ਤਕਨੀਕੀ ਮਿਆਰ ਨੂੰ ਯਕੀਨੀ ਬਣਾਉਣਾ ਤੁਹਾਡੀ ਮੁਹਾਰਤ ਹੈ। ਆਪਣੀ ਫ਼ਿਲਮ ਬਣਾਉਣ ਵੇਲੇ ਵਿਸ਼ਾ ਪ੍ਰਧਾਨ ਕਿਵੇਂ ਹੋ ਜਾਂਦਾ ਹੈ?**

**ਜਵਾਬ:** ਮੇਰਾ ਪੇਸ਼ਾਵਰ ਕੰਮ ਤਕਨੀਕੀ ਮਿਆਰਾਂ ਨਾਲ ਨਾਪਿਆ ਜਾਂਦਾ ਹੈ। ਜਿਸ ਨੇ ਮੇਰਾ ਕੰਮ ਤਕਨੀਕੀ ਪੱਖ ਤੋਂ ਦੇਖਣਾ ਹੈ, ਉਹ ਟੈਲੀਵਿਜ਼ਨ ਵਾਲਾ ਕੰਮ ਦੇਖੇ। ਮੈਂ ਰੋਸ਼ਨੀ, ਰੰਗ ਅਤੇ ਸੰਪਾਦਨ ਦੀ ਤਕਨੀਕੀ ਸਮਝ ਦਾ ਇਮਤਿਹਾਨ ਉਥੇ ਦੇ ਆਇਆ ਹਾਂ। ਇਹ ਮਸਲਾ ਹੋਰ ਹੈ। 'ਆਤੂ ਖੋਜੀ' ਬਣਾਉਣ ਵੇਲੇ ਮੈਂ ਫ਼ਿਲਮ ਦੀ ਵਿਆਕਰਨ ਦੀ ਪਰਵਾਹ ਨਹੀਂ ਕਰਦਾ। ਰੋਸ਼ਨੀਆਂ ਅਤੇ ਸਰਗਰਮੀ ਦੀ ਲਗਾਤਾਰਤਾ ਮੇਰੇ ਲਈ ਮਾਅਨੇ ਨਹੀਂ ਰੱਖਦੀ ਕਿਉਂਕਿ ਇਹ ਫ਼ਿਲਮ ਵਿਸ਼ੇ ਉਤੇ ਟਿਕੀ ਹੋਈ ਹੈ।

**ਸਵਾਲ: ਇਸ ਵੇਲੇ ਫ਼ਿਲਮ ਸਨਅਤ ਵਿਚ ਲਗਾਤਾਰ ਚਰਚਾ ਹੋ ਰਹੀ ਹੈ ਕਿ ਰੂਪਕੀ ਪੱਖ ਬਹੁਤ ਅਹਿਮ ਹੁੰਦਾ ਹੈ?**

**ਜਵਾਬ:** ਪਹਿਲਾਂ ਮੈਂ ਇਹ ਸਪਸ਼ਟ ਕਰ ਦਿਆਂ ਕਿ ਤੇਰੇ ਸੁਆਲ ਤੋਂ ਲੱਗਦਾ ਹੈ ਜਿਵੇਂ ਮੈਂ ਰੂਪਕੀ ਪੱਖ ਨੂੰ ਤਵੱਜੋ ਨਹੀਂ ਦਿੰਦਾ। ਅਜਿਹਾ ਨਹੀਂ ਹੈ। ਮੈਂ ਆਤੂ ਖੋਜੀ ਦੇ ਇਨ੍ਹਾਂ ਪੱਖਾਂ ਬਾਬਤ ਲੰਮੀ ਗੱਲ ਕਰ ਸਕਦਾ ਹਾਂ। ਇਸੇ ਤਰ੍ਹਾਂ ਦਾਰਸ਼ਨਿਕ ਪੱਖ ਨੂੰ ਵੇਖਿਆ ਜਾ ਸਕਦਾ ਹੈ। ਇਸ ਮਸਲੇ ਉਤੇ ਮੇਰੀ ਸਮਝ ਬਹੁਤ ਸਪਸ਼ਟ ਹੈ। ਜਦੋਂ ਮੈਂ ਆਪਣੀ ਮਰਜ਼ੀ ਦੀ ਫ਼ਿਲਮ ਬਣਾਉਂਦਾ ਹਾਂ ਤਾਂ ਰੂਪ ਦਾ ਕੰਮ ਵਿਸ਼ੇ ਦੀ ਸੇਵਾਦਾਰੀ ਰਹਿੰਦਾ ਹੈ। ਫ਼ਿਲਮ ਦਾ ਕਾਮਯਾਬੀ ਇਸ ਨੁਕਤੇ ਨਾਲ ਨਾਪੀ ਜਾਵੇਗੀ ਕਿ ਇਹ ਦਰਸ਼ਕਾਂ ਨਾਲ ਕਿਸ ਤਰ੍ਹਾਂ ਦਾ ਸੰਵਾਦ ਕਰਦੀ ਹੈ। ਤੂੰ ਦਰਸ਼ਕ ਨੂੰ ਸੰਗਤ ਕਹਿੰਦਾ ਏ, ਫਿਰ ਸੰਗਤ ਨਾਲ ਸੰਵਾਦ ਦੀ ਸੰਜੀਦਗੀ ਨੂੰ ਅਹਿਮੀਅਤ ਮਿਲਣੀ ਹੀ ਚਾਹੀਦੀ ਹੈ।

**ਸਵਾਲ: ਫ਼ਿਲਮਸਾਜ਼ ਸੰਗਤ ਅਤੇ ਵਿਸ਼ੇ ਬਾਬਤ ਇਸ ਤਰ੍ਹਾਂ ਗੱਲ ਨਹੀਂ ਕਰਦੇ। ਕੋਈ ਖਾਸ ਕਾਰਨ?**

**ਜਵਾਬ:** ਇਹ ਸੁਆਲ ਤੈਨੂੰ ਵੀ ਪੁੱਛਿਆ ਜਾ ਸਕਦਾ ਹੈ।

**ਸਵਾਲ: ਜਦੋਂ ਤੁਸੀਂ ਮੇਰੀ ਮੁਲਾਕਾਤ ਲਿਖੋਗੇ ਤਾਂ ਪੁੱਛਣਾ। ਹੁਣ ਜੁਆਬ ਦਿਓ?**

**ਜਵਾਬ:** ਮੈਂ ਸਾਰੇ ਫ਼ਿਲਮਸਾਜ਼ਾਂ ਲਈ ਜੁਆਬਦੇਹ ਨਹੀਂ ਹਾਂ।

**ਸਵਾਲ: ਤੁਸੀਂ ਫ਼ਿਲਮਸਾਜ਼ ਵਜੋਂ ਇਸ ਸੁਆਲ ਤੋਂ ਮੁਨਕਰ ਵੀ ਨਹੀਂ ਹੋ ਸਕਦੇ?**

**ਜਵਾਬ:** ਮੈਂ ਬਾਕੀਆਂ ਦੀ ਸਮਝ ਬਾਬਤ ਜੁਆਬਦੇਹ ਕਿਵੇਂ ਹੋਇਆ?

**ਸਵਾਲ: ਫ਼ਿਲਮਸਾਜ਼ ਹੋਣ ਦੇ ਨਾਤੇ। ਇਸ ਤਬਕੇ ਬਾਬਤ ਸਾਡੀ ਸਮਾਜਿਕ ਸਮਝ ਬਣੀ ਹੋਈ ਹੈ। ਨਾਮੀ ਫ਼ਿਲਮਸਾਜ਼ ਕਹਿੰਦੇ ਹਨ ਕਿ ਪੰਜਾਬੀਆਂ ਦਾ ਪੱਧਰ ਸੰਜੀਦਾ ਫ਼ਿਲਮ ਲਾਇਕ ਨਹੀਂ ਹੈ। ਇਸੇ ਕਾਰਨ ਉਹ ਵਿਸ਼ਾ ਮੁਖੀ ਫ਼ਿਲਮਾਂ ਨਹੀਂ ਬਣਾਉਂਦੇ। ਤੁਹਾਨੂੰ ਜੁਆਬ ਦੇਣਾ ਚਾਹੀਦਾ ਹੈ ਤਾਂ ਜੋ ਪਤਾ ਲੱਗੇ ਕਿ ਫ਼ਿਲਮਸਾਜ਼ਾਂ ਵਿਚ ਵੰਨ-ਸਵੰਨਤਾ ਹੈ।**

**ਜਵਾਬ:** ਮੈਂ ਦਰਸ਼ਕ ਦੇ ਮਿਆਰ ਮੁਤਾਬਕ ਨਹੀਂ ਸਗੋਂ ਆਪਣੀ ਸਮਝ ਨਾਲ ਫ਼ਿਲਮ ਨਾਲ ਬਣਾਉਂਦਾ ਹਾਂ। ਮੈਨੂੰ ਤਾਂ ਇਹ ਦਲੀਲ ਹੀ ਅਜੀਬ ਲੱਗਦੀ ਹੈ। ਬਿਨਾਂ ਕਿਸੇ ਇਮਤਿਹਾਨ ਵਿਚ ਬੈਠੇ ਫ਼ਿਲਮਸਾਜ਼ ਆਪਣੀ ਲਿਆਕਤ ਅਤੇ ਦਰਸ਼ਕ ਦੀ ਜ਼ਹਾਲਤ ਦਾ ਐਲਾਨ ਕਰਦੇ ਹਨ। ਬਾਕੀ ਬੰਦਿਆਂ ਵਾਂਗ ਫ਼ਿਲਮਸਾਜ਼ ਵੀ ਸਮਾਜਿਕ ਜੀਅ ਹਨ। ਸਾਰੀਆਂ ਕਮੀਆਂ-ਪੇਸ਼ੀਆਂ ਅਤੇ ਗੁਣਾਂ-ਅਗੁਣਾਂ ਸਮੇਤ। ਆਪਣੇ-ਆਪ ਨੂੰ ਵਡਿਆਉਣ ਦੀ ਰੀਤ ਜਿਹੀ ਤੁਰ ਪਈ ਕਿ ਕਲਾਕਾਰ ਬਹੁਤ ਸੰਵਾਦਨਸ਼ੀਲ ਹੁੰਦੇ ਹਨ। ਇਸ ਧਾਰਨਾ ਲਈ ਕੋਈ ਇਲਾਹੀ ਫਰਮਾਨ ਨਹੀਂ ਹੈ। ਨਫ਼ਰਤ ਉਕਸਾਉਣ ਵਾਲੀਆਂ ਕਲਾ-ਕਿਰਤਾਂ ਦੀ ਦੁਨੀਆਂ ਵਿਚ ਕਮੀ ਨਹੀਂ ਹੈ ਜਿਨ੍ਹਾਂ ਵਿਚ ਫ਼ਿਲਮਾਂ ਵੀ ਸ਼ੁਮਾਰ ਹਨ। ਪੰਜਾਬੀ ਫ਼ਿਲਮਾਂ ਦੇ ਇਤਿਹਾਸ ਵਿਚ ਤਰਜੀਹ ਵਿਸ਼ੇ ਦੀ ਥਾਂ ਵਪਾਰ ਨੂੰ ਰਹੀ ਹੈ। ਹੁਣ ਪੱਤਰਕਾਰ ਮੁਨਾਫ਼ੇ ਲਈ ਫ਼ਿਲਮ ਬਣਾਉਣ ਵਾਲੇ ਫ਼ਿਲਮਸਾਜ਼ ਕੋਲੋਂ ਸਮਾਜਿਕ ਸਰੋਕਾਰਾਂ ਬਾਬਤ ਸੁਆਲ ਪੁੱਛਦੇ ਹਨ ਤਾਂ ਸਾਹਮਣੇ ਵਾਲੇ ਨੇ ਜੁਆਬ ਦੇਣੇ ਹਨ। ਚੰਗੀਆਂ ਫ਼ਿਲਮਾਂ ਨਾ ਬਣਨ ਦਾ ਠੀਕਰਾ ਦਰਸ਼ਕ ਸਿਰ ਭੰਨ੍ਹ ਦਿਓ। ਸੁਖਾਲਾ ਕੰਮ ਹੈ। ਇਹ ਫ਼ਿਲਮਸਾਜ਼ ਦਾ ਮਸਲਾ ਹੈ ਕਿ ਉਹ ਦਰਸ਼ਕ ਨੂੰ ਮਹਿਜ਼ ਖਪਤਕਾਰ ਮੰਨਦਾ ਹੈ ਜਾਂ ਕੁਝ ਹੋਰ। ਮੈਨੂੰ ਲੱਗਦਾ ਹੈ ਕਿ ਇਸ ਮਾਮਲੇ ਵਿਚ ਸਾਡੀ ਸਮਝ ਸਪਸ਼ਟ ਹੈ। ਸੰਗਤ ਸੂਝਵਾਨ ਹੁੰਦੀ ਹੈ। ਫ਼ੈਸਲਾ ਉਨ੍ਹਾਂ ਉਤੇ ਛੱਡ ਦਿੰਦੇ ਹਾਂ।

**ਸਵਾਲ: ਲੱਚਰ ਅਤੇ ਸਾਫ਼-ਸੁਥਰੀ ਫ਼ਿਲਮ ਵਿਚ ਤੁਸੀਂ ਨਿਖੇੜਾ ਕਿਵੇਂ ਕਰਦੇ ਹੋ?**

**ਜਵਾਬ:** ਲੱਚਰ ਅਤੇ ਸਾਫ਼-ਸੁਥਰੀਆਂ ਫ਼ਿਲਮਾਂ ਦੀ ਪਾਲਾਬੰਦੀ ਸੁਖਾਲੀ ਨਹੀਂ ਹੈ। ਕੁਝ ਲੋਕ ਨੰਗੇਜ਼ ਨੂੰ ਅਸ਼ਲੀਲਤਾ ਅਤੇ ਕੱਪੜਿਆਂ ਨੂੰ ਸੱਭਿਆਚਾਰ ਕਰਾਰ ਦਿੰਦੇ ਹਨ। ਸਾਫ਼-ਸੁਥਰੇ ਕੱਪੜੇ ਪਾ ਕੇ ਲਹਿਰਾਉਂਦੀਆਂ ਫ਼ਸਲਾਂ ਵਿਚ ਬੱਕਰੇ ਬੁਲਾਉਂਦੇ, ਜਾਤੀ ਹਉਮੈ ਦਾ ਦਿਖਾਵਾ ਕਰਦੇ ਅਤੇ ਮੌਜੂਦਾ ਪੰਜਾਬ ਦੇ ਬਹੁ-ਪਸਾਰੀ ਸੰਕਟ ਨੂੰ ਨਜ਼ਰਅੰਦਾਜ਼ ਕਰਨ ਵਾਲੇ ਮੈਨੂੰ ਲੱਚਰ ਲੱਗਦੇ ਹਨ। ਪੰਜਾਬ ਨੂੰ ਗੀਤਾਂ, ਭੰਗੜੇ, ਗਿੱਧੇ, ਕੱਪੜਿਆਂ, ਸਾਗ ਤੇ ਮੱਕੀ ਦੀ ਰੋਟੀ, ਦੋ-ਨਾਲੀਆਂ, ਮਹਿੰਗੀਆਂ ਕਾਰਾਂ ਅਤੇ ਦੇਸੀ ਦਾਰੂ ਤੱਕ ਮਹਿਦੂਦ ਕਰ ਦੇਣਾ ਲੱਚਰਤਾ ਹੈ। ਉਦਰੇਵੇਂ ਦੇ ਮਾਰੇ ਪਰਵਾਸੀ ਪੰਜਾਬੀ ਇਸੇ ਨੂੰ ਪੰਜਾਬ ਅਤੇ ਪੰਜਾਬੀ ਦੀ ਸੇਵਾ ਕਬੂਲ ਕਰ ਲੈਂਦੇ ਹਨ। ਬਾਕੀ ਦੁਨੀਆ ਵਾਂਗ ਪੰਜਾਬੀ ਉਦਾਸ ਹੁੰਦੇ ਹਨ, ਉਹ ਪੜ੍ਹਦੇ-ਲਿਖਦੇ ਅਤੇ ਸੋਚਦੇ ਹਨ। ਪੰਜਾਬੀ ਮੌਜੂਦਾ ਆਲਮ ਦੇ ਆਲਮੀ ਬਾਸ਼ਿੰਦੇ ਹਨ। ਜਦੋਂ ਫ਼ਿਲਮਾਂ ਵਿਚ ਪੰਜਾਬ ਦੀ ਕਿਸੇ ਦੁਖਦੀ ਰਗ ਉਤੇ ਹੱਥ ਧਰ ਕੇ ਪਰਵਾਸੀਆਂ ਦੀ ਮਿਹਰਬਾਨੀ ਜਾਂ ਨਾਇਕ ਦੀ ਕ੍ਰਿਪਾ ਨਾਲ ਸਮੱਸਿਆ ਸੁਲਝਾ ਦਿੱਤੀ ਜਾਂਦੀ ਹੈ ਤਾਂ ਮੈਨੂੰ ਲੱਗਦਾ ਹੈ ਕਿ ਇਹ ਪੰਜਾਬੀ ਸਮਾਜ ਨੂੰ ਛੁਟਿਆਉਣ ਵਾਲੀ ਗੱਲ ਹੈ। ਜੇ ਪੰਜਾਬ ਵਿਚ ਵਿਗਾੜ ਅਤੇ ਨਿਘਾਰ ਦੇ ਮਸਲੇ ਹਨ ਤਾਂ ਇਨ੍ਹਾਂ ਦਾ ਕਾਰਨ ਮਹਿਜ਼ ਪੰਜਾਬੀਆਂ ਦੀ ਨਾਲਾਇਕੀ ਨਹੀਂ ਹੈ।




*ਸਾਫ਼-ਸੁਥਰੇ ਕੱਪੜੇ ਪਾ ਕੇ ਲਹਿਰਾਉਂਦੀਆਂ ਫ਼ਸਲਾਂ ਵਿਚ ਬੱਕਰੇ ਬੁਲਾਉਂਦੇ, ਜਾਤੀ ਹਉਮੈ ਦਾ ਦਿਖਾਵਾ ਕਰਦੇ ਅਤੇ ਮੌਜੂਦਾ ਪੰਜਾਬ ਦੇ ਬਹੁ-ਪਸਾਰੀ ਸੰਕਟ ਨੂੰ ਨਜ਼ਰਅੰਦਾਜ਼ ਕਰਨ ਵਾਲੇ ਮੈਨੂੰ ਲੱਚਰ ਲੱਗਦੇ ਹਨ। ਪੰਜਾਬ ਨੂੰ ਗੀਤਾਂ, ਭੰਗੜੇ, ਗਿੱਧੇ, ਕੱਪੜਿਆਂ, ਸਾਗ ਤੇ ਮੱਕੀ ਦੀ ਰੋਟੀ, ਦੋ-ਨਾਲੀਆਂ, ਮਹਿੰਗੀਆਂ ਕਾਰਾਂ ਅਤੇ ਦੇਸੀ ਦਾਰੂ ਤੱਕ ਮਹਿਦੂਦ ਕਰ ਦੇਣਾ ਲੱਚਰਤਾ ਹੈ।*



*ਫ਼ਿਲਮ 'ਆਤੂ ਖੋਜੀ' ਦਾ ਦ੍ਰਿਸ਼।*

**ਸਵਾਲ: ਫ਼ਿਲਮ ਮਹਿੰਗਾ ਕੰਮ ਹੈ। ਤੁਸੀਂ ਕਈ ਸਾਲ ਵੱਡੀਆਂ ਨੌਕਰੀਆਂ ਕਰਕੇ ਇਕ ਫ਼ਿਲਮ ਬਣਾ ਕੇ ਇਹ ਦਲੀਲ ਪੇਸ਼ ਕਰਦੇ ਓ। ਇਸ ਤਰ੍ਹਾਂ ਲਗਾਤਾਰ ਕੰਮ ਨਹੀਂ ਕੀਤਾ ਜਾ ਸਕਦਾ?**

**ਜਵਾਬ:** ਇਹ ਸਹੀ ਹੈ। ਲਗਾਤਾਰ ਕੰਮ ਨਾ ਕਰ ਸਕਣ ਕਾਰਨ ਹੀ ਮੈਂ ਮੁੜ-ਮੁੜ ਨੌਕਰੀ ਕਰਦਾ ਹਾਂ। ਫ਼ਿਲਮ ਦਾ ਅਰਥਚਾਰਾ ਬਹੁਤ ਜ਼ਾਲਮ ਹੈ। ਇਸ ਦਾ ਮਤਲਬ ਇਹ ਨਹੀਂ ਕਿ ਫ਼ਿਲਮਾਂ ਦੀ ਪੜਚੋਲ ਨਹੀਂ ਹੋਣੀ ਚਾਹੀਦੀ ਅਤੇ ਜੋ ਮਿਲੇ, ਉਸ ਨੂੰ ਸਿਰ-ਮੱਥੇ ਕਬੂਲ ਕਰ ਲੈਣਾ ਚਾਹੀਦਾ ਹੈ। ਪੜਚੋਲ ਦਾ ਕੰਮ ਚੰਗੀ ਫ਼ਿਲਮ ਦੀ ਮੰਗ ਕਰਨਾ ਹੈ। ਬਾਕੀ ਮਸਲੇ ਆਪਣੀ ਥਾਂ ਅਹਿਮ ਹੋ ਸਕਦੇ ਹਨ। ਮੈਨੂੰ ਲੱਗਦਾ ਹੈ ਕਿ ਦੇਰ ਬਾਅਦ ਹੀ ਸਹੀ ਪਰ ਮੈਂ ਫ਼ਿਲਮ ਬਣਾਉਂਦਾ ਹਾਂ। ਤੂੰ ਪਿਛਲੇ ਪੰਜ ਸਾਲਾਂ ਤੋਂ ਕੋਈ ਫ਼ਿਲਮ ਨਹੀਂ ਬਣਾਈ।

**ਸਵਾਲ: ਮਸਲਾ ਇਹ ਹੈ ਕਿ ਫ਼ਿਲਮ ਬਣਾਉਣ ਅਤੇ ਜਿਉਂਦੇ ਰਹਿਣ ਲਈ ਪੈਸੇ ਤਾਂ ਹੋਣੇ ਚਾਹੀਦੇ ਹਨ।**

**ਜਵਾਬ:** ਠੀਕ ਹੈ। ਇਹ ਮਸਲਾ ਸੰਜੀਦਗੀ ਨਾਲ ਵਿਚਾਰਨ ਵਾਲਾ ਹੈ। ਫ਼ਿਲਮ ਦਾ ਅਰਥਚਾਰਾ ਸਿਨਮਾ, ਕੰਪਨੀਆਂ ਅਤੇ ਫ਼ਿਲਮ ਮੇਲਿਆਂ ਦੁਆਲੇ ਘੁੰਮਦਾ ਹੈ। ਇਨ੍ਹਾਂ ਦਾ ਕੋਈ ਬਦਲ ਲੱਭਣਾ ਪੈਣਾ ਹੈ। ਫ਼ਿਲਮਾਂ ਲਗਾਤਾਰ ਬਣਨ ਅਤੇ ਫ਼ਿਲਮਸਾਜ਼ ਘਾਟੇ ਵਿਚ ਨਾ ਰਹਿਣ। ਹੁਣ ਫ਼ਿਲਮ ਦੀ ਕੰਪਿਊਟਰ ਉਤੇ ਕਾਪੀ ਕਰਨੀ ਸੁਖਾਲੀ ਹੋ ਗਈ ਹੈ। ਇਸ ਨੈਤਿਕ ਦਲੀਲ ਦੀ ਮੌਜੂਦਾ ਖਪਤਕਾਰੀ ਦੌਰ ਵਿਚ ਫੂਕ ਨਿਕਲ ਗਈ ਹੈ ਕਿ 'ਚੰਗੀ ਫ਼ਿਲਮ ਲਈ ਪੈਸੇ ਦੇਣਾ ਜ਼ਰੂਰੀ ਹੈ।'

**ਸਵਾਲ: ਇਸ ਦਾ ਮਤਲਬ ਇਹ ਹੋਇਆ ਕਿ ਫ਼ਿਲਮ ਵਪਾਰੀ ਜਾਂ ਅਮੀਰ ਹੀ ਬਣਾ ਸਕਦੇ ਹਨ?**

**ਜਵਾਬ:** ਮੈਂ ਅਮੀਰ ਨਹੀਂ ਹਾਂ ਪਰ ਤਿੰਨ-ਚਾਰ ਸਾਲਾਂ ਵਿਚ ਅਜਿਹੀ ਫ਼ਿਲਮ ਲਈ ਪੈਸੇ ਅਤੇ ਸਮਾਂ ਕੱਢ ਸਕਦਾ ਹਾਂ। ਤੈਨੂੰ ਚਾਹੇ ਪਸੰਦ ਨਹੀਂ ਪਰ ਮੈਂ ਫ਼ਿਲਮ ਨੂੰ ਬਹੁਤ ਸਸਤੀ ਜਾਂ ਮੁਫ਼ਤ ਵੀ ਵੰਡ ਸਕਦਾ ਹਾਂ।

**ਸਵਾਲ: ਤੁਹਾਡੇ ਬਾਬਤ ਕਿਹਾ ਜਾਂਦਾ ਹੈ ਕਿ ਕਿ ਰਾਜੀਵ ਕੋਲ ਪੈਸੇ ਹਨ ਤਾਂ ਉਸ ਨੇ ਫ਼ਿਲਮ ਮੁਫ਼ਤ ਵੰਡ ਦਿੱਤੀ। ਕਿਸੇ ਦਲਜੀਤ ਅਮੀ ਨੂੰ ਇਤਰਾਜ਼ ਕਰਨ ਦਾ ਕੀ ਹੱਕ ਹੈ? ਇਸ ਤਰ੍ਹਾਂ ਫ਼ਿਲਮ ਤੁਹਾਡੇ ਆਪਣੇ ਘੇਰੇ ਤੱਕ ਵੀ ਤਾਂ ਮਹਿਦੂਦ ਹੁੰਦੀ ਹੈ।**

**ਜਵਾਬ:** ਦਲਜੀਤ ਅਮੀ ਮੇਰਾ ਦੋਸਤ ਹੈ। ਫ਼ਿਲਮ ਸਮਾਜ ਨਾਲ ਸੰਵਾਦ ਦੀ ਸ਼ੈਅ ਹੈ। ਇਸ ਬਾਬਤ ਹਰ ਪੱਖੋਂ ਗੱਲ ਹੋਣੀ ਚਾਹੀਦੀ ਹੈ; ਜਿਸ ਤਰ੍ਹਾਂ ਕਿਸਾਨੀ, ਖੇਤੀ, ਕਿਸਾਨ ਅਤੇ ਅੰਨ-ਸੁਰੱਖਿਆ ਦੀ ਹੁੰਦੀ ਹੈ। ਤੇਰਾ ਇਤਰਾਜ਼ ਜਾਇਜ਼ ਹੈ ਪਰ ਇਸ ਦਾ ਹੱਲ ਕੋਈ ਨਹੀਂ।

**ਸਵਾਲ: ਇਹ ਤਾਂ ਠੀਕ ਹੋਇਆ ਕਿ ਪੈਸੇ ਵਾਲੇ ਹੀ ਫ਼ਿਲਮ ਵੰਡ ਸਕਦੇ ਹਨ?**

**ਜਵਾਬ:** ਲੋਕ ਪੱਖ ਵਿਚ ਇਹ ਠੀਕ ਹੈ।

**ਸਵਾਲ: ਇਸ ਕੰਮ ਉਤੇ ਮੁਹਾਰਤ ਹਿਟਲਰ ਦੀ ਰਹੀ ਹੈ। ਗੁਜਰਾਤ ਦੇ ਦੰਗਿਆਂ ਤੋਂ ਬਾਅਦ ਨਰਿੰਦਰ ਮੋਦੀ ਨੇ 'ਇੰਡੀਆ ਟੂਡੇ' ਨਾਲ ਮੁਫ਼ਤ ਫ਼ਿਲਮ ਵੰਡੀ ਸੀ। ਇਹ ਮੁਕਾਬਲਾ ਨੌਕਰੀਆਂ ਕਰਨ ਵਾਲੇ ਨਹੀਂ ਕਰ ਸਕਦੇ।**

**ਜਵਾਬ:** ਤੂੰ ਭੁੱਲ ਗਿਆ। ਗੁਜਰਾਤ ਦੇ ਦੰਗਿਆਂ ਬਾਬਤ ਰਾਕੇਸ਼ ਸ਼ਰਮਾ ਨੇ ਵੀ ਹਿੰਦੀ ਦੇ ਰਸਾਲੇ 'ਹੰਸ' ਰਾਹੀਂ ਫ਼ਿਲਮ ਮੁਫ਼ਤ ਵੰਡੀ ਸੀ।

**ਸਵਾਲ: ਤੁਸੀਂ ਅੱਧੀ ਗੱਲ ਯਾਦ ਰੱਖੀ ਹੈ। ਉਸੇ ਰਸਾਲੇ ਵਿਚ ਇਹ ਬੇਨਤੀ ਵੀ ਛਪੀ ਸੀ ਕਿ ਜੇ ਦਰਸ਼ਕਾਂ ਨੂੰ ਲੱਗਦਾ ਹੈ ਕਿ ਅਜਿਹੀ ਫ਼ਿਲਮ ਬਣਨੀ ਚਾਹੀਦੀ ਹੈ ਤਾਂ ਦੋ ਸੌ ਰੁਪਏ ਭੇਜਣ ਦੀ ਕਿਰਪਾ ਕਰੋ। ਉਂਜ, ਇਹ ਤਜਰਬਾ ਕਿਸੇ ਮੌਕੇ ਦੀ ਅਹਿਮੀਅਤ ਨਾਲ ਜੋੜ ਕੇ ਕੀਤਾ ਜਾ ਸਕਦਾ ਹੈ। ਇਹ ਨੇਮ ਨਹੀਂ ਹੋ ਸਕਦਾ।**

**ਜਵਾਬ:** ਮੈਂ ਸਹਿਮਤ ਹਾਂ ਕਿਉਂਕਿ ਅਜਿਹੀ ਨੈਤਿਕਤਾ ਮੁਖੀ ਦਲੀਲ ਨਾਲ ਫ਼ਿਲਮ ਦਾ ਅਰਥਚਾਰਾ ਨਹੀਂ ਚੱਲ ਸਕਦਾ।

**ਸਵਾਲ: ਇਹ ਮਸਲਾ ਪੇਚੀਦਾ ਹੈ। ਫ਼ਿਲਮ ਦੇ ਸਿਆਸੀ ਅਰਥਚਾਰੇ ਬਾਬਤ ਸੰਜੀਦਾ ਸੰਵਾਦ ਹੋਣਾ ਚਾਹੀਦਾ ਹੈ ਪਰ ਆਪਾਂ 'ਆਤੂ ਖੋਜੀ' ਬਾਬਤ ਗੱਲ ਕਰਦੇ ਹਾਂ। ਤੁਹਾਡੇ ਦੋ ਅਹਿਮ ਕਿਰਦਾਰ ਬੇੜੀ ਵਿਚ ਮਿਲਦੇ ਹਨ। ਇਸ ਬੇੜੀ ਅਤੇ**

(ਬਾਕੀ ਸਫਾ 30 'ਤੇ)



ਪਹਿਲੀ ਗੱਲ

ਜਤਿੰਦਰ ਮੌਹਰ

ਫੋਨ: +91 97799 34747

# ਅੱਜ ਦੇ ਜ਼ਮਾਨੇ 'ਚ ਅਸ਼ਲੀਲਤਾ ਦਾ ਮੁੱਦਾ

***ਨੌਜਵਾਨ ਫ਼ਿਲਮਸਾਜ਼ ਜਤਿੰਦਰ ਮੌਹਰ ਨੇ ਆਪਣੇ ਕਾਲਮ 'ਪਹਿਲੀ ਗੱਲ' ਦੇ ਇਸ ਲੇਖ ਵਿਚ ਅਸ਼ਲੀਲਤਾ ਦਾ ਮੁੱਦਾ ਵਿਚਾਰਿਆ ਹੈ ਜਿਸ ਨੂੰ ਆਮ ਕਰਕੇ ਮਹਿਜ਼ ਨੰਗੇ ਸੰਵਾਦਾਂ, ਗਾਲਾਂ ਅਤੇ ਨੰਗੇ ਦ੍ਰਿਸ਼ਾਂ ਤੱਕ ਮਹਿਦੂਦ ਕਰ ਕੇ ਰੱਖ ਦਿੱਤਾ ਜਾਂਦਾ ਹੈ। ਜਤਿੰਦਰ ਇਸ ਮੁੱਦੇ ਨੂੰ ਬੁਰਛਾਗਰਦੀ ਅਤੇ ਅੱਜਕੱਲ੍ਹ ਦੇ ਗਾਇਕਾਂ ਵੱਲੋਂ ਸਭਿਆਚਾਰ ਦੇ ਚਿੰਨ੍ਹਾਂ ਵਿਚ ਲਿਆਂਦੇ ਜਾ ਰਹੇ ਵਿਗਾੜਾਂ ਤੱਕ ਵਿਸਥਾਰ ਦਿੰਦਾ ਹੈ। ਉਹਦੇ ਹਿਸਾਬ ਨਾਲ ਦਿਖਾਵਾ ਵੀ ਅਸ਼ਲੀਲਤਾ ਹੀ ਹੈ। ਬਤੌਰ ਫ਼ਿਲਮਸਾਜ਼ ਉਹ ਇਨ੍ਹਾਂ ਮੁੱਦਿਆਂ ਬਾਰੇ ਲਗਾਤਾਰ ਚਰਚਾ ਛੇੜਦਾ ਹੈ, ਮਿੱਟੀ ਫਰੋਲਦਾ ਹੈ। ਆਪਣੀ ਫ਼ਿਲਮ 'ਮਿੱਟੀ' ਵਿਚ ਉਹਨੇ ਇਨ੍ਹਾਂ ਗੱਲਾਂ ਦਾ ਬਾਕਾਇਦਾ ਧਿਆਨ ਰੱਖਿਆ ਹੈ। -ਸੰਪਾਦਕ***

ਫ਼ਿਲਮਾਂ ਵਿਚਲੀ ਅਸ਼ਲੀਲਤਾ ਹਮੇਸ਼ਾਂ ਚਰਚਾ ਦਾ ਵਿਸ਼ਾ ਰਹੀ ਹੈ ਜਿਸ ਨੂੰ ਨੰਗੇ ਸੰਵਾਦਾਂ, ਗਾਲਾਂ ਅਤੇ ਨੰਗੇ ਦ੍ਰਿਸ਼ਾਂ ਤੱਕ ਮਹਿਦੂਦ ਕਰ ਕੇ ਦੇਖਿਆ ਜਾਂਦਾ ਹੈ। ਅਸ਼ਲੀਲਤਾ ਦਾ ਮੁੱਦਾ ਸੰਜੀਦਾ ਸੰਵਾਦ ਦੀ ਮੰਗ ਕਰਦਾ ਹੈ। ਚੇਤਨ ਸਮਾਜ ਹੋਣ ਦੇ ਨਾਤੇ ਸਾਡੇ ਲਈ ਅਸ਼ਲੀਲਤਾ ਦੇ ਪੈਮਾਨਿਆਂ ਨੂੰ ਮਿਥਣਾ ਅਤੇ ਵਡੇਰੇ ਪ੍ਰਸੰਗ 'ਚ ਦੇਖਣਾ ਜ਼ਰੂਰੀ ਹੈ। ਜੇ ਸੰਵਾਦ ਜਾਂ ਦ੍ਰਿਸ਼ ਕਾਮ-ਉਕਸਾਉਣ ਜਾਂ ਵਿੱਤੀ ਲਾਹਾ ਲੈਣ ਲਈ ਵਰਤੇ ਜਾਂਦੇ ਹਨ ਤਾਂ ਉਹ ਵਿਸ਼ਾ ਯਕੀਕਨ ਅਸ਼ਲੀਲਤਾ ਦੇ ਘੇਰੇ 'ਚ ਆਉਂਦਾ ਹੈ। ਜੇ ਉਹੀ ਸੰਵਾਦ ਜਾਂ ਦ੍ਰਿਸ਼ ਕਿਰਦਾਰਾਂ ਅਤੇ ਬਿਰਤਾਂਤ ਨੂੰ ਅੱਗੇ ਵਧਾਉਣ ਜਾਂ ਉਨ੍ਹਾਂ ਨਾਲ ਇਨਸਾਫ਼ ਕਰਨ 'ਚ ਸਹਾਈ ਹੁੰਦੇ ਹਨ ਤਾਂ ਉਨ੍ਹਾਂ ਨੂੰ ਅਸ਼ਲੀਲਤਾ ਦੇ ਘੇਰੇ 'ਚ ਨਹੀਂ ਰੱਖਿਆ ਜਾ ਸਕਦਾ। ਇਥੇ 'ਬੈਂਡਿਟ ਕਵੀਨ' ਦੀ ਮਿਸਾਲ ਦੇਣਾ ਸਹੀ ਹੋਵੇਗਾ। ਨੰਗੇ ਦ੍ਰਿਸ਼ਾਂ ਕਰਕੇ ਫ਼ਿਲਮ ਦੇਖਣ ਆਏ ਲੋਕ ਫੂਲਨ ਦੇਵੀ ਨੂੰ ਨੰਗਾ ਕਰਨ ਵਾਲੇ ਦ੍ਰਿਸ਼ 'ਚ ਅੱਖਾਂ ਬੰਦ ਕਰਦੇ ਮੈਂ ਆਪ ਦੇਖੇ ਹਨ। ਹਦਾਇਤਕਾਰ ਨੇ ਸੰਗਤ ਦੀ ਸੰਵੇਦਨਾ ਨੂੰ ਉਸ ਉਚਾਈ ਤੱਕ ਪੁਚਾਇਆ, ਜਿੱਥੇ ਨੰਗੇਜ਼ ਮਹਿਜ਼ 'ਸਵਾਦ' ਲੈਣ ਦੀ ਵਸਤੂ ਨਹੀਂ ਰਹਿ ਜਾਂਦਾ। ਦੇਖਣ ਵਾਲੇ ਦੀ ਸੰਵੇਦਨਾ ਫੂਲਨ ਦੇਵੀ ਨਾਲ ਵਾਪਰੀ ਅਣਮਨੁੱਖੀ ਤ੍ਰਾਸਦੀ ਨੂੰ ਅੱਖੋਂ ਉਹਲੇ ਨਹੀਂ ਕਰ ਸਕਦੀ। ਉਹਨੂੰ ਦੋਸ਼ੀਆਂ ਨਾਲ ਨਫ਼ਰਤ ਵੀ ਹੁੰਦੀ ਹੈ ਅਤੇ ਆਪਣੀ 'ਸਵਾਦ' ਲੈਣ ਦੀ ਇੱਛਾ 'ਤੇ ਵੀ ਘਿਣ ਆਉਣ ਲੱਗਦੀ ਹੈ। ਇਹ ਫ਼ਿਲਮ ਦੀ ਅਸਲੀ ਸਮਰੱਥਾ ਹੈ।

ਸਾਡੇ ਮੁਲਕ ਦੇ ਮਸ਼ਹੂਰ ਨਾਵਲਕਾਰ ਅਤੇ ਫ਼ਿਲਮ ਲੇਖਕ ਡਾ. ਰਾਹੀ ਮਾਸੂਮ ਰਜ਼ਾ ਉਤੇ ਕਿਰਤਾਂ ਵਿਚ 'ਅਸ਼ਲੀਲ' ਸੰਵਾਦ ਵਰਤਣ ਦਾ ਦੋਸ਼ ਲੱਗਦਾ ਰਿਹਾ ਹੈ। ਉਨ੍ਹਾਂ ਨੂੰ ਵੱਡੇ ਸਾਹਿਤ-ਸਨਮਾਨ ਨਾ ਮਿਲਣ ਦਾ ਇਹੀ ਕਾਰਨ ਦੱਸਿਆ ਜਾਂਦਾ ਸੀ। ਕਿਸੇ ਮਿੱਤਰ ਦੇ ਮੂੰਹੋਂ ਸ਼ਿਕਾਇਤ ਸੁਣ ਕੇ ਰਜ਼ਾ ਸਾਹਿਬ ਨੇ ਅਗਲੇ ਨਾਵਲ 'ਚ ਕਿਰਦਾਰਾਂ ਤੋਂ ਗਾਲਾਂ ਨਾ ਕਢਾਉਣ ਦਾ ਵਾਅਦਾ ਕਰ ਲਿਆ। ਮਿੱਤਰ ਨੇ ਆਪਣੇ 'ਮਾਅਰਕੇ' ਦਾ ਖ਼ੂਬ ਰੌਲਾ ਪਾਇਆ। ਅਗਲੇ ਨਾਵਲ ਦੀ ਭੂਮਿਕਾ 'ਚ ਰਜ਼ਾ ਸਾਹਿਬ ਦੇ ਸ਼ਬਦ ਸਨ, "ਮੈਂ ਉਚੇ ਮਾਣ-ਸਨਮਾਨ ਲੈਣ ਲਈ ਆਪਣੇ ਕਿਰਦਾਰਾਂ ਦੀ ਜ਼ੁਬਾਨ ਨਹੀਂ ਕੱਟ ਸਕਦਾ"। ਰਜ਼ਾ ਸਾਹਿਬ ਦੀਆਂ ਲਿਖਤਾਂ 'ਚੋਂ ਸਿਦਕਦਿਲੀ ਅਤੇ ਇਮਾਨਦਾਰੀ ਦਾ ਝਲਕਾਰਾ ਪੈਂਦਾ ਹੈ ਜੋ ਆਵਾਮੀ-ਸਾਹਿਤ ਦੀਆਂ ਸ਼ਾਹਕਾਰ ਕਿਰਤਾਂ ਮੰਨੀਆਂ ਜਾਂਦੀਆਂ ਹਨ।

ਪੰਜਾਬੀ ਫ਼ਿਲਮਾਂ 'ਚ ਅਸ਼ਲੀਲਤਾ ਦਾ ਢਿੰਡੋਰਾ ਪਿੱਟਣ ਵਾਲੇ ਸਿੱਕੇ ਦਾ ਇਕੋ ਪਹਿਲੂ ਦੇਖਣ-ਦਿਖਾਉਣ ਦੇ ਆਦੀ ਹਨ। ਇਕ ਵਿਸ਼ੇ 'ਤੇ ਕਈ ਗ਼ੈਰ-ਸੰਜੀਦਾ ਅਤੇ ਗ਼ੈਰ-ਸਾਰਥਿਕ ਫ਼ਿਲਮਾਂ ਬਣਾਉਣਾ ਉਨ੍ਹਾਂ ਨੂੰ ਅਸ਼ਲੀਲਤਾ ਨਹੀਂ ਲੱਗਦਾ। ਪ੍ਰੋ. ਕਿਸ਼ਨ ਸਿੰਘ, ਹੀਰ ਦੇ ਕਿੱਸੇ ਬਾਰੇ ਕਹਿੰਦਾ ਹੈ ਕਿ ਇਹ ਰੰਨ ਤੋਂ ਔਰਤ ਹੋਣ ਦਾ ਸਫ਼ਰ ਹੈ। ਹੀਰ ਦਾ ਕਿਰਦਾਰ ਧਾਰਮਿਕ ਅਤੇ ਸਮਾਜੀ ਗ਼ਲਬੇ ਦੇ ਖ਼ਿਲਾਫ਼ ਨਾਬਰੀ ਦੀ ਆਵਾਜ਼ ਬਣਦਾ ਹੈ। ਅਜੋਕੀਆਂ ਫ਼ਿਲਮਾਂ ਅਤੇ ਸੰਗੀਤ ਅੱਜ ਦੁਬਾਰਾ ਔਰਤ ਨੂੰ ਰੰਨ ਬਣਾਉਣ 'ਤੇ ਤੁਲਿਆ ਹੋਇਆ ਹੈ। ਉਨ੍ਹਾਂ ਨੂੰ ਔਰਤ ਦੀ ਸਰੀਰਕ ਦਿੱਖ ਤੋਂ ਬਿਨਾ ਕੁਝ ਨਹੀਂ ਦਿਸ ਰਿਹਾ ਜੀਹਨੂੰ ਉਹ ਹਰ ਹੀਲੇ ਵੇਚਣ ਲਈ ਪੱਬਾਂ ਭਾਰ ਹਨ। ਉਹ ਲੋਕ-ਮੁੱਦਿਆਂ ਤੋਂ ਸੰਗਤ ਦਾ ਧਿਆਨ ਭਟਕਾਉਣ ਅਤੇ ਸਮਾਜਿਕ ਗ਼ਲਬੇ ਨੂੰ ਪੱਕੇ ਪੈਰੀਂ ਕਰਨ 'ਚ ਬਣਦਾ ਹਿੱਸਾ ਪਾ ਰਹੇ ਹਨ।

ਪਿਛਲੀਆਂ ਪੰਜਾਬੀ ਫ਼ਿਲਮਾਂ ਦੇਖ ਕੇ ਲਗਦਾ ਹੈ ਕਿ ਇੱਥੋਂ ਦੇ ਮੁੰਡੇ-ਕੁੜੀਆਂ ਦੁਨੀਆਂ 'ਤੇ ਸਿਰਫ਼ ਵਿਆਹ ਕਰਵਾਉਣ ਲਈ ਜੰਮੇ ਹਨ। ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਅਧਿਆਪਕਾਂ ਲਈ ਵਿਦਿਅਕ ਕੰਮਾਂ ਤੋਂ ਜ਼ਿਆਦਾ ਜ਼ਰੂਰੀ ਕੰਮ ਕੁੜੀਆਂ ਫਸਾਉਣ ਦੇ ਗੁਰ ਸਿਖਾਉਣਾ ਹੈ। ਅਜਿਹੇ ਕਿਰਦਾਰ ਪਰਾਏ ਗ੍ਰਹਿ ਦੇ ਵਾਸੀ ਲੱਗਦੇ ਹਨ ਜਿਨ੍ਹਾਂ ਦਾ ਸਮਾਜੀ ਵਰਤਾਰਿਆਂ ਨਾਲ ਕੋਈ ਵਾਹ-ਵਾਸਤਾ ਨਹੀਂ। ਜਿਨ੍ਹਾਂ ਵਿਦਿਆ ਦੇ ਮੰਦਰਾਂ ਨੇ ਚੰਗੇ ਮਨੁੱਖ ਸਿਰਜਣੇ ਸਨ। ਉਨ੍ਹਾਂ ਨੂੰ ਗ਼ੈਰ-ਸੰਵੇਦੀ ਅਤੇ ਦੂਸ਼ਤ ਕਰਨ ਵਾਲਾ ਵਰਤਾਰਾ ਅਸ਼ਲੀਲਤਾ ਦੇ ਘੇਰੇ ਤੋਂ ਬਾਹਰ ਕਿਵੇਂ ਹੋ ਸਕਦਾ ਹੈ? ਫਿਰ ਉਹੀ ਅਸ਼ਲੀਲ ਫ਼ਿਕਰਾ ਦੁਹਰਾ ਦਿੱਤਾ ਜਾਂਦਾ ਹੈ, "ਲੋਕ ਤਾਂ ਇਹੀ ਸਭ ਪਸੰਦ ਕਰਦੇ ਨੇ ਜੀ"। ਫ਼ਿਲਮਾਂ ਬਣਾਉਣਾ ਫ਼ਿਲਮਸਾਜ਼ਾਂ ਦੇ ਹੱਥ 'ਚ ਹੈ। ਨੜਿੰਨਵੇਂ ਫ਼ੀਸਦੀ ਬੇਹੂਦਾ ਫ਼ਿਲਮਾਂ ਖ਼ੁਦ ਬਣਾ ਕੇ ਭਾਂਡਾ ਸੰਗਤ ਸਿਰ ਭੰਨ੍ਹਦੇ ਹਨ। ਆਲਮ ਦੀ ਸਮੁੱਚੀ ਨਾਬਰੀ ਨੂੰ ਖ਼ਾਸ ਜ਼ਾਤ, ਸੂਬੇ, ਮੁਲਕ ਜਾਂ ਨਿੱਜੀ ਹੈਂਕੜ ਤੱਕ ਮਹਿਦੂਦ ਕਰਨ ਵਾਲਿਆਂ ਨੂੰ ਅਸ਼ਲੀਲ ਕਰਾਰ ਦੇਣਾ ਮਨੁੱਖੀ ਫ਼ਰਜ਼ ਹੈ। ਜੱਟ, ਜਨਾਨੀ, ਦਾਰੂ ਅਤੇ ਆਟੋਮੋਬਾਇਲ ਸਨਅਤ ਨੂੰ ਭਾਰੂ ਵਰਤਾਰੇ ਦੇ ਰੂਪ 'ਚ ਪੇਸ਼ ਕਰਨਾ ਅਸ਼ਲੀਲਤਾ ਕਿਉਂ ਨਹੀਂ ਹੈ? ਜੁਗਨੀ ਬਾਰੇ ਅਸੀਂ ਜਾਣਦੇ ਹਾਂ ਕਿ ਗੋਰੇ ਰਾਜ ਦੇ ਪੰਜਾਹ ਸਾਲ ਪੂਰੇ ਹੋਣ ਦੇ ਜਸ਼ਨਾਂ 'ਚ ਜੁਬਲੀ ਲਾਟ ਵਲੈਤ ਤੋਂ ਮੰਗਵਾ ਕੇ ਪੂਰੇ ਮੁਲਕ 'ਚ ਘੁਮਾਈ ਗਈ। ਜੁਗਨੀ ਸ਼ਬਦ ਜੁਬਲੀ ਦਾ ਵਿਗੜਿਆ ਰੂਪ ਹੈ। ਅਸੀਂ ਜੁਗਨੀ ਨੂੰ ਗੀਤਾਂ ਅਤੇ ਲਿਖਤਾਂ 'ਚ ਜਗ੍ਹਾ ਦਿੱਤੀ। ਉਹ ਸਮਾਜਿਕ ਬੁਰਾਈਆਂ ਦੇ ਖ਼ਿਲਾਫ਼ ਲੋਕਾਂ ਦਾ ਕਾਵਿਕ-ਹਥਿਆਰ ਬਣਦੀ ਹੈ। ਹੁਣ ਮੀਕਾ ਅਤੇ ਬੱਬੂ ਮਾਨ ਵਰਗੇ ਜੁਗਨੀ ਨੂੰ ਰਜ਼ੀਆ, ਸ਼ੀਲਾ, ਜਲੇਬੀ ਬਾਈ ਅਤੇ ਮੁੰਨੀ ਦੀ ਅਗਲੀ ਕੜੀ ਬਣਾਉਣ 'ਤੇ ਤੁਲੇ ਹੋਏ ਹਨ। ਨਾਬਰੀ ਦਾ ਔਰਤ ਰੂਪ ਕਾਮ-ਉਕਸਾਊ ਜ਼ਰੀਆ ਬਣਨ ਦੇ ਰਾਹ 'ਤੇ ਹੈ। ਪੰਜਾਬੀਆਂ ਦੇ ਸੋਚਣ ਦਾ ਮਸਲਾ ਹੈ ਕਿ ਜਿਨ੍ਹਾਂ ਕਿਰਦਾਰਾਂ ਅਤੇ ਪਛਾਣਾਂ ਨੂੰ ਅਸੀਂ ਲੋਕ-ਹਿੱਤ ਦੇ ਭਲੇ ਲਈ ਅਪਣੀ ਆਵਾਜ਼ ਬਣਾਉਣਾ ਸੀ। ਉਹ ਵਿਕਾਊ ਸ਼ੈਅ ਦਾ ਨਾਮ ਕਿਵੇਂ ਹੋ ਗਏ?



*ਫ਼ਿਲਮ 'ਬੈਂਡਿਟ ਕਵੀਨ' ਦਾ ਉਹ ਮਾਰਮਿਕ ਦ੍ਰਿਸ਼ ਜਿਸ ਨੂੰ ਦੇਖ ਕੇ ਦਰਸ਼ਕ ਸੁੰਨ ਹੋ ਗਏ ਸਨ। ਇਸ ਦ੍ਰਿਸ਼ ਵਿਚ ਫ਼ਿਲਮ ਦੀ ਕਿਰਦਾਰ ਫੂਲਾਂ ਦੇਵੀ ਨੂੰ ਨੰਗਿਆਂ ਕਰਕੇ ਪਿੰਡ ਵਿਚ ਘੁੰਮਾਇਆ ਗਿਆ ਸੀ।*

ਸੰਗੀਤ-ਮੰਡੀ ਦੇ ਵਪਾਰੀਆਂ ਨੇ ਸਾਂਝੇ ਪੰਜਾਬ ਦੇ ਸੂਰੇ ਦੁੱਲਾ ਭੱਟੀ ਨੂੰ ਵੀ ਨਹੀਂ ਬਖ਼ਸ਼ਿਆ। ਦੁੱਲਾ ਭੱਟੀ ਹੁਣ ਬਾਹਾਂ 'ਤੇ ਟੈਟੂ ਖੁਣਵਾਉਣ ਵਾਲਾ, ਫ਼ਰੈਂਚ ਕੱਟ ਦਾੜ੍ਹੀ ਅਤੇ ਵਾਲਾਂ ਨੂੰ ਜੈਲ੍ਹ ਲਾਉਣ ਵਾਲਾ ਫ਼ੁਕਰਾ ਨਾਇਕ ਬਣ ਕੇ ਸਾਡੇ ਸਾਹਮਣੇ ਆਉਂਦਾ ਹੈ। 'ਥ੍ਰੀ ਹੰਡਰਡ' ਮਾਰਕਾ ਹਾਲੀਵੁੱਡ ਫ਼ਿਲਮਾਂ ਦੇ ਨਕਲਚੀਆਂ ਦੁਆਰਾ, ਇਹ ਪੰਜਾਬ ਦੀ ਨਾਬਰ-ਰਵਾਇਤ ਨੂੰ ਵੱਟਾ ਲਾਉਣ ਦੀ ਹਰਕਤ ਹੈ। ਜੈਜ਼ੀ ਬੀ. ਦੇ ਰੂਪ ਵਿਚ 'ਦੁੱਲੇ' ਦਾ ਭੱਦਾ ਅਵਤਾਰ ਅਸ਼ਲੀਲਤਾ ਦੀ ਨਵੀਂ ਸਿਖ਼ਰ ਹੋ ਨਿਬੜਦਾ ਹੈ।

ਸੂਫੀ ਸੰਗੀਤ ਅਤੇ ਸੂਫੀ ਗਾਇਕ ਹੋਣ ਦਾ ਰੌਲਾ ਪਾਉਣ ਵਾਲਿਆਂ ਦੀ ਅੱਜਕੱਲ੍ਹ ਭਰਮਾਰ ਹੈ। ਸੂਫੀ ਸੰਗੀਤ ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ। ਸੂਫੀ ਅਪਣੇ ਆਪ 'ਚ ਸੋਚ ਅਤੇ ਕਲਾਮ ਹੈ ਜੋ ਹਰ ਤਰ੍ਹਾਂ ਦੇ ਗ਼ਲਬੇ, ਨੁਮਾਇਸ਼ ਜਾਂ ਦਿਖਾਵੇ ਦੇ ਸਖ਼ਤ ਖ਼ਿਲਾਫ਼ ਹੈ। ਅੱਜ ਦੇ ਸਮਿਆਂ 'ਚ ਲੰਬੇ ਵਾਲ ਰੱਖ ਕੇ ਸਿਰ ਹਿਲਾਉਣਾ ਅਤੇ ਪੱਗ ਬੰਨ੍ਹਣਾ ਹੀ ਸੂਫੀ ਹੋਣ ਦਾ ਪੈਮਾਨਾ ਹੋ ਗਿਆ ਹੈ। ਜਿਸ ਦਿਖਾਵੇ ਦੀ ਸੂਫੀ ਸਭ ਤੋਂ ਵੱਧ ਵਿਰੋਧਤਾ ਕਰਦੇ ਸਨ, ਉਹੀ ਨੁਮਾਇਸ਼-ਮੁਖੀ ਸੱਭਿਆਚਾਰ ਹੁਣ ਸੂਫੀ ਹੋਣ ਦੀ ਤਸਦੀਕ ਕਰਦਾ ਹੈ। ਪੱਗ ਮਾਰਕਾ 'ਸੂਫੀ' ਅਪਣੇ ਗੀਤਾਂ ਵਿਚ ਨੌਜਵਾਨਾਂ ਨੂੰ ਗਾਲਾਂ ਕੱਢਣ ਨੂੰ 'ਸੂਫੀ ਕਲਾਮ' ਸਮਝੀ ਬੈਠੇ ਹਨ, ਜਿਵੇਂ ਮੁਲਕ ਦੀਆਂ ਸਾਰੀਆਂ ਸਮੱਸਿਆਵਾਂ ਗੱਭਰੂਆਂ ਨੇ ਹੀ ਪੈਦਾ ਕੀਤੀਆਂ ਹੋਣ? ਅਜਿਹੇ 'ਗ਼ੈਰ ਸਿਆਸੀ' ਕਹਾਉਣ ਵਾਲੇ ਦਿਖਾਵੇਬਾਜ਼ ਸੂਫੀਆਂ ਦੀ ਸਿਆਸਤ ਡਾਹਢਿਆਂ ਦੇ ਹੱਕ 'ਚ ਹੀ ਭੁਗਤ ਸਕਦੀ ਹੈ। ਮੁਲਕ ਦੀ 'ਤਰੱਕੀ' ਵਿਚ ਰੋੜਾ ਬਣਨ ਵਾਲੇ ਗੱਭਰੂਆਂ ਦਾ ਦੁੱਖ ਸਤਿੰਦਰ ਸਰਤਾਜ ਜਿਹੇ 'ਸੂਫੀ' ਨਹੀਂ ਸਮਝ ਸਕਦੇ। ਜੇ ਸਮਝੇ ਹੁੰਦੇ ਤਾਂ ਮੁਲਕ ਦੇ ਅਸਲੀ ਦੁਸ਼ਮਣਾਂ ਦੀ ਨਿਸ਼ਾਨਦੇਹੀ ਗੀਤਾਂ ਵਿਚ ਜ਼ਰੂਰ ਕਰਦੇ। ਜਿਵੇਂ ਬਾਬਾ ਬੁੱਲੇ ਸ਼ਾਹ ਨੇ ਬਾਬੇ ਤੇਗ ਬਹਾਦਰ ਨੂੰ ਗ਼ਾਜ਼ੀ (ਧਰਮ ਲਈ ਲੜਨ ਵਾਲਾ ਸੂਰਮਾ) ਕਹਿ ਕੇ ਅਤੇ ਔਰੰਗਜ਼ੇਬ ਨੂੰ ਕਾਫ਼ਿਰ ਗਰਦਾਨ ਕੇ ਕੀਤੀ ਸੀ। ਗ਼ਲਬਿਆਂ ਦੇ ਸਮਕਾਲੀ ਰੂਪਾਂ ਦੀ ਪਛਾਣ ਕਰਕੇ ਹੀ ਸੂਫੀਆਂ ਦੀ ਵਿਰਾਸਤ ਅਤੇ ਪੈਰੋਕਾਰਾਂ ਦੀ ਕਤਾਰਬੰਦੀ ਹੋ ਸਕਦੀ ਹੈ।

ਮੇਰੀ ਫ਼ਿਲਮ 'ਮਿੱਟੀ' ਵਿਚ 'ਅਸ਼ਲੀਲ' ਸੰਵਾਦ ਅਤੇ ਗਾਲਾਂ ਹੋਣ ਦਾ ਦੋਸ਼ ਲੱਗਦਾ ਰਿਹਾ ਹੈ। ਮੇਰੀ ਜਾਚੇ ਫ਼ਿਲਮ ਵਿਚ ਜੀਤ ਬਾਈ ਦੇ ਕਤਲ ਵਾਲਾ ਦ੍ਰਿਸ਼ ਅਸ਼ਲੀਲ ਹੈ। ਜੀਹਦੇ ਵਿਚ ਕਿਰਦਾਰ ਨੂੰ ਤਿੰਨ ਗੋਲੀਆਂ ਲੱਗਣ ਤੋਂ ਬਾਅਦ ਲਹੂ-ਲੁਹਾਣ ਦਿਖਾਇਆ ਗਿਆ ਹੈ। ਇਸ ਤਰ੍ਹਾਂ ਦੇ ਦ੍ਰਿਸ਼ ਸੰਗਤ ਨੂੰ ਗ਼ੈਰ-ਸੰਵੇਦਨਸ਼ੀਲ ਬਣਾਉਂਦੇ ਹਨ। ਉਨ੍ਹਾਂ ਨੂੰ ਗੋਲੀ ਲੱਗਣ ਜਾਂ ਮੌਤ ਜਿਹੇ ਵਰਤਾਰੇ ਸਹਿਜ ਲੱਗਣ ਲੱਗ ਪੈਂਦੇ ਹਨ। ਮਨੁੱਖੀ ਜ਼ਿੰਦਗੀ ਦੀ ਕੀਮਤ ਸਮਝਣ ਵਾਲਿਆਂ ਲਈ ਇਹ ਅਣਮਨੁੱਖੀ ਹੈ। ਮੈਂ ਅਜਿਹੇ ਦ੍ਰਿਸ਼ ਆਪਣੀਆਂ ਆਉਣ ਵਾਲੀਆਂ ਫ਼ਿਲਮਾਂ ਵਿਚ ਨਹੀਂ ਦੁਹਰਾ ਸਕਦਾ। ਅਸ਼ਲੀਲਤਾ ਦਾ ਇਕ ਪੈਮਾਨਾ ਅਸੀਂ ਇੱਥੋਂ ਵੀ ਮਿੱਥਦੇ ਹਾਂ।

ਮੁਸਲਮਾਨਾਂ ਨੂੰ ਬਦਨਾਮ ਕਰਦੀਆਂ ਫ਼ਿਲਮਾਂ ਬਣਾਉਣ ਵਿਚ ਬਾਲੀਵੁੱਡ ਪਿੱਛੇ ਨਹੀਂ ਰਿਹਾ। ਮੁਸਲਮਾਨਾਂ ਨੂੰ ਖ਼ਲਨਾਇਕ ਸਾਬਤ ਕਰਨ ਵਿਚ ਇਨ੍ਹਾਂ ਫ਼ਿਲਮਾਂ ਦਾ ਭਰਵਾਂ ਯੋਗਦਾਨ ਹੈ। 'ਏ ਵੈਡਨਸਡੇ' ਨਾਂ ਦੀ ਫ਼ਿਲਮ ਉਸ ਲੰਬੀ ਕੜੀ ਦੀ ਅਹਿਮ ਲੜੀ ਹੈ। ਪਿੱਛੇ ਜਿਹੇ ਸ਼ਹਿਰੀ ਹਕੂਕ ਲਹਿਰ ਦੇ ਕਾਰਕੁਨ ਪ੍ਰਸ਼ਾਂਤ ਭੂਸ਼ਨ ਉਤੇ ਤਿੰਨ ਗੁੰਡਿਆਂ ਨੇ ਹਮਲਾ ਕੀਤਾ। ਉਨ੍ਹਾਂ ਵਿਚੋਂ ਇਕ ਤੇਜਿੰਦਰਪਾਲ ਬੱਗਾ ਪਹਿਲਾਂ ਵੀ ਅਜਿਹੇ ਹਮਲੇ ਮੀਰਵਾਇਜ਼ ਉਮਰ ਫ਼ਾਰੂਕ ਅਤੇ ਹੋਰ ਕਸ਼ਮੀਰੀ ਆਗੂਆਂ 'ਤੇ ਕਰ ਚੁੱਕਿਆ ਹੈ। ਅਜਿਹੀ ਗੁੰਡਾਗਰਦੀ ਲਈ ਉਹ ਫ਼ਿਲਮ 'ਏ ਵੈਡਨਸਡੇ' ਨੂੰ ਰਾਹ-ਦਸੇਰਾ ਅਤੇ ਵੱਡੀ ਹੱਲਾਸ਼ੇਰੀ ਮੰਨਦਾ ਹੈ। ਇਸ ਅਸ਼ਲੀਲਤਾ ਨੂੰ ਸਾਡਾ ਸਮਾਜ ਕਿਸ ਖ਼ਾਤੇ ਪਾਵੇਗਾ?

# *ਮੇਰੇ ਲਈ ਫ਼ਿਲਮ ਦਾ ਰੂਪ, ਵਿਸ਼ੇ ਦਾ ਸੇਵਾਦਾਰ ਹੈ: ਰਾਜੀਵ ਸ਼ਰਮਾ*

*(ਸਫਾ 29 ਦੀ ਬਾਕੀ)*

**ਦਰਿਆ ਦੇ ਕੀ ਮਾਅਨੇ ਹਨ?**

**ਜਵਾਬ:** ਮੈਨੂੰ ਹਮੇਸ਼ਾ ਲੱਗਦਾ ਹੈ ਕਿ ਪੰਜਾਬ ਦੀ ਫ਼ਿਲਮ ਵਿਚ ਕੋਈ ਤਾਂ ਆਬ ਹੋਵੇ। ਮੇਰੇ ਲਈ ਇਹ ਭਾਵੁਕ ਮਸਲਾ ਹੈ। ਪੰਜਾਬੀ ਸਭਿਆਚਾਰ ਵਿਚ ਦਰਿਆ ਪਾਰ ਕਰਨ ਦੇ ਡੂੰਘੇ ਮਾਅਨੇ ਹਨ। ਇਹ ਸਭ ਨੂੰ ਆਪਣੀ ਸਿਦਕਦਿਲੀ ਨਾਲ ਹੀ ਪਾਰ ਕਰਨੇ ਪੈਂਦੇ ਹਨ। ਦਰਿਆ ਵਿਚ ਡੁੱਬੀ ਸੋਹਣੀ, ਥਲਾਂ ਵਿਚ ਭੁੱਜੀ ਸੱਸੀ, ਸਤਲੁਜ ਕੰਢੇ ਬਲਦੇ ਸ਼ਹੀਦਾਂ ਦੇ ਸਿਵੇ ਅਤੇ ਸਿਰਸਾ ਨਦੀ ਉਤੇ ਪਿਆ ਵਿਛੋੜਾ ਸਾਡੇ ਚੇਤਿਆਂ ਵਿਚ ਸਦਾ ਸੱਜਰਾ ਰਹਿੰਦਾ ਹੈ। ਆਤੂ ਖੋਜੀ ਦੇ ਦੋਵੇਂ ਕਿਰਦਾਰ ਡੋਬੂ ਨਾਲ ਡੁੱਬਣ-ਡੁੱਬਣ ਕਰਦੇ ਹਨ। ਇਕ ਨੂੰ ਨਿਭਾਏ ਧਰਮ ਦੀ ਕੀਮਤ ਦਾ ਝੋਰਾ ਖਾ ਰਿਹਾ ਹੈ ਅਤੇ ਦੂਜੀ ਨੂੰ ਆ ਪਏ ਸੁਆਲ ਦਾ ਬੋਝ ਦਬ ਰਿਹਾ ਹੈ। ਇਹ ਝੋਰੇ ਅਤੇ ਬੋਝ ਦੀਆਂ ਝੱਖੜ ਭਰੀਆਂ ਨਦੀਆਂ ਉਨ੍ਹਾਂ ਦੇ ਅੰਦਰ ਹਨ ਅਤੇ ਬਾਹਰ ਉਹ ਬੇੜੀ ਰਾਹੀਂ ਦਰਿਆ ਪਾਰ ਕਰ ਰਹੇ ਹਨ। ਇਸੇ ਸਫ਼ਰ ਦੌਰਾਨ ਉਨ੍ਹਾਂ ਨੇ ਅਸਲਾ ਪਛਾਣਨ ਵਿਚ ਇਕ-ਦੂਜੇ ਦੀ ਮੱਦਦ ਕਰਨੀ ਹੈ। ਇਕ ਦੇ ਕਿਨਾਰੇ ਲੱਗ ਜਾਣ ਤੋਂ ਬਾਅਦ ਦੂਜੇ ਨੇ ਆਪਣੇ ਕਿਨਾਰੇ ਵੱਲ ਦਾ ਸਫ਼ਰ ਸ਼ੁਰੂ ਕਰਨਾ ਹੈ। ਉਨ੍ਹਾਂ ਨਾਲ ਬੇੜੀ ਵਿਚ ਤੀਜਾ ਜੀਅ ਮਲਾਹ ਹੈ ਜੋ ਉਨ੍ਹਾਂ ਨੂੰ ਪਾਰ ਕਰਵਾਉਣ ਲਈ ਮੁਸ਼ੱਕਤ ਕਰ ਰਿਹਾ ਹੈ। ਮਲਾਹ ਦਾ ਹੁਨਰ ਉਨ੍ਹਾਂ ਅੰਦਰ ਉਠਦੇ ਝੱਖੜ ਨੂੰ ਠੱਲ੍ਹ ਨਹੀਂ ਸਕਦਾ। ਅੰਦਰਲੇ ਝੱਖੜ ਨਾਲ ਟੱਕਰ ਬੰਦੇ ਨੇ ਆਪ ਹੀ ਲੈਣੀ ਹੈ। ਇਹੋ ਉਨ੍ਹਾਂ ਦੇ ਸਿਦਕ ਦਾ ਇਮਤਿਹਾਨ ਹੈ। ਇਸ ਫ਼ੈਸਲਾਕੁਨ ਸਫ਼ਰ ਵਿਚ ਦੋ ਅਜਨਬੀ ਆਪਣੇ ਰਿਸ਼ਤੇ ਦੀ ਪਛਾਣ ਕਰਦੇ ਹਨ ਅਤੇ ਉਸ ਨਾਲ ਨਿਭਣ ਦਾ ਫ਼ੈਸਲਾ ਕਰਦੇ ਹਨ।

**ਸਵਾਲ: ਫ਼ਿਲਮ ਦੌਰਾਨ ਰੋਸ਼ਨੀ ਲਗਾਤਾਰ ਬਦਲਦੀ ਹੈ। ਇਸ ਦਾ ਕਾਰਨ?**

**ਜਵਾਬ:** ਫ਼ਿਲਮ ਦੌਰਾਨ ਰੋਸ਼ਨੀ ਬਦਲਣ ਜਾਂ ਕਿਸੇ ਕਿਰਦਾਰ ਦੇ ਕੱਪੜਿਆਂ ਦੀ ਚੋਣ ਨੂੰ ਤਕਨੀਕੀ ਗ਼ਲਤੀ ਕਰਾਰ ਦਿੱਤਾ ਜਾ ਸਕਦਾ ਹੈ। ਤੈਨੂੰ ਪਤਾ ਹੈ ਕਿ ਟੈਲੀਵਿਜ਼ਨ ਅਤੇ ਫ਼ਿਲਮ ਸਨਅਤ ਵਿਚ ਬਹੁਤ ਲੱਚਰ ਫਿਕਰਾ ਹੈ ਕਿ 'ਤਕਨੀਕੀ ਪੱਖ ਕਮਜ਼ੋਰ ਹੈ।' ਪੰਜਾਬੀ ਪੜਚੋਲ ਵਿਚ ਇਹ ਫਿਕਰਾ ਆਮ ਲਿਖਿਆ ਜਾਂਦਾ ਹੈ ਕਿ 'ਇਹ ਬਹੁਤ ਮਹਿੰਗੇ ਕੈਮਰਿਆਂ ਉਤੇ ਬਣੀ ਹੈ।' ਇਹ ਫਿਕਰੇ ਨਾਲਾਇਕੀ ਢਕਣ ਦੇ ਕੰਮ ਆਉਂਦੇ ਹਨ। ਮੋੜਵਾਂ ਸੁਆਲ ਕਿਸ ਨੇ ਪੁੱਛਣਾ ਹੁੰਦਾ ਹੈ ਕਿ ਤਕਨੀਕੀ ਪੱਖ ਦੇ ਮਾਅਨੇ ਕੀ ਹਨ? ਮਹਿੰਗੇ ਕੈਮਰੇ ਨਾਲ ਬਣਨ ਵਾਲੀ ਫ਼ਿਲਮ ਦੇ ਚੰਗੀ ਹੋਣ ਦੀ ਕੀ ਜ਼ਾਮਨੀ ਹੈ? ਮੇਰਾ ਮੰਨਣਾ ਹੈ ਕਿ ਤਕਨੀਕੀ ਨੁਕਤੇ ਮਨੁੱਖ ਨੇ ਤੈਅ ਕੀਤੇ ਹਨ ਅਤੇ ਇਹ ਇਲਾਹੀ ਫਰਮਾਨ ਨਹੀਂ ਹਨ। ਮੇਰੀ ਫ਼ਿਲਮ ਦੀ ਵਿਉਂਤਬੰਦੀ ਦਾ ਹਿੱਸਾ ਹੈ ਕਿ ਮੈਂ ਦਰਸ਼ਕ ਦਾ ਇਹ ਅਹਿਸਾਸ ਕਾਇਮ ਰੱਖਣਾ ਚਾਹੁੰਦਾ ਹਾਂ ਕਿ ਉਹ ਫ਼ਿਲਮ ਦੇਖ ਰਿਹਾ ਹੈ। ਫ਼ਿਲਮ ਨੂੰ ਬਹੁਤ ਵਾਰ ਭਾਂਜਵਾਦੀ ਕਰਾਰ ਦਿੱਤਾ ਜਾਂਦਾ ਹੈ। ਮੈਂ ਇਸ ਪ੍ਰਭਾਵ ਨੂੰ ਤੋੜਨ ਲਈ ਤਜਰਬਾ ਕੀਤਾ ਹੈ। ਫ਼ਿਲਮ ਦੇ ਕਿਰਦਾਰ ਨਾਲ ਮੈਂ ਦਰਸ਼ਕ ਨੂੰ 'ਆਪਣੇ ਅੰਦਰਲਾ ਦਰਿਆ' ਪਾਰ ਕਰਨ ਦਾ ਅਹਿਸਾਸ ਨਹੀਂ ਕਰਵਾਉਣਾ ਚਾਹੁੰਦਾ। ਮੈਂ ਫ਼ਿਲਮ ਦੇ ਕਿਰਦਾਰ ਨੂੰ ਦਰਿਆ ਪਾਰ ਕਰਵਾਉਣਾ ਚਾਹੁੰਦਾ ਹਾਂ ਪਰ ਦਰਸ਼ਕ ਨੂੰ ਕੰਢੇ ਉਤੇ ਆਪਣਾ ਫ਼ੈਸਲਾ ਆਪ ਕਰਨ ਲਈ ਛੱਡ ਦੇਣਾ ਚਾਹੁੰਦਾ ਹਾਂ।

**ਸਵਾਲ: ਇਸ ਫ਼ਿਲਮ ਦੇ ਅਰਥਚਾਰੇ ਬਾਬਤ ਕੁਝ ਦੱਸੋ?**

**ਜਵਾਬ:** ਇਹ ਤੇਰਾ ਮਨਪਸੰਦ ਵਿਸ਼ਾ ਹੈ।

**ਸਵਾਲ: ਬਿਲਕੁਲ! ਮੇਰੀ ਦਿਲਚਸਪੀ ਦੇ ਹੋਰਾਂ ਵਿਸ਼ਿਆਂ ਵਿਚ ਇਹ ਵੀ ਸ਼ੁਮਾਰ ਹੈ। ਅਸੀਂ ਜਾਣਦੇ ਹਾਂ, ਇਹ ਸੁਆਲ ਕੌਣ ਪੁੱਛ ਰਿਹਾ ਹੈ ਅਤੇ ਕਿਸ ਨੂੰ ਪੁੱਛ ਰਿਹਾ ਹੈ। ਤੁਸੀਂ ਸਾਰੀ ਗੱਲ ਇੰਝ ਕਰਦੇ ਹੋ ਜਿਵੇਂ ਮੇਰੀ ਦਿਲਚਸਪੀ ਸਿਰਫ਼ ਫ਼ਿਲਮਾਂ ਦੇ ਅਰਥਚਾਰੇ ਵਿਚ ਹੀ ਹੋਵੇ।**

**ਜਵਾਬ:** ਅਜਿਹੀ ਗੱਲ ਨਹੀਂ ਹੈ। ਮੈਂ ਜਾਣਦਾ ਹਾਂ ਕਿ ਤੂੰ ਇਸ ਪੱਖ ਦਾ ਚੋਖਾ ਅਧਿਐਨ ਕੀਤਾ ਹੈ। ਮੈਨੂੰ ਪਤਾ ਹੈ ਕਿ ਇਹ ਸੁਆਲ ਕਿਨ੍ਹਾਂ ਹਾਲਾਤ ਵਿਚੋਂ ਉਪਜੇ ਹਨ। ਇਸ ਮਸਲੇ ਉਤੇ ਕਦੇ ਫਿਰ ਸਹੀ, ਹੁਣ ਤੇਰੇ ਬੁਨਿਆਦੀ ਸੁਆਲ ਵੱਲ ਆਉਂਦਾ ਹਾਂ। ਇਸ ਫ਼ਿਲਮ ਉਤੇ ਮੇਰੀ ਚਾਰ ਮਹੀਨੇ ਦੀ ਮਿਹਨਤ ਲੱਗੀ ਹੈ। ਮੇਰੇ ਦੋਸਤ ਤਜਿੰਦਰ ਪਾਲ ਧੀਰ ਨੇ ਵਿੱਤੀ ਅਤੇ ਹੋਰਾਂ ਨੇ ਤਕਨੀਕੀ ਮਦਦ ਕੀਤੀ ਹੈ। ਦੋਸਤਾਂ ਦੀ ਸਮਾਜਿਕ, ਬੌਧਿਕ ਅਤੇ ਪ੍ਰਬੰਧਕੀ ਮਦਦ ਵੀ ਮਿਲੀ ਹੈ। ਇਸ ਪੈਸੇ ਦੇ ਮੁੜਨ ਬਾਬਤ ਮੇਰੇ ਕੋਲ ਕੋਈ ਵਿਉਂਤਬੰਦੀ ਨਹੀਂ ਹੈ। ਇਸ ਨੂੰ ਮੈਂ ਸਕੂਲਾਂ-ਕਾਲਜਾਂ ਵਿਚ ਦਿਖਾਉਣਾ ਚਾਹੁੰਦਾ ਹਾਂ ਅਤੇ ਇਹ ਕੰਮ ਸ਼ੁਰੂ ਹੋ ਗਿਆ ਹੈ।

**ਸਵਾਲ: ਮਤਲਬ ਹੁਣ ਮੁੜ ਕੇ ਨੌਕਰੀ ਕਰਨੀ ਪਵੇਗੀ? ਦੋਸਤਾਂ ਦੀ ਮਦਦ ਕਾਰਨ ਫ਼ਿਲਮ ਪਛੇਤੀ ਹੋ ਗਈ ਹੈ?**

**ਜਵਾਬ:** ਤੂੰ ਮੁੜ ਕੇ ਘੇਰਾਬੰਦੀ ਸ਼ੁਰੂ ਕਰ ਦਿੱਤੀ। ਨੌਕਰੀ ਤਾਂ ਕਰਨੀ ਪੈ ਸਕਦੀ ਹੈ। ਹੁਣ ਮੈਂ ਪਰਵਾਸ ਦੇ ਮਸਲੇ ਉਤੇ ਫ਼ਿਲਮ ਬਣਾ ਰਿਹਾ ਹਾਂ ਜਿਸ ਦਾ ਧੁਰਾ ਪਿਉ-ਪੁੱਤ ਦੇ ਰਿਸ਼ਤੇ ਦੁਆਲੇ ਘੁੰਮਦਾ ਹੈ। 'ਆਤੂ ਖੋਜੀ' ਵਾਂਗ ਸਮਾਜਿਕ ਕਦਰਾਂ-ਕੀਮਤਾਂ ਦਾ ਸੁਆਲ ਉਸ ਫ਼ਿਲਮ ਵਿਚ ਵੀ ਹੈ। ਇਸ ਫ਼ਿਲਮ ਉਤੇ ਇੰਗਲੈਂਡ ਦਾ ਬੰਦਾ ਪੈਸੇ ਲਗਾ ਰਿਹਾ ਹੈ। ਇਹ ਸਿਨਮੇ ਵਿਚ ਲੱਗੇਗੀ। ਦੋਸਤਾਂ ਵਾਲੀ ਗੱਲ ਠੀਕ ਹੈ। ਰੁਝੇਵਿਆਂ ਅਤੇ ਰੁਜ਼ਗਾਰ ਕਾਰਨ ਉਨ੍ਹਾਂ ਨੂੰ ਵਿਹਲ ਨਹੀਂ ਮਿਲੀ। ਮੈਂ ਸੋਚਦਾ ਹਾਂ ਕਿ ਜੇ ਫ਼ਿਲਮ ਸਮੁੱਚੇ ਅਮਲੇ ਦਾ ਖ਼ਰਚਾ ਚੁੱਕ ਸਕੇ ਤਾਂ ਦੋਸਤ ਜ਼ਿਆਦਾ ਮਦਦਗ਼ਾਰ ਹੋ ਸਕਣਗੇ। ਫ਼ਿਲਮ ਸਮੇਂ ਸਿਰ ਪੂਰੀ ਹੋ ਸਕੇਗੀ। ਇਹ ਸਾਰਾ ਸੰਕਟ ਫ਼ਿਲਮ ਦੇ ਅਰਥਚਾਰੇ ਨਾਲ ਜੁੜਿਆ ਹੋਇਆ ਹੈ ਜਿਸ ਨੂੰ ਵਪਾਰੀਆਂ ਤੋਂ ਬਿਨਾਂ ਕਿਸੇ ਨੇ ਸਮਝਣ ਦਾ ਤਰੱਦਦ ਨਹੀਂ ਕੀਤਾ। ਸਾਡੇ ਪੜਚੋਲੀਏ ਨਿਰਮਾਤਾਵਾਂ ਦੇ ਨਾਮਾਂ ਤੋਂ ਜ਼ਿਆਦਾ ਕੁਝ ਨਹੀਂ ਜਾਣਦੇ। ਇਹ ਸੁਆਲ ਤਾਂ ਬਲਰਾਜ ਸਾਹਨੀ ਅਤੇ ਖ਼ਵਾਜਾ ਅਹਿਮਦ ਅੱਬਾਸ ਨੇ ਵੀ ਕੀਤੇ ਸਨ ਪਰ ਇਨ੍ਹਾਂ ਦੇ ਪੁਖ਼ਤਾ ਜਵਾਬ ਹਾਲੇ ਤੱਕ ਕੋਈ ਨਹੀਂ ਹਨ।

***ਮੈਨੂੰ ਹਮੇਸ਼ਾ ਲੱਗਦਾ ਹੈ ਕਿ ਪੰਜਾਬ ਦੀ ਫ਼ਿਲਮ ਵਿਚ ਕੋਈ ਤਾਂ ਆਬ ਹੋਵੇ। ਮੇਰੇ ਲਈ ਇਹ ਭਾਵੁਕ ਮਸਲਾ ਹੈ। ਪੰਜਾਬੀ ਸਭਿਆਚਾਰ ਵਿਚ ਦਰਿਆ ਪਾਰ ਕਰਨ ਦੇ ਡੂੰਘੇ ਮਾਅਨੇ ਹਨ। ਇਹ ਸਭ ਨੂੰ ਆਪਣੀ ਸਿਦਕਦਿਲੀ ਨਾਲ ਹੀ ਪਾਰ ਕਰਨੇ ਪੈਂਦੇ ਹਨ। ਦਰਿਆ ਵਿਚ ਡੁੱਬੀ ਸੋਹਣੀ, ਥਲਾਂ ਵਿਚ ਭੁੱਜੀ ਸੱਸੀ, ਸਤਲੁਜ ਕੰਢੇ ਬਲਦੇ ਸ਼ਹੀਦਾਂ ਦੇ ਸਿਵੇ ਅਤੇ ਸਿਰਸਾ ਨਦੀ ਉੱਤੇ ਪਿਆ ਵਿਛੋੜਾ ਸਾਡੇ ਚੇਤਿਆਂ ਵਿਚ ਸਦਾ ਸੱਜਰਾ ਰਹਿੰਦਾ ਹੈ।***

# ਹੀਰਿਆਂ ਦੀ ਖਾਣ-ਦੋਆਬੇ ਦਾ ਰਾਜਾ ਸਾਹਿਬ ਸਪੋਰਟਸ ਕਲੱਬ

**ਇਕਬਾਲ ਜੱਬੋਵਾਲੀਆ**

ਦੁਨੀਆਂ ਦੇ ਖੇਡ ਨਕਸ਼ੇ 'ਤੇ ਵੱਖਰਾ ਸਥਾਨ ਬਣਾ ਧਰੂ-ਤਾਰੇ ਵਾਂਗ ਚਮਕ ਰਿਹੈ ਦੋਆਬੇ ਦਾ ਰਾਜਾ ਸਾਹਿਬ ਸਪੋਰਟਸ ਕਲੱਬ, ਗੁਣਾਚੌਰ। ਵੱਖਰੀ ਪਛਾਣ ਬਣਾ ਚੁੱਕੇ ਇਸ ਕਲੱਬ ਨੇ ਮੰਨੇ ਪ੍ਰਮੰਨੇ ਵੇਟ ਲਿਫ਼ਟਰ ਤੇ ਪਾਵਰ ਲਿਫ਼ਟਰ ਪੈਦਾ ਕੀਤੇ ਹਨ। ਕਰੀਬ ਦੋ ਦਹਾਕਿਆਂ ਤੋਂ ਬੇਰੋਕ-ਬੇਟੋਕ ਚਲਦਾ ਆ ਰਿਹੈ। ਕੋਈ ਫੀਸ ਨਹੀਂ। ਆਲੇ ਦੁਆਲੇ ਦੇ ਪਿੰਡਾਂ ਦੇ ਖਿਡਾਰੀ ਸਵੇਰੇ ਸ਼ਾਮ ਇਥੇ ਆ ਕੇ ਪ੍ਰੈਕਟਿਸ ਕਰਦੇ ਹਨ।

ਯੂਨੀਵਰਸਿਟੀ ਦੇ ਗੋਲਡ ਮੈਡਲਿਸਟ ਵੇਟ ਲਿਫ਼ਟਰ ਗੁਣਾਚੌਰ ਕਲੱਬ ਦੇ ਮੋਢੀ ਖਿਡਾਰੀ ਜਗਦੀਸ਼ ਸਿੰਘ ਦੀਸ਼ਾ ਨੇ ਗੁਣਾਚੌਰ ਅਤੇ ਹੋਰ ਪਿੰਡਾਂ ਦੇ ਖੇਡ-ਸ਼ੌਕੀਨ ਮੁੰਡਿਆਂ ਨੂੰ ਭਾਰ ਚੁੱਕਣ ਦਾ ਜਾਗ ਲਾਇਆ। 2008 ਦੀ ਚੀਨ ਉਲੰਪਿਕ ਲਈ ਕੈਨੇਡਾ ਦੀ ਪ੍ਰਤੀਨਿਧਤਾ ਕਰਨ ਵਾਲਾ ਜਸਵੀਰ ਸਿੰਘ ਕਰਨਾਣਾ ਵੀ ਦੀਸ਼ੇ ਦਾ ਤਿਆਰ ਕੀਤਾ ਵੇਟ ਲਿਫ਼ਟਰ ਹੈ। ਉਹ ਵੀ ਇਸੇ ਕਲੱਬ ਦੀ ਦੇਣ ਹੈ। ਇਸ ਕਲੱਬ ਦੇ ਉਠ ਰਹੇ ਯੋਗ ਵੇਟ ਲਿਫ਼ਟਰਾਂ ਨੂੰ ਵੱਖ ਵੱਖ ਮਹਿਕਮਿਆਂ ਖਾਸ ਕਰਕੇ ਪੰਜਾਬ ਪੁਲਿਸ ਵਾਲੇ ਲੈ ਜਾਂਦੇ ਹਨ। ਕੈਪਟਨ ਪਿਆਰਾ ਸਿੰਘ ਕੋਚ ਦਾ ਇਸ ਕਲੱਬ ਨੂੰ ਬਹੁਤ ਯੋਗਦਾਨ ਹੈ। ਉਨ੍ਹਾਂ ਦੀ ਡੀ ਜੀ ਪੀ ਮਹਿਲ ਸਿੰਘ ਭੁੱਲਰ ਨਾਲ ਕਾਫੀ ਨੇੜਤਾ ਹੋਣ ਕਰਕੇ ਖਿਡਾਰੀਆਂ ਨੂੰ ਭਰਤੀ ਕਰਵਾ ਦਿਤਾ ਜਾਂਦਾ ਸੀ। ਜਸਵੀਰ ਸਿੰਘ ਕਰਨਾਣਾ ਨੂੰ ਵੀ ਮਹਿਲ ਸਿੰਘ ਭੁੱਲਰ ਨੇ ਹੀ ਪੁਲਿਸ ਵਿਚ ਭਰਤੀ ਕੀਤਾ ਸੀ। ਉਸ ਨੂੰ ਵੇਟ ਲਿਫ਼ਟਰ ਦੇ ਤੌਰ 'ਤੇ ਕੈਨੇਡਾ ਜਾਣ ਦਾ ਮੌਕਾ ਮਿਲਿਆ।

ਇਸ ਕਲੱਬ ਨੂੰ ਸਥਾਪਤ ਕਰਨ ਦਾ ਸਿਹਰਾ ਨਿਊ ਯਾਰਕ ਵਾਲੇ ਬਲਦੇਵ ਮਾਨ ਨੂੰ ਜਾਂਦੈ। ਮੁੱਖ ਸੇਵਾਦਾਰ ਦੀ ਸੇਵਾ ਨਿਭਾਉਂਦਾ ਉਹ ਕਦੇ ਪਿਛੇ ਨਹੀਂ ਹੱਟਿਆ। ਸਮੇਂ ਸਮੇਂ 'ਤੇ ਖਿਡਾਰੀਆਂ ਨੂੰ ਹਰ ਚੀਜ਼ ਉਪਲਬਧ ਕੀਤੀ ਜਾਂਦੀ ਹੈ। ਮੈਂ (ਇਕਬਾਲ ਜੱਬੋਵਾਲੀਆ) ਅਤੇ ਗੁਰਨਾਮ ਰਸੂਲਪੁਰੀ ਤਨੋਂ, ਮਨੋਂ, ਧਨੋਂ ਸੇਵਾ 'ਚ ਹਰ ਦਮ ਹਾਜ਼ਰ ਰਹਿੰਦੇ ਹਾਂ। ਇਨ੍ਹਾਂ ਸੇਵਾਦਾਰਾਂ ਦੀ ਹਿੰਮਤ ਸਦਕਾ ਹੀ ਉਲੰਪਿਕ ਪਿੜ ਦੇ ਦੋ ਸੈਟ ਚੀਨ ਤੋਂ ਮੰਗਵਾਏ ਗਏ। ਸ਼ਿਪਿੰਗ ਛੁਡਾਉਣ ਲਈ ਭਾਰਤ ਸਰਕਾਰ ਨੇ ਕੋਈ ਛੋਟ ਨਾ ਕੀਤੀ। ਪੂਰਾ ਟੈਕਸ ਲਿਆ। ਜਸਵੀਰ ਸਿੰਘ ਨੇ ਵੀ ਇਸ ਕਾਰਜ਼ ਲਈ ਕਾਫ਼ੀ ਨੱਠ-ਭੱਜ ਕੀਤੀ। ਚੀਨ ਦਾ ਬਣਿਆ ਉਲੰਪਿਕ ਪਿੜ ਦਾ ਸੈਟ ਪੰਜਾਬ ਵਿਚ ਸਿਰਫ਼ ਰਾਜਾ ਸਾਹਿਬ ਸਪੋਰਟਸ ਕਲੱਬ ਕੋਲ ਹੈ ਜਿਸ ਦੀ ਕੀਮਤ ਡੇਢ ਕੁ ਲੱਖ ਰੁਪਏ ਹੈ। ਜਸਵੀਰ ਨੂੰ ਇਸ ਗੱਲ ਦਾ ਡਾਢਾ ਦੁੱਖ ਹੈ ਕਿ ਭਾਰਤ ਸਰਕਾਰ ਨੇ ਟੈਕਸ ਵਿਚ ਕੋਈ ਰਿਆਇਤ ਨਾ ਦਿਤੀ।

ਇਸ ਕਲੱਬ ਨੇ ਅਨੇਕਾਂ ਨਾਮਵਰ ਵੇਟ ਲਿਫ਼ਟਰ ਅਤੇ ਪਾਵਰ ਲਿਫ਼ਟਰ ਸਾਡੀ ਝੋਲੀ ਪਾਏ ਹਨ। ਭਾਰਤ ਅਤੇ ਕੈਨੇਡਾ ਦੇ ਪਾਵਰ ਲਿਫਟਿੰਗ ਮੁਕਾਬਲਿਆਂ ਦਾ ਚੈਂਪੀਅਨ ਪੈਂਟਾ ਗੁਣਾਚੌਰੀਆ, ਪਾਵਰ ਲਿਫਟਿਗ ਦਾ ਦੋ ਵਾਰ ਚੈਂਪੀਅਨ ਰਿਹਾ ਹਰਜੀਤ ਸਿੰਘ ਗੁਣਾਚੌਰ, ਪਾਵਰ ਲਿਫ਼ਟਰ ਅਮਰਜੀਤ ਬੱਬੂਆ, ਮਜ਼ਾਰੇ ਵਾਲਾ ਹੈਪੀ ਹੀਰਾ ਅਤੇ ਜਿੰਦਰ ਮਜ਼ਾਰਾ ਵੇਟ ਲਿਫ਼ਟਿੰਗ ਮੁਕਾਬਲਿਆਂ ਦੇ ਗੋਲਡ ਮੈਡਲਿਸਟ ਰਹਿ ਚੁੱਕੇ ਹਨ। ਇਕ ਵਾਰ ਦਾ ਨੈਸ਼ਨਲ ਚੈਂਪੀਅਨ ਅਤੇ ਅਨੇਕਾਂ ਵਾਰ ਕਾਂਸੇ ਅਤੇ ਸਿਲਵਰ ਮੈਡਲ ਜੇਤੂ ਵੇਟ ਲਿਫ਼ਟਰ ਬਲਵਿੰਦਰ ਬੁੱਧੂ ਨੇ ਪੰਜਾਬ ਪੁਲਿਸ ਮਹਿਕਮੇ ਲਈ ਕਈ ਮੁਕਾਬਲੇ ਲੜੇ ਅਤੇ ਪੁਜ਼ੀਸ਼ਨਾਂ ਲਈਆਂ। ਇਸ ਵਕਤ ਉਹ ਆਸਟ੍ਰੇਲੀਆ ਵਿਚ ਹੈ। ਕਲੱਬ ਦੀ ਦੇਖ-ਰੇਖ ਕਰਨ ਅਤੇ ਨਵੇਂ ਖਿਡਾਰੀ ਤਿਆਰ ਕਰਨ ਵਾਲਾ ਗੁਣਾਚੌਰੀਆ ਸੰਤੋਖ ਬਿੱਲਾ ਕਈ ਵਾਰ ਨੈਸ਼ਨਲ ਚੈਂਪੀਅਨ ਰਹਿ ਚੁੱਕੈ। ਕਲੱਬ ਦੇ ਪੁਰਾਣੇ ਵੇਟ ਲਿਫ਼ਟਰ ਸੰਤੋਖ ਬਿੱਲੇ ਦਾ ਪਹਿਲਾਂ ਬੰਗਲੌਰ ਅਤੇ ਹੁਣ ਪਟਿਆਲੇ ਕੈਂਪ ਲੱਗਾ ਹੋਇਐ। ਵੇਟ ਲਿਫ਼ਟਰ ਮਨਜੀਤ ਸੋਨੂੰ ਕਰਨਾਣਾ ਪੰਜਾਬ ਪੁਲਿਸ ਦੀ ਨੌਕਰੀ ਕਰ ਰਿਹੈ। ਅਮਨ ਮਜ਼ਾਰਾ ਪੰਜਾਬ ਪੁਲਿਸ ਵਿਚ ਭਰਤੀ ਹੋ ਚੁੱਕੈ। ਜੂਨੀਅਰ, ਸਬ-ਜੂਨੀਅਰ ਅਤੇ ਆਪਣੇ ਭਾਰ ਦਾ ਚੈਂਪੀਅਨ ਸੁਖਵਿੰਦਰ ਸਿੰਘ ਚਿੜੂ ਪੰਜਾਬ ਪੁਲਿਸ ਲਈ ਸਿਲੈਕਟ ਹੋ ਚੁੱਕੈ। ਇਸ ਕਲੱਬ ਦੇ ਖਿਡਾਰੀਆਂ ਨੇ ਰਾਮਗੜ੍ਹੀਆ ਕਾਲਜ, ਫਗਵਾੜਾ ਦੇ ਵੇਟ ਲਿਫ਼ਟਿੰਗ ਅਤੇ ਪਾਵਰ ਲਿਫ਼ਟਿੰਗ ਕੋਚ ਕੈਪਟਨ ਪਿਆਰਾ ਸਿੰਘ, ਦੇਵਿੰਦਰ ਸ਼ਰਮਾ ਅਤੇ ਗੁਰਨਾਮ ਸਿੰਘ ਦੀ ਛੱਤਰਛਾਇਆ ਹੇਠ ਬਹੁਤ ਕੁਝ ਸਿਖਿਐ। ਮਹਿਕਮੇ ਵਿਚ ਕਈ ਪੁਜ਼ੀਸ਼ਨਾਂ ਲੈਣ ਕਰਕੇ ਪੰਜਾਬ ਪੁਲਿਸ ਵਲੋਂ ਕਲੱਬ ਲਈ ਗੁਰਨਾਮ ਸਿੰਘ ਨੂੰ ਕੋਚ ਨਾਮਜ਼ਦ ਕੀਤਾ ਹੋਇਐ। ਹਰ ਸਾਲ ਤਿੰਨ ਜਾਂ ਚਾਰ ਗੋਲਡ ਮੈਡਲ ਪ੍ਰਾਪਤ ਕਰਨ ਕਰਕੇ ਪੰਜਾਬ ਸਰਕਾਰ ਨੇ ਹਰਪਾਲ ਸਿੰਘ ਕਲੱਬ ਵਾਸਤੇ ਕੋਚ ਦਿਤਾ ਹੋਇਐ।

ਪੰਜਾਬ ਸਿਖਿਆ ਬੋਰਡ ਸਮਰਾਵਾਂ ਟੂਰਨਾਮੈਂਟ ਵੇਟ ਲਿਫ਼ਟਿੰਗ ਮੁਕਾਬਲਿਆਂ ਵਿਚ ਇਸ ਕਲੱਬ ਦੇ ਖਿਡਾਰੀਆਂ ਨੇ ਚਾਰ ਮੈਡਲ ਜਿਤੇ-ਦੋ ਗੋਲਡ, ਦੋ ਸਿਲਵਰ। ਸੋਲਾਂ ਸਾਲ ਦੀ ਉਮਰ ਦੇ ਸ਼ਮੀ ਕੁਮਾਰ ਨੇ 77 ਕਿਲੋ ਭਾਰ ਵਰਗ ਵਿਚ 68 ਕਿਲੋਗ੍ਰਾਮ ਸਨੈਚ ਅਤੇ 90 ਕਿਲੋ ਜਰਕ ਲਾ ਕੇ ਗੋਲਡ ਮੈਡਲ ਜਿੱਤਿਆ। ਉਨੀ ਸਾਲ ਦਾ ਰਾਜਵਿੰਦਰ ਸਿੰਘ 77 ਕਿਲੋ ਕੈਟੇਗਰੀ ਵਿਚ 101 ਕਿਲੋਗ੍ਰਾਮ ਸਨੈਚ ਅਤੇ 135 ਕਿਲੋਗ੍ਰਾਮ ਜਰਕ ਲਾ ਕੇ ਸੋਨ ਤਮਗੇ ਦਾ ਹੱਕਦਾਰ ਬਣਿਆ। ਪੰਜਾਹ ਕਿਲੋ ਭਾਰ ਵਰਗ ਵਿਚ 19 ਸਾਲ ਦੇ ਅਮਰਜੀਤ ਸਿੰਘ ਨੇ 70 ਕਿਲੋਗ੍ਰਾਮ ਸਨੈਚ ਅਤੇ 85 ਕਿਲੋਗ੍ਰਾਮ ਦੀ ਜਰਕ ਲਾ ਸਿਲਵਰ ਮੈਡਲ ਪ੍ਰਾਪਤ ਕੀਤਾ। ਸਤਾਰਾਂ ਸਾਲ ਦੇ ਰਾਜਿੰਦਰ ਸਿੰਘ ਨੇ ਓਵਰ 105 ਕਿਲੋ ਕੈਟੇਗਰੀ ਵਿਚ 90 ਕਿਲੋਗ੍ਰਾਮ ਸਨੈਚ ਅਤੇ 112 ਕਿਲੋ ਗ੍ਰਾਮ ਜਰਕ ਮਾਰ ਕੇ ਸਿਲਵਰ ਜਿਤਿਆ। ਹੋਣ ਵਾਲੇ ਆਲ ਇੰਡੀਆ ਸਕੂਲ ਸਿਖਿਆ ਮੁਕਾਬਲਿਆਂ ਵਿਚ ਇਹ ਖਿਡਾਰੀ ਭਾਗ ਲੈਣਗੇ। ਉਥੇ ਭਾਰਤ ਦੀਆਂ ਦੂਜੀਆਂ ਸਟੇਟਾਂ ਦੇ ਖਿਡਾਰੀ ਵੀ ਹਿੱਸਾ ਲੈਣਗੇ।

ਆਪਣੇ ਸਮੇਂ ਦੇ ਪ੍ਰਸਿੱਧ ਵਾਲੀਬਾਲ ਖਿਡਾਰੀ, ਕਬੱਡੀ ਖਿਡਾਰੀ ਅਤੇ ਸਰੀਰਕ ਸਿਖਿਆ ਦੀ ਮਾਸਟਰ ਡਿਗਰੀ ਪ੍ਰਾਪਤ, ਕਈ ਸਕੂਲਾਂ 'ਚ ਪੜ੍ਹਾਉਣ ਅਤੇ ਖਿਡਾਰੀ ਤਿਆਰ ਕਰਨ ਵਾਲੇ ਨਿਊ ਯਾਰਕ ਰਹਿੰਦੇ ਗੁਣਾਚੌਰੀਏ ਬਲਦੇਵ ਮਾਨ ਨੇ 1992 'ਚ ਇਸ ਕਲੱਬ ਦੀ ਸ਼ੁਰੂਆਤ ਕੀਤੀ ਸੀ। ਬਿਨਾ ਭਿੰਨਭੇਦ, ਊਚ-ਨੀਚ, ਜਾਤ-ਪਾਤ ਅਤੇ ਬਿਨਾ ਲਾਲਚ ਇਸ ਕਲੱਬ ਦੀ ਸੇਵਾ ਕਰਦੇ ਆ ਰਹੇ ਨੇ। ਬਲਦੇਵ ਮਾਨ ਦੇ ਦੱਸਣ ਅਨੁਸਾਰ ਗਰੀਬ ਖਿਡਾਰੀਆਂ ਦੀ ਮਦਦ ਕਰਦੇ ਸਮੇਂ ਕਈ ਵਾਰ ਮਾੜੀ ਸੋਚ ਵਾਲੇ ਲੋਕਾਂ ਦੀਆਂ ਉਚੀਆਂ ਨੀਵੀਆਂ ਗੱਲਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਸੌੜੀ ਸੋਚ ਤੋਂ ਬੇਪ੍ਰਵਾਹ ਸੇਵਾ ਭਾਵਨਾ ਦੀ ਸੋਚ ਰੱਖਦਾ ਨੀਵੀਂ ਪਾਈ ਉਹ ਆਪਣੀ ਮੰਜ਼ਿਲ ਵੱਲ ਵੱਧਦਾ ਜਾ ਰਿਹੈ। ਹਰ ਸਾਲ ਲੱਖ-ਸਵਾ ਲੱਖ ਰੁਪਏ ਤੋਂ ਵੱਧ ਪ੍ਰੋਟੀਨ ਖ਼ੁਰਾਕ ਜਾਂ ਹੋਰ ਸੇਵਾ 'ਤੇ ਲੱਗ ਜਾਂਦੇ ਹਨ।

ਬਲਦੇਵ ਮਾਨ ਦੀ ਸੇਵਾ ਭਾਵਨਾ ਨੂੰ ਵੇਖਦਿਆਂ ਗੁਰਨਾਮ ਰਸੂਲਪੁਰੀ ਤੇ ਸਾਥੀ ਸੇਵਾਦਾਰ ਵੀ ਆਪਣਾ ਹਿੱਸਾ ਪਾ ਰਹੇ ਹਨ। ਆਪਣੇ ਸਮੇਂ ਦੇ ਪਹਿਲਵਾਨ ਅਤੇ ਕਬੱਡੀ ਖਿਡਾਰੀ ਸਵਰਗੀ ਸੋਹਣ ਸਿੰਘ ਤਲਵੰਡੀ ਵੀ ਇਸ ਕਲੱਬ ਦੇ ਖਿਡਾਰੀਆਂ ਦੀ ਮਾਇਕ ਸਹਾਇਤਾ ਕਰਦੇ ਰਹੇ ਨੇ। ਗੁਣਾਚੌਰ ਤੋਂ ਇਲਾਵਾ ਮਜ਼ਾਰੀ, ਝਿੰਗੜਾਂ, ਕਰਨਾਣਾ, ਮਜ਼ਾਰਾ ਅਤੇ ਹੋਰ ਪਿੰਡਾਂ ਦੇ ਗਰੀਬ ਪਰਿਵਾਰਾਂ ਨਾਲ ਸਬੰਧਤ ਖਿਡਾਰੀ ਇਸ ਕਲੱਬ ਵਿਚ ਆਉਂਦੇ ਹਨ। ਨਿਊ ਯਾਰਕ ਬੈਠੇ ਸੇਵਾਦਾਰ ਗਰੀਬ ਖਿਡਾਰੀਆਂ ਦੀ ਖ਼ੁਰਾਕ ਅਤੇ ਕਲੱਬ ਨਾਲ ਸਬੰਧਤ ਹੋਰ ਚੀਜ਼ਾਂ ਦਾ ਖਿਆਲ ਰੱਖਦੇ ਹਨ। ਸਕੂਲਾਂ, ਕਾਲਜਾਂ ਦੇ ਮੁਕਾਬਲਿਆਂ 'ਚੋਂ ਚੰਗੀਆਂ ਪੁਜ਼ੀਸ਼ਨਾਂ ਲੈਣ ਵਾਲਿਆਂ ਨੂੰ ਪੰਜਾਬ ਪੁਲਿਸ ਜਾਂ ਰੇਲਵੇ ਮਹਿਕਮੇ ਵਾਲੇ ਭਰਤੀ ਕਰ ਲੈਂਦੇ ਹਨ। ਕਲੱਬ ਵਿਚ ਕੋਚ ਹਰਪਾਲ ਸਿੰਘ ਖਿਡਾਰੀਆਂ ਨੂੰ ਟਰੇਨਿੰਗ ਦੇ ਰਹੇ ਹਨ। ਨਵੇਂ ਖਿਡਾਰੀਆਂ ਦੀ ਸੰਤੋਖ ਬਿੱਲਾ ਪੂਰੀ ਤਿਆਰੀ ਕਰਵਾ ਰਿਹੈ।



*ਰਾਜਾ ਸਾਹਿਬ ਸਪੋਰਟਸ ਕਲੱਬ ਦੇ ਮੈਂਬਰ ਇਕ ਸਮਾਗਮ ਦੌਰਾਨ*

ਮਹਾਪੁਰਸ਼ ਰਾਜਾ ਸਾਹਿਬ ਦੀ ਅਪਾਰ ਕ੍ਰਿਪਾ ਨਾਲ ਇਲਾਕੇ ਦੇ ਵਾਰੇ ਨਿਆਰੇ ਹਨ। ਨਾ ਪਤਾ ਹੋਣ ਕਰਕੇ ਕੁਝ ਲੋਕ ਇਨ੍ਹਾਂ ਮਹਾਪੁਰਸ਼ਾਂ ਬਾਰੇ ਸਵਾਲ ਕਰਦੇ ਹਨ ਕਿ ਉਹ 'ਕੌਣ ਹਨ?' 'ਭਗਵਾਨ ਵਿਲਾਸ' ਅਤੇ 'ਨੂਰੀ ਕਿਰਨਾਂ' ਕਿਤਾਬਾਂ ਪੜ੍ਹ ਕੇ ਮਹਾਪੁਰਸ਼ਾਂ ਦੀ ਜ਼ਿੰਦਗੀ ਬਾਰੇ ਗਿਆਨ ਹੋ ਜਾਂਦੈ। ਕਹਿਣੀ ਤੇ ਕਰਨੀ ਦੇ ਪੂਰੇ ਸਨ ਮਹਾਪੁਰਸ਼ ਰਾਜਾ ਸਾਹਿਬ। ਗੁਣਾਚੌਰ ਦਾ ਗੁਆਂਢੀ ਪਿੰਡ ਮਜ਼ਾਰਾ ਰਾਜਾ ਸਾਹਿਬ ਸੇਵਕਾਂ ਦਾ ਮੱਕਾ-ਮਦੀਨਾ ਹੈ। ਹਰ ਸਾਲ ਮੇਲੇ 'ਤੇ ਕੁਲਦੀਪ ਮਾਣਕ, ਨਰਿੰਦਰ ਬੀਬਾ, ਸੁਰਿੰਦਰ ਛਿੰਦਾ, ਗੁਰਦਾਸ ਮਾਨ ਅਤੇ ਕਈ ਹੋਰ ਨਾਮਵਰ ਕਲਾਕਾਰ ਹਾਜ਼ਰੀ ਭਰਦੇ ਆ ਰਹੇ ਹਨ। ਹਰ ਸਾਲ ਕਬੱਡੀ, ਵਾਲੀਬਾਲ, ਗੱਡੀਆਂ ਦੀ ਦੌੜ ਅਤੇ ਹੋਰ ਖੇਡਾਂ ਕਰਵਾਈਆਂ ਜਾਂਦੀਆਂ ਹਨ। ਬੁੱਧੂ ਪਹਿਲਵਾਨ, ਬਿੱਲਾ ਅੰਬਰਸਰੀਆ, ਫੱਤਾ ਆਲਮਗੀਰ, ਕਰਤਾਰ ਪਹਿਲਵਾਨ, ਜਗਦੀਸ਼ ਭੋਲਾ ਅਤੇ ਹੋਰ ਕਈ ਨਵੇਂ-ਪੁਰਾਣੇ ਪਹਿਲਵਾਨ ਇਥੇ ਆ ਕੇ ਕੁਸ਼ਤੀਆਂ ਲੜ ਚੁੱਕੇ ਹਨ। ਪਹਿਲਵਾਨ ਦਾਰਾ ਸਿੰਘ ਅਤੇ ਉਸਤਾਦ ਹਰਬੰਸ ਸਿੰਘ ਰਾਏਪੁਰ ਡੱਬਾ ਇਥੇ ਆ ਕੇ ਕੁਸ਼ਤੀਆਂ ਦਾ ਅਨੰਦ ਮਾਣਦੇ ਰਹੇ ਹਨ। ਦੇਸ਼-ਵਿਦੇਸ਼ ਤੋਂ ਆਉਂਦੀ ਮਾਇਕ ਸਹਾਇਤਾ ਨਾਲ ਬਣੇ ਹਸਪਤਾਲ ਵਿਚ ਗਰੀਬ ਲੋੜਵੰਦਾਂ ਦਾ ਮੁਫ਼ਤ ਇਲਾਜ਼ ਹੁੰਦੈ।

ਨਿਊ ਯਾਰਕ ਹੁੰਦੇ ਕਬੱਡੀ ਮੇਲਿਆਂ ਵਿਚ ਰਾਜਾ ਸਾਹਿਬ ਸਪੋਰਟਸ ਕਲੱਬ ਦੇ ਨਾਂ 'ਤੇ ਦੋਆਬੇ ਦੇ ਸੇਵਾਦਾਰਾਂ ਵਲੋਂ ਦੂਜਾ-ਤੀਜਾ ਇਨਾਮ ਦਿਤਾ ਗਿਆ। ਆਪਣੇ ਸਮੇਂ ਦਾ ਕਬੱਡੀ ਖਿਡਾਰੀ ਸੁਰਿੰਦਰ ਸਿੰਘ ਗਰਚਾ (ਗਰਚਿਆਂ ਵਾਲਾ ਛਿੰਦਾ) ਜਸਵੀਰ ਸਿੰਘ ਪੱਲੀਆਂ, ਬਲਦੇਵ ਮਾਨ, ਰਾਜਿੰਦਰ ਸਿੰਘ ਖੱਖ ਮੋਹਣੋਵਾਲ, ਭਲਵਾਨ ਕੁਲਦੀਪ ਸਿੰਘ, ਗੁਰਨਾਮ ਸਿੰਘ ਰਸੂਲਪੁਰ, ਜਰਨੈਲ ਸਿੰਘ ਸ਼ੋਕਰ, ਰਣਜੀਤ ਮਾਨ, ਸ਼ੰਗਾਰਾ ਸਿੰਘ ਐਮਾਂ-ਜੱਟਾ, ਪ੍ਰਦੀਪ ਸਿੰਘ ਦੀਪਾ ਪੱਲੀਆਂ, ਗੋਪਾਲ ਸੱਭਰਵਾਲ, ਗੁਰਦੇਵ ਸਿੰਘ ਦੇਬੀ ਗੁੱਜਰਪੁਰ, ਸਾਹਿਬ ਸਿੰਘ ਅਟਵਾਲ, ਜਰਨੈਲ ਸਿੰਘ ਉਪਲ, ਜਸਪਾਲ ਸਿੰਘ ਪਾਬਲਾ, ਜਗਤਾਰ ਸਿੰਘ ਨਾਗਰਾ, ਸ਼ਮਿੰਦਰ ਸਿੰਘ ਧਾਲੀਵਾਲ, ਜਸਵੀਰ ਸਿੰਘ ਦਿਓਲ, ਦਵਿੰਦਰ ਸਿੰਘ ਖੱਖ, ਬੌਬੀ ਕੰਗ, ਦਰਸ਼ਨ ਸਿੰਘ ਸੈਣੀ, ਬਿੱਲਾ ਧਮਾਈ, ਮਨਜੀਤ ਸਿੰਘ ਭੰਗਲ, ਦੀਪ ਧਮਾਈ, ਮੱਖਣ ਸਿੰਘ ਚਾਹਲਪੁਰ, ਮੱਖਣ ਮਾਨ ਬੰਗਾ, ਪਾਲ ਥਿਆੜਾ ਅਤੇ ਭਜਨ ਸਿੰਘ ਨੌਰਾ ਆਦਿ ਸੇਵਾਦਾਰਾਂ ਨੇ ਮਹਾਂਪੁਰਸ਼ਾਂ ਦੇ ਨਾਂ 'ਤੇ ਬਣੇ ਰਾਜਾ ਸਾਹਿਬ ਕਲੱਬ ਦੋਆਬਾ ਦੇ ਨਾਂ 'ਤੇ ਇਨਾਮ ਦੇ ਕੇ ਆਪਣੇ ਆਪ ਨੂੰ ਧੰਨ ਭਾਗ ਸਮਝਿਆ। ਅਫਸੋਸ ਕਿ ਮਹਾਂਪੁਰਸ਼ਾ ਦੇ ਨਾਂ 'ਤੇ ਇਨਾਮ ਦੇਣ ਦੇ ਬਾਵਜੂਦ ਬੁਲਾਰਿਆਂ ਵਲੋਂ ਕਲੱਬ ਦਾ ਨਾਂ ਬੋਲਣ ਲੱਗਿਆਂਹੱਥ ਘੁੱਟ ਲਿਆ ਜਾਂਦੈ, ਨਾ ਜਾਣੇ ਕਿਉਂ? ਪਿੰਡਾਂ ਦੇ ਖੇਡ ਮੇਲਿਆਂ ਤੋਂ ਉਲੰਪਿਕ ਤੱਕ ਜਾਣ ਵਾਲੇ ਇਸ ਕਲੱਬ ਦੇ ਖਿਡਾਰੀਆਂ ਦੇ ਨਾਂ ਬੋਲਣ ਲੱਗਿਆਂ ਰੱਬ ਜਾਣੇ ਅਨਾਊਂਸਰਾਂ ਨੂੰ ਕਿਉਂ ਹਿਚਕਚਾਹਟ ਹੁੰਦੀ ਹੈ? ਵੱਡੀਆਂ ਪਾਰਟੀਆਂ/ਬਿਜ਼ਨਸਮੈਨਾਂ ਅਤੇ ਜੇਬਾਂ ਗਰਮ ਕਰਨ ਵਾਲਿਆਂ ਦਾ ਨਾਂ ਵਾਰ ਵਾਰ ਜਪਿਆ ਜਾਂਦੈ। ਖੇਡ ਪ੍ਰੇਮੀਆਂ ਵਲੋਂ ਇਸ ਪੱਖਪਾਤ ਬਾਰੇ ਕਿੰਤੂ-ਪ੍ਰੰਤੂ ਵੀ ਕੀਤਾ ਜਾਂਦੈ ਕਿਉਂਕਿ ਇਹ ਯੋਗ ਖਿਡਾਰੀਆਂ ਅਤੇ ਦਾਨੀ ਸੱਜਣਾਂ ਨਾਲ ਬੇਇਨਸਾਫ਼ੀ ਹੈ।

#



## ਦੋ ਪੰਜਾਬੀਆਂ ਨੇ ਸਿਰਜਿਆ ਨਵਾਂ ਇਤਿਹਾਸ

# ਉਤਰੀ ਅਮਰੀਕਾ ਦਾ ਸਭ ਵੱਡਾ ਪੰਜਾਬੀ ਸਟੋਰ-ਆਪਣਾ ਬਾਜ਼ਾਰ

**ਐਸ. ਅਸ਼ੋਕ ਭੌਰਾ**

ਸਿਆਣੇ ਕਹਿੰਦੇ ਨੇ-ਹੋਰ ਅੱਗੇ ਵਧਣਾ ਹੈ ਤਾਂ ਪਿੱਛੇ ਵੱਲ ਧੌਣ ਘੁਮਾਉਣੀ ਛੱਡ ਦਿਓ, ਪਰ ਵੱਡੇ ਬਣ ਕੇ ਇਨਸਾਨੀਅਤ ਤੋਂ ਪੈਰ ਨਾ ਖਿੱਚੋ। ਤੇ ਇਨਸਾਨ ਤੋਂ ਵੀ ਵੱਧ ਦੇਵਤਿਆਂ ਵਰਗੇ ਦੋ ਦੋਸਤਾਂ-ਜਸਵਿੰਦਰ ਸਿੰਘ ਜੌਹਲ ਅਤੇ ਦੀਪਕ ਭਾਰਦਵਾਜ ਨੇ ਇਤਫਾਕ ਨਾਲ ਬਿਜਨੈਸ ਤਾਂ ਕੀਤਾ



*ਐਸ. ਅਸ਼ੋਕ ਭੌਰਾ, ਜੌਹਲ ਤੇ ਦੀਪਕ ਆਪਣੇ ਦੋ ਹੋਰ ਮਿੱਤਰਾਂ ਨਾਲ*

ਪਰ ਸਤਿਕਾਰ ਇਸ ਤੋਂ ਕਈ ਗੁਣਾਂ ਵੱਡਾ ਖੱਟਿਆ, ਤੇ ਹਾਲ ਹੀ ਵਿਚ ਦੋਹਾਂ ਨੇ ਹਿਕਸਵਿਲ, ਨਿਊ ਯਾਰਕ ਵਿਚ ਉਤਰੀ ਅਮਰੀਕਾ ਦਾ ਸਭ ਤੋਂ ਵੱਡਾ ਸਟੋਰ 'ਆਪਣਾ ਬਾਜ਼ਾਰ' ਖੋਲ੍ਹ ਕੇ ਜਿਹੜਾ ਕੀਰਤੀਮਾਨ ਸਥਾਪਤ ਕੀਤਾ, ਉਹਦੇ ਨਾਲ ਪੰਜਾਬੀ ਭਾਈਚਾਰੇ ਦੀ ਨਵੀਂ ਪ੍ਰਾਪਤੀ ਨਾਲ ਮਾਣ-ਪਿਆਰ ਵਿਚ ਕੋਠੇ ਜਿੱਡੀ ਛਾਲ ਮਾਰੀ ਹੈ। ਵਿਸਥਾਰ ਵਿਚ ਗੱਲ ਕਰਨ ਤੋਂ ਪਹਿਲਾਂ ਇਹ ਜ਼ਰੂਰ ਕਹਾਂਗਾ ਕਿ ਜੇ ਕਦੇ ਨਿਊ ਯਾਰਕ ਜਾਣ ਦਾ ਮੌਕਾ ਮਿਲਿਆ ਤਾਂ ਜੌਹਲ ਅਤੇ ਦੀਪਕ ਨੂੰ ਮਿਲ ਕੇ ਜ਼ਰੂਰ ਆਇਓ, ਫਿਰ ਲੱਗੇਗਾ ਕਿ ਜ਼ਿੰਦਗੀ ਦੀਆਂ



ਝਾਂਜਰਾਂ ਵਿਚ ਸੰਗੀਤ ਹੀ ਹੁੰਦਾ ਹੈ, ਖੜਾਕਾ ਜਾਂ ਰੌਲਾ ਨਹੀਂ; ਤੇ ਜਦੋਂ ਆਪਣਾ ਬਾਜ਼ਾਰ ਵਿਚ ਗੇੜੀ ਲਾਓਗੇ ਤਾਂ ਮੰਨ ਜਾਓਗੇ ਕਿ ਪੰਜਾਬੀਆਂ ਵਿਚ ਆਪਣੇ ਅਤੇ ਵੱਖਰੇ ਰਾਹ ਬਣਾਉਣ ਦੀ ਹਿੰਮਤ ਸਦੀਵੀ ਸੱਚ ਹੈ।

ਬੜੀ ਦੇਰ ਪਹਿਲਾਂ ਜਦੋਂ 1983 ਵਿਚ ਮੈਂ ਹਾਲੈਂਡ ਦੀ ਰਾਜਧਾਨੀ ਐਮਸਟਰਡਮ ਤੋਂ ਲਕਸਮਬਰਗ ਟ੍ਰੇਨ ਰਾਹੀਂ ਜਾ ਰਿਹਾ ਸਾਂ-ਪਹਾੜੀ ਸੁਰੰਗਾਂ ਵਿਚੋਂ ਲੰਘਦਿਆਂ ਲੱਗਦਾ ਸੀ ਕਿ ਕੋਲੰਬਸ ਵਾਂਗ ਸ਼ਾਇਦ ਪਹਿਲੀ ਵਾਰ ਕੋਈ ਦਿੱਲੀ ਜਿੱਡਾ ਦੇਸ਼ ਤੇ ਉਹਦੀ ਰਾਜਧਾਨੀ ਕੋਈ ਪੰਜਾਬੀ ਦੇਖਣ ਜਾ ਰਿਹਾ ਹੋਵੇ ਪਰ ਉਸ ਵੇਲੇ ਵੀ ਪੰਜਾਬੀਆਂ ਦੀ ਉਥੇ ਵੀ ਬੱਲੇ-ਬੱਲੇ ਸੀ, ਹੀਰਿਆਂ ਦੇ ਵਪਾਰੀ। ...ਤੇ ਹੁਣ ਤੱਕ ਤੀਹ ਦੇਸ਼ ਦੇਖ ਲਏ ਨੇ... ਪੰਜਾਬੀਆਂ ਦੇ ਬਿਜਨੈਸ ਬਹੁਤ ਵੱਡੇ ਨੇ, ਪੈਸੇ ਵਾਲੇ ਬੜੇ ਨੇ, ਪਰ ਮੁਹੱਬਤ ਦਾ ਤਾਲ ਅਤੇ ਸਿਰੜ ਦਾ ਰਾਗ ਜੌਹਲ ਤੇ ਦੀਪਕ ਵਰਗਾ ਸ਼ਾਇਦ ਕਿਸੇ ਕੋਲ ਇਤਫਾਕਨ ਹੀ ਹੋਵੇ।

ਦੋਹਾਂ ਨੂੰ ਮੈਂ ਆਪਣੇ ਹਮਜਮਾਤੀ ਅਤੇ ਜਿਗਰੀ ਮਿੱਤਰ ਹਰਬੰਸ ਬੱਧਣ ਰਾਹੀਂ ਨੇੜੇ ਤੋਂ ਜਾਣ ਸਕਿਆ ਹਾਂ। ਲੰਘੀ 6 ਅਕਤੂਬਰ ਨੂੰ ਜਦੋਂ 'ਆਪਣਾ ਬਾਜ਼ਾਰ' ਦੇ ਉਦਘਾਟਨ 'ਤੇ ਪਹੁੰਚਣ ਲਈ ਮੈਨੂੰ ਸੱਦਾ ਮਿਲਿਆ ਤਾਂ ਕੁਝ ਐਸੇ ਮਹਾਨ ਲੋਕਾਂ ਨੂੰ ਮਿਲਣ ਦਾ ਮੌਕਾ ਮਿਲਿਆ ਜਿਨ੍ਹਾਂ ਦਾ ਜ਼ਿਕਰ ਅਗਲੀ ਵਾਰ ਕਰਾਂਗਾ; ਜਿਨ੍ਹਾਂ ਦੇ ਨਾਂ ਸੁਣਦੇ ਸਾਂ ਤਾਂ ਅਹਿਸਾਸ ਹੋਇਆ ਕਿ ਜ਼ਿੰਦਗੀ ਦਾ ਇਕ ਹੋਰ ਚਾਅ ਪੂਰਾ ਹੋ ਗਿਆ ਹੈ।

ਸਮਾਗਮਾਂ ਦੀ ਮਹਾਨਤਾ ਇਸ ਗੱਲ ਵਿਚ ਹੁੰਦੀ ਹੈ ਕਿ ਕੌਣ ਤੇ ਕਿੰਨੇ ਲੋਕ ਆਏ ਸਨ। ਚਲੋ, ਢਿੱਡ ਲਈ ਕਾਰੋਬਾਰ ਤਾਂ ਚਲਾਉਣੇ ਹੀ ਪੈਂਦੇ ਨੇ ਪਰ ਉਦਘਾਟਨੀ ਸਮਾਰੋਹ 'ਤੇ ਇੰਨਾ 'ਕੱਠ ਕਦੇ ਪ੍ਰੋ. ਮੋਹਨ ਸਿੰਘ ਮੇਲੇ ਜਾਂ ਕਿਲਾ ਰਾਏਪੁਰ ਦੀਆਂ ਖੇਡਾਂ 'ਤੇ ਦੇਖਿਆ ਸੀ ਤੇ ਇੰਨੇ ਲੋਕਾਂ 'ਚ ਏਦਾਂ ਦਾ ਕੁਝ ਵੀ ਨਹੀਂ ਸੀ ਕਿ ਉਹ ਬਾਕੀਆਂ ਨਾਲੋਂ ਵੱਖਰੇ ਦਿਸਦੇ ਹੋਣ। ਲਗਦਾ ਇਉਂ ਸੀ ਕਿ ਉਹ ਆਮ ਗਾਹਕਾਂ ਵਾਂਗ ਕੁਝ ਖਰੀਦਣ ਹੀ ਆਏ ਸਨ। ਆਓ ਭਗਤ ਕਰਨ ਦਾ ਤਰੀਕਾ ਤੇ ਸਵਾਗਤ 'ਚ ਮੁਸਕਰਾਹਟ ਦਾ ਢੰਗ, ਸ਼ਾਇਦ ਹੀ ਕਿਤੇ ਵੱਡੇ ਕਾਰੋਬਾਰੀ ਲੋਕਾਂ ਕੋਲ ਹੋਵੇ।

ਅੰਕੜਿਆਂ ਮੁਤਾਬਕ ਪੱਚੀ ਹਜ਼ਾਰ

## ਕਦੇ-ਕਦੇ

ਸਕੁਏਅਰ ਫੁੱਟ ਵਿਚ ਬਣੇ ਇਸ 'ਆਪਣਾ ਸਟੋਰ' ਦੇ ਅਹਾਤੇ ਵਿਚ ਦੋ ਸੌ ਤੋਂ ਵੱਧ ਗੱਡੀਆਂ ਇਕੋ ਵੇਲੇ ਪਾਰਕ ਕੀਤੀਆਂ ਜਾ ਸਕਦੀਆਂ ਹਨ। ਸੰਖੇਪ 'ਚ ਇਸ ਸਟੋਰ ਨੂੰ ਪੰਜਾਬੀਆਂ ਦਾ ਕਾਸਕੋ, ਵਾਲਮਾਰਟ ਜਾਂ ਸੈਮ ਕਲੱਬ ਕਹਿਣ 'ਚ ਮਾਣ ਹੀ ਹੋ ਸਕਦੈ। ਅੱਠ ਵੱਡੇ ਕਾਊਂਟਰ ਹਨ ਤੇ ਅੱਠ ਸੇਲਜ਼ਮੈਨ, ਨਾਲ ਅੱਠ ਹੀ ਹੈਲਪਰ ਹਨ। ਇਸ ਸਟੋਰ ਵਿਚ ਇੰਡੀਅਨ, ਪਾਕਿਸਤਾਨੀ ਅਤੇ ਬੰਗਲਾਦੇਸ਼ੀ, ਹਰ ਤਰ੍ਹਾਂ ਦੀ ਗਰੌਸਰੀ ਹੈ ਤੇ ਪੰਜਾਬੀਆਂ ਦੀ ਕਹਾਵਤ ਮੁਤਾਬਕ, ਇਨ੍ਹਾਂ ਤਿੰਨਾਂ ਦੇਸ਼ਾਂ ਦੇ ਲੋਕਾਂ ਨੂੰ ਸ਼ਾਇਦ ਇਥੋਂ ਸਿਰਫ਼ ਚਿੜੇ ਦਾ ਦੁੱਧ ਹੀ ਨਾ ਮਿਲ ਸਕੇ। ਸਟੋਰ ਦੀ ਅੰਦਰੂਨੀ ਤੇ ਬਾਹਰੀ ਦਿੱਖ ਦੇਖ ਕੇ ਜ਼ਰੂਰ ਕਹੋਗੇ ਕਿ ਚਲੋ, ਜੇ ਹਾਲੇ ਤੀਕਰ ਤਾਜ ਮਹਿਲ ਨਹੀਂ ਦੇਖਿਆ ਤਾਂ ਕੋਈ ਗੱਲ ਨਹੀਂ; ਖਾਣ-ਪੀਣ ਦੀਆਂ ਵਸਤਾਂ ਦਾ ਤਾਜ ਮਹਿਲ ਤਾਂ ਦੇਖ ਲਿਆ ਹੈ।

ਦੀਪਕ ਭਾਰਦਵਾਜ ਦਾ ਪਿੰਡ ਸਾਡੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ 'ਚ ਮੱਲਪੁਰ ਹੈ ਤੇ ਆਮ ਤੌਰ ਇਨ੍ਹਾਂ ਨੂੰ ਮਹਿਰਮਪੁਰ ਮੱਲਪੁਰ ਬੋਲਦੇ ਹਨ। ਸਾਡੇ ਨੌਰੇ-ਭੌਰੇ ਵਾਂਗ। ਜਸਵਿੰਦਰ ਜੌਹਲ ਦਾ ਪਿੰਡ ਜਲੰਧਰ ਵਿਚ ਦੁਸਾਂਝਾਂ ਲਾਗੇ ਅਨੀਹਰ ਹੈ। ਉਹਨੇ ਫਗਵਾੜੇ ਦੇ ਰਾਮਗੜ੍ਹੀਆ ਕਾਲਜ ਤੋਂ ਗ੍ਰੈਜੂਏਸ਼ਨ ਕੀਤੀ। ਉਸ ਦੇ ਕੰਨ ਦੇਖ ਕੇ ਜ਼ਰੂਰ




*ਆਪਣਾ ਬਾਜ਼ਾਰ ਦਾ ਬਾਹਰੀ ਦ੍ਰਿਸ਼*

ਆਖੋਗੇ ਕਿ ਭਲਵਾਨੀ ਵੀ ਚੰਗੀ ਕੀਤੀ ਹੈ, ਉਹ ਸੰਨੀ ਦੇ ਬਾਪੂ ਪ੍ਰਿੰਸੀਪਲ ਕਸ਼ਮੀਰਾ ਸਿੰਘ ਦੀ ਅਗਵਾਈ ਹੇਠ ਫਗਵਾੜੇ ਅਖਾੜੇ ਵਿਚ ਚੰਗਾ ਪਹਿਲਵਾਨ ਰਿਹੈ।

ਆਮ ਪੰਜਾਬੀਆਂ ਵਾਂਗ ਉਹ ਵੀ ਸੁਫਨਿਆਂ ਦੀ ਦੁਨੀਆਂ ਜੇਬ 'ਚ ਪਾ ਕੇ 1983 ਦੇ ਕਰੀਬ ਅਮਰੀਕਾ ਆਏ, ਸਟੋਰਾਂ 'ਤੇ ਕੰਮ ਕੀਤਾ ਅਤੇ ਫਿਰ ਪੰਜ ਸੌ ਸਕੁਏਅਰ ਫੁੱਟ ਦਾ ਪਹਿਲਾ ਸਟੋਰ ਲਿਆ। ਇਤਫਾਕ ਇਹ ਸੀ ਕਿ ਜੌਹਲ ਤੇ ਦੀਪਕ 1986 ਵਿਚ ਕਿਸੇ ਦੇ ਘਰ ਅਚਾਨਕ ਮਿਲੇ ਤਾਂ ਦੀਪਕ ਕਹਿਣ ਲੱਗਾ, "ਜੌਹਲ ਤੂੰ ਮੇਰਾ ਭਰਾ ਲੱਗਦੈਂ!" ਇਹ ਸੁਭਾਵਿਕ ਗੱਲ ਹਕੀਕਤ 'ਚ ਬਦਲ ਗਈ ਤੇ ਛੋਟੇ ਸਟੋਰ ਤੋਂ 'ਕੈਸ਼ ਐਂਡ ਕੈਰੀ' ਦੇ ਵੱਡੇ ਵੱਡੇ ਅਤੇ ਕਈ ਸਟੋਰਾਂ ਦੇ ਮਾਲਕ ਬਣ



*ਜਸਵਿੰਦਰ ਸਿੰਘ ਜੌਹਲ, ਸ੍ਰੀਮਤੀ ਤੀਰਥ ਕੌਰ ਜੌਹਲ ਤੇ ਪੁੱਤਰ ਹਰਪ੍ਰੀਤ ਜੌਹਲ ਨਾਲ ਸ਼ੁਭ ਕਾਮਨਾਵਾਂ ਕਬੂਲਦਿਆਂ*

ਗਏ। ਫਿਰ ਪੰਜਾਬੀਆਂ ਵਾਂਗ 'ਆਪਣਾ ਬਾਜ਼ਾਰ' ਤੀਕਰ ਸਾਧਾਰਨ ਪਗਡੰਡੀ ਨੂੰ ਜਰਨੈਲੀ ਸੜਕ ਬਣਾਉਣ ਦਾ ਸਿਦਕੀ ਪੈਂਡਾ ਤੈਅ ਕਰ ਲਿਆ।

ਕ੍ਰਿਸ਼ਨ ਤੇ ਸੁਦਾਮਾ ਦਾ ਪਿਆਰ ਤਾਂ ਦੇਖਿਆ ਹੈ, ਸੁਣਿਆ ਨਹੀਂ; ਪਰ ਇਨ੍ਹਾਂ ਦੋਹਾਂ ਦੇ ਪਿਆਰ ਦਾ ਸਿੱਟਾ ਹੈ ਕਿ ਅੱਜ ਤੀਕਰ ਉਹ ਗੂੜ੍ਹੇ ਹੀ ਹੁੰਦੇ ਗਏ ਨੇ, ਫਿੱਕੇ ਨਹੀਂ। ਐਡੇ ਵੱਡੇ ਕਾਰੋਬਾਰ 'ਚ ਦੋਹਾਂ ਨੇ ਕਦੇ ਇਕ ਦੂਜੇ ਨੂੰ ਨਹੀਂ ਪੁੱਛਿਆ ਕਿ ਕੌਣ ਕੀ ਲਿਜਾਂਦਾ ਹੈ ਤੇ ਕੌਣ ਕੀ? ਕੌਣ ਕਿੰਨੇ ਪੈਸੇ ਲੈ ਗਿਆ? ਦੋਹਾਂ ਦੀਆਂ ਪਤਨੀਆਂ ਤੀਰਥ ਕੌਰ ਜੌਹਲ ਅਤੇ ਰਮਨ ਕੁਮਾਰੀ ਭਾਰਦਵਾਜ ਸਕੀਆਂ ਭੈਣਾਂ ਵਾਂਗ ਪਕੜ 'ਚ ਪੂਰੀ ਤਰ੍ਹਾਂ ਗੜੁੱਚ। ਇਕ ਗੱਲ ਇੱਥੇ ਕਹਾਂਗਾ ਕਿ ਪੰਜਾਬੀ ਲੜੀ-ਭਿੜੀ ਜਾਂਦੇ ਨੇ, ਇਕ-ਦੂਜੇ ਦੀ ਲੱਤ 'ਚ ਲੱਤ ਫਸਾਈ ਜਾਂਦੇ ਨੇ; ਜੇ ਕਿਤੇ ਇਹ ਈਰਖਾ ਛੱਡ ਕੇ ਇਨ੍ਹਾਂ ਵਾਂਗ 'ਕੱਠੇ ਹੋ ਜਾਣ, ਗੱਲ ਹੋਰ ਵੀ ਸਿਰੇ ਜਾ ਲੱਗੇਗੀ। ਜੌਹਲ ਦੇ ਬੇਟੇ ਹਰਪ੍ਰੀਤ ਸਿੰਘ ਤੇ ਸਮਪ੍ਰੀਤ ਸਿੰਘ ਨੇ। ਇਕ ਕਰਨੇਲੀਆ ਯੂਨੀਵਰਸਿਟੀ 'ਚ ਗ੍ਰੈਜੂਏਸ਼ਨ ਕਰ ਰਿਹਾ ਤੇ ਦੂਜਾ ਇਹਦੇ ਨੇੜੇ-ਤੇੜੇ ਹੈ। ਦੀਪਕ ਦੇ ਬੱਚੇ-ਦੋ ਬੇਟੀਆਂ ਸਵੇਤਾ ਤੇ ਪੂਜਾ ਅਤੇ ਪੁੱਤ ਕਰਨ ਵੀ ਇੰਨੇ ਹੀ ਲਾਇਕ ਹਨ।

ਹਾਲੇ ਕਮਾਲ ਦੇਖੋ ਕਿ ਦੋਹਾਂ ਨੇ ਗੱਲ ਇੱਥੇ ਮੁਕਾਈ ਨਹੀਂ, ਸ਼ੁਰੂ ਕੀਤੀ ਹੈ। ਉਨ੍ਹਾਂ ਦੀ ਸੋਚ ਹੈ ਕਿ ਇੱਦਾਂ ਦੇ ਸਟੋਰ ਘੱਟੋ-ਘੱਟ ਆਪਣੀ ਇਸ ਜ਼ਿੰਦਗੀ ਵਿਚ ਅਮਰੀਕਾ ਦੇ ਹਰ ਵੱਡੇ ਸ਼ਹਿਰ ਵਿਚ ਖੋਲ੍ਹਣ ਦੇ ਸਮਰੱਥ ਹੋਣ। ਉਨ੍ਹਾਂ ਦੀ ਨਿਮਰਤਾ ਦਾ ਨਮੂਨਾ ਦੇਖੋ ਕਿ ਜੇ ਕੋਈ ਉਨ੍ਹਾਂ ਦੇ ਸਾਹਮਣੇ ਇੰਨੇ ਵੱਡੇ ਕਾਰੋਬਾਰ ਦੇ ਮਾਲਕ ਕਹਿਣ ਤਾਂ ਉਹ ਜੁਆਬ ਦੇਣਗੇ, "ਤੁਹਾਨੂੰ ਭੁਲੇਖਾ ਲਗਦੈ, ਮਾਲਕ ਇਕੋ ਈ ਐ, ਦੂਜਾ ਕੋਈ ਨਹੀਂ।"

ਇਹ ਗੱਲ ਵੀ ਲਗਦੇ ਹੱਥ ਹੀ ਕਰ ਦਿਆਂ ਕਿ ਜਸਵਿੰਦਰ ਜੌਹਲ ਜੱਟ ਹੈ ਅਤੇ ਦੀਪਕ ਭਾਰਦਵਾਜ ਬ੍ਰਾਹਮਣ; ਤੇ ਜੱਟ ਅਤੇ ਬ੍ਰਾਹਮਣ 'ਤੇ ਖਾਹ-ਮਖਾਹ ਵਿਅੰਗ ਵੀ ਕੱਸੇ ਗਏ ਨੇ। ਉਨ੍ਹਾਂ ਨੇ ਇੰਨੇ ਸਾਲ 'ਕੱਠਿਆਂ ਕੰਮ ਕਰਕੇ ਅੰਕੜਾ ਹੀ ਬਣਾ ਦਿੱਤਾ ਇਤਿਹਾਸ ਦਾ। ਗੱਲ ਬਹੁਤੀ ਪੁਰਾਣੀ ਨਹੀਂ, ਆਪਣੇ ਮੁਲਕ ਵਿਚ ਜੇ ਕਿਸੇ ਕੋਲ ਲੱਖ ਰੁਪਈਆ ਹੈ ਤਾਂ ਉਹਨੂੰ ਲੱਖਪਤੀ ਕਹਿੰਦੇ ਸਨ, ਤੇ ਲੋਕ ਕਾਨਾਫੂਸੀ ਕਰਦੇ ਸਨ-'ਅਹੁ ਜਾਂਦਾ ਲੱਖਪਤੀ', ਪਰ ਜੇ ਵਾਹਿਗੁਰੂ ਨੇ ਉਨ੍ਹਾਂ ਨੂੰ ਬਹੁਤ ਕੁਝ ਦਿੱਤਾ ਤਾਂ ਨਾਲ ਹੀ ਸਾਦਗੀ ਤੇ ਨਿਮਰਤਾ ਦਾ ਵੀ ਝੋਲਾ ਫੜਾਇਆ ਹੈ।

ਜਦੋਂ ਵੀ ਤੁਸੀਂ ਦੋਹਾਂ ਨੂੰ ਮਿਲੇ, ਆਪ ਮੁਹਾਰੇ ਆਖੋਗੇ-ਤੁਹਾਨੂੰ ਸਲਾਮ ਤਾਂ ਹੈ ਹੀ, ਨਾਲ ਪ੍ਰਣਾਮ ਵੀ।






*ਸਟੋਰ ਦੇ ਅੰਦਰ ਦੀ ਝਲਕ*